# ਸਿਰਜਣਾ

ਅਪਰੈਲ-ਜੂਨ 2010 (ਅੰਕ 156)

**April- June 2010**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ -Sign: [signature]

ਪਤਾ -Address:
1728, ਸੈਕਟਰ 43-ਬੀ,
ਚੰਡੀਗੜ੍ਹ - 160022

1728, Sector 43-B,
Chandigarh - 160022
India

ਤਾਰੀਕ -Date: 25-10-2014

# ਸਿਰਜਣਾ



ਅਪਰੈਲ-ਜੂਨ 2010

156

30 ਰੁਪਏ

# ਸਿਰਜਣਾ

156

ਅਪਰੈਲ-ਜੂਨ 2010



*ਸੰਪਾਦਕ :* **ਰਘਬੀਰ ਸਿੰਘ**

*Editor:* ***Raghbir Singh***

*

ਪਤਾ

***1728, ਸੈਕਟਰ 43-ਬੀ,***

***ਚੰਡੀਗੜ੍ਹ - 160 022***

***ਫੋਨ : +91-172-2601693***

*

## *SIRJANA*

***1728, Sector 43-B,***

***Chandigarh-160 022***

***INDIA***

***Phone : +91-172-2601693***

***E-mail :***

***raghbirssirjana@yahoo.com***

*



SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966


## ਇਸ ਅੰਕ ਵਿਚ


ਸੁਤਿੰਦਰ ਸਿੰਘ ਨੂਰ/ਨਿਬੰਧ/ਪੰਜਾਬੀ ਸਾਹਿਤ ਦੀ ਸੰਯੁਕਤ ਇਤਿਹਾਸਕਾਰੀ/1

ਪਰਮਿੰਦਰਜੀਤ/ਦੋ ਕਵਿਤਾਵਾਂ/5

ਅਜਾਇਬ ਕਮਲ/ਸੱਤ ਕਵਿਤਾਵਾਂ/ 6

ਹਰਮਿੰਦਰ ਸਿੰਘ ਕੋਹਾਰਵਾਲਾ/ਗ਼ਜ਼ਲ/8

ਹਰੀ ਸਿੰਘ ਮੋਹੀ/ ਗ਼ਜ਼ਲ/ 8

ਨਰਿੰਦਰਪਾਲ/ਸਰਵਣ/ ਪੰਜ ਕਵਿਤਾਵਾਂ/ 9

ਭੁਪਿੰਦਰ ਕੌਰ ਪ੍ਰੀਤ/ਕਵਿਤਾ/ਅੱਖਾਂ/10

ਵਰਿਆਮ ਸਿੰਘ ਸੰਧੂ/ਕਹਾਣੀ/ਰਿਮ ਝਿਮ ਪਰਬਤ /11

ਤਲਵਿੰਦਰ ਸਿੰਘ/ਕਹਾਣੀ/ਲੇਜ਼ਰ ਸ਼ੋਅ/39

ਤ੍ਰਿਪਤਾ ਕ. ਸਿੰਘ/ਕਹਾਣੀ/ਮਰੀਆਂ ਹੋਈਆਂ ਮਛਲੀਆਂ/51

ਸੁਰਜੀਤ ਹਾਂਸ/ਨਿਬੰਧ/ਹਿੰਦੂ ਮਿਥਿਆਸ/56

ਚੰਦਰ ਮੋਹਨ/ਨਿਬੰਧ/ਸੰਤ ਸਿੰਘ ਸੇਖੋਂ ਦੀ ਕਹਾਣੀ ਕਲਾ/64

ਗੁਲਜ਼ਾਰ ਸਿੰਘ ਸੰਧੂ/ਰਿਵਿਊ/ਮੰਤਰ ਮੁਗਦ/83

ਜਸਬੀਰ/ਰਿਵਿਊ/ਆਲ੍ਹਣੇ ਘਰ ਪਿੰਜਰੇ/86

ਤਾਰਾ ਸਿੰਘ/ਰਿਵਿਊ/ਧਰਤਿ ਸਤਾਨ/88

ਪੁਸ਼ਵਿੰਦਰ ਕੌਰ/ਰਿਵਿਊ/ ਭਰ ਵਗਦੇ ਦਰਿਆ/91

ਲਾਲ ਸਿੰਘ/ਰਿਵਿਊ/ਪਾਟਦੀ ਧੁੱਪ/92

ਧਿਆਨ ਸਿੰਘ ਸ਼ਾਹ ਸਿਕੰਦਰ, ਕਰਮਜੀਤ ਸਿੰਘ ਨਡਾਲਾ, ਭਵਨੀਸ਼ ਕੁਮਾਰ, ਕਿਰਪਾਲ ਬੈਂਸ/ਪੱਤਰ/95



ਟਾਈਟਲ ਚਿੱਤਰ : **ਦੇਵ** ਟਾਈਪ-ਸੈਟਿੰਗ ਅਤੇ ਡਿਜ਼ਾਈਨਿੰਗ: **ਰਾਜਪ੍ਰੀਤ ਸਿੰਘ**

ਚੰਦਾ-ਦਸ ਅੰਕ : ਦੇਸ : 300 ਰੁਪਏ, ਵਾਰਸ਼ਿਕ : 120 ਰੁਪਏ

ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ,ਵਾਰਸ਼ਿਕ:10 ਪੌਂਡ, 20 ਡਾਲਰ


# ਪੰਜਾਬੀ ਸਾਹਿਤ ਦੀ ਸੰਯੁਕਤ ਇਤਿਹਾਸਕਾਰੀ

## ਸੁਤਿੰਦਰ ਸਿੰਘ ਨੂਰ

*ਪੰਜਾਬੀ ਸਾਹਿਤ ਦੀ ਸੰਯੁਕਤ ਇਤਿਹਾਸਕਾਰੀ ਦਾ ਮਸਲਾ ਤਾਂ ਕਈ ਵਾਰੀ ਉਠਿਆ ਹੈ। ਪਰ ਇਸ ਨੂੰ ਵਿਸਥਾਰ ਨਾਲ ਵਿਚਾਰਿਆ ਜਾਣਾ ਬਾਕੀ ਹੈ। ਹੁਣ ਤਕ ਕਈ ਪੰਜਾਬੀ ਸਾਹਿਤ ਦੇ ਇਤਿਹਾਸ ਲਿਖੇ ਜਾ ਚੁੱਕੇ ਹਨ, ਪਰ ਸੰਯੁਕਤ ਇਤਿਹਾਸ ਅਜੇ ਨਹੀਂ ਲਿਖਿਆ ਗਿਆ। ਪੰਜਾਬੀ ਅਕਾਦਮੀ ਦਿੱਲੀ ਵੱਲੋਂ ਪੰਜਾਬੀ ਸਾਹਿਤ ਦਾ ਇਤਿਹਾਸ ਚੌਦਾਂ ਜਿਲਦਾਂ ਵਿਚ ਤਿਆਰ ਕੀਤਾ ਗਿਆ ਹੈ, ਜਿਸ ਵਿਚ ਵੱਖ ਵੱਖ ਵਿਧਾਵਾਂ ਦਾ ਇਤਿਹਾਸ ਦੇਖਿਆ ਗਿਆ ਹੈ। ਇਸ ਲਈ ਸੰਯੁਕਤ ਇਤਿਹਾਸ ਦਾ ਮਸਲਾ ਅਜੇ ਵੀ ਬਾਕੀ ਹੈ।*

*ਇਹ ਸੰਯੁਕਤ ਇਤਿਹਾਸ ਦਾ ਮਸਲਾ ਕਿਉਂ ਤੇ ਕਿਸ ਰੂਪ ਵਿਚ ਸਾਹਮਣੇ ਆਇਆ ਹੈ, ਇਸ ਦੀ ਕਿਉਂ ਲੋੜ ਹੈ ਜਾਂ ਇਸ ਦਾ ਮਾਡਲ ਕੀ ਹੋ ਸਕਦਾ ਹੈ, ਇਸ ਨੂੰ ਵਿਚਾਰਦਿਆਂ ਇਹ ਸਪਸ਼ਟ ਹੈ ਕਿ 1947 ਤਕ ਇਹ ਮਸਲਾ ਨਹੀਂ ਸੀ, ਸਾਹਿਤ ਦਾ ਇਤਿਹਾਸ ਸੰਯੁਕਤ ਰੂਪ ਵਿਚ ਹੀ ਲਿਖਿਆ ਗਿਆ ਹੈ। ਵੱਡਾ ਮਸਲਾ ਭਾਰਤ ਤੇ ਪਾਕਿਸਤਾਨ ਦੇ ਬਟਵਾਰੇ ਤੋਂ ਪਿੱਛੋਂ ਸਾਹਮਣੇ ਆਉਂਦਾ ਹੈ। ਇਹ ਮਸਲਾ ਕੇਵਲ ਇੰਨਾ ਵੀ ਨਹੀਂ, ਸਗੋਂ ਇਸਤੋਂ ਪਿੱਛੋਂ ਬਦੇਸ਼ਾਂ ਵਿਚ ਪੰਜਾਬੀਆਂ ਦਾ ਵਧੇਰੇ ਫੈਲਾਅ ਹੁੰਦਾ ਹੈ ਤੇ ਉਹਨਾਂ ਦੇਸ਼ਾਂ ਵਿਚ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਫੈਲਾਅ ਵੀ ਹੁੰਦਾ ਹੈ, ਉਸਦਾ ਇਤਿਹਾਸ ਸੰਯੁਕਤ ਰੂਪ ਵਿਚ ਕਿਵੇਂ ਲਿਖਿਆ ਜਾਵੇ, ਇਹ ਮਸਲਾ ਵੀ ਸਾਹਮਣੇ ਆਉਂਦਾ ਹੈ। ਪੰਜਾਬ ਦੂਰ ਦੂਰ ਤਕ ਫੈਲਦਾ ਹੈ। ਉਸਦੀਆਂ ਕਈ ਭੂਗੋਲਿਕ ਇਕਾਈਆਂ ਸਾਹਮਣੇ ਆਉਂਦੀਆਂ ਹਨ। ਕੀ ਇਹਨਾਂ ਭੂਗੋਲਿਕ ਇਕਾਈਆਂ ਦੇ ਸਾਹਿਤ ਦਾ ਇਤਿਹਾਸ ਵੱਖ ਵੱਖ ਲਿਖਿਆ ਜਾਵੇ? ਜਾਂ ਸੰਯੁਕਤ ਰੂਪ ਵਿਚ ਲਿਖਿਆ ਜਾਵੇ? ਜਦੋਂ ਭਾਸ਼ਾ ਇਕੋ ਹੈ ਤਾਂ ਫਿਰ ਇਹ ਇਤਿਹਾਸ ਸੰਯੁਕਤ ਕਿਉਂ ਨਹੀਂ ਹੋ ਸਕਦਾ?*

*ਸਾਡੇ ਸਾਹਮਣੇ ਅੰਗਰੇਜ਼ੀ ਤੇ ਕਈ ਹੋਰ ਸਭਿਆਚਾਰ ਫੈਲਣ ਦਾ ਇਤਿਹਾਸ ਵੀ ਹੈ। ਇਸ ਗੱਲ ਨੂੰ ਸਵੀਕਾਰ ਕਰਦਿਆਂ ਕਿ ਇੰਗਲੈਂਡ ਵੱਖਰਾ ਦੇਸ਼ ਹੈ ਤੇ ਅਮਰੀਕਾ ਵੱਖਰਾ ਜਾਂ ਅੰਗਰੇਜ਼ੀ ਸੱਭਿਆਚਾਰ ਦੇ ਹੋਰ ਦੇਸ਼, ਉਹਨਾਂ ਦੇ ਸਾਹਿਤ ਦੀਆਂ ਵੱਖ ਵੱਖ ਸ਼ੈਲੀਆਂ ਨੂੰ ਸਵੀਕਾਰਨ ਦੀ ਗੱਲ ਦੇ ਨਾਲ ਹੀ ਬਹੁਤੇ ਸਾਹਿਤ ਦੇ ਇਤਿਹਾਸ ਅਜਿਹੇ ਲਿਖੇ ਗਏ ਹਨ, ਜਿਹਨਾਂ ਵਿਚ ਅੰਗਰੇਜ਼ੀ ਸਾਹਿਤ ਦਾ ਸੰਯੁਕਤ ਇਤਿਹਾਸ ਲਿਖਿਆ ਗਿਆ ਹੈ। ਇਹੋ ਜਿਹੀ ਉਦਾਹਰਣ ਜਰਮਨ, ਸਪੇਨੀ, ਫਰਾਂਸੀਸੀ, ਜਾਪਾਨੀ ਜਾਂ ਕਈ ਹੋਰ ਭਾਸ਼ਾਵਾਂ ਦੇ ਸਾਹਿਤ ਦੇ ਇਤਿਹਾਸ ਦੀ ਵੀ ਦੇਖੀ ਜਾ ਸਕਦੀ ਹੈ। ਜੇ ਲਿੱਪੀਆਂ ਦੀ ਗੱਲ ਸੋਚੀ ਜਾਵੇ ਤਾਂ ਸਿੰਧੀ, ਕਸ਼ਮੀਰੀ ਤੇ ਕਈ ਹੋਰ ਭਾਸ਼ਾਵਾਂ ਨੂੰ ਦੇਖਿਆ ਜਾ ਸਕਦਾ ਹੈ ਜਿਹਨਾਂ ਦੀਆਂ ਇਕ ਤੋਂ ਵੱਧ ਲਿੱਪੀਆਂ ਹਨ, ਪਰ ਉਹਨਾਂ ਦੇ ਸਾਹਿਤ ਦਾ ਇਤਿਹਾਸ ਸੰਯੁਕਤ ਰੂਪ ਵਿਚ ਲਿਖਿਆ ਜਾਂਦਾ ਹੈ। ਫਿਰ ਇਹ ਮਸਲਾ 1947 ਤਕ ਸਾਹਮਣੇ ਨਹੀਂ ਸੀ, ਜਦੋਂ ਕਿ ਪੰਜਾਬੀ ਸਾਹਿਤ ਗੁਰਮੁਖੀ ਅਤੇ ਫਾਰਸੀ ਲਿਪੀ ਦੋਨਾਂ ਵਿਚ ਹੀ ਲਿਖਿਆ ਜਾਂਦਾ ਸੀ। ਇਹ ਮਸਲਾ ਬਾਅਦ ਵਿਚ ਸਾਹਮਣੇ ਆਉਂਦਾ ਹੈ। ਜਦੋਂ ਵਿਸ਼ੇਸ਼ ਤੌਰ 'ਤੇ ਪਾਕਿਸਤਾਨ*

ਵਿਚ ਕੁਝ ਵਿਅਕਤੀਆਂ ਨੇ ਇਸ ਬਾਰੇ ਨਿਰੋਲ ਫਿਰਕੂ ਤੇ ਕੱਟੜ ਦ੍ਰਿਸ਼ਟੀਕੋਣ ਸਾਹਮਣੇ ਲਿਆਂਦਾ। ਕੇਵਲ 1947 ਤੋਂ ਪਿੱਛੋਂ ਦੇ ਸਾਹਿਤ ਬਾਰੇ ਹੀ ਨਹੀਂ ਸਗੋਂ ਪਹਿਲਾਂ ਦੇ ਸੰਯੁਕਤ ਇਤਿਹਾਸ ਦੀ ਵੀ ਤਸਵੀਰ ਬਦਲਣ ਦਾ ਯਤਨ ਕੀਤਾ ਗਿਆ। 'ਡਾ. ਵਹੀਦ ਕੁਰੈਸ਼ੀ ਜਦੋਂ 1969 ਵਿਚ ਆਪਣੀ ਪੁਸਤਕ **'ਔਰੀਐਂਟਲ ਸਟੱਡੀਜ਼'** ਵਿਚ **'ਏ ਸਰਵੇ ਆਫ ਪੰਜਾਬੀ ਲੈਂਗੁਏਜ਼ ਐਂਡ ਲਿਟਰੇਚਰ'** ਲਿਖਦਾ ਹੈ ਤਾਂ ਪੰਜਾਬੀ ਨੂੰ ਮੁਸਲਿਮ ਪੰਜਾਬੀ ਤੇ ਸਿੱਖ ਪੰਜਾਬੀ ਵਿਚ ਵੰਡ ਦਿੰਦਾ ਹੈ। ਉਸਦਾ ਦ੍ਰਿਸ਼ਟੀਕੋਣ ਇੰਨਾ ਫਿਰਕੂ ਹੈ ਕਿ ਜਦੋਂ ਉਹ ਮਹਾਰਾਜਾ ਰਣਜੀਤ ਸਿੰਘ ਤੋਂ ਪਿੱਛੋਂ ਦੇ ਪੰਜਾਬੀ ਕਵੀਆਂ ਦਾ ਜ਼ਿਕਰ ਕਰਦਾ ਹੈ ਤਾਂ ਕੇਵਲ ਮੁਸਲਮਾਨ ਕਵੀਆਂ ਦਾ। ਸ਼ਾਹ ਮੁਹੰਮਦ ਨੂੰ ਵੀ ਉਹ ਇਸ ਲਈ ਤਿਆਗ ਦਿੰਦਾ ਹੈ ਕਿਉਂਕਿ ਸ਼ਾਹ ਮੁਹੰਮਦ ਸਿੱਖਾਂ ਦੀ ਬਹਾਦਰੀ ਦਾ ਜ਼ਿਕਰ ਕਰਦਾ ਹੈ। (ਡਾ. ਕਰਨੈਲ ਸਿੰਘ ਥਿੰਦ ਨੇ ਆਪਣੇ ਨਿਬੰਧਾਂ ਵਿਚ ਇਸ ਗੱਲ ਵੱਲ ਕਈ ਵਾਰ ਸੰਕੇਤ ਕੀਤਾ ਹੈ।)

ਅਬਦੁਲ ਗਫ਼ੂਰ ਕੁਰੈਸ਼ੀ ਜਦੋਂ 1972 ਵਿਚ **ਪੰਜਾਬੀ ਅਦਬ ਦੀ ਕਹਾਣੀ** ਦੇ ਨਾਂ 'ਤੇ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਦਾ ਹੈ ਤਾਂ ਉਹ ਪੰਜਾਬੀ ਸਾਹਿਤ ਦੀ ਉਸਾਰੀ ਵਿਚ ਵਧੇਰੇ ਜ਼ਿਕਰ ਮੁਸਲਮਾਨ ਲੇਖਕਾਂ ਦਾ ਹੀ ਕਰਦਾ ਹੈ। ਉਹ ਅੰਗਰੇਜ਼ੀ ਰਾਜ ਦੇ ਸਮੇਂ ਵਿਚ ਉਸਤਾਦ ਹਮਦਮ, ਫ਼ੀਰੋਜ਼ ਦੀਨ ਸ਼ਰਫ, ਕਰੀਮ ਬਖ਼ਸ਼, ਚਰਾਗ਼ਦੀਨ, ਮੌਲਾ ਬਖ਼ਸ਼ ਕੁਸ਼ਤਾ, ਹਿਦਾਇਤੁਲਾ ਆਦਿ ਦਾ ਜ਼ਿਕਰ ਕਰਦਾ ਹੈ, ਪਰ ਉਸ ਨੂੰ ਇਸ ਕਾਲ ਵਿਚ ਇਕ ਵੀ ਸਿੱਖ ਜਾਂ ਹਿੰਦੂ ਲੇਖਕ ਨਜ਼ਰ ਨਹੀਂ ਆਉਂਦਾ।

ਇਹੋ ਜਿਹੀ ਫਿਰਕੂ ਦ੍ਰਿਸ਼ਟੀ ਦਾ ਸੰਚਾਰ ਕਰਨ ਵਾਲਿਆਂ ਵਿਚ ਸ਼ਾਹਬਾਜ਼ ਮਲਿਕ ਤੇ ਮੁਸ਼ਤਾਕ ਬਾਸ਼ਿਤ ਪ੍ਰਮੁੱਖ ਹਨ। ਉਹਨਾਂ ਦੀਆਂ ਆਖੀਆਂ ਗੱਲਾਂ ਸਭ ਦੇ ਸਾਹਮਣੇ ਹਨ। ਪਰ ਹੁਣ ਜਦੋਂ ਅਸੀਂ ਸਾਹਿਤ ਦੇ ਸੰਯੁਕਤ ਇਤਿਹਾਸ ਦੇ ਮਸਲਿਆਂ ਨੂੰ ਵਿਚਾਰ ਰਹੇ ਹਾਂ ਤਾਂ ਉਹਨਾਂ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ। ਸ਼ਾਹਬਾਜ਼ ਮਲਿਕ ਨੇ ਆਪਣੀ ਪੁਸਤਕ **'ਮੂੰਹ ਆਈ ਗੱਲ'** 1976 ਵਿਚ ਅਤੇ **'ਪੰਜਾਬੀ ਲਿਸਾਨੀਅਤ'** 1977 ਵਿਚ ਪ੍ਰਕਾਸ਼ਤ ਕੀਤੀ। ਇਹ ਦੋਵੇਂ ਹੀ ਪੁਸਤਕਾਂ ਪੰਜਾਬੀ ਸਾਹਿਤ ਦੇ ਸੰਯੁਕਤ ਇਤਿਹਾਸ ਲਈ ਘਾਤਕ ਹਨ। ਸ਼ਾਹਬਾਜ਼ ਮਲਿਕ ਜਦੋਂ ਪਿਛਲੇ ਲੇਖਕਾਂ ਦੀ ਗੱਲ ਵੀ ਕਰਦਾ ਹੈ ਤਾਂ ਫਿਰਕੂ ਦ੍ਰਿਸ਼ਟੀ ਤੋਂ ਉਹ ਦਮੋਦਰ ਬਾਰੇ ਲਿਖਦਾ ਹੈ, "ਦਮੋਦਰ ਦੀ ਹੀਰ ਲਿਖਨ ਵਾਲਾ ਭਾਵੇਂ ਹਿੰਦੂ ਏ, ਪਰ ਹੀਰ ਨੂੰ ਪੜ੍ਹਨ ਨਾਲ ਇਸ ਗੱਲ ਦਾ ਨਤਾਰਾ ਹੋਂਦਾ ਏ ਕਿ ਏਸ ਦੀ ਲਿਖਤ ਦਾ ਸਾਰਾ ਮਾਹੌਲ ਤੇ ਸ਼ਬਦਾਵਲੀ ਇਸਲਾਮੀ ਏ।" ਉਸਨੂੰ ਗੁਰੂ ਨਾਨਕ ਦੀ ਬਗ਼ਾਵਤ ਵੀ ਇਸਲਾਮ ਦੀ "ਸੱਚੀ ਤੇ ਸੁੱਚੀ ਤਾਲੀਮ ਵੱਲ" ਆਉਣਾ ਲਗਦਾ ਹੈ। ਮਹਾਰਾਜਾ ਰਣਜੀਤ ਸਿੰਘ ਉਸਨੂੰ ਇਸ ਲਈ ਪੰਜਾਬੀ ਨਹੀਂ ਲਗਦਾ, ਕਿਉਂਕਿ ਉਹ ਸਿੱਖ ਹੈ। ਸ਼ਾਹਬਾਜ਼ ਮਲਿਕ ਪਾਕਿਸਤਾਨ ਦੇ ਉਹਨਾਂ ਪੰਜਾਬੀ ਲੇਖਕਾਂ ਦਾ ਵਿਰੋਧ ਕਰਦਾ ਹੈ ਜੋ ਸੈਕੂਲਰ ਦ੍ਰਿਸ਼ਟੀ ਨਾਲ ਸੰਬੰਧਤ ਹਨ। ਜੋ ਲੇਖਕ ਦੁੱਲਾ ਭੱਟੀ ਨੂੰ ਨਾਇਕ ਕਹਿੰਦੇ ਹਨ, ਉਹ ਉਹਨਾਂ ਦਾ ਵਿਰੋਧ ਕਰਦਾ ਹੈ। ਨਜਮ ਹੁਸੈਨ ਸੱਯਦ, ਮੇਜਰ ਇਸਹਾਕ ਮੁਹੰਮਦ, ਅਹਿਮਦ ਸਲੀਮ, ਫ਼ਖ਼ਰ ਜ਼ਮਾਨ, ਅਫ਼ਜ਼ਲ ਅਹਿਸਨ ਰੰਧਾਵਾ ਉਸਨੂੰ ਅਜਿਹੇ ਲੇਖਕ ਨਜ਼ਰ ਆਉਂਦੇ ਹਨ, ਜਿਹਨਾਂ ਨੂੰ ਉਸ ਮੁਤਾਬਕ 'ਕਾਲੀਆਂ ਭੇਡਾਂ' ਆਖਿਆ ਜਾ ਸਕਦਾ ਹੈ।



ਇਹੀ ਦ੍ਰਿਸ਼ਟੀ 1978 ਵਿਚ ਪ੍ਰਕਾਸ਼ਤ ਹੋਈ ਮੁਸ਼ਤਾਕ ਬਾਸ਼ਿਤ ਦੀ ਪਾਕ ਪੰਜਾਬੀ ਵਿਚ ਸਾਹਮਣੇ ਆਈ। ਉਸਨੇ ਆਖਿਆ, "ਕੁਝ ਲੋਕੀਂ ਨਜ਼ਰੇ ਆਉਂਦੇ ਨੇ ਜਿਹੜੇ ਸਿੱਖਾਂ ਦੇ ਅਦਬ ਨੂੰ ਪਾਕ ਪੰਜਾਬੀ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰਦੇ ਨੇ। ਪਰ ਇਹ ਦੋ ਵੱਖ ਜ਼ੁਬਾਨਾਂ ਤੇ ਤਹਿਜ਼ੀਬਾਂ ਨੇ। ਇਹਨਾਂ ਦਾ ਮੇਲ ਕਿਸੇ ਮਰਹਲੇ 'ਤੇ ਨਹੀਂ ਹੋ ਸਕਦਾ।" ਉਹ ਪਾਕਿਸਤਾਨੀ ਪੰਜਾਬੀ ਤਹਿਜ਼ੀਬ ਦਾ ਸੋਮਾ ਅਰਬ ਤੇ ਫਾਰਸ ਨੂੰ ਮੰਨਦਾ ਹੈ। ਉਸਦਾ ਖਿਆਲ ਹੈ ਕਿ ਗੁਰਬਾਣੀ ਦੀ ਅਧਿਆਤਮਕ ਜਾਂ ਅਜਿਹੀ ਹੋਰ ਰਚਨਾ ਪੰਜਾਬੀ ਵਿਚ ਨਹੀਂ ਸਮਾ ਸਕਦੀ। ਉਸ ਦਾ ਕਹਿਣਾ ਹੈ ਕਿ ਸ਼ਲੋਕ ਪੰਜਾਬੀ ਕਿਵੇਂ ਹੋ ਸਕਦੇ ਨੇ!

ਪਾਕਿਸਤਾਨ ਵਿਚ ਸਾਹਮਣੇ ਆਈਆਂ ਇਹਨਾਂ ਲਿਖਤਾਂ ਨੇ ਜੋ ਮਾਹੌਲ ਬਣਾਇਆ, ਉਸ ਦੇ ਵਿਰੋਧ ਵਿਚ ਵਿਸ਼ਵ ਪੰਜਾਬੀ ਕਾਨਫਰੰਸਾਂ ਤੇ ਹੋਰ ਸੈਕੂਲਰ ਲੇਖਕਾਂ ਨੇ ਨਵਾਂ ਮਾਹੌਲ ਬਣਾਇਆ। ਫ਼ਖ਼ਰ ਜ਼ਮਾਨ ਦੀ 2004 ਵਿਚ ਸਾਹਮਣੇ ਆਈ ਪੁਸਤਕ **'ਪੰਜਾਬ ਪੰਜਾਬੀ ਪੰਜਾਬੀਅਤ'** ਇਸ ਦੂਸਰੇ ਦ੍ਰਿਸ਼ਟੀਕੋਣ ਦੀ ਪ੍ਰਤਿਨਿਧਤਾ ਕਰਦੀ ਹੈ। ਫ਼ਖ਼ਰ ਜ਼ਮਾਨ ਨੇ ਆਖਿਆ, "ਪੰਜਾਬੀ ਕੌਮ ਲੰਮੇ ਅਰਸੇ ਤੋਂ ਪਛਾਣ ਦੇ ਮਸਲੇ ਨਾਲ ਦੋ ਚਾਰ ਏ। ਪਿਛਲੇ ਪੰਜਾਹ ਵਰ੍ਹਿਆਂ ਤੋਂ ਇਕ ਸਾਜ਼ਿਸ਼ ਪਾਰੋਂ ਲੋਕਾਂ ਨੂੰ ਉਹਨਾਂ ਦੀ ਜ਼ੁਬਾਨ, ਕਲਚਰ ਤੇ ਵਿਰਸੇ ਤੋਂ ਦੂਰ ਰੱਖਿਆ ਜਾ ਰਿਹਾ ਹੈ। ਪੰਜਾਬੀ ਜ਼ੁਬਾਨ ਵਿਚ ਲਿਖਨ ਵਾਲਿਆਂ ਨੂੰ ਪਾਕਿਸਤਾਨ, ਇਸਲਾਮ ਤੇ ਕੌਮੀ ਇਤਹਾਦ ਦਾ ਵੈਰੀ ਸਮਝਿਆ ਜਾਂਦਾ ਏ।" ਉਹ ਦੁੱਲਾ ਭੱਟੀ, ਭਗਤ ਸਿੰਘ ਤੇ ਹੋਰ ਪੰਜਾਬੀ ਨਾਇਕਾਂ ਦੀ ਸੰਯੁਕਤ ਰੂਪ ਵਿਚ ਗੱਲ ਕਰਦਾ ਹੈ। ਸਮੁੱਚੇ ਪੰਜਾਬੀ ਸਾਹਿਤ ਦਾ ਇਕੱਠਾ ਜਾਇਜ਼ਾ ਲੈਂਦਾ ਹੈ। ਫਿਰਕੂ ਦ੍ਰਿਸ਼ਟੀ ਦੇ ਪ੍ਰਚਾਰਕਾਂ ਦਾ ਵਿਰੋਧ ਕਰਦਾ ਹੈ। ਇਉਂ ਪਾਕਿਸਤਾਨ ਵਿਚ ਸੈਕੂਲਰ ਲੇਖਕਾਂ ਦੀ ਜੋ ਆਵਾਜ਼ ਉਭਰੀ ਹੈ, ਉਸਨੇ ਪੰਜਾਬੀ ਸਾਹਿਤ ਦੇ ਸੰਯੁਕਤ ਇਤਿਹਾਸ ਦੇ ਮਸਲੇ ਦੀ ਗੱਲ ਨੂੰ ਵੀ ਮਹੱਤਵਯੋਗ ਬਣਾ ਦਿੱਤਾ ਹੈ।

ਇਹ ਸੰਯੁਕਤ ਇਤਿਹਾਸ ਲਿਖਦਿਆਂ ਪੰਜਾਬੀ ਨਾਲ ਸੰਬੰਧਤ ਖਿੱਤਿਆਂ ਦੀਆਂ ਇਕ ਤੋਂ ਵੱਧ ਸ਼ੈਲੀਆਂ ਨੂੰ ਸਵੀਕਾਰ ਵੀ ਕੀਤਾ ਜਾ ਸਕਦਾ ਹੈ ਤੇ ਉਸਦਾ ਵਿਸ਼ਲੇਸ਼ਣ ਵੀ। ਪਰ ਉਹਨਾਂ ਨੂੰ ਇਕੋ ਜ਼ੁਬਾਨ ਦਾ ਸਾਹਿਤ ਨਾ ਮੰਨਿਆ ਜਾਵੇ, ਇਹ ਸਰਾਸਰ ਪੰਜਾਬੀ ਨਾਲ ਦੁਸ਼ਮਣੀ ਹੈ। ਇਸ ਸਮੁੱਚੇ ਸਾਹਿਤ ਜਾਂ ਜ਼ੁਬਾਨ ਨੂੰ ਧਰਮਾਂ ਦੇ ਆਧਾਰ 'ਤੇ ਵੰਡ ਲਿਆ ਜਾਵੇ, ਇਹ ਪੰਜਾਬੀ ਦੀ ਨਿਰਾਦਰੀ ਹੈ।

ਪੰਜਾਬੀ ਸਾਹਿਤ ਦੇ ਸੰਯੁਕਤ ਇਤਿਹਾਸ ਬਾਰੇ ਜਦੋਂ ਚੇਤੰਨ ਹੋਇਆ ਜਾਇਗਾ ਤਾਂ ਇਹ ਮਸਲਾ ਕੇਵਲ 1947 ਤੋਂ ਬਾਅਦ ਦੀ ਸਥਿਤੀ ਦਾ ਹੀ ਨਹੀਂ, ਪਹਿਲੇ ਸਾਹਿਤ ਦਾ ਵੀ ਹੈ। ਉਸਨੂੰ ਧਰਮਾਂ ਅਨੁਸਾਰ ਨਾ ਵੰਡਿਆ ਜਾਵੇ। ਉਹ ਸਾਰਾ ਸਾਹਿਤ ਇਕ ਪੰਜਾਬੀ ਪਰਵਾਹ ਦੇ ਤੌਰ 'ਤੇ ਵਿਕਸਤ ਹੁੰਦਾ ਹੈ, ਉਸਦੀਆਂ ਵੀ ਕਈ ਪ੍ਰਵਿਰਤੀਆਂ ਤੇ ਕਈ ਸ਼ੈਲੀਆਂ ਹਨ। ਗੁਰਮਤਿ, ਸੂਫੀ, ਕਿੱਸਾ ਲਹਿਰ ਸਮਾਨਾਂਤਰ ਤੌਰ 'ਤੇ ਵਿਕਸਤ ਹੁੰਦੀਆਂ ਹਨ। ਇਹ ਸਮਾਨਾਂਤਰਤਾ ਕਿਸੇ ਸਾਹਿਤ ਜਾਂ ਜ਼ੁਬਾਨ ਦੀ ਅਮੀਰੀ ਹੁੰਦੀ ਹੈ। ਪੁਰਾਣੇ ਸਾਹਿਤ ਦਾ ਵੀ ਪੁਨਰ ਇਤਿਹਾਸ ਲਿਖਣ ਦੀ ਲੋੜ ਹੈ। ਜਿਸ ਵਿਚ ਉਸਦੀ ਸੰਰਚਨਾ ਨੂੰ ਹੋਰ ਵਿਸਤ੍ਰਿਤ ਰੂਪ ਵਿਚ ਸਮਝਿਆ ਤੇ ਵਿਸ਼ਲੇਸ਼ਿਆ ਜਾਵੇ।

**{Vice President, Sahitya Akademi,
Rabindra Bhawan, Ferozeshah Road, New Delhi}**

## ਸੰਤੋਖ ਸਿੰਘ ਧੀਰ ਦਾ ਵਿਛੋੜਾ

ਸਾਡੇ ਸਮਿਆਂ ਦਾ ਇਕ ਬਹੁਤ ਹੀ ਪ੍ਰਤਿਭਾਸ਼ੀਲ ਲੇਖਕ ਸੰਤੋਖ ਸਿੰਘ ਧੀਰ 90 ਸਾਲ ਦੀ ਉਮਰ ਭੋਗ ਕੇ ਪਿਛਲੇ ਦਿਨੀਂ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ। ਧੀਰ ਨੇ ਕਵਿਤਾ, ਕਹਾਣੀ, ਨਾਵਲ ਤੇ ਵਾਰਤਕ ਕਈ ਵਿਧਾਵਾਂ ਵਿਚ ਰਚਨਾ ਕੀਤੀ। ਇਕ ਕਵੀ ਵਜੋਂ ਉਸਦੀ ਨਿਵੇਕਲੀ ਪਛਾਣ ਸੀ ਪਰ ਕਹਾਣੀ ਦੀ ਵਿਧਾ ਦਾ ਤਾਂ ਉਹ ਸ਼ਾਹ ਸਵਾਰ ਸੀ। ਬਹੁਤ ਹੀ ਸੀਮਤ ਵਸੀਲਿਆਂ ਦੇ ਬਾਵਜੂਦ ਧੀਰ ਨੇ ਸਾਰੀ ਉਮਰ ਕਲਮ ਦਾ ਕਿਰਤੀ ਬਣੇ ਰਹਿਣ ਦਾ ਧਰਮ ਪਾਲਿਆ। ਪ੍ਰਗਤੀਵਾਦੀ ਧਾਰਾ ਦੇ ਮੋਢੀ ਸਿਰਜਕਾਂ ਵਿਚ ਸ਼ੁਮਾਰ ਹੁੰਦਾ ਸੰਤੋਖ ਸਿੰਘ ਧੀਰ ਇਕ ਜੁਝਾਰ ਮਨੁੱਖ ਸੀ ਜਿਸਨੇ ਨਾ ਸਿਰਫ ਕਲਮ ਰਾਹੀਂ ਸਗੋਂ ਆਪਣੇ ਸਮੁੱਚੇ ਅਮਲੀ ਵਿਹਾਰ ਰਾਹੀਂ ਵੀ ਹਮੇਸ਼ਾ ਕਿਰਤੀ ਲੋਕਾਂ ਦਾ ਸਾਥ ਦਿੱਤਾ। ਭਾਰਤੀ ਕਮਿਊਨਿਸਟ ਪਾਰਟੀ ਦਾ ਮੈਂਬਰ ਹੋਣ ਦੇ ਨਾਤੇ ਪਾਰਟੀ ਜ਼ਾਬਤੇ ਪ੍ਰਤੀ ਵਫਾਦਾਰੀ ਕਈ ਵਾਰ ਉਸਦੀ ਰਚਨਾਤਮਕਤਾ ਦੀ ਸੀਮਾ ਵੀ ਬਣੀ ਪਰ ਇਸੇ ਸਦਕਾ ਆਪਣੇ ਆਦਰਸ਼ਾਂ ਤੇ ਉਦੇਸ਼ਾਂ ਪ੍ਰਤੀ ਬਹੁਤ ਸਪਸ਼ਟ ਰਹਿਣਾ ਵੀ ਉਸਦੇ ਹਿੱਸੇ ਆਇਆ। ਸੁਭਾਅ ਵਜੋਂ ਹੱਠੀ ਅਤੇ ਇਰਾਦੇ ਦਾ ਪੱਕਾ ਧੀਰ ਅੰਦਰੋਂ ਬਾਹਰੋਂ ਪੂਰੀ ਤਰ੍ਹਾਂ ਇਕ ਕਲਾਕਾਰ ਸੀ। 'ਨਿੱਕੀ ਸਲੇਟੀ ਸੜਕ ਦਾ ਟੋਟਾ', 'ਸਾਂਝੀ ਕੰਧ', 'ਕੋਈ ਇਕ ਸਵਾਰ', 'ਮੰਗੋ', 'ਭੇਤ ਵਾਲੀ ਗੱਲ' ਵਰਗੀਆਂ ਕਿੰਨੀਆਂ ਹੀ ਸ਼ਾਹਕਾਰ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਪਾਉਣ ਵਾਲੇ ਇਸ ਯੋਧੇ ਲੇਖਕ ਨੂੰ ਅਸੀਂ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ। ਆਉਂਦੇ ਸਮੇਂ ਵਿਚ ਅਸੀਂ ਸੰਤੋਖ ਸਿੰਘ ਧੀਰ ਦੀ ਰਚਨਾਤਮਕ ਦੇਣ ਬਾਰੇ ਚਰਚਾ ਕਰਨ ਦਾ ਯਤਨ ਕਰਾਂਗੇ।

## ਹੋਰ ਨਾਮਵਰ ਸਾਹਿਤਕਾਰ

ਪਿਛਲਾ ਕੁਝ ਸਮਾਂ ਸੋਗੀ ਸਮਾਚਾਰਾਂ ਦੇ ਪੱਖ ਤੋਂ ਪੰਜਾਬੀ ਸਾਹਿਤ ਸੰਸਾਰ ਲਈ ਜਿਵੇਂ ਬਹੁਤ ਹੀ ਅਭਾਗਾ ਸਮਾਂ ਸੀ। ਇਕ ਸਾਲ ਦੇ ਅੰਦਰ ਅੰਦਰ ਸਾਡੇ ਬਜ਼ੁਰਗ ਤੇਰਾ ਸਿੰਘ ਚੰਨ ਤੋਂ ਲੈ ਕੇ ਕਿੰਨੀਆਂ ਹੀ ਨਾਮਵਰ ਸਾਹਿਤਕ ਸ਼ਖਸੀਅਤਾਂ ਵਿਛੋੜਾ ਦੇ ਗਈਆ। ਪਿਛਲੇ ਕੁਝ ਮਹੀਨਿਆਂ ਵਿਚ ਤਾਂ ਮੌਤ ਦੇ ਸੁਨੇਹਿਆਂ ਦਾ ਪੰਜਾਬੀ ਸਾਹਿਤ ਦੇ ਵਿਹੜੇ ਵਿਚ ਤਾਂਤਾ ਹੀ ਬੱਝ ਗਿਆ। ਇੰਦਰਜੀਤ ਹਸਨਪੁਰੀ, ਭੂਸ਼ਨ ਧਿਆਨਪੁਰੀ, ਡਾ. ਗੁਰਚਰਨ ਸਿੰਘ, ਡਾ. ਜੁਗਿੰਦਰ ਸਿੰਘ ਰਾਹੀ, ਡਾ. ਟੀ. ਆਰ. ਵਿਨੋਦ,ਪ੍ਰੋ. ਮੋਹਨ ਸਿੰਘ ਜੌਹਲ, ਗੁਲਜ਼ਾਰ ਮੁਹੰਮਦ ਗੋਰੀਆ, ਬਿਪਨ ਗੋਇਲ ਅਤੇ ਮੇਜਰ ਪਿਆਰਾ ਸਿੰਘ ਤੋਂ ਬਿਨਾਂ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਹਰਿੰਦਰ ਮਹਿਬੂਬ ਅਤੇ ਰਾਮ ਸਰੂਪ ਅਣਖੀ ਸਭ ਸੱਜਣ ਆਪੋ ਆਪਣੀ ਥਾਂ ਪੰਜਾਬੀ ਸਾਹਿਤ ਸਿਰਜਣਾ ਤੇ ਚਿੰਤਨ ਦੇ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਵਾਲੇ ਮਨੁੱਖ ਸਨ। ਇਹਨਾਂ ਸਭਨਾਂ ਨਾਲ 'ਸਿਰਜਣਾ' ਤੇ ਇਸਦੇ ਸੰਪਾਦਕ ਦਾ ਭਰਵਾਂ ਨੇੜ ਵੀ ਰਿਹਾ ਸੀ। ਇਹਨਾਂ ਦੇ ਅਚਾਨਕ ਹੀ ਵਿਛੋੜਾ ਦੇ ਜਾਣ ਦਾ ਸਾਨੂੰ ਬਹੁਤ ਦੁੱਖ ਹੈ ਅਤੇ ਇਹ ਦੁੱਖ ਛੇਤੀ ਕੀਤਿਆਂ ਭੁੱਲਣ ਵਾਲਾ ਨਹੀਂ।

## ਆਤਮਜੀਤ ਨੂੰ ਸਾਹਿਤ ਅਕਾਦਮੀ ਪੁਰਸਕਾਰ

ਪੰਜਾਬੀ ਵਿਚ ਸਰਬ ਸ੍ਰੇਸ਼ਟ ਰਚਨਾ ਲਈ ਇਸ ਵਰ੍ਹੇ ਦਾ ਸਾਹਿਤ ਅਕਾਦਮੀ ਪੁਰਸਕਾਰ ਡਾ. ਆਤਮਜੀਤ ਨੂੰ ਉਸਦੀ ਨਾਟਕ ਰਚਨਾ 'ਤੱਤੀ ਤਵੀ ਦਾ ਸੱਚ' ਲਈ ਦਿੱਤਾ ਗਿਆ ਹੈ। ਆਤਮਜੀਤ ਨੇ ਪੰਜਾਬੀ ਨਾਟਕ ਤੇ ਰੰਗਮੰਚ ਦੇ ਖੇਤਰ ਵਿਚ ਜੋ ਯੋਗਦਾਨ ਦਿੱਤਾ ਹੈ ਉਸ ਲਈ ਕੋਈ ਮਾਣ ਸਨਮਾਨ ਵੀ ਵੱਡਾ ਨਹੀਂ। ਆਪਣੇ ਪਿਤਾ ਸ.ਸ.ਅਮੋਲ ਦੀ ਸਾਹਿਤਕ ਵਿਰਾਸਤ ਨੂੰ ਹੋਰ ਅਮੀਰ ਕਰਦਿਆਂ ਹੋਇਆਂ ਆਤਮਜੀਤ ਨੇ ਬਹੁਤ ਕੁਝ ਜੋ ਨਵਾਂ ਸਿਰਜਿਆ ਹੈ ਉਸਦੀ ਸਾਰਥਕਤਾ ਤੇ ਉਸਦਾ ਮੁੱਲ ਬਹੁਤ ਜ਼ਿਆਦਾ ਹੈ। ਅਸੀਂ ਸਾਹਿਤ ਅਕਾਦਮੀ ਨੂੰ ਸੁਚੱਜੀ ਚੋਣ ਉੱਤੇ ਅਤੇ ਡਾ. ਆਤਮਜੀਤ ਨੂੰ ਉਸਦੀ ਪ੍ਰਾਪਤੀ ਉੱਤੇ ਵਧਾਈ ਦਿੰਦੇ ਹਾਂ।



## ਦੋ ਕਵਿਤਾਵਾਂ/ਪਰਮਿੰਦਰਜੀਤ

### ਤੂੰ ਆਵੇਂ ਤਾਂ

ਤੂੰ ਆਵੇਂ
ਤਾਂ ਮਿਲ ਜਾਣਗੇ, ਜੀਣ ਦੇ ਬਹਾਨੇ ਨਵੇਂ
ਆਕਾਰ ਵਿਚ ਢਲ ਜਾਣਗੇ
ਸੁਰਤੀਆਂ 'ਚ ਸਿਮਟੇ ਹੋਏ ਅੰਬਰ
ਖੁੱਲ੍ਹ ਜਾਣਗੀਆਂ ਪਰਵਾਜ਼ ਦੀਆਂ ਗੰਢਾਂ
ਤੂੰ ਆਵੇਂ
ਤਾਂ ਇਕ ਦੂਜੇ ਦੀਆਂ ਪਨਾਹਾਂ ਦੀ, ਖ਼ੈਰ ਮੰਗਾਂਗੇ
ਬੜਾ ਕੁਝ ਬਦਰੰਗ ਹੋ ਗਏ ਨੂੰ, ਨਵੇਂ ਰੰਗਾਂ 'ਚ ਰੰਗਾਂਗੇ
ਜਿਸਮ ਦੀਆਂ ਕੰਧਾਂ ਤੋਂ
ਉਸ ਪਾਰ ਵੀ ਹੁੰਦੀ ਏ ਕਾਇਨਾਤ ਕੋਈ
ਅਣਮੁੱਕ ਵੀ ਹੁੰਦੇ ਨੇ ਸਫ਼ਰ ਕਈ
ਕਈ ਹੁੰਦੇ ਨੇ ਅੰਬਰ ਚਾਹਤਾਂ ਦੇ
ਸਫ਼ਰ ਤੇ ਪਰਵਾਜ਼ ਦੀ ਜੁਸਤਜੂ
ਜੇ ਰਹੀ ਕੋਲ ਅਸਾਡੇ
ਤਾਂ ਅਣਜੀਵਿਆਂ ਵੀ ਜੀਅ ਲਵਾਂਗੇ

ਤੂੰ ਆਵੇਂ
ਤਾਂ ਇਕ ਦੂਜੇ ਦੀਆਂ ਪਨਾਹਾਂ ਨੂੰ
ਬਣਾ ਲਵਾਂਗੇ ਆਪਣਾ ਵਜੂਦ
ਜਿਸਮਾਂ ਦੀ ਮਿੱਟੀ ਖੁਰ ਵੀ ਗਈ
ਤਾਂ ਇਕ ਦੂਜੇ ਦੀਆਂ ਪਨਾਹਾਂ ਵਿਚ ਮਹਿਫੂਜ਼ ਰਹਾਂਗੇ

ਤੂੰ ਆਵੇਂ ਤਾਂ
ਤਾਂ ਕਈ ਸ਼ਬਦ ਹੋਣਗੇ, ਨਵੇਂ ਅਰਥਾਂ ਦੇ ਰੂਬਰੂ
ਤੂੰ ਆਵੇਂ, ਤਾਂ ਵਾਪਰਨੀਆਂ, ਕਈ ਹੋਣੀਆਂ
ਕਈ ਉਹਲੇ ਉਜਾਗਰ ਹੋਣਗੇ

ਤੂੰ ਆਵੇਂ, ਸਰਬਕਾਲ ਹੋਣਗੇ ਸਾਕਾਰ
ਤੂੰ ਆਵੇਂ, ਤਾਂ ਕਰਾਂਗੇ ਏਨੀਆਂ ਗੱਲਾਂ
ਕਿ ਮੁੱਕ ਹੀ ਜਾਣ ਸਭ ਗੱਲਾਂ
ਤੇ ਨਾਲ ਹੀ ਮੁੱਕ ਜਾਣ ਹੁੰਗਾਰੇ ਸਾਰੇ
ਸਾਡੇ ਵਿਚਕਾਰ ਪਸਰਿਆ ਮੌਨ, ਤੋਰੇ ਕੋਈ ਨਵੀਂ ਗੱਲ
ਮੌਨ ਹੀ ਦੇਵੇ ਹੁੰਗਾਰਾ

ਤੂੰ ਆਵੇਂ, ਕੁਝ ਇਉਂ ਵੀ ਵਾਪਰੇ
ਜੋ ਨਾ ਵਾਪਰਿਆ ਹੋਵੇ, ਪਹਿਲਾਂ ਕਦੇ
ਤੂੰ ਆਵੇਂ ਤਾਂ

## ਸੁਪਨੇ ਜਿਹਾ ਪਲ

ਜਦ ਵੀ ਮਿਲਾਂਗੇ
ਇਕ ਦੂਜੇ ਨੂੰ ਨਿਹਾਰਾਂਗੇ
ਚਿਤਵਾਂਗੇ ਇਕ ਦੂਜੇ ਦੀ ਤੇਹ ਨੂੰ
ਅਣਛੋਹ ਰਹਿਣ ਦੇਵਾਂਗੇ, ਇਕ ਦੂਜੇ ਦੀ ਲੀਨਤਾ, ਪੋਟਾ ਪੋਟਾ ਛੋਹ ਨੂੰ
ਦੇਹਾਂ 'ਚੋਂ ਮਨਫੀ ਕਰਨ ਦਾ, ਭਰਮ ਸਿਰਜਾਂਗੇ
ਤੇ ਇਹ ਵਿਸਰ ਵਿਸਾਰ ਹੀ ਜਾਵਾਂਗੇ
ਮਨ ਦੀ ਲੀਨਤਾ, ਦੇਹ ਦੀ ਲੀਨਤਾ ਵਿਚ ਕਦੋਂ ਖੁਰਦੀ
ਕਦੋਂ ਹੁੰਦੀ ਅਧੂਰੀ, ਦੇਹ ਦੀ ਤਪਸ਼
ਅਣਛੋਹ ਦਾ ਸਵਾਂਗ ਨਹੀਂ ਕਰਦੀ
ਪਥਰਾਏ ਪਾਣੀਆਂ ਦੀ ਵੀ, ਤੇਹ ਨਹੀਂ ਮਰਦੀ

ਜੇ ਮਨ ਤਾਈਂ, ਦੇਹ ਦੀ ਭਾਸ਼ਾ ਸਮਝ ਨਾ ਆਵੇ
ਤਾਂ ਸਮੁੱਚੀ ਲੀਨਤਾ ਨੂੰ ਕੌਣ ਹੰਢਾਵੇ
ਦੇਹ ਵੀ ਜਦੋਂ ਸੁਨਾਉਣੀ ਚਾਹੇ, ਅਗਨ ਤਪਸ਼ ਦੀ ਭਾਸ਼ਾ
ਜੇ ਨਾ ਹੋਵੇ ਕੋਈ ਬੋਲ ਹੁੰਗਾਰਾ
ਤਾਂ ਵਗਦੇ ਵਹਿਣ ਵੀ ਸੌਂ ਜਾਂਦੇ
ਰੁਮਕਦੀ ਪਉਣ ਯਖ਼ ਹੋ ਜਾਂਦੀ
ਜਿਉਂ ਪਰਵਾਜ਼ ਵਿਹੂਣਾ ਪੰਛੀ
ਸੇਕ ਬਿਨਾਂ ਜਿਉਂ ਅਗਨ ਬਲੇ
ਸਾਜ਼ ਵਿਚ ਧੁਨੀ ਸੌਂ ਜਾਏ
ਜਦ ਵੀ ਮਿਲਾਂਗੇ
ਨਿੱਕੀ ਨਿੱਕੀ ਛੋਹ ਨੂੰ, ਅਣਛੋਹ ਤਕ ਲੈ ਜਾਵਾਂਗੇ
ਮਨ ਤੇ ਤਨ ਦੀ ਲੀਨਤਾ ਦਾ, ਸੰਵਾਦ ਰਚਾਵਾਂਗੇ
ਸੰਵਾਦ ਹੀਣੀ ਲੀਨਤਾ, ਕਦੋਂ ਤਕ ਹੰਢਾਵਾਂਗੇ
ਜੇ ਹੁਣ ਮਿਲੇ
ਤਾਂ ਸੁਪਨੇ ਜਿਹੇ ਕਿਸੇ ਪਲ ਨੂੰ, ਸਾਕਾਰ ਕਰਾਂਗੇ
ਜੇ ਹੁਣ ਮਿਲੇ ਤਾਂ...

[ਸੰਪਾਦਕ 'ਅੱਖਰ', ਵਿਰਸਾ ਵਿਹਾਰ ਸਦਨ, ਗਾਂਧੀ ਗਰਾਊਂਡ, ਅੰਮ੍ਰਿਤਸਰ]

## ਸੱਤ ਕਵਿਤਾਵਾਂ / ਅਜਾਇਬ ਕਮਲ

### ਇਕ

ਸੀਤ ਹਵਾ ਚੱਲਣ ਨਾਲ
ਤਾਪਮਾਨ ਡਿੱਗਦਾ
ਸੀਤ ਸਾਹ ਲੈਣ ਨਾਲ ਛਾਤੀ ਦੁਖਦੀ
ਆਕੜਦੀ ਜਾਂਦੀ ਹੈ
ਰੁੱਖ ਦੇ ਪੀਲੇ ਪੈ ਰਹੇ ਪੱਤ ਤਾਂ



ਸਿਆਲ ਦੀ ਕੋਸੀ ਨਿੱਘੀ ਧੁੱਪ ਸੇਕ ਰਹੇ ਨੇ
ਪਰ ਉਸ ਦੀ ਠੁਰ ਠੁਰ ਕਰਦੀ ਛਾਂ
ਤਣੇ ਨਾਲ ਲੱਗ ਕੇ ਬੈਠੀ
ਸੁਕੜਦੀ ਜਾਂਦੀ ਹੈ।

### ਦੋ

ਉਮਰ ਵਧਣ ਨਾਲ
ਉਸ ਦਾ ਚਿਲਕਿਆ ਚਿਹਰਾ ਇਵੇਂ ਲਗਦਾ
ਜਿਵੇਂ ਉਸਨੇ
ਝੁਰੜੀਆਂ ਦੇ ਮੈਲ਼ੇ ਪਾਣੀ ਨਾਲ ਮੂੰਹ ਧੋਤਾ ਹੋਵੇ
ਉਸ ਦਾ ਅਣਗੌਲਿਆ ਵਰਤਮਾਨ, ਤੇ ਕਾਣ ਸੂਤਾ ਭਵਿੱਖ
ਇਵੇਂ ਦਿਸਦਾ, ਜਿਵੇਂ ਛੱਤ ਬਿਨਾਂ ਮਕਾਨ
ਦੀਵਾਰ ਬਿਨ ਬੂਹਾ ਖਲੋਤਾ ਹੋਵੇ

### ਤਿੰਨ

ਉਹ ਆਪਣੀ ਉਲਝੀ ਆਤਮਾ ਦਾ, ਕਲੇਸ਼ ਹਰਨ ਲਈ
ਘਰ ਬਾਰ ਤਿਆਗ ਬਾਹਰ, ਚੋਰੀਂ ਚਲਾ ਗਿਆ ਸੀ
ਭਗਵਾਂ ਚੋਲਾ ਪਾ
ਹੱਥਾਂ 'ਚ ਤ੍ਰਿਸ਼ੂਲ ਤੇ ਚਿੱਪੀ ਲੈ ਕੇ
ਭਵਿੱਖੀ ਔਕੜਾਂ ਤੋਂ ਮੁਕਤੀ ਲੱਭਣ ਲਈ
ਆਕੜਖੋਰ ਇਤਿਹਾਸ 'ਤੇ
ਹਮਲਾ ਕਰਨ ਚਲਾ ਗਿਆ ਸੀ।

### ਚਾਰ

ਮਾਨਵੀ ਹਿਤਾਂ ਨੂੰ ਤਿਆਗ
ਸਵੈ ਹਿਤਾਂ ਲਈ ਸਵਾਰਥੀ ਲੋਕ
ਪਾਗਲਾਂ ਵਾਂਗ ਹਰਲ ਹਰਲ ਕਰਦੇ, ਦੌੜੇ ਫਿਰਦੇ ਨੇ
ਸੱਤਾਧਾਰੀ ਅਨਿਆਂ ਨਾਲ ਜੂਝਣ ਥਾਂ
ਦੇਸ਼ ਦੇ ਅਣਖੀਲੇ ਗੱਭਰੂ, ਸਾਧਾਂ, ਫਕੀਰਾਂ ਵਾਂਗ
ਹੱਥਾਂ 'ਚ ਚਿੱਪੀਆਂ ਤੇ ਕਮੰਡਲ, ਚੁੱਕੀ ਫਿਰਦੇ ਨੇ

### ਪੰਜ

ਭਾਸ਼ਣ ਦੇਣ ਲਈ ਅਸੀਂ ਕਈ ਵਾਰ
ਝੂਠ ਬੋਲਣ ਵਾਲੀਆਂ, ਚੁਲਬੁਲੀਆਂ ਅੱਖਾਂ ਥਾਂ
ਸੱਚ ਬੋਲਣ ਵਾਲੇ, ਸਾਊ ਹੱਥਾਂ ਨੂੰ ਚੁਣਿਆ ਹੈ
ਕਈ ਵਾਰ ਨੇੜੇ ਢੁਕ ਕੇ ਅਸੀਂ
ਛਾਲਿਆਂ ਤੇ ਰੱਟਣਾਂ ਨਾਲ ਭਰੇ
ਵਿਦਰੋਹੀ ਹੱਕਾਂ ਦਾ, ਭਾਸ਼ਣ ਸੁਣਿਆ ਹੈ।

### ਛੇ

ਉਹ ਹਾਲੇ ਵੀ
ਭਰਿਸ਼ਟੇ ਨਜ਼ਾਮਾਂ ਵੱਲ ਵੇਖ, ਰੋਹ 'ਚ ਆਇਆ

ਕਠੋਰ ਕੰਧਾਂ 'ਚ, ਸਾਨ੍ਹਾਂ ਵਾਂਗ ਟੱਕਰਾਂ ਮਾਰਦਾ
ਰਾਹਾਂ 'ਚ ਬੁੱਕੀ ਫਿਰਦਾ ਹੈ
ਗਹੁ ਨਾਲ ਦੇਖੋ
ਉਹ ਮੱਥੇ 'ਚ, ਜਵਾਨੀ ਦੀਆਂ ਝੁਰੜੀਆਂ ਨਹੀਂ
ਸਗੋਂ ਬੁਢਾਪੇ ਦੀਆਂ ਝੁਰੜੀਆਂ 'ਚ
ਜਵਾਨੀ ਵਾਲਾ ਵਿਦਰੋਹ ਚੁੱਕੀ ਫਿਰਦਾ ਹੈ

## ਸੱਤ

ਜਿਨ੍ਹਾਂ ਅੰਦਰ ਸਫਰ ਲਈ, ਤੜਪ ਤੇ ਬਿਹਬਲਤਾ ਹੁੰਦੀ
ਉਹਨਾਂ ਨੂੰ ਰਾਹਾਂ ਦੀ ਥੋੜ ਨਹੀਂ ਹੁੰਦੀ
ਜਿਹਨਾਂ ਦੇ ਪੈਰਾਂ 'ਚ ਸਾਹ ਸੱਤ ਹੁੰਦਾ
ਤੇਜ਼ ਤੁਰਨ ਲਈ, ਉਹਨਾਂ ਨੂੰ ਖੜਾਵਾਂ ਦੀ ਲੋੜ ਨਹੀਂ ਹੁੰਦੀ

[ਪਿੰਡ ਡਾਂਡੀਆਂ, ਡਾ. ਬੱਡੋਂ, ਰਾਹੀਂ ਫਗਵਾੜਾ, ਜ਼ਿਲ੍ਹਾ ਹੁਸ਼ਿਆਰਪੁਰ]

# ਗ਼ਜ਼ਲ/ ਹਰਮਿੰਦਰ ਸਿੰਘ ਕੋਹਾਰਵਾਲਾ

ਰਾਤ ਨੇ ਕਦ ਆਖਿਆ ਹੈ,
ਜਾਗਣੇ ਦੀ ਆਗਿਆ ਹੈ।
ਚੰਦ, ਸੂਰਜ, ਤਾਰਿਆਂ ਨੂੰ,
ਅੰਬਰਾਂ ਨੇ ਸਾਂਭਿਆ ਹੈ।
ਕੀ ਕਰਾਂਗੇ ਇਹ ਸਲੀਕਾ,
ਹੌਸਲਾ ਜੋ ਢਾਅ ਗਿਆ ਹੈ।
ਵਿੜਕ ਲੈਂਦਾ ਹੈ ਹਨੇਰਾ,
ਕੌਣ ਇੱਥੇ ਜਾਗਿਆ ਹੈ।
ਲਮਕਿਆ ਹੈ ਝੂਠ ਦਾ ਮੂੰਹ,
ਸੱਚ ਮੂੰਹ 'ਤੇ ਆਖਿਆ ਹੈ।
ਅੱਖੀਆਂ 'ਚੋਂ ਖ਼ੂਨ ਚੋ ਕੇ,
ਅੱਖਰਾਂ ਵਿਚ ਆ ਗਿਆ ਹੈ।
ਅੱਖਰਾਂ ਦਾ ਰੰਗ ਸੂਹਾ,
ਸੋਚ ਨੂੰ ਰਾਹ ਪਾ ਗਿਆ ਹੈ।

[ਪਿੰਡ ਕੋਹਾਰਵਾਲਾ, ਜ਼ਿਲ੍ਹਾ ਫਰੀਦਕੋਟ]

# ਗ਼ਜ਼ਲ/ਹਰੀ ਸਿੰਘ ਮੋਹੀ

ਸੋਚ ਪਿੰਡੇ ਪੀੜ ਦੀ ਇਕ ਲੀਕ ਹੈ।
ਕਲਮ ਦੇ ਹੋਠਾਂ 'ਤੇ ਸੱਜਰੀ ਚੀਕ ਹੈ।
ਹੈ ਦਰੁਸਤ ਉਸ ਦਾ ਨਾ ਕੋਈ ਵੀ ਅਮਲ,
ਨਾ ਕੁਈ ਨੀਅਤ ਹੀ ਉਸ ਦੀ ਠੀਕ ਹੈ।
ਹਰ ਗੁਨਾਹ ਦੇ ਕੋਲ ਉਸ ਦੀ ਹਾਜ਼ਰੀ,
ਉਸ ਦੇ ਸ਼ਾਮਲ ਹੋਣ ਦੀ ਤਸਦੀਕ ਹੈ।
ਬਲ਼ ਰਿਹਾ ਕਾਤਿਬ ਕਿਤਾਬਾਂ ਵਿਚ ਜੋ,



ਜ਼ਿਹਨ ਵਿਚਲੀ ਅੱਗ ਦਾ ਪ੍ਰਤੀਕ ਹੈ।
ਇਹ ਉਮੀਦਾਂ ਸੁਪਨਿਆਂ ਦਾ ਸਿਲਸਿਲਾ,
ਹੈ ਸ਼ੁਰੂ ਕਿੱਥੋਂ ਤੇ ਕਿੱਥੋਂ ਤੀਕ ਹੈ?
ਜਗਮਗਾਹਟ ਹੈ ਜੋ ਜੁਗਨੂੰ ਦੇ ਪਰੀਂ,
ਪੈਰ ਨੂੰ ਤੋਰਨ ਦੀ ਇਕ ਤਹਿਰੀਕ ਹੈ।
ਮਾਣ ਜਿਸ ਨੂੰ ਅਪਣੀ ਕੁੱਵਤ 'ਤੇ ਬਹੁਤ,
ਪਾਣੀਆਂ 'ਤੇ ਪਉਣ ਦੀ ਤਖ਼ਲੀਕ ਹੈ।

[ਬੀ IV/ 725, ਡਿੱਬੀਪੁਰਾ, ਕੋਟਕਪੂਰਾ-151 204]

# ਸਰਵਣ : ਪੰਜ ਕਵਿਤਾਵਾਂ / ਨਰਿੰਦਰਪਾਲ

## ਸਰਵਣ-1

ਇਕ ਪੁੱਤ ਸੀ/ ਅੰਨ੍ਹੇ ਮਾਂ-ਬਾਪ ਦੀ ਅੱਖ ਸੀ
ਉਹ ਸਰਵਣ ਸੀ

ਉਸਨੇ ਅੰਨ੍ਹੇ ਮਾਂ-ਬਾਪ ਨੂੰ/ ਵਹਿੰਗੀ 'ਚ ਬਿਠਾ
ਤੀਰਥ ਯਾਤਰਾ ਕਰਵਾਈ

ਉਹ ਪਿਆਸ ਬੁਝਾਉਣਾ ਚਾਹੁੰਦਾ ਸੀ/ ਮਾਪਿਆਂ ਦੀ
ਦਸਰਥ ਨੇ ਬੁਝਾਉਣ ਨਾ ਦਿੱਤੀ
ਉਸਦੇ ਮੋਢੇ 'ਤੇ ਪਿਆ/ ਵਹਿੰਗੀ ਦੇ ਭਾਰ ਕਾਰਨ ਡੂੰਘ
ਅੱਜ ਵੀ ਦਿਸਦਾ ਹੈ...

## ਸਰਵਣ-2

ਸਰਵਣ ਮਾਂ-ਬਾਪ ਨੂੰ ਵਹਿੰਗੀ 'ਚ ਬਿਠਾਅ
ਉਹਨਾਂ ਲਈ ਤੀਰਥ ਯਾਤਰਾ 'ਤੇ ਨਿਕਲਦਾ ਹੈ

ਉਹ ਬਾਜ਼ਾਰ ਦੇ ਖੂੰਜੇ 'ਚ
ਮਾਪਿਆਂ ਦੀ ਵਹਿੰਗੀ ਰੱਖ, ਮੰਡੀ 'ਚ ਚਲਾ ਗਿਆ...
ਅੰਨ੍ਹੇ ਮਾਂ-ਬਾਪ ਪਾਣੀ-ਪਾਣੀ ਕਰਾਹ ਰਹੇ ਨੇ
ਸਰਵਣ ਬਾਜ਼ਾਰ 'ਚ ਗੁੰਮ ਹੋ ਗਿਆ ਹੈ

## ਸਰਵਣ-3

ਮਾਂ ਬਾਪ : "ਸਰਵਣ ! ਤੂੰ ਕਿੱਥੇ ਚੱਲਿਆਂ ਜ਼ਰਾ, ਦੱਸ"...
ਸਰਵਣ ਚੁੱਪ ਰਹਿੰਦਾ ਹੈ...

ਸਰਵਣ ਬੁੱਢੇ, ਅੰਨ੍ਹੇ ਤੇ ਬੇਵੱਸ ਮਾਂ-ਬਾਪ ਨੂੰ
ਬਿਰਧ ਆਸ਼ਰਮ ਦੇ ਮੂਹਰੇ ਛੱਡ/ਵਾਪਸ ਪਰਤ ਆਉਂਦਾ ਹੈ

## ਸਰਵਣ-4

ਮਾਂ ਬਾਪ : 'ਸਰਵਣ ! ਤੂੰ ਬੋਲਦਾ ਨਹੀਂ, ਘੁੰਡੀ ਖੋਲ੍ਹਦਾ ਨਹੀਂ
ਸਾਡੇ ਨਾਲ ਨਿਭਣ ਤੋਂ ਝਿਜਕਦੈਂ?'

ਸਰਵਣ : 'ਮੈਂ ਟੋਟੇ ਹੋ ਗਿਆ ਹਾਂ
ਮੇਰੀ ਵਹਿੰਗੀ 'ਚ ਭੀੜ ਵਧਦੀ ਜਾ ਰਹੀ ਹੈ...
ਇਕ ਹਿੱਸੇ 'ਚ ਬਾਜ਼ਾਰ ਨੇ ਘੁਸਪੈਠ ਕਰ ਲਈ ਹੈ

ਇਕ ਖੂੰਜੇ ਵਿਚ ਬੀਵੀ
ਲੂਣ ਮਿਰਚ ਤੋਂ ਲੈ ਕੇ ਸੁਰਖੀ-ਬਿੰਦੀ ਤਕ ਦੀ/ ਲਿਸਟ ਗਿਣਾ ਰਹੀ ਹੈ
ਬੱਚਾ ਸਕੂਲ ਦਾ ਫੀਸ ਕਾਰਡ ਲੈ/ ਉਦਾਸ ਅੱਖਾਂ ਨਾਲ ਤੱਕ ਰਿਹੈ
ਬੌਸ ਦੇ ਹੁਕਮਾਂ ਦੀ ਲੰਮੀ ਝੜੀ ਹੈ...

ਹੇ ਮਾਤ-ਪਿਤਾ! ਕਿੰਝ ਨਿਭਾਂ ਮੈਂ ਤੁਹਾਡੇ ਨਾਲ ਪੂਰਾ
ਪੂਰਾ ਤਾਂ ਮੈਂ ਆਪਣੇ ਆਪ ਨਾਲ ਵੀ ਨਹੀਂ ਨਿਭ ਰਿਹਾ...

**ਸਰਵਣ-5**

ਸਰਵਣ ਮਾਂ-ਬਾਪ ਨੂੰ/ ਬਿਰਧ ਆਸ਼ਰਮ ਛੱਡ ਆਇਆ
ਸਭ ਤੋਂ ਚੋਰੀ, ਵਹਿੰਗੀ ਲੁਕੋ ਦਿੰਦਾ ਹੈ/ ਬੱਚਾ ਚੋਰ ਅੱਖ ਨਾਲ ਦੇਖਦਾ ਹੈ
ਖਿੜਖਿੜਾ ਕੇ ਹੱਸਦਾ ਹੈ ਤੇ ਕਹਿੰਦਾ ਹੈ-

'ਡੈਡ! ਮੈਂ ਇਸ ਵਹਿੰਗੀ 'ਤੇ ਮੋਤੀ ਜੜਾਂਗਾ
ਇਸ 'ਤੇ ਦੋਨੋਂ ਪਾਸੇ/ ਹਾਈਡ੍ਰੋਜਨ ਦੇ ਭਰੇ ਗੁਬਾਰੇ ਲਗਾਵਾਂਗਾ...
ਫਿਰ ਤੈਨੂੰ ਤੇ ਮੌਮ ਨੂੰ/ ਵਹਿੰਗੀ 'ਚ ਬਿਠਾ ਛੱਡ ਦਿਆਂਗਾ
ਤੁਸੀਂ ਚਲੇ ਜਾਵੋਗੇ ਉੱਪਰ...ਬਹੁਤ ਉੱਪਰ
ਜਦੋਂ ਗੁਬਾਰੇ ਫਟਣਗੇ, ਤਾਂ ਤੁਸੀਂ ਪਹੁੰਚ ਜਾਵੋਗੇ/ ਦਾਦਾ-ਦਾਦੀ ਤੋਂ ਵੀ ਦੂਰ...
ਸਰਵਣ, ਤ੍ਰਭਕਦਾ ਹੈ।

[ਨੇੜੇ ਡਾ. ਆਤਮਾ ਰਾਮ ਦਾ ਅੱਖਾਂ ਦਾ ਹਸਪਤਾਲ, ਭੀਖੀ-151 504]

## ਅੱਖਾਂ/ਭੁਪਿੰਦਰ ਕੌਰ ਪ੍ਰੀਤ

ਬਹੁਤ ਤਿੱਖੀ ਹੈ ਧੁੱਪ/ ਧੁੱਪ ਬਹੁਤ ਹੀ ਤਿੱਖੀ ਹੈ
ਤਿੱਖੀ ਧੁੱਪ ਅੱਖ ਬਣ ਮੇਰੀ ਪਿੱਠ 'ਤੇ ਚੁਭ ਰਹੀ
ਇਕ ਅੱਖ ਦੀਆਂ ਅਨੇਕ ਅੱਖਾਂ!

ਇਹ ਅੱਖਾਂ ਹਰ ਗਲੀ, ਮੁਹੱਲੇ, ਹਰ ਬਸਤੀ, ਨੁੱਕੜ
ਚੌਰਸਤੇ, ਬਸ ਤੇ ਦਫਤਰ/ ਇਥੋਂ ਤਕ ਕਿ ਕਈ ਘਰਾਂ ਦੀ ਹਨੇਰੀ ਨੁੱਕਰੇ
ਇਹ ਅੱਖਾਂ ਸਦੀਆਂ ਤੋਂ ਖੜੀਆਂ
ਹਰ 'ਕੱਲੀ ਔਰਤ ਦੀਆਂ ਛਾਤੀਆਂ ਵੱਲ
ਸਦੀਆਂ ਤੋਂ ਹੀ ਅੱਖ ਝਪਕੇ ਬਿਨ ਤੱਕ ਰਹੀਆਂ

ਹਰ ਔਰਤ, ਔਰਤ ਬਣਨ ਤੋਂ ਪਹਿਲਾਂ ਹੀ/ ਇਹਨਾਂ ਅੱਖਾਂ ਦੀ ਭਾਸ਼ਾ ਜਾਣਦੀ
ਹਰ ਬੱਚੀ ਦੋਗਲੇ ਸ਼ਬਦਾਂ ਦੇ ਅਰਥ/ ਚੰਗੀ ਤਰ੍ਹਾਂ ਪਛਾਣਦੀ

ਧੁੱਪ ਬਹੁਤ ਹੀ ਤਿੱਖੀ/ ਮੈਂ ਅੰਦਰ ਜਾਂਦੀ ਹਾਂ
ਠੰਡੇ ਪਾਣੀ ਨਾਲ ਵਾਰ-ਵਾਰ ਨਹਾਉਂਦੀ ਹਾਂ
ਛਾਤੀ, ਮੋਢੇ, ਮਨ ਅਤੇ ਪਿੱਠ 'ਤੇ ਚਿੰਬੜੀ
ਇਕ-ਇਕ ਅੱਖ ਲਾਹੁੰਦੀ ਹਾਂ
ਬਾਹਰ ਆ ਕਰਦੀ ਹਾਂ, ਆਪਣੀ ਬੱਚੀ ਨੂੰ ਫੋਨ
"ਬੱਚੇ ਜਲਦੀ ਘਰ ਆ ਜਾਵੀਂ/ ਬਾਹਰ ਧੁੱਪ ਬਹੁਤ ਹੀ ਤਿੱਖੀ ਹੈ।"

[ਗਲੀ ਹਕੀਮਾਂ ਵਾਲੀ, ਮੁਕਤਸਰ]



## ਰਿਮ ਝਿਮ ਪਰਬਤ

### ਵਰਿਆਮ ਸਿੰਘ ਸੰਧੂ

ਤਿੰਨੋਂ ਮੁੰਡੇ ਸੜਕੋਂ ਉੱਤਰ ਕੇ ਕਮਾਦਾਂ ਦੇ ਓਹਲੇ ਵਿਚੋਂ ਲੰਘ ਕੇ ਅੱਗੇ ਹੋਏ ਤਾਂ ਵੇਖਿਆ ਅਰਜਨ ਸਿੰਘ ਗੋਭੀ ਦੀ ਪਨੀਰੀ ਗੋਡ ਰਿਹਾ ਸੀ। ਮਸਾਂ ਪੰਜਾਹ ਗਜ਼ 'ਤੇ ਉਹਨਾਂ ਦੀ ਬੰਬੀ ਚੱਲ ਰਹੀ ਸੀ। ਬੰਬੀ ਦੀ ਕੰਧ ਵਿਚ ਗੱਡੀ ਲੋਹੇ ਦੀ ਨਿੱਕੀ ਜਿਹੀ ਕਿੱਲੀ ਨਾਲ ਉਹਨੇ ਆਪਣੀ ਤਿੰਨ ਫੁੱਟੀ ਕਿਰਪਾਨ ਟੰਗੀ ਹੋਈ ਸੀ। ਮੁੰਡਿਆਂ ਵੱਲ ਉਹਦੀ ਪਿੱਠ ਸੀ।

"ਚੜ੍ਹਾ ਦਾਂ ਗੱਡੀ ਬੁੱਢੇ ਨੂੰ?"

ਉਹਨਾਂ ਦੇ ਆਗੂ 'ਲੈਫਟੀਨੈਂਟ ਜਨਰਲ' ਗੁਰਜੀਤ ਸਿੰਘ ਨੇ ਪਤਾ ਨਹੀਂ ਇਸ਼ਾਰੇ ਨਾਲ ਕੀ ਸਮਝਾਇਆ ਕਿ ਬਿੱਲੂ ਨੇ ਸਟੇਨ ਦੀ ਨਾਲੀ ਹਾਲ ਦੀ ਘੜੀ ਨੀਵੀਂ ਕਰ ਲਈ। ਉਹ ਬੰਬੀ ਦੇ ਚੁਬੱਚੇ ਕੋਲ ਆ ਕੇ ਰੁਕੇ। ਆਗੂ ਮੂੰਹ ਹੱਥ ਧੋਣ ਲੱਗਾ। ਬਿੱਲੂ ਨੇ ਸਟੇਨ ਨਾਲ ਦੇ ਮੁੰਡੇ ਨੂੰ ਫੜਾਈ ਤੇ ਆਪ ਮਨ-ਪਸੰਦ ਗੰਨਾ ਭੰਨਣ ਲਈ ਕਮਾਦ ਵਿਚ ਵੜ ਗਿਆ।

ਕਮਾਦ ਦੇ ਓਹਲੇ ਵਿਚ ਡੁੱਬਣ ਲਈ ਹੇਠਾਂ ਨੂੰ ਜਾਂਦੇ ਸੂਰਜ ਦੀ ਲਾਲੀ ਅਸਮਾਨ 'ਤੇ ਫੈਲੀ ਹੋਈ ਸੀ, ਜਿਸ ਨਾਲ ਚਾਰ-ਚੁਫੇਰੇ ਵਿਛੀਆਂ ਨਿੱਕੀਆਂ-ਨਿੱਕੀਆਂ ਹਰੀਆਂ ਕਣਕਾਂ ਵੀ ਲਿਸ਼ਕ ਉੱਠੀਆਂ ਸਨ।

ਅਰਜਨ ਸਿੰਘ ਆਪਣੀ ਮਸਤੀ ਵਿਚ ਪਨੀਰੀ ਵਿਚੋਂ ਘਾਹ-ਬੂਟ ਪੁੱਟ ਰਿਹਾ ਸੀ। ਉਹਨੂੰ ਮੁੰਡਿਆਂ ਦੇ ਆਉਣ ਦੀ ਕੋਈ ਖ਼ਬਰ-ਸੁਰਤ ਨਹੀਂ ਸੀ। ਕਮਾਦ ਵਿਚੋਂ ਗੰਨਾ ਭੱਜਣ ਦਾ ਖੜਾਕ ਆਇਆ ਤਾਂ ਉਸਨੇ ਚੌਕੰਨਾਂ ਹੋ ਕੇ ਉਧਰ ਵੇਖਿਆ। ਬਿੱਲੂ ਆਗ ਦਾ ਸਿਰਾ ਭੰਨਦਾ ਕਮਾਦ ਵਿਚੋਂ ਬਾਹਰ ਆ ਰਿਹਾ ਸੀ। ਦੂਜੇ ਮੁੰਡੇ ਨੇ ਉਸਨੂੰ ਸਟੇਨ ਫੜਾ ਕੇ ਮੂੰਹ-ਹੱਥ ਧੋਣਾ ਚਾਹਿਆ ਤਾਂ ਗੰਨਾ ਚੂਪਦੇ ਬਿੱਲੂ ਨੇ ਸਿਰ ਹਿਲਾ ਕੇ ਉਸਨੂੰ ਕਿੱਲੀ ਉੱਤੇ ਸਟੇਨ ਟੰਗਣ ਦਾ ਇਸ਼ਾਰਾ ਕੀਤਾ। ਉਸਦੇ ਹੱਥ ਵਿਹਲੇ ਨਹੀਂ ਸਨ।

ਅਰਜਨ ਸਿੰਘ ਨੇ ਆਪਣੀ ਕਿਰਪਾਨ ਉੱਤੇ ਸਟੇਨ ਟੰਗਦਾ ਵੇਖ ਕੇ ਮੁੰਡੇ ਨੂੰ ਲਲਕਾਰਨਾ ਚਾਹਿਆ, "ਨਾ ਉਏ! ਮੇਰੀ ਕਿਰਪਾਨ ਨੂੰ ਆਪਣੀ ਸਟੇਨ ਦੇ ਹੇਠਾਂ ਨਾ ਦੱਬੀਂ।"

ਉਹਦੇ ਲਈ ਤਾਂ ਇਹ ਕਿਰਪਾਨ ਪਵਿੱਤਰ ਯਾਦ ਵਰਗੀ ਸੀ! ਕਿਸੇ ਅਜਾਇਬ ਘਰ ਵਿਚ ਸਾਂਭਣ ਵਾਲੀ ਯਾਦ-ਯੋਗ ਵਸਤ!

ਤੇ ਉਹਨਾਂ ਮੁੰਡਿਆਂ ਨੇ ਇਸਨੂੰ 'ਆਪਣੀ ਸਟੇਨ ਹੇਠਾਂ ਲੈ ਲਿਆ ਸੀ!'

ਪਰ ਉਹ ਮੌਕਾ ਵੇਖ ਕੇ ਚੁੱਪ ਕਰ ਰਿਹਾ। ਉਹਦਾ ਰੰਬਾ ਘਾਹ ਦੀ ਤਿੜ੍ਹ ਨੂੰ ਪੁੱਟਦਾ-ਪੁੱਟਦਾ ਗੋਭੀ ਦੇ ਬੂਟੇ ਦੀਆਂ ਜੜ੍ਹਾਂ ਵਿਚ ਖੁਭ ਗਿਆ। ਕੱਟਿਆ ਬੂਟਾ ਧੌਣ ਸੁੱਟ ਕੇ ਇਕ ਪਾਸੇ ਲੁੜਕ ਗਿਆ। ਉਸਨੇ ਕੱਟੇ ਬੂਟੇ ਨੂੰ ਹੱਥ ਵਿਚ ਫੜ ਕੇ ਪਲੋਸਿਆ। ਇਕ ਪਲ ਲਈ ਉਸਦਾ ਮਨ ਭਿੱਜ ਗਿਆ।

ਫਿਰ ਉਸਨੂੰ ਮੁੰਡਾ ਵੀ ਤੇ ਆਪਣਾ ਆਪ ਵੀ ਮੂਰਖ਼ ਲੱਗੇ। ਦੋਵਾਂ ਦੇ ਹਥਿਆਰ ਇਸ ਵੇਲੇ ਦੋਵਾਂ ਦੇ ਹੱਥਾਂ ਵਿਚ ਨਹੀਂ ਸਨ!

ਉਹਦੀ ਯਾਦਦਾਸ਼ਤ ਹਰੀ ਸਿੰਘ ਨਲੂਏ ਦੀ ਵਾਰ ਵਿਚੋਂ ਕੁਝ ਸਤਰਾਂ ਕੱਢ ਲਿਆਈ:

"ਮੇਰੇ ਹੱਥੀਂ ਖੰਡਾ ਪਰਖਿਆ ਮੇਰੇ ਨਾਲ ਟਿਕਾਉਣਾ"

"ਸ਼ਸਤਰ ਬਾਝੋਂ ਸੂਰਮਾ ਕਿਹੜੇ ਕੰਮ ਆਉਣਾ।"

ਜੇ ਲੋੜ ਵੇਲੇ ਹਥਿਆਰ ਕੋਲ ਨਹੀਂ ਹੋਣਾ ਤਾਂ ਅੱਗੋਂ ਪਿੱਛੋਂ ਐਵੇਂ ਭਾਰ ਚੁੱਕੀ ਫਿਰਨ ਦਾ ਕੀ ਫ਼ਾਇਦਾ!

ਕਿਰਪਾਨ ਉੱਤੇ ਸਟੇਨ ਟੰਗੀ ਵੇਖ ਕੇ ਉਹਦਾ ਦਮ ਘੁਟਣ ਲੱਗਾ।

ਭਾਰ ਹੇਠਾਂ ਦੱਬਿਆ ਗਿਆ ਸੀ ਉਹ!

ਮਸਾਂ ਅੱਠ-ਨੌਂ ਸਾਲ ਦਾ ਬਾਲ। ਕਿਸੇ ਵਿਆਹ ਦੀ ਗੱਲ ਸੀ ਸ਼ਾਇਦ! ਉਹ ਰਾਤ ਨੂੰ ਛੇਤੀ ਬਿਸਤਰਾ

ਮੱਲ ਕੇ ਉੱਤੇ ਰਜਾਈ ਲਈ ਪਿਆ ਸੀ। ਇੱਕ ਮੋਟਾ ਮਦ-ਮਸਤ ਸ਼ਰਾਬੀ ਆਇਆ ਤੇ ਮੰਜਾ ਖਾਲੀ ਸਮਝ ਕੇ ਉਸ ਉੱਤੇ ਢੇਰੀ ਹੋ ਗਿਆ। ਉਹ ਪਹਾੜ ਹੇਠਾਂ ਆ ਗਿਆ ਸੀ। ਸਾਹ ਘੁੱਟਿਆ ਗਿਆ। ਮਰਨ-ਹਾਕਾ। ਉਹਦੀ ਤਾਂ ਚੀਕ ਵੀ ਗਲ਼ੇ ਵਿਚ ਭਰੜਾ ਗਈ। ਸ਼ਾਇਦ ਉਹ ਤਾਂ ਉਦੋਂ ਹੀ 'ਗੱਡੀ ਚੜ੍ਹ ਜਾਂਦਾ ਜੇ ਉਸਦੀ ਮਾਂ ਕਾਹਲੀ ਨਾਲ ਆ ਕੇ ਸ਼ਰਾਬੀ ਨੂੰ ਨਾ ਹਲੂਣਦੀ, "ਹੈ ਹਾਇ! ਸਿੰਘ ਜੀ! ਮੁੰਡਾ ਹੇਠਾਂ ਲੈ ਕੇ ਮਾਰਨਾ ਜੇ!"

ਮਦ-ਮਸਤ ਹੋਈ ਸਟੇਨ ਨੇ ਥੱਲੇ ਲੈ ਕੇ ਉਹਦੀ ਕਿਰਪਾਨ ਦਾ ਸਾਹ ਘੁੱਟ ਛੱਡਿਆ ਸੀ।

ਇਹ ਕਿਰਪਾਨ ਉਹਦੇ ਵਡੇਰਿਆਂ ਤੇ ਉਹਦੀ ਵਿਰਾਸਤ ਦੀ ਯਾਦਗਾਰ ਸੀ। ਉਹਦੇ 'ਜ਼ਿੰਦਾ-ਸ਼ਹੀਦ' ਬਾਪ ਇੰਦਰ ਸਿੰਘ ਦੀ ਨਿਸ਼ਾਨੀ!

ਉਹਦਾ ਬਾਪ ਜਿਸ ਦਿਨ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਜੱਥੇ ਨਾਲ ਗਿਆ ਸੀ, ਉਸ ਦਿਨ ਉਸਨੇ ਇਸਨੂੰ ਉਤਾਰ ਕੇ ਕਿੱਲੀ ਉੱਤੇ ਟੰਗਿਆ ਸੀ। ਅੰਮ੍ਰਿਤ ਛਕੇ ਦੀ ਸਾਖੀ ਭਰਦੀ ਛੋਟੀ ਕਿਰਪਾਨ ਉਸਦੇ ਗਲ ਵਿਚ ਹੈ ਸੀ।

ਕਹਿੰਦਾ ਸੀ, 'ਗੁਰੂ ਅਰਜਨ ਤੇ ਗੁਰੂ ਤੇਗ ਬਹਾਦਰ ਦੇ ਗੁਰਦਵਾਰਿਆਂ ਨੂੰ ਆਜ਼ਾਦ ਕਰਾਉਣ ਜਾਣੈਂ ਮਹੰਤਾਂ ਹੱਥੋਂ। ਦੋਵਾਂ ਗੁਰੂਆਂ ਨੇ ਜਬਰ ਦਾ ਮੁਕਾਬਲਾ ਸਬਰ ਨਾਲ ਕੀਤਾ ਸੀ। ਤੇ ਹੁਣ ਅਸੀਂ ਵੀ ਵੇਖਣੈ ਕਿ ਉਹਨਾਂ ਦੇ ਕਿੰਨੇ ਕੁ ਸੱਚੇ ਸਿੱਖ ਆਂ! ਜਗਤ ਸਿੰਘ ਤੇ ਪ੍ਰੇਮ ਸਿੰਘ ਜਿਉਂਦੇ ਹੁੰਦੇ ਤਾਂ ਪਤਾ ਨਹੀਂ ਕੀ ਸੋਚਦੇ ਤੇ ਕੀ ਆਖਦੇ! ਉਹਨਾਂ ਨੂੰ ਤਾਂ ਸ਼ਾਇਦ ਇੰਝ ਹਥਿਆਰ ਕਿੱਲੀ 'ਤੇ ਟੰਗਣਾ ਬੁਜ਼ਦਿਲੀ ਲੱਗਦੀ! ਪਰ ਨਹੀਂ, ਉਹਨਾਂ ਵੀ ਸ਼ਾਇਦ ਮੇਰੇ ਨਾਲ ਹੀ ਹੋਣਾ ਸੀ, ਜੱਥੇ ਦਾ ਆਗੂ ਬਣ ਕੇ।"

ਗ਼ਦਰ ਪਾਰਟੀ ਦੇ ਸ਼ਹੀਦਾਂ ਜਗਤ ਸਿੰਘ ਤੇ ਪ੍ਰੇਮ ਸਿੰਘ ਦਾ ਪਿੰਡ-ਸਾਥੀ ਤੇ ਲਹਿਰ-ਸਾਥੀ ਰਿਹਾ ਸੀ ਉਹਦਾ ਬਾਪੂ। ਉਹਨਾਂ ਨਾਲ ਲੋਕਾਂ ਨੂੰ ਜੋੜਨ ਤੇ ਗ਼ਦਰ ਦਾ ਪਰਚਾਰ ਕਰਨ ਪਿੰਡ ਪਿੰਡ ਮੀਟਿੰਗਾਂ 'ਤੇ ਜਾਂਦਾ। ਲਾਹੌਰ ਮੀਆਂ-ਮੀਰ ਦੀ ਛਾਉਣੀ ਨੂੰ ਗ਼ਦਰ ਕਰਨ ਲਈ ਜਦੋਂ ਉਹ ਮਾਝੇ ਵਿਚੋਂ ਜੱਥਾ ਲੈ ਕੇ ਗਏ ਸਨ ਤਾਂ ਉਹ ਵੀ ਉਹਨਾਂ ਨਾਲ ਮੁਹਰਲੀਆਂ ਸਫ਼ਾਂ ਵਿਚ ਸੀ। ਗ਼ਦਰ ਫ਼ੇਲ ਹੋ ਗਿਆ ਤੇ ਗ਼ਦਰੀਆਂ ਦੀ ਫੜੋ-ਫੜਾਈ ਸ਼ੁਰੂ ਹੋ ਗਈ। ਉਹ ਵੀ ਫੜਿਆ ਗਿਆ ਸੀ। ਜਗਤ ਸਿੰਘ ਤੇ ਪ੍ਰੇਮ ਸਿੰਘ ਦੋਵੇਂ ਤਾਂ ਵੱਖ ਵੱਖ ਮੁਕੱਦਮਿਆਂ ਵਿਚ ਫ਼ਾਂਸੀ ਲੱਗ ਗਏ ਸਨ ਤੇ ਅੱਧੀ ਦਰਜਨ ਤੋਂ ਵੱਧ ਉਸਦੇ ਗਿਰਾਈਆਂ ਨੂੰ ਉਮਰ ਕੈਦ, ਜਾਇਦਾਦ-ਜ਼ਬਤੀ ਤੇ ਕਾਲੇ-ਪਾਣੀ ਦੀ ਸਜ਼ਾ ਹੋ ਗਈ ਸੀ ਪਰ ਉਹਨੂੰ ਤੇ ਇਕ ਹੋਰ ਸਾਥੀ ਨੂੰ ਸਿਰਫ਼ ਚਾਰ-ਚਾਰ ਸਾਲ ਸਖ਼ਤ ਕੈਦ ਦਾ ਹੀ ਹੁਕਮ ਹੋਇਆ ਸੀ।

ਉਹ ਕੈਦ ਕੱਟ ਕੇ ਆਇਆ ਸੀ ਤਾਂ ਪੰਜਾਬ ਵਿਚ ਲੜਾਈ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਸੀ। ਸ਼੍ਰੋਮਣੀ ਕਮੇਟੀ ਬਣ ਚੁੱਕੀ ਸੀ। ਗੁਰਦਵਾਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਾਉਣ ਦੀ ਲਹਿਰ ਜੋਬਨ 'ਤੇ ਸੀ।

ਉਹ ਤੇ ਉਹਦੇ ਸਾਥੀ ਤਾਂ ਕਦੀ 'ਜੇ ਚਿਤ ਪ੍ਰੇਮ ਖੇਲਣ ਕਾ ਚਾਓ' ਪੜ੍ਹ ਕੇ ਹੀ 'ਪ੍ਰੇਮ ਦੀ ਇਸ ਗਲ਼ੀ ਵਿਚ' ਉੱਤਰੇ ਸਨ। ਜੇ ਉਹਨਾਂ ਦੇ ਗੁਰੂ ਦੀ ਮਰਜ਼ੀ ਇਹ ਸੀ ਕਿ ਡਾਂਗ ਝੱਲ ਕੇ ਅੱਗੋਂ ਮੋੜਵੀਂ ਡਾਂਗ ਮਾਰੋ ਤਾਂ ਉਹਨਾਂ ਉਹ ਕੰਮ ਕੀਤਾ। ਜੇ ਹੁਣ ਗੁਰੂ ਚਾਹੁੰਦਾ ਸੀ ਕਿ ਨਹੀਂ; ਸ਼ਾਂਤ ਰਹਿ ਕੇ ਡਾਂਗਾਂ ਖਾਓ ਤੇ ਆਪਣੇ ਸਬਰ ਤੇ ਸਹਿਣ-ਸ਼ਕਤੀ ਦੀ ਸਿਖ਼ਰ ਸਿਰਜ ਕੇ ਆਪਣੇ ਲੋਕਾਂ ਦੇ ਮਨਾਂ ਵਿਚ ਜ਼ਾਲਮ ਹਕੂਮਤ ਦੇ ਖ਼ਿਲਾਫ਼ ਰੋਹ ਦਾ ਸੂਰਜ ਬਾਲ ਦਿਓ! ਤਾਂ ਉਹ ਸਾਰੇ ਜਣੇ ਇਸ ਲਈ ਵੀ ਤਿਆਰ ਹੋਣੇ ਸਨ।

ਉਸ ਸੂਰਬੀਰ ਤੇ ਦੇਸ਼ਭਗਤ ਪਿਉ ਦੀ ਨਿਸ਼ਾਨੀ ਇਹ ਕਿਰਪਾਨ ਸਾਲਾਂ ਤੋਂ ਉਹਨਾਂ ਦੇ ਸੁਫ਼ੇ ਵਿਚਲੀ ਸਾਹਮਣੀ ਵਿਚਕਾਰਲੀ ਕਿੱਲੀ 'ਤੇ ਟੰਗੀ ਰਹੀ ਸੀ।

ਇਕ ਵਾਰ ਉਸਨੇ ਬਾਪੂ ਦੀ ਹਾਜ਼ਰੀ ਵਿਚ ਕਿਰਪਾਨ ਨੂੰ ਕਿੱਲੀ ਤੋਂ ਲਾਹਿਆ। ਉਸਨੂੰ ਮਿਆਨ ਵਿਚੋਂ ਬਾਹਰ ਕੱਢਣ ਲੱਗਾ ਤਾਂ ਬਾਪੂ ਨੇ ਆਖਿਆ, "ਏਦਾਂ ਨਹੀਂ ਕੱਢੀਦਾ ਕਿਰਪਾਨ ਨੂੰ ਮਿਆਨ ਵਿਚੋਂ।"



"ਕਿੱਦਾਂ ਤੇ ਕਦੋਂ ਕੱਢੀਦੈ ਫਿਰ?"

"ਉਦੋਂ ਜਦੋਂ ਆਪਣਾ ਬਚਾਅ ਜਾਂ ਕਿਸੇ ਦੀਨ-ਦੁਖੀ ਦੀ ਰੱਖਿਆ ਕਰਨੀ ਹੋਵੇ!"

ਉਸਨੇ ਕੱਢੀ ਕਿਰਪਾਨ ਮਿਆਨ ਵਿਚ ਪਾ ਦਿੱਤੀ ਤੇ ਉਸਨੂੰ ਅਡੋਲ ਕਿੱਲੀ ਉੱਤੇ ਟੰਗ ਦਿੱਤਾ। ਆਪ ਸਦਾ ਲਈ ਹੱਥ ਵਿਚ ਹਲ਼ ਦੀ ਜੰਘੀ ਫੜੀ ਰੱਖਣ ਦਾ ਪ੍ਰਣ ਕਰ ਲਿਆ। ਘਰ ਨੂੰ ਇਸਦੀ ਹੀ ਲੋੜ ਸੀ।

ਪਿੱਛੋਂ ਵੀ ਬਾਪੂ ਦੇ ਆਜ਼ਾਦੀ ਲਈ ਕੀਤੇ ਸੰਘਰਸ਼ ਤੇ ਜੇਲ੍ਹ ਯਾਤਰਾਵਾਂ ਨੇ ਉਸਨੂੰ ਘਰ ਦੇ ਦੂਜੇ ਪਾਸੇ ਲੱਗੇ ਮੂੰਹ ਨੂੰ ਸਿੱਧੇ ਪਾਸੇ ਕਰਨ ਦੀ ਸੋਚ ਦੇ ਲੜ ਲਾਈ ਰੱਖਿਆ। ਉਹਨਾਂ ਵੇਲਿਆਂ ਦੀਆਂ ਦਸ ਜਮਾਤਾਂ ਪਾਸ ਸੀ; ਪਰ ਉਹ ਅੰਗਰੇਜ਼ ਸਰਕਾਰ ਦੀ ਨੌਕਰੀ ਕਰੇ! ਇਹ ਗੱਲ ਬਾਪੂ ਨੂੰ ਤਾਂ ਕਿਸੇ ਸੂਰਤ ਵਿਚ ਵੀ ਪਸੰਦ ਨਹੀਂ ਸੀ। ਉਸ ਆਪ ਵੀ ਕਦੀ ਅਜਿਹਾ ਨਹੀਂ ਸੀ ਚਾਹਿਆ, ਸੋਚਿਆ।

"ਤੂੰ ਭਾਵੇਂ ਕੁੱਕੜ, ਕਬੂਤਰ ਤੇ ਚਿੜੀਆਂ-ਜਨੌਰ ਪਾਲ ਤੇ ਭਾਵੇਂ ਘੋੜੀਆਂ ਤੇ ਮੱਝਾਂ-ਗਾਵਾਂ। ਪਰ ਇਸ ਘਰ ਨੂੰ ਪਾਲਣਾ ਵੀ ਤੇਰੀ ਜ਼ਿੰਮੇਵਾਰੀ ਐ। ਮੈਨੂੰ ਤੂੰ ਮੇਰੇ ਦੇਸ਼ ਤੇ ਮੇਰੇ ਲੋਕਾਂ ਲਈ ਵਿਹਲਾ ਕਰ ਛੱਡ!"

ਬਾਪੂ ਦੇ ਇਹ ਬੋਲ ਸਾਰੀ ਉਮਰ ਉਸਦੇ ਅੰਗ-ਸੰਗ ਰਹੇ ਸਨ।

ਉਸਨੂੰ ਉਹ ਛਿਣ ਵੀ ਯਾਦ ਆਏ ਜਦੋਂ ਉਸਨੇ ਏਸੇ ਕਿਰਪਾਨ ਨੂੰ ਕਿੱਲੀ ਤੋਂ ਲਾਹ ਕੇ ਪਹਿਲੀ ਵਾਰ ਮਿਆਨ ਵਿਚੋਂ ਬਾਹਰ ਕੱਢਿਆ ਸੀ।

ਦੇਸ਼-ਵੰਡ ਦੇ ਘੱਲੂਘਾਰੇ ਦੇ ਦਿਨ ਸਨ। ਉਹਦਾ ਬਾਪੂ ਨੇੜੇ-ਤੇੜੇ ਦੇ ਪਿੰਡਾਂ ਵਿਚ ਹਮ-ਖ਼ਿਆਲ ਲੋਕਾਂ ਨੂੰ ਮਿਲ ਕੇ 'ਅਮਨ-ਕਮੇਟੀਆਂ' ਬਣਾ ਰਿਹਾ ਸੀ। ਪਰ ਇਤਿਹਾਸ ਉਸਦੇ ਹੱਥਾਂ 'ਚੋਂ ਖਿਸਕ ਗਿਆ ਸੀ ਤੇ ਅੰਨ੍ਹੇ ਹੋਏ ਫ਼ਿਰਕੂ ਲੋਕਾਂ ਦੀ ਪਕੜ ਵਿਚ ਆ ਗਿਆ ਸੀ। ਉਹ ਨਿਆਈਂ ਵਾਲੇ ਖੇਤਾਂ ਵਿਚ ਪੱਠੇ ਵੱਢਦਾ ਪਿਆ ਸੀ ਕਿ ਉਸਨੇ ਕਿਸੇ ਮੁਟਿਆਰ ਦੀਆਂ ਚੀਕਾਂ ਦੀ ਆਵਾਜ਼ ਸੁਣੀ, 'ਬਹੁੜੀਂ ਵੇ ਵੀਰਾ! ਬਚਾ ਲੈ ਮੈਨੂੰ। ਮੈਂ ਤੁਹਾਡੇ ਪਿੰਡ ਦੀ ਧੀ, ਤੇਰੀ ਭੈਣ ਵੇ। ਮੈਨੂੰ ਮੇਰੇ ਸਹੁਰਿਆਂ ਦੇ ਪਿੰਡੋਂ ਇਹ ਜ਼ਾਲਮ ਲੁੱਟ ਦਾ ਮਾਲ ਸਮਝ ਕੇ ਧੂਹ ਲਿਆਏ ਵੇ। ਮੇਰੇ ਸੋਹਣਿਆਂ ਵੀਰਾ। ਮੈਂ ਤੁਹਾਡੇ ਪਿੰਡ ਦੀ ਧੀ ਵੇ; ਤੁਹਾਡੀ ਭੈਣ!"

ਕਿੱਲੇ ਦੀ ਵਾਟ 'ਤੇ ਦੋ ਜਣੇ ਲਿਸ਼ਕਦੀਆਂ ਨੰਗੀਆਂ ਤਲਵਾਰਾਂ ਦੇ ਪਰਛਾਵੇਂ ਹੇਠਾਂ ਕੁੜੀ ਨੂੰ ਧੂਹੀ ਲਿਜਾ ਰਹੇ ਸਨ। ਸਿਰੋਂ ਨੰਗੀ, ਖਿੱਲਰੇ ਵਾਲ, ਬੰਦਿਆਂ ਹੱਥੋਂ ਛੁੱਟ ਛੁੱਟ ਮਦਦ ਲਈ ਬਾਹਵਾਂ ਉਲਾਰਦੀ। ਮਿਆਂਕਦੀ ਹੋਈ ਬੱਕਰੀ ਕਸਾਈਖਾਨੇ ਵੱਲ ਬਹੁੜੀਆਂ ਪਾਉਂਦੀ ਜਾ ਰਹੀ ਸੀ। ਕੁੜੀ ਦੇ ਬੋਲਾਂ ਨੇ ਉਹਦੇ ਕਲੇਜੇ ਦਾ ਰੁੱਗ ਭਰ ਲਿਆ ਸੀ। ਉਹ ਸਿਰਫ਼ ਉਸਨੂੰ ਹੀ ਨਹੀਂ, ਉਹ ਤਾਂ ਆਪਣੇ ਪੂਰੇ ਪਿੰਡ ਨੂੰ ਆਪਣੀ ਰੱਖਿਆ ਲਈ ਆਵਾਜ਼ਾਂ ਮਾਰ ਰਹੀ ਸੀ। ਪਿੰਡ ਦੀ ਕੋਈ ਧੀ, ਪਿੰਡ ਦੀ ਕੋਈ ਭੈਣ!

ਉਹ ਦਾਤਰੀ ਟੱਕ ਵਿਚ ਛੱਡ ਕੇ ਉਠਿਆ। ਖਾਲੀ ਹੱਥ। ਉਸਦਾ ਸਾਥ ਦੇਣ ਵਾਲਾ ਵੀ ਨੇੜੇ-ਤੇੜੇ ਕੋਈ ਨਹੀਂ ਸੀ। ਕੁਝ ਸੋਚਿਆ ਤੇ ਘੋੜੀ ਦੇ ਨੰਗੇ ਪਿੰਡੇ 'ਤੇ ਪਲਾਕੀ ਮਾਰ ਕੇ ਹਵੇਲੀ ਨੂੰ ਘੋੜੀ ਦੁੜਾ ਲਈ। ਕਿੱਲੀ ਨਾਲੋਂ ਕਿਰਪਾਨ ਲਾਹੀ ਤੇ ਮਿਆਨੋਂ ਕੱਢ ਕੇ ਨੰਗੀ ਤਲਵਾਰ ਲਹਿਰਾਉਂਦਾ, ਘਰ ਦਿਆਂ ਦੇ ਪੁੱਛਦਿਆਂ; ਰੋਕਦਿਆਂ ਤੇ ਲੋਕਾਂ ਦੇ ਵੇਂਹਦਿਆਂ ਪਲਾਂ-ਛਿਣਾਂ ਵਿਚ ਪਿੰਡੋਂ ਬਾਹਰ ਆ ਗਿਆ।

ਕੁੜੀ ਤੇ ਬੰਦੇ ਏਨੇ ਵਿਚ ਨਜ਼ਰੋਂ ਓਹਲੇ ਹੋ ਗਏ ਸਨ।

ਓਸੇ ਕੁੜੀ ਦੇ ਪਿੰਡ ਨੂੰ ਸਵੇਰੇ ਲੁੱਟਣ ਚੜ੍ਹੇ, ਦੋ ਜਣੇ, ਘੋੜੀਆਂ 'ਤੇ ਸਵਾਰ, ਉਹਦੇ ਆਪਣੇ ਪਿੰਡ ਦੇ ਗੱਭਰੂ, ਉਸਨੂੰ ਸਾਹਮਣਿਉਂ ਟੱਕਰੇ।

"ਕਿਧਰ ਚੱਲਿਐਂ ਅਰਜਨ ਸਿਆਂ!" ਉਹਨਾਂ ਪੁੱਛਿਆ ਤਾਂ ਉਹਨੇ ਉਹਨਾਂ ਵੱਲ ਵੇਖ ਕੇ ਨਫ਼ਰਤ ਨਾਲ ਥੁੱਕਿਆ ਤੇ ਇਹ ਕਹਿੰਦਿਆਂ ਘੋੜੀ ਨੂੰ ਅੱਡੀ ਲਾ ਦਿੱਤੀ, "ਮੇਰੀ ਭੈਣ ਨੂੰ ਲੈ ਗੇ' ਨੇ ਉਹ ਕੁੱਤੇ!"

ਉਹਨਾਂ ਵੀ ਮਗਰੇ ਘੋੜੀਆਂ ਭਜਾ ਲਈਆਂ। ਅੱਧੇ ਕੋਹ ਦੀ ਵਾਟ 'ਤੇ ਜਾ ਕੇ ਉਸਨੇ ਉਹਨਾਂ ਬੰਦਿਆਂ ਨੂੰ ਢਾਹ ਲਿਆ। ਬੰਦੇ ਜਾਣੂ ਸਨ। ਗੁਆਂਢੀ ਪਿੰਡ ਦੇ। ਸਿਰ ਉੱਤੇ ਉੱਲਰੀ, ਵਾਰ ਕਰਨ ਨੂੰ ਕਾਹਲੀ ਅਰਜਨ ਦੀ

ਕਿਰਪਾਨ ਵੇਖ ਕੇ ਤਰਲੇ ਲੈਣ ਲੱਗੇ। ਅਰਜਨ ਅੱਗੇ ਹੱਥ ਜੋੜੇ।

ਆਪਣੇ ਬਚਾਅ ਵਾਸਤੇ ਉਹਨਾਂ ਕੁੜੀ ਨੂੰ ਦੋਵਾਂ ਬਾਹਵਾਂ ਤੋਂ ਫੜ ਕੇ ਢਾਲ ਵਜੋਂ ਉਸਦੇ ਅੱਗੇ ਕੀਤਾ।

"ਵੇਖੀਂ! ਜਾਹ ਜਾਂਦੀ ਨਾ ਹੋ ਜਾਏ ਕਿਤੇ, ਅਰਜਨਾ!" ਤਰਲਾ ਗੂੰਜਿਆ।

"ਇਹਦੀਆਂ ਬਾਹਵਾਂ ਛੱਡ ਦਿਓ ਕੁੱਤਿਓ! ਮੇਰੀ ਭੈਣ ਦੀਆਂ।"

ਦੂਜੇ ਦੋਵੇਂ ਗੱਭਰੂ ਵੀ ਸਿਰ 'ਤੇ ਆਣ ਖਲੋਤੇ ਵੇਖ ਕੇ ਉਹਨਾਂ ਕੁੜੀ ਨੂੰ ਧੱਕਾ ਮਾਰ ਕੇ ਜ਼ਮੀਨ 'ਤੇ ਸੁੱਟ ਦਿੱਤਾ ਤੇ ਆਪ ਭੱਜ ਗਏ।

ਅਰਜਨ ਨੇ ਭੱਜੇ ਜਾਂਦੇ ਬੰਦਿਆਂ ਦਾ ਪਿੱਛਾ ਕਰਨਾ ਮੁਨਾਸਬ ਨਹੀਂ ਸੀ ਸਮਝਿਆ। ਉਹ ਤਾਂ ਕੁੜੀ ਨੂੰ ਬਚਾਉਣ ਆਇਆ ਸੀ। ਘੋੜੀ ਤੋਂ ਉੱਤਰ ਕੇ ਉਹ ਡਿੱਗੀ ਹੋਈ ਕੁੜੀ ਨੂੰ ਉਠਾਉਣ ਲੱਗਾ ਤਾਂ ਕੁੜੀ ਨੇ ਭੱਜ ਕੇ ਅਰਜਨ ਨੂੰ ਜੱਫ਼ੀ ਪਾ ਲਈ।

ਸਾਰਿਆਂ ਇਕ-ਦੂਜੇ ਨੂੰ ਪਛਾਣ ਲਿਆ ਸੀ।

"ਜੁਗ ਜੁਗ ਜੀਓ ਵੇ ਮੇਰਿਓ ਛਿੰਦਿਓ ਵੀਰੋ!"

ਉਹ ਤਾਂ ਸੱਚਮੁਚ ਉਹਨਾਂ ਦੇ ਪਿੰਡ ਦੀ ਧੀ, ਉਹਨਾਂ ਦੀ ਭੈਣ ਸੀ! ਜੁੰਮੇਂ ਤੇਲੀ ਦੀ ਧੀ ਤੇ ਅਰਜਨ ਦੇ ਯਾਰ ਫੱਜੇ ਦੀ ਭੈਣ ਫ਼ਾਤਮਾ!

ਵੱਡੀ ਗੱਲ ਤਾਂ ਇਹ ਹੋਈ ਕਿ ਉਹ ਤਿੰਨੇ ਸਵਾਰ ਫ਼ਾਤਮਾ ਨੂੰ ਲੈ ਕੇ ਜਦੋਂ ਜੁੰਮੇਂ ਦੇ ਘਰ ਪੁੱਜੇ ਤਾਂ ਇਕ ਭੀੜ ਜੁੜ ਗਈ ਸੀ ਉਹਨਾਂ ਦਵਾਲੇ ਸ਼ਾਬਾਸ਼ ਦੇਣ ਵਾਲਿਆਂ ਦੀ। ਉਹਦਾ ਬਾਪੂ ਇੰਦਰ ਸਿੰਘ ਵੀ ਵੈਸਾਖੀਆਂ ਦੇ ਸਹਾਰੇ ਲੜਖੜਾਉਂਦਾ ਹੋਇਆ ਭੀੜ ਨੂੰ ਚੀਰਦਾ ਅੱਗੇ ਆਇਆ ਤੇ ਆਪਣੇ ਪੁੱਤ ਤੋਂ ਵੀ ਪਹਿਲਾਂ ਦੂਜੇ ਦੋਵਾਂ ਗੱਭਰੂਆਂ ਨੂੰ ਗਲ ਨਾਲ ਲਾ ਲਿਆ।

"ਸ਼ਾਬਾਸ਼ੇ ਪੁੱਤਰੋ! ਗੁਰੂ ਦੇ ਸੱਚੇ ਸਿੰਘਾਂ ਵਾਲੀ ਕੀਤੀ ਜੇ!"

ਦੋਵੇਂ ਨੌਜਵਾਨ ਆਪਣੀ ਸ਼ਰਮ ਦੇ ਮਾਰੇ ਹੋਏ ਚੋਰ ਅੱਖੀਂ ਇਕ ਦੂਜੇ ਵੱਲ ਵੇਖ ਰਹੇ ਸਨ। ਇਕ ਨੇ ਆਪਣੀ ਜੇਬ ਵਿਚੋਂ ਲੁੱਟੀਆਂ ਹੋਈਆਂ ਟੂੰਮਾਂ ਦੀ ਪੋਟਲੀ ਕੱਢੀ ਤੇ ਹੇਠਾਂ ਫ਼ਾਤਮਾ ਦੇ ਪੈਰਾਂ ਅੱਗੇ ਰੱਖ ਦਿੱਤੀ, " ਲੈ ਭੈਣਾ! ਇਹ ਹੁਣ ਤੇਰੀ। ਸਾਨੂੰ ਮਾਫ਼ ਕਰੀਂ।"

ਦੂਜੇ ਨੇ ਵੀ ਇੰਝ ਹੀ ਕੀਤਾ ਤੇ ਲੁੱਟਿਆ ਹੋਇਆ ਸੋਨੇ ਦਾ ਕੈਂਠਾ ਪੈਰਾਂ ਵਿਚ ਰੱਖਦਿਆਂ ਫ਼ਾਤਮਾ ਦੇ ਪੈਰ ਵੀ ਛੂਹ ਲਏ।

"ਬੀਬੀ! ਤੂੰ ਸਾਡੀ ਵੱਡੀ ਭੈਣ ਏਂ। ਸਾਡੇ ਪਾਪ ਬਖ਼ਸ਼ ਦੇ।"

"ਵੇ ਮੇਰੇ ਵੀਰੋ! ਤੁਸੀਂ ਤਾਂ ਮੇਰੇ ਰੱਬ ਵੇ! ਮੇਰੀਆਂ ਇੱਜ਼ਤਾਂ ਦੇ ਰਾਖੇ! ਮੈਂ ਕੌਣ ਹੁੰਦੀ ਆਂ ਤੁਹਾਡੇ ਪਾਪ ਬਖ਼ਸ਼ਣ ਵਾਲੀ!"

ਅਰਜਨ ਨੇ ਫ਼ਾਤਮਾ ਦੇ ਬਾਕੀ ਪਰਿਵਾਰ ਬਾਰੇ ਪੁੱਛਿਆ। ਪਤਾ ਲੱਗਾ; ਹਮਲਾ ਹੋਣ ਦੀ ਖ਼ਬਰ ਸੁਣ ਕੇ ਸਾਰੇ ਏਧਰ-ਓਧਰ ਲੁਕਣ ਲਈ ਭੱਜੇ ਸਨ। ਤੇ ਫਿਰ ਪਤਾ ਈ ਨਾ ਲੱਗਾ ਕਦੋਂ ਉਹਨੂੰ ਰੋਂਦੀ ਕੁਰਲਾਉਂਦੀ ਨੂੰ ਪਿਛਲੇ ਅੰਦਰ ਲੁਕੀ ਨੂੰ ਜੱਫਾ ਮਾਰ ਕੇ 'ਉਹ' ਬਾਹਰ ਕੱਢ ਲਿਆਏ ਸਨ!

ਤਿੰਨੇ ਗੱਭਰੂ ਵਾਪਸ ਘੋੜੀਆਂ 'ਤੇ ਸਵਾਰ ਹੋ ਕੇ ਨਿਕਲ ਪਏ ਤੇ ਤਿਰਕਾਲਾਂ ਤਕ ਫ਼ਾਤਮਾ ਦਾ ਸਾਰਾ ਪਰਿਵਾਰ ਲੱਭ ਕੇ ਪਿੰਡ ਪਰਤ ਆਏ। ਉਹਦਾ ਸੱਸ-ਸਹੁਰਾ, ਪਤੀ ਤੇ ਛੋਟਾ ਜਿਹਾ ਦਿਉਰ ਤੂੜੀ ਦੇ ਮੂਸਲ ਵਿਚ ਲੁਕੇ ਉਹਨਾਂ ਨੇ ਜਾ ਲੱਭੇ ਸਨ।

ਉਸਦਾ ਬਾਪੂ ਕਈ ਸਾਲ ਇਹ ਕਹਿੰਦਾ ਰਿਹਾ ਸੀ ਕਿ ਇਹ ਅਰਜਨ ਵੱਲੋਂ ਐਨ ਸਮੇਂ ਸਿਰ ਮਿਆਨੋਂ ਕੱਢੀ ਤੇਗ਼ ਦੀ ਹੀ ਕਰਾਮਾਤ ਸੀ ਕਿ ਸਾਰੇ ਪਿੰਡ ਨੂੰ ਆਪਣੀ ਗਵਾਚੀ ਧੀ ਲੱਭ ਪਈ ਸੀ। ਉਹਨਾਂ ਦੇ ਪਿੰਡ ਦੀ ਇੱਜ਼ਤ ਬਚ ਗਈ ਸੀ। ਪਿੰਡ ਦੇ ਹਰ ਘਰ 'ਚੋਂ ਕਿਸੇ ਰੇਜਾ, ਕਿਸੇ ਖੇਸ, ਕਿਸੇ ਦਰੀ-ਚੁਤੈਹੀ ਤੇ ਕਿਸੇ ਬਣਦੇ-ਸਰਦੇ ਚਵਾਨੀ-ਅਠਿਆਨੀ, ਰੁਪਈਆ, ਦੋ ਰੁਪਈਏ ਫ਼ਾਤਮਾ ਦੀ ਝੋਲੀ ਪਾਏ। ਜਿਵੇਂ ਸਾਰਾ ਪਿੰਡ ਧੀ ਦਾ ਦਾਜ ਤਿਆਰ ਕਰ ਰਿਹਾ ਹੋਵੇ!



ਤੇ ਫਿਰ ਜੁੰਮੇ ਤੇ ਉਹਦੇ ਕੁੜਮਾਂ ਦਾ ਸਮਾਨ ਆਪ ਗੱਡੇ 'ਤੇ ਲੱਦ ਕੇ ਪਿੰਡ ਦੇ ਗੱਭਰੂ ਉਹਨਾਂ ਨੂੰ ਹੱਦ ਪਾਰ ਕਰਾ ਕੇ ਆਏ ਸਨ।

ਅਰਜਨ ਦੀ ਜੱਥੇਦਾਰੀ ਵਿਚ ਉਹਨਾਂ ਗੱਭਰੂਆਂ ਨੇ ਮਿਲ ਕੇ ਆਪਣੇ ਪਿੰਡ ਦਾ ਜੱਥਾ ਬਣਾ ਲਿਆ ਸੀ। ਆਪਣੇ ਪਿੰਡ ਦੇ ਮੁਸਲਮਾਨਾਂ ਦੀ ਰਾਖੀ ਲਈ ਹੀ ਨਹੀਂ, ਸਗੋਂ ਨੇੜੇ ਤੇੜੇ ਦੇ ਪਿੰਡਾਂ ਵਿਚ ਵੀ ਉਹ ਫ਼ਸੇ ਹੋਏ ਮੁਸਲਮਾਨ ਟੱਬਰਾਂ ਨੂੰ ਕੱਢ ਕੇ ਹੱਦ ਪਾਰ ਕਰਾ ਕੇ ਆਉਣ ਲੱਗੇ। ਅਮਨ ਕਮੇਟੀਆਂ ਵਿਚ ਉਹ ਬਾਪੂ ਤੇ ਉਹਦੇ ਸਾਥੀਆਂ ਦੀ ਸਰਗਰਮ ਧਿਰ ਹੋ ਨਿੱਬੜੇ ਸਨ।

ਠੰਢ-ਠੰਢੌੜਾ ਹੋਇਆ ਤਾਂ ਅਰਜਨ ਨੇ ਕਿਰਪਾਨ ਮੁੜ ਕਿੱਲੀ 'ਤੇ ਟੰਗ ਦਿੱਤੀ ਤੇ ਫਿਰ ਤੋਂ ਹਲ਼ ਦੀ ਜੰਘੀ ਫੜ ਲਈ। ਉਹ ਸਿਪਾਹੀ ਤੋਂ ਮੁੜ ਕਿਰਤੀ ਬਣ ਗਿਆ।

ਸਿਪਾਹੀ ਅਤੇ ਕਿਰਤੀ ਦੀਆਂ ਡਿਊਟੀਆਂ ਦੋਵਾਂ ਪਿਉ-ਪੁੱਤਾਂ ਨੇ ਸਹਿਵਨ ਹੀ ਸੰਭਾਲ ਲਈਆਂ ਸਨ। ਤੇ ਉਦੋਂ ਤੋਂ ਸੰਭਾਲ ਲਈਆਂ ਸਨ ਜਦੋਂ ਅਜੇ ਅਰਜਨ ਸਿੰਘ ਨੇ ਸੁਰਤ ਹੀ ਸੰਭਾਲੀ ਸੀ। ਬਾਪੂ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਗਿਆ, ਇਕ ਤਰ੍ਹਾਂ ਨਾਲ ਅਪਾਹਜ ਹੋ ਕੇ ਪਰਤਿਆ ਸੀ ਤੇ ਅਰਜਨ ਨੂੰ ਸਕੂਲ ਜਾਣ ਦੇ ਨਾਲ ਨਾਲ ਖੇਤੀ-ਬਾੜੀ ਦਾ ਕੰਮ ਵੀ ਮਾਂ ਨਾਲ ਮਿਲ ਕੇ ਆਪ ਹੀ ਸੰਭਾਲਣਾ ਪੈ ਗਿਆ ਸੀ। ਬਾਪੂ ਦੀ ਪਰਿਵਾਰਕ ਜ਼ਿੰਮੇਵਾਰੀ ਆਪਣੇ ਸਿਰ ਪੈ ਜਾਣ ਦਾ ਉਸਨੂੰ ਅਫ਼ਸੋਸ ਨਹੀਂ ਸੀ। ਜੇ ਬਾਪੂ ਸਰਕਾਰ ਦੇ ਜ਼ੁਲਮ ਦਾ ਭਾਰ ਸਿਰ 'ਤੇ ਚੁੱਕ ਸਕਦਾ ਸੀ ਤਾਂ ਉਹ ਬਾਪੂ ਦੇ ਕਹਿਣ 'ਤੇ ਪਰਿਵਾਰ ਦਾ ਭਾਰ ਸਿਰ 'ਤੇ ਭਲਾ ਕਿਉਂ ਨਹੀਂ ਸੀ ਚੁੱਕ ਸਕਦਾ!

ਉਹਦਾ ਬਾਪੂ ਆਪਣੀਆਂ ਕੁਰਬਾਨੀਆਂ ਨਾਲ ਪਿੰਡ ਤੇ ਇਲਾਕੇ ਦਾ ਮਾਣ ਬਣ ਗਿਆ ਸੀ। ਬਾਪੂ ਕੋਲੋਂ ਸਾਕਿਆਂ ਦੀਆਂ ਗੱਲਾਂ ਸੁਣ ਸੁਣ ਕੇ ਅਰਜਨ ਨੂੰ ਲੱਗਦਾ ਕਿ ਕੁਝ ਨਾ ਕੁਝ ਕੁਰਬਾਨੀ ਕਰਨੀ ਤਾਂ ਉਸ ਦੇ ਹਿੱਸੇ ਵੀ ਆਉਣੀ ਹੀ ਸੀ! ਉਹ ਕਲਪਨਾ ਹੀ ਕਲਪਨਾ ਵਿਚ ਬਾਪੂ ਦੇ ਸਿਰ 'ਤੇ ਪੁਲਿਸ ਅਫ਼ਸਰ ਬੀਟੀ ਵੱਲੋਂ ਵਰ੍ਹਾਈਆਂ ਡਾਂਗਾਂ ਨੂੰ ਹਵਾ ਵਿਚ ਹੀ ਰੋਕ ਲੈਂਦਾ। ਤੇ ਡਾਂਗਾਂ ਦੀ ਛਾਵੇਂ ਬੈਠਾ ਬਾਪੂ ਇੰਦਰ ਸਿੰਘ ਮੋਰਚੇ 'ਤੇ ਜਾ ਡਟਣ ਦਾ ਬਿਰਤਾਂਤ ਸੁਣਾਉਣ ਲੱਗਦਾ:

"ਅਸੀਂ ਚੌਕੜੀ ਮਾਰੀ ਬੈਠੇ ਸ਼ਬਦ ਪੜ੍ਹ ਰਹੇ ਸਾਂ; ਹੱਥ ਜੋੜੀ, 'ਜੋ ਲਰੈ ਦੀਨ ਕੇ ਹੇਤ; ਸੂਰਾ ਸੋਈ, ਸੂਰਾ ਸੋਈ।' ਮੈਂ ਅਗਲੀ ਕਤਾਰ ਵਿਚ ਬੈਠਾ ਸਾਂ। ਪੁਲਿਸ ਹਥਿਆਰ ਤੇ ਸੰਮਾਂ ਵਾਲੀਆਂ ਡਾਂਗਾਂ ਲੈ ਕੇ ਕੁਝ ਕਦਮਾਂ ਦੀ ਵਿੱਥ 'ਤੇ ਸੀ। ਬੀਟੀ ਤੇ ਹੋਰ ਗੋਰੇ ਅਫ਼ਸਰ ਵੀ ਨਾਲ ਸਨ। ਸ਼ਬਦ ਦੀ ਆਵਾਜ਼ ਉੱਚੀ ਹੁੰਦੀ ਤਾਂ ਉਹ ਕਚੀਚੀਆਂ ਵੱਟਦੇ। ਖਿਝ ਕੇ ਇਕ ਜਣੇ ਨੇ ਮੇਰੇ ਗਲੇ ਦੀ ਹੱਡੀ 'ਤੇ ਡਾਂਗ ਦਾ ਸੰਮ ਖੁਭੋਇਆ। ਮੈਂ ਪਿੱਛੇ ਨੂੰ ਡਿੱਗਿਆ। ਫਿਰ ਉੱਠਿਆ। ਉੱਚੀ ਆਵਾਜ਼ ਵਿਚ ਸ਼ਬਦ ਦੀ ਸੁਰ ਨਾਲ ਸੁਰ ਮਿਲਾਈ, "ਸੂਰਾ ਸੋਈ, ਸੂਰਾ ਸੋਈ!" ਤਾਂ ਉਸਨੇ ਹੋਰ ਵੀ ਜ਼ੋਰ ਨਾਲ ਡਾਂਗ ਮਾਰੀ। ਮੇਰੇ ਹੱਸ ਦਾ ਕੜਾਕਾ ਪਿਆ। ਪੀੜ ਨਾਲ ਮੇਰਾ ਆਪਾ ਸੂਤਿਆ ਗਿਆ। ਮੈਂ ਸੰਭਲ ਕੇ ਜੈਕਾਰਾ ਛੱਡਿਆ, "ਬੋਲੇ ਸੋ ਨਿਹਾਲ!" ਜਵਾਬ ਵਿਚ ਜਿਵੇਂ ਹਜ਼ਾਰਾਂ ਆਵਾਜ਼ਾਂ ਗੂੰਜੀਆਂ, "ਸਤਿ ਸ੍ਰੀ ਅਕਾਲ।" ਪੁਲਿਸ ਅਫ਼ਸਰ ਬੀਟੀ ਨੇ ਗੁੱਸੇ ਤੇ ਨਫ਼ਰਤ ਵਿਚ ਉੱਬਲਦਿਆਂ ਮੇਰੇ ਕਲੇਜੇ ਵਿਚ ਜ਼ੋਰ ਦਾ ਠੁੱਡ ਮਾਰਿਆ। ਮੈਂ ਪੀੜ ਨਾਲ 'ਕੱਠਾ ਹੋ ਗਿਆ। ਫਿਰ ਕੀ ਸੀ! ਪੁਲਿਸ ਵੱਲੋਂ ਦੇ ਡਾਂਗ 'ਤੇ ਡਾਂਗ। ਬੀਟੀ ਆਪ ਹਲ਼ਕਾ ਹੋਇਆ ਪਿਆ ਸੀ। ਉਸਨੇ ਮੇਰੇ 'ਤੇ ਵਰ੍ਹਾਈਆਂ ਸਭ ਤੋਂ ਪਹਿਲੀਆਂ ਡਾਂਗਾਂ। ਤੇ ਫਿਰ ਡਿੱਗੇ ਪਏ ਦੇ ਮੇਰੇ ਗਲੇ 'ਤੇ ਬੂਟ ਰੱਖ ਕੇ ਮੇਰੇ ਗਲ਼ ਨੂੰ ਏਦਾਂ ਮਿੱਧਿਆ ਜਿਵੇਂ ਕੋਈ ਕਿਸੇ ਕੀੜੇ ਨੂੰ ਮਸਲਦਾ ਹੈ। ਪਹਿਲਾਂ ਟੁੱਟ ਚੁੱਕਾ ਮੇਰਾ ਹੱਸ ਹੋਰ ਤਿੜਕ ਗਿਆ। ਪਰ ਅਸੀਂ ਤਾਂ ਗੁਰੂ ਦੇ ਸਿੰਘ ਸਾਂ। ਕੋਈ ਕੀੜੇ-ਕਾਢੇ ਨਹੀਂ ਸਾਂ, ਜਿਹੜੇ ਉਸਦੇ ਮਾਰਿਆਂ ਮਰ ਜਾਂਦੇ।"

ਗੱਲਾਂ ਸੁਣਾਉਂਦਿਆਂ ਬਾਪੂ ਦੇ ਚਿਹਰੇ 'ਤੇ ਅਜੀਬ ਤੇਜ ਹੁੰਦਾ ਸੀ। ਉਹ ਆਪਣੇ ਗਲ਼ੇ ਦੀ ਟੁੱਟੀ ਤੇ ਵਿੰਗੀ ਹੋਈ ਹੱਡੀ ਹੱਥ ਨਾਲ ਵਿਖਾਉਂਦਾ, "ਆਹ ਮੇਰਾ ਹੱਸ ਉਦੋਂ ਦਾ ਈ ਵਿੰਗਾ ਹੋਇਐ। ਉਹਨਾਂ ਮੇਰੀ ਗਲੇ ਦੀ ਹੱਡੀ ਤਾਂ ਵਿੰਗੀ ਕਰ ਦਿੱਤੀ, ਮੇਰੀ ਰੀੜ੍ਹ ਦੀ ਹੱਡੀ ਦੇ ਮਣਕੇ ਤਾਂ ਤੋੜ ਦਿੱਤੇ ਪਰ ਉਹ ਮੇਰੀ ਧੌਣ ਵਿੰਗੀ ਨਾ

ਕਰ ਸਕੇ ਤੇ ਨਾ ਹੀ ਮੇਰਾ ਹੌਸਲਾ ਤੋੜ ਸਕੇ।"

ਇਹ ਧੌਣ ਬਾਪੂ ਨੇ ਸੱਚਮੁਚ ਸਾਰੀ ਉਮਰ ਨੀਵੀਂ ਨਹੀਂ ਸੀ ਹੋਣ ਦਿੱਤੀ। ਰੀੜ੍ਹ ਦੀ ਹੱਡੀ 'ਤੇ ਲੱਗੀ ਸੱਟ ਨੇ ਉਹਨੂੰ ਸਰੀਰਕ ਤੌਰ 'ਤੇ ਅਪਾਹਜ ਬਣਾ ਦਿੱਤਾ ਸੀ। ਉਹ ਸਾਰੀ ਉਮਰ ਵੈਸਾਖੀਆਂ ਨਾਲ ਲੰਗੜਾ ਕੇ ਤੁਰਨ ਜੋਗਾ ਰਹਿ ਗਿਆ ਸੀ। ਪਰ ਜਦੋਂ ਵੇਲੇ ਦੇ ਮੁਖ-ਮੰਤਰੀ ਪਰਤਾਪ ਸਿੰਘ ਕੈਰੋਂ ਨੇ ਪਿੰਡ ਦੇ ਕਿਸੇ ਸਮਾਗਮ 'ਤੇ ਬਾਪੂ ਦੇ ਗੋਡਿਆਂ ਨੂੰ ਹੱਥ ਲਾ ਕੇ ਕਿਹਾ ਸੀ, "ਬਾਬਾ ਜੀ! ਮੇਰੇ ਅਫ਼ਸਰ ਆਉਣਗੇ ਤੁਹਾਡੇ ਕੋਲ। ਇਹ ਆਪੇ ਈ ਇਕ ਫ਼ਾਰਮ 'ਤੇ ਦਸਤਖ਼ਤ ਕਰਵਾ ਕੇ ਲੈ ਜਾਣਗੇ ਤੁਹਾਡੇ ਕੋਲੋਂ। ਸਾਡੀ ਸਰਕਾਰ ਨੇ ਦੇਸ਼ ਭਗਤਾਂ ਦੀਆਂ ਪੈਨਸ਼ਨਾਂ ਲਾਉਣ ਦਾ ਫ਼ੈਸਲਾ ਕੀਤੈ। ਤੁਸੀਂ ਸਾਡੇ ਏਡੇ ਵੱਡੇ ਦੇਸ਼-ਭਗਤ ਓ," ਤਾਂ ਬਾਪੂ ਨੇ ਕਿਹਾ ਸੀ, "ਪਰਤਾਪ ਸਿਆਂ! ਮੈਂ ਬੜਾ ਖ਼ੁਸ਼ ਆਂ ਕਿ ਤੁਸੀਂ ਏਨੇ ਅਮੀਰ ਹੋ ਗਏ ਓ ਕਿ ਸਾਨੂੰ ਹੀ ਖ਼ਰੀਦ ਸਕੋ। ਪਰ ਮੇਰੀ ਇਕ ਗੱਲ ਕੰਨ ਖੋਲ੍ਹ ਕੇ ਸੁਣ ਲੈ! ਮੇਰੀ ਪੈਨਸ਼ਨ ਦੀ ਗੱਲ ਉਦੋਂ ਕਰੀਂ ਜਦੋਂ ਮੇਰੇ ਦੇਸ਼ ਦੇ ਸਾਰੇ ਬਜ਼ੁਰਗਾਂ ਦੀਆਂ ਤੂੰ ਪੈਨਸ਼ਨਾਂ ਲਾ ਦੇਵੇਂਗਾ!"

-ਅੱਜ ਇਹ ਮੁੰਡੇ ਅਰਜਨ ਸਿੰਘ ਦੇ ਬਾਪੂ ਦੇ ਓਸ ਇਤਿਹਾਸ ਨੂੰ ਵੰਗਾਰਨ ਆਏ ਸਨ। ਉਹਦੀ ਕਿਰਪਾਨ ਦੀ ਲਿਸ਼ਕ ਨੂੰ ਮੈਲਾ ਕਰਨ ਆਏ ਸਨ!

ਉਹ ਹੱਥਲਾ ਕੰਮ ਛੱਡ ਕੇ ਉਹਨਾਂ ਵੱਲ ਟਿਕਟਿਕੀ ਲਾ ਕੇ ਵੇਖਣ ਲੱਗਾ। ਹੁਣ ਦੂਜੇ ਦੋਵੇਂ ਮੁੰਡੇ ਵੀ ਕਮਾਦ ਵਿਚੋਂ ਗੰਨੇ ਭੰਨ ਕੇ ਖਾਲ਼ ਦੀ ਵੱਟ 'ਤੇ ਬਹਿ ਕੇ ਚੂਪਣ ਲੱਗੇ।

ਉਹਦੇ ਅੰਦਰਲੇ ਨੇ ਜੋਸ਼ ਮਾਰਿਆ। ਉਹ ਸ਼ਾਇਦ ਉਹਦੇ ਕਮਾਦ 'ਚੋਂ ਗੰਨੇ ਭੰਨ ਕੇ ਉਸਨੂੰ ਨੇੜੇ ਆਉਣ ਲਈ ਹੀ ਵੰਗਾਰ ਰਹੇ ਸਨ। ਉਹਨੇ ਰੰਬਾ ਪਾਸੇ ਰੱਖਿਆ। ਉੱਠਣ ਦੀ ਸੋਚੀ। ਉਂਝ ਵੀ ਸੂਰਜ ਡੁੱਬਣ ਵਿਚ ਮਸਾਂ ਹੱਥ ਭਰ ਦੀ ਹੀ ਵਿੱਥ ਸੀ। ਬੋਤੀ 'ਤੇ ਛਟਾਲੇ ਦੀ ਚਿੱਲੀ ਲੱਦਦਿਆਂ ਵੇਖ ਕੇ ਉਸਨੇ ਆਪ ਹੀ ਆਪਣੇ ਛੋਟੇ ਪੁੱਤ ਹਰਜੀਤ ਤੇ ਵਰ੍ਹਿਆਂ ਤੋਂ ਨਾਲ ਤੁਰੇ ਆਉਂਦੇ ਕਾਮੇਂ ਫੁੰਮਣ ਨੂੰ ਕਿਹਾ ਸੀ, "ਤੁਸੀਂ ਜਾਓ, ਪੱਠਾ-ਦੱਥਾ ਪਾਓ ਪਸ਼ੂਆਂ ਨੂੰ। ਮੈਂ ਨਾਲੇ ਪਨੀਰੀ ਦੀ ਗੋਡੀ ਦਾ ਕੰਮ ਬੰਨੇਂ ਲਾ ਆਵਾਂ; ਨਾਲੇ ਓਨੇ ਚਿਰ ਤਕ ਬੱਤੀ ਜਾਣ ਦਾ ਟੈਮ ਵੀ ਹੋ ਜਾਣੈਂ। ਪਾਣੀ ਲੱਗੀ ਕਣਕ ਦਾ ਕਿੱਲਾ ਵੀ ਉਦੋਂ ਤਕ ਸਿੰਜਿਆ ਜਾਊ। ਆਉਂਦਾ ਹੋਇਆ ਮੋਟਰ ਵਾਲੇ ਕਮਰੇ ਨੂੰ ਵੀ ਤਾਲਾ ਲਾਉਂਦਾ ਆਊਂ।"

ਦੁਨਿਆਵੀ ਸਿਆਣਪ ਨੇ ਉਸਨੂੰ ਮੁੰਡਿਆਂ ਵੱਲ ਜਾਣੋਂ ਰੋਕਿਆ, "ਦੋ ਮਿੰਟ ਰੁਕ ਜਾਹ! ਕੀ ਪਤਾ ਹੁਣੇ ਚਲੇ ਜਾਣ।"

ਪਿਛਲੇ ਸਮੇਂ ਤੋਂ ਦੋਵਾਂ ਧਿਰਾਂ ਵਿਚ ਚੰਗੇ ਸੰਬੰਧ ਨਹੀਂ ਸਨ। ਉਹ ਉਸਨੂੰ ਮਾਰਨ ਵੀ ਆਏ ਹੋ ਸਕਦੇ ਨੇ! ਸਗੋਂ ਆਏ ਈ ਏਸੇ ਕਰਕੇ ਨੇ। ਇਹਨਾਂ ਦੀ ਤਾਂ ਉਹ ਕਈ ਚਿਰ ਤੋਂ 'ਹਿੱਟ ਲਿਸਟ' 'ਤੇ ਸੀ। ਹੋਣਾ ਵੀ ਚਾਹੀਦਾ ਸੀ!

ਉਹ ਵੀ ਇਹਨਾਂ ਦੀ ਉਡੀਕ ਵਿਚ ਹੀ ਤਾਂ ਏਨੇ ਸਮੇਂ ਤੋਂ ਕਿਰਪਾਨ ਚੁੱਕੀ ਫਿਰਦਾ ਸੀ। ਉਹਦੇ ਆਪਣੇ ਪੁੱਤ ਤਾਂ ਸਦਾ ਉਹਨੂੰ ਹਨੇਰੇ-ਸਵੇਰੇ ਬਾਹਰ ਨਿਕਲਣੋਂ ਮਨ੍ਹਾ ਕਰਦੇ ਰਹਿੰਦੇ ਸਨ ਪਰ ਉਹ ਉਹਨਾਂ ਦੀ ਸੁਣਦਾ ਕਦੋਂ ਸੀ! ਅੱਜ ਵੀ ਅਜੇ ਹਰਜੀਤ ਨੇ ਆਖਿਆ ਹੀ ਸੀ, "ਬਾਪੂ ਜੀ! ਚੱਲੋ ਚੱਲੀਏ ਪਿੰਡ ਨੂੰ। ਫੁੰਮਣ ਆਪੇ ਮੋਟਰ ਬੰਦ ਕਰ ਆਊਦੈ।" ਤਾਂ ਉਹਨੇ ਉਹਨਾਂ ਨੂੰ ਕਹਿ ਦਿੱਤਾ ਸੀ ਕਿ ਉਹ ਚਲੇ ਜਾਣ। ਉਹ ਆਪ ਪਿੱਛੋਂ ਆ ਜਾਵੇਗਾ।

ਉਹਨਾਂ ਦਾ ਵੈਰ ਵੀ ਤਾਂ ਵੰਗਾਰਵਾਂ ਬਣ ਗਿਆ ਹੋਇਆ ਸੀ। ਉਸਨੇ ਇਸ ਵੈਰ ਦੇ ਪਿਛੋਕੜ 'ਤੇ ਤਰਦੀ ਜਿਹੀ ਝਾਤ ਮਾਰੀ।

ਅਰਜਨ ਸਿੰਘ ਦਾ ਵੱਡਾ ਮੁੰਡਾ ਜਗਜੀਤ ਸਿਹਤ ਵਿਭਾਗ ਦਾ ਕਰਮਚਾਰੀ ਸੀ ਤੇ ਪੈਰਾ-ਮੈਡੀਕਲ ਕਾਮਿਆਂ ਦੀ ਯੂਨੀਅਨ ਦਾ ਸਟੇਟ ਕਮੇਟੀ ਦਾ ਸਕੱਤਰ ਵੀ। ਮੁਲਾਜ਼ਮ ਘੋਲਾਂ ਵਿਚ ਕਈ ਸਾਲਾਂ ਤੋਂ ਸਰਗਰਮ।



ਪਹਿਲਾਂ ਤਾਂ ਬਾਬੇ ਕਰਕੇ ਉਹਨਾਂ ਦਾ ਘਰ 'ਗ਼ਦਰੀਆਂ' ਜਾਂ 'ਜੱਥੇਦਾਰਾਂ' ਦਾ ਘਰ ਵੀ ਵੱਜਦਾ ਸੀ। ਬਾਪੂ ਕਿਰਤੀ ਪਾਰਟੀ ਨਾਲ ਵੀ ਜੁੜਿਆ ਰਿਹਾ ਸੀ ਤੇ ਆਖ਼ਰ ਵਿਚ 'ਕਾਮਰੇਡ' ਵੀ ਵੱਜਣ ਲੱਗ ਪਿਆ ਸੀ। ਕਦੀ ਕੋਈ ਉਹਨੂੰ 'ਜੱਥੇਦਾਰ ਜੀ' ਤੇ ਕਦੇ ਕੋਈ 'ਕਾਮਰੇਡ ਜੀ' ਆਖ ਕੇ ਵੀ ਸੰਬੋਧਨ ਕਰ ਲੈਂਦਾ। ਉਹ 'ਅੰਮ੍ਰਿਤਧਾਰੀ ਕਾਮਰੇਡ!' ਸੀ! ਪਰ ਬਾਪੂ ਦੇ ਚਲਾਣੇ ਤੋਂ ਬਾਅਦ ਤੇ ਜਗਜੀਤ ਦੀ ਚੜ੍ਹਤ ਪਿੱਛੋਂ ਉਹਨਾਂ ਦਾ ਟੱਬਰ 'ਕਾਮਰੇਡਾਂ ਦਾ ਟੱਬਰ' ਵੱਜਣ ਲੱਗ ਪਿਆ। ਉਂਝ ਅਰਜਨ ਸਿੰਘ ਨੂੰ ਵੀ ਲੋਕੀਂ ਅਜੇ ਵੀ ਕਦੀ 'ਕਾਮਰੇਡ' ਤੇ ਕਦੇ 'ਜੱਥੇਦਾਰ' ਕਹਿ ਕੇ ਬੁਲਾ ਲੈਂਦੇ। ਉਹ ਦੋਵਾਂ ਤਰ੍ਹਾਂ ਨਾਲ ਬੁਲਾਏ ਜਾਣ 'ਤੇ ਖ਼ੁਸ਼ ਸੀ। ਜੇ ਉਸਦੇ ਬਾਪੂ ਨੂੰ ਅਜਿਹਾ ਅਖਵਾਉਣ 'ਤੇ ਉਜਰ ਨਹੀਂ ਸੀ ਤਾਂ ਉਸਨੂੰ ਕਿਉਂ ਹੁੰਦਾ! ਕਾਮਰੇਡ ਵੀ ਉਹਨੂੰ ਓਨੇ ਹੀ ਆਪਣੇ ਤੇ ਪਿਆਰੇ ਸਨ। ਜਗਜੀਤ ਕਰ ਕੇ ਹੋਰ ਵੀ 'ਆਪਣੇ ਪੁੱਤਾਂ' ਵਰਗੇ ਲੱਗਦੇ।

ਪਰ ਇਹਨੀਂ ਦਿਨੀਂ 'ਕਾਮਰੇਡਾਂ' ਤੇ 'ਨਵੇਂ ਜੱਥੇਦਾਰ ਬਣੇ' ਮੁੰਡਿਆਂ ਦੀ ਆਪਸੀ ਦੁਸ਼ਮਣੀ ਤਾਂ ਜੱਗ-ਜ਼ਾਹਰ ਸੀ। ਅਰਜਨ ਸਿੰਘ ਇਹਨੀਂ ਦਿਨੀਂ ਪੂਰੇ ਦਾ ਪੂਰਾ ਕਿਸੇ ਧਿਰ ਨਾਲ ਵੀ ਨਹੀਂ ਸੀ ਰਹਿ ਗਿਆ। ਨਾ ਕਾਮਰੇਡਾਂ ਨਾਲ ਨਾ ਨਵੇਂ ਬਣੇ 'ਜੱਥੇਦਾਰਾਂ ਜਰਨੈਲਾਂ' ਨਾਲ। ਅਰਜਨ ਸਿੰਘ ਦਾ ਛੋਟਾ ਪੁੱਤ ਹਰਜੀਤ ਸਿੰਘ ਪਿੰਡ ਦੇ ਹਾਈ ਸਕੂਲ ਵਿਚ ਹੀ ਮਾਸਟਰ ਸੀ। ਉਹ ਪਿਤਾ ਨਾਲ ਰਲ ਕੇ ਨਾਲ ਨਾਲ ਖੇਤੀ ਦਾ ਕੰਮ ਵੀ ਵੇਖੀ ਜਾਂਦਾ। ਖ਼ਿਆਲਾਂ ਪੱਖੋਂ ਆਪਣੇ ਬਾਪ ਅਰਜਨ ਸਿੰਘ ਵਾਂਗ ਹੀ ਸੀ ਉਹ। ਦੋਵਾਂ ਧਿਰਾਂ ਦੇ ਵਿਚ ਵਿਚਾਲੇ। ਨਾ ਮੁੰਡਿਆਂ ਵੱਲ ਨਾ ਨਿਰ੍ਹਾ ਕਾਮਰੇਡਾਂ ਵੱਲ। ਸਰਕਾਰ ਤੇ ਕਾਮਰੇਡਾਂ ਦਾ ਮੁੰਡਿਆਂ ਬਾਰੇ ਅੱਜ-ਕੱਲ੍ਹ ਇਕੋ ਜਿਹਾ ਪੈਂਤੜਾ ਹੀ ਸੀ।

ਪਰ ਅਸਲ ਵਿਚ ਗੱਲ ਤਾਂ ਵਿਗੜੀ ਸੀ ਗ਼ਦਰੀ ਸ਼ਹੀਦਾਂ ਦੀ ਬਣਾਈ ਯਾਦਗਾਰ 'ਤੇ ਕਬਜ਼ੇ ਦੀ ਲੜਾਈ ਪਿੱਛੋਂ।

ਯਾਦਗਾਰ ਦੀ ਨੀਂਹ ਤਾਂ ਅਰਜਨ ਸਿੰਘ ਦੇ ਬਾਪੂ ਨੇ ਢਾਈ ਦਹਾਕੇ ਪਹਿਲਾਂ ਆਪਣੇ ਯੁੱਧ-ਸਾਥੀ ਤੇ ਆਗੂ ਬਾਬਾ ਸੋਹਨ ਸਿੰਘ ਭਕਨਾ ਤੋਂ ਰਖਵਾਈ ਸੀ। ਬਾਬੇ ਭਕਨੇ ਨੇ ਹੀ ਇਕ ਵਾਰ ਪਿੰਡ ਵਿਚ ਹੋਏ ਜਲਸੇ ਵਿਚ ਸਟੇਜ ਤੋਂ ਉਹਨਾਂ ਦੇ ਬਾਪੂ ਨੂੰ ਉਲ੍ਹਮਾਂ ਦਿੱਤਾ ਸੀ, "ਇੰਦਰ ਸਿਆਂ! ਤੇਰੇ ਆਪਣੇ ਗ਼ਦਰੀ ਭਰਾਵਾਂ ਦੀ ਕੁਰਬਾਨੀ ਤੇਰੇ ਪਿੰਡ ਦੇ ਪੁੱਤਾਂ-ਪੋਤਰਿਆਂ ਨੂੰ ਵੀ ਚੇਤੇ ਰਹਿ ਜਾਏ, ਉਹਨਾਂ ਦੀ ਕੋਈ ਯਾਦ ਹੀ ਬਣਵਾ ਛੱਡ ਪਿੰਡ ਆਪਣੇ ਵਿਚ। ਉਹਨਾਂ ਨੂੰ ਭੁਲਾਉਣ ਵਾਲਿਆਂ ਤਾਂ ਕੋਈ ਕਸਰ ਨਹੀਂ ਛੱਡੀ ਪਹਿਲਾਂ ਈ।"

ਬਾਪੂ ਨੂੰ ਲੱਗਾ ਸੀ, ਬਾਬੇ ਭਕਨੇ ਦੀ ਗੱਲ ਕਿੰਨੀ ਠੀਕ ਸੀ! ਬਾਬਾ ਭਕਨਾ ਦੇਸ਼ ਭਗਤਾਂ ਵੱਲ ਹੁਣ ਦੀ ਸਰਕਾਰ ਦੇ ਰਵੱਈਏ ਨੂੰ ਕੋਸ ਰਿਹਾ ਸੀ।

ਅਰਜਨ ਸਿੰਘ ਨੂੰ ਅੰਗਰੇਜ਼ੀ ਰਾਜ ਦੇ ਸਮੇਂ ਦੀ ਗੱਲ ਯਾਦ ਸੀ। ਅਰਜਨ ਅੱਠਵੀਂ ਜਮਾਤ ਦਾ ਵਿਦਿਆਰਥੀ ਸੀ। ਇਕ ਦਿਨ ਉਸਨੇ ਘਰ ਆ ਕੇ ਦੱਸਿਆ ਕਿ ਅੰਗਰੇਜ਼ ਸਰਕਾਰ ਨੇ ਉਹਨਾਂ ਦੇ ਸਕੂਲ ਦੇ ਮੱਥੇ 'ਤੇ ਇਕ ਵੱਡੀ ਸਾਰੀ ਸੰਗਮਰਮਰ ਦੀ ਸਿਲ ਲਾਈ ਸੀ। ਇਸ ਮਕਸਦ ਲਈ ਪਿੰਡ ਦੇ ਕੁਝ ਸਰਕਾਰ ਹਮਾਇਤੀ ਬੰਦੇ ਤੇ ਫੌਜੀਆਂ ਦੇ ਕੁਝ ਪਰਿਵਾਰ ਸੱਦ ਕੇ ਸਮਾਗਮ ਵੀ ਕੀਤਾ ਗਿਆ ਸੀ। ਬਾਪੂ ਇੰਦਰ ਸਿੰਘ ਨੂੰ ਵੀ ਇਸ ਸਮਾਗਮ ਦਾ ਪਤਾ ਸੀ। ਪਰ ਉਸਨੂੰ ਨਾ ਕਿਸੇ ਸੱਦਣਾ ਸੀ ਤੇ ਨਾ ਉਹ ਗਿਆ। ਪਿੱਛੋਂ ਇਕ ਦਿਨ ਜਾ ਕੇ ਉਹ ਸਿਲ ਪੜ੍ਹ ਆਇਆ। ਚਿੱਟੀ ਸਿਲ 'ਤੇ ਕਾਲੇ ਅੱਖਰਾਂ ਵਿਚ ਅੰਗਰੇਜ਼ੀ ਜ਼ਬਾਨ ਵਿਚ ਖੁਦਿਆ ਹੋਇਆ ਸੀ ਕਿ ਇਸ ਪਿੰਡ ਵਿਚੋਂ ਪਹਿਲੀ ਵੱਡੀ ਜੰਗ ਵਿਚ ਭਾਗ ਲੈਣ ਲਈ 121 ਬੰਦੇ ਸ਼ਾਮਲ ਹੋਏ; ਜਿਨ੍ਹਾਂ ਵਿਚੋਂ ਇਕ ਦੀ ਜਾਨ ਵੀ ਚਲੀ ਗਈ ਸੀ।

ਜੰਗ ਵਿਚ ਸ਼ਾਮਲ ਹੋਏ ਬੰਦਿਆਂ ਦੇ ਪਰਿਵਾਰਾਂ ਨੂੰ ਬੁਲਾਇਆ ਗਿਆ ਸੀ ਉਸ ਸਮਾਗਮ 'ਤੇ ਅਤੇ ਮਾਰੇ ਗਏ ਜਵਾਨ ਦੇ ਪਰਿਵਾਰ ਨੂੰ ਪੰਜਾਹ ਰੁਪਏ ਦਾ ਇਨਾਮ ਤੇ ਸਰਟੀਫ਼ਿਕੇਟ ਵੀ ਦਿੱਤਾ ਗਿਆ ਸੀ ਅੰਗਰੇਜ਼ ਅਫ਼ਸਰ ਵੱਲੋਂ।

ਅੰਗਰੇਜ਼ ਆਪਣੇ ਲਈ ਲੜਨ ਵਾਲਿਆਂ ਦੀ 'ਕਦਰ' ਪਾ ਰਿਹਾ ਸੀ। ਉਹਨਾਂ ਲਈ ਵਫ਼ਾਦਾਰ ਰਹਿਣ ਤੇ ਲੜਨ ਮਰਨ ਵਾਲਿਆਂ ਦੀ ਯਾਦਗਾਰੀ ਸਿਲ਼ ਲਾ ਕੇ ਨਵੀਂ ਪੀੜ੍ਹੀ ਦੇ ਮਨਾਂ ਵਿਚ ਆਪਣੀ ਵਫ਼ਾਦਾਰੀ ਬਣਾਈ

ਰੱਖਣ ਦੀ ਨੀਂਹ ਪੱਕੀ ਕਰ ਰਿਹਾ ਸੀ, ਪਰ ਦੂਜੇ ਪਾਸੇ ਦੇਸ਼ ਲਈ ਲੜਨ ਵਾਲਿਆਂ ਸੂਰਬੀਰਾਂ ਸ਼ਹੀਦਾਂ ਨੂੰ ਭੁਲਾ ਵਿਸਾਰ ਦਿੱਤਾ ਗਿਆ ਸੀ! ਤੇ ਜਾਂ ਉਹਨਾਂ ਬਾਰੇ ਡਾਕੂ, ਕਾਤਲ ਤੇ ਲੁਟੇਰੇ ਹੋਣ ਦਾ ਜਾਲ਼ ਬੁਣ ਦਿੱਤਾ ਸੀ; ਜਿਸ ਵਿਚ ਫਸੇ ਉਹ ਤੜਫ਼ ਰਹੇ ਸਨ।

ਬਾਬੇ ਇੰਦਰ ਸਿੰਘ ਨੇ ਆਪਣੇ ਕੋਲੋਂ ਪੈਸੇ ਖ਼ਰਚ ਕੇ ਪਿੰਡ ਦੀ ਪਹੁੰਚ-ਸੜਕ 'ਤੇ ਦੋ ਕਨਾਲ ਜ਼ਮੀਨ ਖ਼ਰੀਦੀ ਸੀ। ਉਸ ਵਿਚ ਇਕ ਸ਼ਹੀਦੀ ਲਾਟ ਬਣਾ ਕੇ ਉਸ ਉੱਤੇ ਗ਼ਦਰੀ ਸ਼ਹੀਦਾਂ ਅਤੇ ਹੋਰ ਕੁਰਬਾਨੀ ਵਾਲੇ ਲੋਕਾਂ ਦੇ ਨਾਂ ਖੁਦਵਾ ਦਿੱਤੇ ਸਨ। ਵਿਚ ਨਿੱਕਾ ਜਿਹਾ ਬਗ਼ੀਚਾ ਵੀ ਲਵਾ ਦਿੱਤਾ ਸੀ। ਪਿੰਡ ਦੇ ਅਗਾਂਹਵਧੂ ਨੌਜਵਾਨਾਂ ਤੇ ਕੁਰਬਾਨੀ ਵਾਲੇ ਪਰਿਵਾਰਾਂ ਦੇ ਸਿਆਣੇ ਬੰਦਿਆਂ ਦੀ ਕਮੇਟੀ ਵੀ ਬਣਵਾ ਦਿੱਤੀ ਸੀ। ਪਹਿਲਾਂ ਬਾਬਾ ਇੰਦਰ ਸਿੰਘ, ਫਿਰ ਅਰਜਨ ਸਿੰਘ ਤੇ ਹੁਣ ਕੁਝ ਸਾਲਾਂ ਤੋਂ ਜਗਜੀਤ ਇਸ ਕਮੇਟੀ ਦਾ ਪ੍ਰਧਾਨ ਸੀ।

ਸੱਤਵੇਂ ਦਹਾਕੇ ਦੇ ਮੁਢਲੇ ਸਾਲਾਂ ਵਿਚ ਅਗਾਂਹਵਧੂ ਲਹਿਰ ਵਿਚ ਆਏ ਉਭਾਰ ਕਾਰਨ ਕਮੇਟੀ ਨੂੰ ਚਲਾਉਣ ਵਾਲੇ ਆਗੂ ਨੌਜਵਾਨਾਂ ਨੇ ਪਿੰਡ ਤੇ ਇਲਾਕੇ ਵਿਚੋਂ ਉਗਰਾਹੀ ਕਰ ਕੇ ਅਤੇ ਬਾਹਰਲੇ ਮੁਲਕਾਂ ਵਿਚ ਰਹਿੰਦੇ ਪਿੰਡ ਵਾਸੀਆਂ ਨੂੰ ਵੰਗਾਰ ਕੇ ਮਾਇਆ ਇਕੱਤਰ ਕੀਤੀ ਤੇ ਏਥੇ ਇਕ ਛੋਟਾ ਹਾਲ ਕਮਰਾ ਵੀ ਬਣਵਾ ਦਿੱਤਾ। ਹਾਲ ਵਿਚ ਮੇਜ਼ ਕੁਰਸੀਆਂ ਲਾ ਕੇ ਅਖ਼ਬਾਰਾਂ ਰਿਸਾਲਿਆਂ ਦਾ ਹੀ ਪ੍ਰਬੰਧ ਨਹੀਂ ਸੀ ਕੀਤਾ ਸਗੋਂ ਚੰਗੇ ਸਾਹਿਤ ਤੇ ਇਨਕਲਾਬੀ ਇਤਿਹਾਸ ਨਾਲ ਸੰਬੰਧਤ ਪੁਸਤਕਾਂ ਵਾਲੀ ਲਾਇਬਰੇਰੀ ਵੀ ਚਾਲੂ ਕਰ ਦਿੱਤੀ ਸੀ। ਕੋਈ ਨਾ ਕੋਈ ਨੌਜਵਾਨ ਵਾਰੀ ਨਾਲ ਲਾਇਬਰੇਰੀ ਦੀ ਦੇਖ-ਭਾਲ ਲਈ ਤੇ ਕਿਤਾਬਾਂ ਇਸ਼ੂ ਕਰਨ ਲਈ ਵੀ ਓਥੇ ਬੈਠਣ ਲੱਗਾ। ਬਾਬੇ ਇੰਦਰ ਸਿੰਘ ਦੇ ਚੜ੍ਹਾਈ ਕਰ ਜਾਣ ਪਿੱਛੋਂ ਅਰਜਨ ਸਿੰਘ ਆਪ ਤੇ ਉਹਦੇ ਦੋਵੇਂ ਪੁੱਤ ਲਾਇਬਰੇਰੀ ਨੂੰ ਬਣਾਉਣ, ਚਲਾਉਣ ਤੇ ਖੋਲ੍ਹਣ ਵਿਚ ਸਦਾ ਅੱਗੇ ਅੱਗੇ ਰਹੇ ਸਨ।

ਪਿਛਲੇ ਦਹਾਕੇ ਵਿਚ ਯਾਦਗ਼ਾਰ ਨਾਲ ਜੁੜੇ ਨੌਜਵਾਨ ਜਾਂ ਤਾਂ ਕੰਮਾਂ ਧੰਦਿਆਂ 'ਤੇ ਜਾ ਲੱਗੇ ਸਨ ਤੇ ਜਾਂ ਸਮੇਂ ਨਾਲ ਕਈਆਂ ਦੀ 'ਲਾਲੀ' ਫਿੱਕੀ ਪੈ ਗਈ ਸੀ। ਕੁਝ ਦੀ 'ਲਾਲੀ' ਤਾਂ 'ਨਿਲੱਤਣ' ਵਿਚ ਵੀ ਵਟ ਗਈ ਸੀ। ਕੁਝ ਲੋਕ, ਆਪਣੀ ਲਾਲਸਾ ਨੂੰ ਪੱਠੇ ਪਾਉਣ ਲਈ, ਕੁਝ ਨਵੇਂ ਹਾਲਾਤ ਦੇ ਦਬਾਓ ਅਧੀਨ, ਕੁਝ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਡਰੇ ਡਰਾਏ ਕਮੇਟੀ ਵਿਚ ਆਪਣੀ ਮਰਜ਼ੀ ਦੀ ਤਬਦੀਲੀ ਕਰਨਾ ਚਾਹੁੰਦੇ ਸਨ ਤੇ ਯਾਦਗ਼ਾਰ ਨੂੰ ਵਰਤਣਾ ਵੀ ਆਪਣੇ ਮਕਸਦ ਲਈ ਲੋੜਦੇ ਸਨ। ਉਹਨਾਂ ਦੇ ਮਕਸਦ ਦੀ ਸੂਹ ਅਰਜਨ ਸਿੰਘ ਨੂੰ ਵੀ ਮਿਲਦੀ ਰਹਿੰਦੀ ਸੀ। ਇਸ ਤਬਦੀਲੀ ਲਈ ਵਿਰੋਧੀ ਧੜੇ ਨੇ ਸਕੱਤਰ ਮੋਹਨ ਸਿੰਘ ਤੇ ਪ੍ਰਧਾਨ ਜਗਜੀਤ ਸਿੰਘ ਦੀ ਸਲਾਹ ਅਤੇ ਮਰਜ਼ੀ ਤੋਂ ਬਿਨਾਂ ਹੀ ਮੀਟਿੰਗ ਵੀ ਸੱਦ ਲਈ। ਪਿੰਡ ਵਿਚ ਢੋਲ ਵੀ ਮਰਵਾ ਦਿੱਤਾ।

ਅੱਜ ਕੱਲ੍ਹ ਉਹਨਾਂ ਦਾ 'ਰਾਜ' ਸੀ। ਬੇਮੁਹਾਰ ਹਥਿਆਰਾਂ ਦੀ ਤਾਕਤ ਸੀ ਉਹਨਾਂ ਦੀ ਪਿੱਠ ਪਿੱਛੇ। ਇਕੱਠ ਵਾਲੇ ਦਿਨ ਕਾਮਰੇਡ ਜਗਜੀਤ ਨੇ ਤਾਂ ਓਥੇ ਜਾਣਾ ਬਿਹਤਰ ਨਾ ਸਮਝਿਆ। ਅੱਗ ਵਾਂਗ ਭਖ਼ਦੇ ਮਾਹੌਲ ਵਿਚ ਛਾਲ ਮਾਰਨੋਂ ਝਿਜਕਦਾ ਸੀ ਉਹ। ਉਂਝ ਵੀ ਮੀਟਿੰਗ ਕਿਹੜੀ ਕਮੇਟੀ ਦੇ ਨਿਸਚਤ ਸੰਵਿਧਾਨ ਅਨੁਸਾਰ ਹੋ ਰਹੀ ਸੀ।! ਹਿੱਕ ਦੇ ਧੱਕੇ ਵਾਲਿਆਂ ਦਾ ਆਪ-ਮੁਹਾਰਾ ਇਕੱਠ ਸੀ। ਪਰ ਅਰਜਨ ਸਿੰਘ ਨੇ ਨੀਲੀ ਦਸਤਾਰ ਬੱਧੀ ਤੇ ਹੱਥ ਵਿਚ ਤਿੰਨ ਫੁੱਟੀ ਕਿਰਪਾਨ ਲੈ ਕੇ ਇਕੱਠ ਵਿਚ ਇਕ ਨੁੱਕਰੇ ਜਾ ਖਲੋਤਾ। ਕਿਸੇ ਨੇ ਉਹਦੀ ਬਜ਼ੁਰਗੀ ਦਾ ਖ਼ਿਆਲ ਰੱਖਦਿਆਂ ਉਸਨੂੰ ਬੈਠਣ ਵਾਸਤੇ ਵੀ ਨਾ ਕਿਹਾ। ਆਪ ਉਸਨੇ ਬੈਠਣਾ ਮੁਨਾਸਬ ਹੀ ਨਾ ਸਮਝਿਆ। ਇਕ ਧੜੇ ਦੇ ਕੁਝ ਕੁ ਕਮੇਟੀ ਮੈਂਬਰਾਂ ਤੋਂ ਇਲਾਵਾ ਪਿੰਡ ਦੀ ਹੋਰ ਮੁੰਡ੍ਹੀਰ ਵੀ ਤਮਾਸ਼ਾ ਵੇਖਣ ਲਈ ਆਣ ਜੁੜੀ ਸੀ ਤੇ ਕੁਰਸੀਆਂ 'ਤੇ 'ਬਿਰਾਜਮਾਨ' ਸੀ। ਬਹੁਤੇ ਮੈਂਬਰ ਮਰਜ਼ੀ ਨਾਲ ਜਾਂ ਇਸ ਝਗੜੇ ਤੋਂ ਡਰਦੇ ਆਏ ਹੀ ਨਹੀਂ ਸਨ। ਕੌਣ ਬਲਦੀ ਦੇ ਬੁੱਥੇ ਆਉਂਦਾ!

'ਲੈਫ਼ਟੀਨੈਂਟ ਜਨਰਲ' ਗੁਰਜੀਤ ਦਾ ਵੱਡਾ ਭਰਾ ਅਜਾਇਬ ਸਿੰਘ ਆਖਣ ਲੱਗਾ, "ਸਾਧ ਸੰਗਤ ਜੀ! ਅੱਜ ਜਦੋਂ ਕੌਮ ਆਪਣੀ ਅਜ਼ਾਦੀ ਦੀ ਲੜਾਈ ਲੜ ਰਹੀ ਆ ਤਾਂ ਕਾਮਰੇਡ ਸਰਕਾਰ ਦਾ ਸਾਥ ਦੇ ਕੇ ਪੰਥ ਨਾਲ ਧ੍ਰੋਹ ਕਮਾ ਰਹੇ ਹਨ। ਸਾਡੀ ਪਹਿਲੀ ਮੰਗ ਤਾਂ ਇਹ ਹੈ ਕਿ ਕਮੇਟੀ ਦਾ ਪ੍ਰਧਾਨ ਕੋਈ 'ਕਾਮਰੇਡ' ਨਹੀਂ ਹੋਣਾ ਚਾਹੀਦਾ। ਉਂਝ ਵੀ ਖ਼ਾਲਸਾ ਜੀ! ਇਹ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਜੋ ਵਰ੍ਹਿਆਂ ਤੋਂ ਇਕੋ ਪਰਿਵਾਰ ਦਾ ਹੀ ਕੋਈ ਨਾ ਕੋਈ ਬੰਦਾ ਇਹਦਾ ਪ੍ਰਧਾਨ ਤੁਰਿਆ ਆਵੇ!"



ਅਕਾਲੀ ਵਿਚਾਰਾਂ ਦਾ ਕਮੇਟੀ ਮੈਂਬਰ ਭਜਨ ਸਿੰਘ ਹੁੰਗਾਰਿਆ, "ਹੂੰ, ਹੂੰ, ਆਹੋ। ਅਸੀਂ ਤਾਂ ਕਈ ਚਿਰ ਦੇ ਆਂਹਦੇ ਆਂ।"

ਉਹ ਵੀ ਪਿੰਡ ਦੇ ਕਿਸੇ ਗ਼ਦਰੀ ਪਰਿਵਾਰ ਦਾ ਪੋਤਰਾ ਸੀ। ਇਸੇ ਕਰਕੇ ਕਮੇਟੀ ਦਾ ਮੈਂਬਰ ਸੀ। ਬਹੁਤੇ ਮੈਂਬਰ ਹੈ ਈ ਉਹ ਸਨ ਜਿਹਨਾਂ ਦਾ ਕੋਈ ਨਾ ਕੋਈ ਵਡੇਰਾ ਗ਼ਦਰ ਪਾਰਟੀ ਵਿਚ ਸ਼ਾਮਲ ਰਿਹਾ ਸੀ ਜਾਂ ਜਿਨ੍ਹਾਂ ਦੇ ਕਿਸੇ ਬਜ਼ੁਰਗ ਨੇ ਗੁਰਦਵਾਰਿਆਂ ਨੂੰ ਆਜ਼ਾਦ ਕਰਾਉਣ ਲਈ ਕਿਸੇ ਮੋਰਚੇ ਵਿਚ ਜਾਂ ਕਿਸੇ ਕਿਸਾਨ ਮੋਰਚੇ ਵਿਚ ਆਜ਼ਾਦੀ ਤੋਂ ਪਹਿਲਾਂ ਕੈਦ ਕੱਟੀ ਸੀ। ਕੁਝ ਮੈਂਬਰ ਉਹ ਵੀ ਸਨ ਜਿਹੜੇ ਦਿੱਖ ਵਜੋਂ ਅਗਾਂਹਵਧੂ ਵਿਚਾਰਾਂ ਦੇ ਸਨ। ਕੁਝ ਸਾਲ ਪਹਿਲਾਂ ਜਦੋਂ ਗੁਰਜੀਤ ਦਾ ਵੱਡਾ ਭਰਾ ਅਜਾਇਬ ਸਿੰਘ ਇਸ ਕਮੇਟੀ ਦਾ ਮੈਂਬਰ ਬਣਿਆਂ ਸੀ ਤਾਂ ਉਹ ਵੀ 'ਕਾਮਰੇਡ' ਹੀ ਹੁੰਦਾ ਸੀ!

ਇਕੱਠ ਵਿਚ ਖ਼ਾਮੋਸ਼ੀ ਛਾ ਗਈ। ਸਾਰੇ ਅਰਜਨ ਸਿੰਘ ਦੇ ਮੂੰਹ ਵੱਲ ਵੇਖਣ ਲੱਗੇ। ਕੋਈ ਵੀ ਬੋਲ ਨਹੀਂ ਸੀ ਰਿਹਾ।

ਅਰਜਨ ਸਿੰਘ ਨੇ ਜੇਬ ਵਿਚੋਂ ਇਕ ਕਾਗਜ਼ ਕੱਢਿਆ ਤੇ ਲਾਗੇ ਖਲੋਤੇ ਮੁੰਡੇ ਦੇ ਹੱਥ ਵਿਚ ਫੜਾ ਦਿੱਤਾ। ਹੱਥੋ ਹੱਥ ਤੁਰਦਾ ਕਾਗ਼ਜ਼ ਮੁੱਖ ਬੁਲਾਰੇ ਕੋਲ ਪਹੁੰਚ ਗਿਆ। ਇਹ ਕਮੇਟੀ ਦੀ ਪ੍ਰਧਾਨਗੀ ਤੋਂ ਜਗਜੀਤ ਸਿੰਘ ਦਾ ਅਸਤੀਫ਼ਾ ਸੀ। ਅਜਾਇਬ ਸਿੰਘ ਨੇ ਬੜੇ ਉਤਸ਼ਾਹ ਵਿਚ ਪੜ੍ਹ ਕੇ ਸੁਣਾਇਆ। ਅੱਜ ਜਿਹੜੇ ਮੁੰਡੇ ਬਿੱਲੂ ਦੇ ਹੱਥ ਵਿਚ ਸਟੇਨ ਗੰਨ ਸੀ, ਉਹ ਉਹਨੀਂ ਦਿਨੀਂ ਅਜੇ 'ਭਗੌੜਾ' ਨਹੀਂ ਸੀ ਹੋਇਆ। ਉਸਨੇ ਜ਼ੋਰ ਦੀ ਜੈਕਾਰਾ ਬੁਲਾਇਆ ਅਤੇ ਫਿਰ ਆਪ ਹੀ ਪਹਿਲਾਂ ਸੋਚਿਆ ਫ਼ੈਸਲਾ ਸੁਣਾ ਦਿੱਤਾ, "ਲੈਫ਼ਟੀਨੈਂਟ ਜਰਨੈਲ ਗੁਰਜੀਤ ਸਿੰਘ ਦੇ ਵੱਡੇ ਭਾ ਜੀ ਸਰਦਾਰ ਅਜਾਇਬ ਸਿੰਘ ਅੱਜ ਤੋਂ ਏਸ ਕਮੇਟੀ ਦੇ ਪ੍ਰਧਾਨ ਹੋਏ।"

ਮੁੰਡ੍ਹੀਰ ਵਿਚੋਂ ਕਿਸੇ ਨੇ ਫੇਰ ਜੈਕਾਰਾ ਛੱਡਿਆ।

ਅੰਦਰੇ ਅੰਦਰ ਅਰਜਨ ਸਿੰਘ ਨੂੰ ਆਪਣੇ ਇਕੱਲੇ ਰਹਿ ਜਾਣ 'ਤੇ ਸ਼ਰਮਿੰਦਗੀ ਆਈ। ਉਸਨੂੰ 'ਕਾਮਰੇਡਾਂ' 'ਤੇ ਗੁੱਸਾ ਵੀ ਆਇਆ ਕਿ ਉਹਨਾਂ ਦੀ ਧਿਰ ਖੁਰਦੀ ਖੁਰਦੀ ਅਸਲੋਂ ਹੀ ਕਿਉਂ ਖੁਰ ਗਈ ਸੀ! ਉਹਨਾਂ ਵਿਚੋਂ ਜਾਂ ਉਹਨਾਂ ਵੱਲੋਂ ਕੋਈ ਤਾਂ ਬੋਲਣ ਵਾਲਾ ਹੁੰਦਾ ਏਥੇ!

ਚੁਣੀ ਹੋਈ ਕਮੇਟੀ ਦੇ ਪੰਝੀ ਬੰਦਿਆਂ ਵਿਚੋਂ ਉਹਦੇ ਆਪਣੇ ਸਣੇ ਮਸਾਂ ਸੱਤ ਮੈਂਬਰ ਹਾਜ਼ਰ ਸਨ। ਬਾਕੀ ਭੀੜ ਤਾਂ ਤਮਾਸ਼ਬੀਨਾਂ ਦੀ ਸੀ। ਨਵਾਂ ਬਣਿਆਂ 'ਪ੍ਰਧਾਨ' ਕਹਿਣ ਲੱਗਾ, "ਸਾਧ ਸੰਗਤ ਜੀ! ਬਾਕੀ ਮੈਂਬਰ ਅਸੀਂ ਆਪੇ ਹੀ ਆਪਸ ਵਿਚ ਬੈਠ ਕੇ ਆਪਸੀ ਸਲਾਹ ਨਾਲ ਚੁਣ ਲਵਾਂਗੇ। ਦੂਜੀ ਗੱਲ ਜਿਹੜੀ ਅਸੀਂ ਸਭ ਤੋਂ ਪਹਿਲਾਂ ਕਰਨੀ ਏਂ; ਉਹ ਇਹ ਹੈ ਕਿ ਅਸੀਂ ਲਾਇਬਰੇਰੀ ਵਿਚ ਲੱਗੀਆਂ ਇਹਨਾਂ ਦੇਸ਼ ਭਗਤਾਂ ਦੀਆਂ ਤਸਵੀਰਾਂ ਦੇ ਨਾਲ 'ਆਪਣੇ ਹੁਣ ਵਾਲੇ ਏਸ ਦੌਰ ਦੇ ਧਰਮ ਯੁੱਧ ਦੇ ਸ਼ਹੀਦਾਂ ਸੂਰਮਿਆਂ' ਦੀਆਂ ਤਸਵੀਰਾਂ ਵੀ ਲਾਉਣੀਆਂ ਨੇ ਤਾਕਿ ਉਹਨਾਂ ਦੀ ਯਾਦ ਵੀ ਰਹਿੰਦੀ ਦੁਨੀਆਂ ਤਕ ਪੰਥ ਦੇ ਚੇਤਿਆਂ ਵਿਚ ਜਿਊਂਦੀ ਰਹਿ ਸਕੇ।"

ਨਾਲ ਖਲੋਤੇ ਬਿੱਲੂ ਨੇ ਫਿਰ ਤੋਂ ਜੈਕਾਰਾ ਛੱਡਿਆ।

"ਖਲੋ ਜਾ ਉਏ! ਭੂਤਰੀ ਮੁੰਡ੍ਹੀਰੇ!"

ਅੱਗ ਭਬੂਕਾ ਹੋ ਕੇ ਅਰਜਨ ਸਿੰਘ ਗਰਜਿਆ। ਲ਼ਾਲ ਅੱਖਾਂ। ਤਪਦਾ ਚਿਹਰਾ।

ਉਹ 'ਨਵੇਂ ਚੁਣੇ ਪ੍ਰਧਾਨ' ਨੂੰ ਸਿੱਧਾ ਮੁਖ਼ਾਤਬ ਹੋਇਆ, "ਬਾਕੀ ਮੈਂਬਰ ਤੂੰ ਆਪੇ ਆਪਣੀ ਸਲਾਹ ਨਾਲ ਚੁਣ ਲਏਂਗਾ! ਹੈਂਅ! ਕਿਉਂ ਤੇਰੇ ਪਿਉ ਦਾ ਰਾਜ ਆ ਉਏ! ਤੇ ਜਿਹੜੇ 'ਸ਼ਹੀਦਾਂ' ਦੀਆਂ ਤੂੰ ਏਥੇ ਫੋਟੋ ਲਾਉਣਾ ਚਾਹੁੰਦੈਂ, ਉਹਨਾਂ ਦੀ ਗੱਲ ਤਾਂ ਬਾਅਦ 'ਚ ਕਰਦਾਂ; ਪਹਿਲਾਂ ਐਥੇ ਹੀ ਮੇਰੇ ਹੱਥੋਂ ਜਿਹੜਾ ਮਾਈ ਦਾ ਲਾਲ ਸ਼ਹੀਦ ਹੋਣਾ ਚਾਹੁੰਦੈ, ਉਹਦੀ ਫੋਟੋ ਲਾਇਓ ਏਥੇ। ਹੁਣ ਅੱਗੇ ਆਵੇ ਕੋਈ ਆਪਣੀ ਤਸਵੀਰ ਲਵਾਉਣ ਵਾਲਾ! ਮੈਂ ਛਕਾਉਂਦਾ ਉਹਨੂੰ ਸ਼ਹੀਦੀ ਬਾਟਾ!" ਉਸਨੇ ਪਿੱਛੇ ਹਟ ਕੇ ਮਿਆਨ 'ਚੋਂ ਲਿਸ਼ਕਦੀ ਤਲਵਾਰ ਕੱਢ ਕੇ ਵਾਰ ਕਰਨ ਵਰਗਾ ਪੈਂਤੜਾ ਲੈ ਲਿਆ।

ਸਭ ਨੂੰ ਸੱਪ ਸੁੰਘ ਗਿਆ। ਮੂੰਹਾਂ ਉੱਤੋਂ ਹਵਾਈਆਂ ਛੁੱਟਣ ਲੱਗੀਆਂ।

"ਉਸ ਠੇਠਰ ਦੀ ਫੋਟੋ ਲਾਉਣੀ ਜੇ ਏਥੇ; ਜਿਹੜਾ ਗਰੀਬ ਜੱਟਾਂ ਦੀ ਧੀ ਦੀ ਇਜ਼ਤ ਕਮਾਦਾਂ ਵਿਚ

ਰੋਲਦਾ ਰਿਹਾ ਤੇ ਫਿਰ ਘੇਰਾ ਪੈਣ 'ਤੇ 'ਸ਼ਹੀਦ' ਹੋ ਗਿਆ!"

ਅਰਜਨ ਸਿੰਘ ਨੇ ਆਪਣੇ ਹੀ ਭਾਈਚਾਰੇ ਦੇ ਉਸ ਮੁੰਡੇ ਦਾ ਜ਼ਿਕਰ ਕੀਤਾ ਜਿਹੜਾ ਆਪਣੇ ਗੁਪਤਵਾਸ ਸਮੇਂ ਕਿਸੇ ਬਹਿਕ 'ਤੇ ਅਕਸਰ ਜਾਂਦਾ ਰਹਿੰਦਾ ਸੀ; ਜਿਸਨੇ ਉਹਨਾਂ ਦੀ ਮੁਟਿਆਰ ਧੀ ਫੁਸਲਾ ਕੇ ਆਪਣੇ ਨਾਲ ਭਜਾ ਲਈ ਸੀ ਤੇ ਉਸਦੀ ਪਤ ਰੋਲਦਾ ਰਿਹਾ ਸੀ। ਉਸ ਗ਼ਰੀਬ ਕਿਸਾਨ ਨੇ ਆਪਣੀ ਧੀ ਮੋੜ ਦੇਣ ਲਈ ਕਈ ਥਾਈਂ ਟੱਕਰਾਂ ਮਾਰੀਆਂ ਸਨ। ਤਰਲੇ ਲਏ ਸਨ। ਅਰਜਨ ਸਿੰਘ ਨੂੰ ਅਸਰ-ਰਸੂਖ ਵਾਲਾ ਬੰਦਾ ਸਮਝ ਕੇ ਉਹ ਉਸ ਕੋਲ ਵੀ ਆਇਆ ਸੀ। ਉਹਦੀ ਧੀ ਤਾਂ ਮੁੰਡੇ ਦੇ ਮਾਰੇ ਜਾਣ ਤੋਂ ਪਿੱਛੋਂ ਪੁਲਿਸ ਨੂੰ ਅਰਧ-ਕਮਲੀ ਹੋਈ ਕਮਾਦ ਵਿਚੋਂ ਮਿਲੀ ਸੀ।

ਕਿਸੇ ਦੇ ਮੂੰਹ ਵਿਚ ਜਿਵੇਂ ਜ਼ਬਾਨ ਨਹੀਂ ਸੀ।

"ਆਓ ਤਾਂ ਸਹੀ ਕੋਈ ਅੱਗੇ। ਮੈਂ ਤਾਂ ਮਰਨਾ ਠਾਣ ਲਿਐ। ਪਰ ਤੁਹਾਨੂੰ ਕਿਸੇ ਨਾ ਕਿਸੇ ਨੂੰ 'ਸ਼ਹੀਦੀ ਜਾਮ' ਪਿਆ ਕੇ ਈ ਮਰੂੰ। ਤੇ ਤੂੰ ਕਹਿੰਦੈਂ ਇਹ ਯਾਦਗ਼ਾਰ ਕਿਸੇ ਦੀ 'ਨਿੱਜੀ ਜਾਇਦਾਦ' ਨਹੀਂ! ਜੇ ਫੇਰ ਪੁੱਛਦੈਂ ਤਾਂ ਇਹ ਮੇਰੀ 'ਨਿੱਜੀ ਜਾਇਦਾਦ' ਈ ਊ ਉਏ! ਇਸ ਕਰਕੇ ਨਹੀਂ ਕਿ ਮੇਰੇ ਪਿਉ ਨੇ ਆਪਣੇ ਪੱਲਿਉਂ ਪੈਸੇ ਖ਼ਰਚ ਕੇ ਇਹ ਥਾਂ ਖ਼ਰੀਦੀ ਸੀ ਤੇ ਏਥੇ ਯਾਦਗ਼ਾਰ ਉਸਾਰੀ ਸੀ। ਇਹ ਮੇਰੀ 'ਨਿੱਜੀ ਜਾਇਦਾਦ' ਇਸ ਕਰਕੇ ਹੈ ਕਿ ਇਹ ਜਿਨ੍ਹਾਂ ਦੀ ਯਾਦ ਵਿਚ ਉਸਾਰੀ ਗਈ ਹੈ, ਉਹ ਸਾਰੇ ਮੇਰੇ ਆਪਣੇ 'ਨਿੱਜੀ' ਸਨ, ਮੇਰੇ 'ਨਿਗਦੇ' ਸਨ। ਉਹ ਕਿਸੇ ਨਿੱਜੀ ਰਿਸ਼ਤੇ ਕਰਕੇ ਨਹੀਂ; ਵਿਚਾਰਾਂ ਦੀ ਸਾਂਝ ਕਰਕੇ ਮੇਰੇ ਆਪਣੇ ਨੇ। ਉਹਨਾਂ ਦੇ ਵਿਚਾਰਾਂ ਦੀ, ਉਹਨਾਂ ਦੇ ਅਮਲਾਂ ਦੀ ਵਿਰਾਸਤ ਮੇਰੀ ਆਪਣੀ ਹੈ। ਮੇਰੀ 'ਨਿੱਜੀ'। ਇਹ ਧਰਮ-ਨਿਰਪੱਖ, ਅਗਾਂਹਵਧੂ ਵਿਚਾਰਾਂ ਵਾਲੀ ਤੇ ਸਰਬੱਤ ਦਾ ਭਲਾ ਚਾਹੁਣ ਵਾਲੀ ਵਿਰਾਸਤ ਹੀ ਮੇਰੀ 'ਨਿੱਜੀ ਜਾਇਦਾਦ' ਹੈ। ਮੈਂ ਇਸ ਨਿੱਜੀ ਜਾਇਦਾਦ 'ਤੇ ਇੰਝ ਕਿਸੇ ਦਾ ਡਾਕਾ ਨਹੀਂ ਪੈਣ ਦੇਣਾ ਉਏ!"

ਉਸਦੀ ਨਜ਼ਰ ਅਚਨਚੇਤ ਆਪਣੇ ਸੱਜੇ-ਖੱਬੇ ਆਣ ਖੜੋਤੇ ਦੋ ਨੌਜਵਾਨਾਂ ਵੱਲ ਮੁੜੀ। ਉਹਦੇ ਦੋਵੇਂ ਪੋਤਰੇ ਸਨ। ਮਸ-ਫੁੱਟ। ਜਵਾਨੀ ਦੀਆਂ ਬਰੂਹਾਂ ਦੇ ਆਰ-ਪਾਰ ਖਲੋਤੇ ਦਰਸ਼ਨੀ ਜਵਾਨ। ਹੱਥਾਂ ਵਿਚ ਹਾਕੀ-ਸਟਿਕਾਂ ਮਜ਼ਬੂਤੀ ਨਾਲ ਫੜੀਆਂ ਹੋਈਆਂ। ਉਹਨਾਂ ਦੋਵਾਂ ਵੱਲ ਤਰਦੀ ਝਾਤੀ ਸੁੱਟ ਕੇ ਉਸਨੇ ਲਲਕਾਰਾ ਮਾਰਿਆ ਤੇ ਕੁਰਸੀ ਮੱਲ ਕੇ ਬੈਠੇ ਕਿਸੇ ਵਾਫ਼ਰ ਮੁੰਡੇ ਦੀ ਕੁਰਸੀ ਨੂੰ ਪਾਸੇ ਧੱਕਿਆ, "ਪਾਸੇ ਹੋ ਉਏ ਛੋਕਰਿਆ! ਰਾਹ ਛੱਡ।"

ਤੇ ਉਹ ਉੱਘਰੀ ਕਿਰਪਾਨ ਲੈ ਕੇ ਇਕੱਠ ਦੇ ਵਿਚਕਾਰ ਜਾ ਖਲੋਤਾ ਤੇ ਲਲਕਾਰਾ ਮਾਰਿਆ, "ਏਥੇ ਕਿਉਂਕਿ ਕਮੇਟੀ ਦੀ ਮੀਟਿੰਗ ਈ ਸੱਦੀ ਗਈ ਏ, ਭਾਵੇਂ ਇਹ ਠੀਕ ਆ ਜਾਂ ਗ਼ਲਤ, ਇਹਦਾ ਫ਼ੈਸਲਾ ਵੀ ਹੋ ਜਾਊ। ਪਰ ਹਾਲ ਦੀ ਘੜੀ ਜਿਹੜਾ ਕਮੇਟੀ ਦਾ ਮੈਂਬਰ ਏ ਉਹ ਈ ਏਥੇ ਬੈਠਾ ਰਹੇ ਤੇ ਬਾਕੀ ਭਲੇਮਾਣਸ ਬਣ ਕੇ ਹਾਲ ਕਮਰੇ 'ਚੋਂ ਬਾਹਰ ਹੋ ਜਾਓ। ਇਕ ਮਿੰਟ ਵਿਚ। ਫੇਰ ਨਾ ਆਖਿਓ। ਭਗਉਤੀ ਮੇਰੇ ਹੱਥ 'ਚ ਏ। ਕਿਤੇ ਇਹ ਗੁਰੂ ਦੇ ਹੁਕਮ ਨਾਲ ਚੱਲ ਨਾ ਜਾਵੇ! ਤੁਹਾਡਾ ਏਥੇ ਕੋਈ ਕੰਮ ਨਹੀਂ।"

ਕਿਰਨ-ਮ-ਕਿਰਨੀ ਸਾਰਾ ਛੋਕਰ-ਵਾਧਾ ਉੱਠ ਕੇ ਬਾਹਰ ਨੂੰ ਤੁਰ ਪਿਆ।

"ਵਾਧਾ ਕਰਦਾ ਏਂ ਤੂੰ ਚਾਚਾ ਅਰਜਨ ਸਿਆਂ!" ਅਕਾਲੀ ਮੈਂਬਰ ਭਜਨ ਸਿੰਘ ਨੇ ਕਿਹਾ।

ਹੁਣ ਸਿਰਫ਼ ਅਰਜਨ ਸਿੰਘ ਦੇ ਦੋਵਾਂ ਪੋਤਰਿਆਂ ਤੋਂ ਇਲਾਵਾ ਕਮੇਟੀ ਦੇ ਚੁਣੇ ਹੋਏ ਸੱਤ ਮੈਂਬਰ ਹੀ ਹਾਲ ਵਿਚ ਰਹਿ ਗਏ ਸਨ।

"ਮੁੰਡਿਓ! ਤੁਸੀਂ ਵੀ ਬਾਹਰ ਜਾ ਕੇ ਖਲੋਵੋ।"

ਅਰਜਨ ਸਿੰਘ ਨੇ ਆਪਣੇ ਪੋਤਰਿਆਂ ਨੂੰ ਕਿਹਾ ਤੇ ਫਿਰ ਭਜਨ ਸਿੰਘ ਨੂੰ ਮੁਖ਼ਾਤਬ ਹੋਇਆ, "ਵਾਧਾ ਤਾਂ ਤੂੰ ਕੀਤੈ ਭਜਨ ਸਿਆਂ! ਕਈ ਚਿਰ ਦਾ ਤੂੰ ਆਪ ਪ੍ਰਧਾਨਗੀ ਲਈ ਖੁੱਡ ਪੁੱਟਦਾ ਪਿਆ ਸੈਂ ਅੰਦਰੇ ਅੰਦਰ। ਸਾਨੂੰ ਭਲਾ ਇਸਦੀ ਖ਼ਬਰ ਨਹੀਂ ਸੀ! ਪਰ ਆਹ ਕੀ ਤਰੀਕਾ ਵਰਤਿਆ ਈ! ਮੁੰਡਿਆਂ ਦੇ ਹਥਿਆਰਾਂ ਦੇ ਜ਼ੋਰ 'ਤੇ ਪ੍ਰਧਾਨਗੀ ਹਥਿਆਉਣਾ ਚਾਹੁੰਦਾ ਸੈਂ ਨਾ! ਮਿਲੀ ਤੈਨੂੰ ਉਹ ਵੀ ਨਾ। ਪ੍ਰਧਾਨਗੀ ਤਾਂ ਲੈ ਗਿਆ ਅਜੈਬ ਸੁੰਹ। ਪਰ ਅਜੈਬ ਸਿਆਂ! ਪ੍ਰਧਾਨ ਤੂੰ ਵੀ ਨਹੀਂ। ਕਿਉਂਕ ਇਹ ਮੀਟਿੰਗ ਨਿਯਮ ਅਨੁਸਾਰ ਨਹੀਂ ਸੱਦੀ ਗਈ।



ਤੇ ਜੇ ਇਸ ਮੀਟਿੰਗ ਨੂੰ ਜਾਇਜ਼ ਸੱਦਿਆ ਮੰਨ ਵੀ ਲਈਏ ਤਾਂ ਅਹੁਦੇਦਾਰਾਂ ਨੂੰ ਅਹੁਦੇ ਤੋਂ ਲਾਹੁਣ ਲਈ ਕੋਰਮ ਪੂਰਾ ਨਹੀਂ। ਤੇ ਤੂੰ ਤਾਂ ਕਿਸੇ ਸੂਰਤ ਵਿਚ ਪ੍ਰਧਾਨ ਬਣ ਈ ਨਹੀਂ ਸਕਦਾ ਕਿਉਂਕਿ ਕਮੇਟੀ ਦੇ ਵਿਧਾਨ ਅਨੁਸਾਰ ਮੁੱਖ ਅਹੁਦੇਦਾਰ ਸਿਰਫ਼ ਦੇਸ਼ ਭਗਤਾਂ ਦੇ ਪਰਿਵਾਰਾਂ ਵਿਚੋਂ ਈ ਕੋਈ ਬਣ ਸਕਦੈ। ਜਿੱਥੋਂ ਤਕ ਸਾਡੇ ਟੱਬਰ ਦੀ ਗੱਲ ਏ, ਅਸੀਂ ਅੱਗੇ ਤੋਂ ਪ੍ਰਧਾਨਗੀ ਛੱਡੀ। ਪਰਿਵਾਰਵਾਦ ਵਾਲੀ ਗੱਲ ਹੈ ਈ ਮਾੜੀ। ਪਰ ਸਾਨੂੰ ਅੱਗੇ ਲਾਉਂਦੇ ਵੀ ਤਾਂ ਤੁਸੀਂ ਹੀ ਰਹੇ ਓ। ਭਜਨ ਸਿਆਂ! ਜੇ ਕਮੇਟੀ ਮੈਂਬਰ ਤੈਨੂੰ ਪ੍ਰਧਾਨ ਬਣਾਉਣਗੇ ਤਾਂ ਤੂੰ ਈ ਬਣ ਜਾਵੀਂ; ਪਰ ਬਣੇਂਗਾ ਲੋਕ-ਰਾਜੀ ਢੰਗ ਨਾਲ। ਵੋਟਾਂ ਪੈ ਕੇ। ਤੇ ਜਿੰਨਾ ਚਿਰ ਨਵੇਂ ਪ੍ਰਧਾਨ ਦੀ ਚੋਣ ਲੋਕ-ਰਾਜੀ ਢੰਗ ਨਾਲ ਨਹੀਂ ਹੁੰਦੀ, ਓਨੇ ਦਿਨ ਏਥੇ ਮੇਰਾ ਡਿਕਟੇਟਰੀ ਰਾਜ ਚੱਲੂ। ਤੁਸੀਂ ਹੁਣ ਵਾਹਗੁਰੂ ਕਹਿ ਕੇ ਏਥੋਂ ਉੱਠੋ ਤੇ ਬਾਹਰ ਚੱਲੋ।"

"ਅਸੀਂ ਤਾਂ ਪਹਿਲਾਂ ਈ ਇਹਨਾਂ ਨੂੰ ਇਹ ਗੱਲ ਆਖਦੇ ਸਾਂ।" ਦੋ ਕੁ ਮੈਂਬਰਾਂ ਨੇ ਉੱਠਦਿਆਂ ਬੁੜ ਬੁੜ ਕੀਤੀ।

ਉਸ ਰਾਤ ਨੂੰ ਸਾਰਾ ਪਰਿਵਾਰ ਰੋਟੀ ਖਾ ਕੇ ਸੁਫ਼ੇ ਵਿਚ ਮੰਜਿਆਂ 'ਤੇ ਜੁੜ ਬੈਠੇ ਤਾਂ ਅਚਨਚੇਤ ਵੱਡੇ ਪੋਤਰੇ ਨੇ ਕਿੱਲੀ 'ਤੇ ਲਿਆ ਕੇ ਟੰਗੀ ਬਾਪੂ ਦੀ ਕਿਰਪਾਨ ਲਾਹ ਲਈ। ਫਿਰ ਉਹਨੂੰ ਮੁੱਠ ਤੋਂ ਫੜ ਕੇ ਥੋੜ੍ਹਾ ਕੁ ਮਿਆਨੋਂ ਬਾਹਰ ਕੱਢ ਕੇ ਹੱਸਿਆ, "ਅੱਜ ਬਾਪੂ ਜੀ ਦੇ ਹੱਥ ਫੜੀ ਕਿਰਪਾਨ ਦਾ ਚਮਤਕਾਰ ਵੇਖਿਆ। ਇਕੋ ਲਲਕਾਰਾ ਮਾਰਿਆ; ਸਭ ਕੱਚੇ ਪਿੱਲੇ ਝੜ ਗਏ ਤੇ ਹਾਲ ਵਿਚੋਂ ਬਾਹਰ ਹੋ ਗਏ।"

ਅਰਜਨ ਸਿੰਘ ਨੇ ਵਰਜਿਆ, "ਕਾਕਾ! ਕਿਰਪਾਨ ਐਵੇਂ ਇਸਤਰ੍ਹਾਂ ਮਿਆਨ ਵਿਚੋਂ ਬਾਹਰ ਨਹੀਂ ਕੱਢੀਦੀ!"

"ਕਿਉਂ ਬਾਪੂ ਜੀ?"

ਅਰਜਨ ਸਿੰਘ ਨੂੰ ਆਪਣਾ ਬਾਪੂ ਚੇਤੇ ਆਇਆ, "ਉਦੋਂ ਕੱਢੀਦੀ ਏ ਜਦੋਂ ਆਪਣਾ ਬਚਾਅ ਕਰਨਾ ਹੋਵੇ ਜਾਂ ਕਿਸੇ ਦੀਨ-ਦੁਖੀ ਦੀ ਰੱਖਿਆ ਕਰਨੀ ਹੋਵੇ!"

ਤੇ ਉਸਨੇ ਕੁਝ ਹੋਰ ਵੀ ਨਾਲ ਜੋੜ ਲਿਆ, "ਤੇ ਜਾਂ ਫਿਰ ਉਦੋਂ ਜਦੋਂ ਤੁਹਾਡੇ ਅੰਦਰ ਬੈਠਾ ਗੁਰੂ ਤੁਹਾਨੂੰ ਵੰਗਾਰ ਕੇ ਆਖੇ ਕਿ ਭਾਈ ਸਿੱਖਾ! ਹੁਣ ਸੱਚ ਸੁਣਾ, ਸੱਚ ਸੁਣਾਉਣ ਦਾ ਵੇਲਾ ਆ ਗਿਐ; ਤੇ ਜੇ ਕਿਸੇ ਨੂੰ ਫਿਰ ਵੀ ਬੋਲਿਆ ਗਿਆ ਸੱਚ ਨਹੀਂ ਸੁਣਦਾ, ਜਾਂ ਉਹ ਸੁਣਨਾ ਹੀ ਨਹੀਂ ਚਾਹੁੰਦਾ ਤੇ ਘੋਗਲ-ਕੰਨਾ ਬਣਿਆਂ ਫਿਰਦੈ ਤਾਂ ਫਿਰ ਸ਼ਾਇਦ ਉਸਨੂੰ ਕਿਰਪਾਨ ਦੀ ਆਵਾਜ਼ ਸੁਣਨੀ ਸੁਣਾਉਣੀ ਹੀ ਠੀਕ ਲੱਗਦੀ ਏ।"

"ਏਸੇ ਕਰਕੇ ਹੀ ਤਾਂ ਅਰਦਾਸ ਕਰਦਿਆਂ ਸਭ ਤੋਂ ਪਹਿਲਾਂ ਭਗਉਤੀ ਨੂੰ ਸਿਮਰਿਆ ਜਾਂਦਾ ਏ। ਕਹਿੰਦੇ ਨੇ ਨਾ, 'ਪ੍ਰਿਥਮ ਭਗਉਤੀ ਸਿਮਰ ਕੇ ਨਾਨਕ ਲਈਂ ਧਿਆਇ।' ਬੜੀ ਕਰਾਮਾਤ ਹੈ ਭਗਉਤੀ ਵਿਚ!" ਮਾਸਟਰ ਹਰਜੀਤ ਸਿੰਘ ਨੇ ਕਿਹਾ।

"ਨਾ ਨਾ ਨਾ! ਮੈਂ ਪਹਿਲਾਂ ਏਹ ਭਗਉਤੀ ਨਹੀਂ ਸਿਮਰਦਾ।"

"ਫਿਰ?"

"ਅਰਦਾਸ ਵਿਚ ਤਾਂ 'ਭਗਉਤੀ' ਦੇ ਅਰਥ ਸ਼ਾਇਦ ਓਸ ਵਾਹਗੁਰੂ ਜਾਂ ਪਾਰਬ੍ਰਹਮ ਦੇ ਹੀ ਨੇ, ਪਰ ਇਸਨੂੰ ਸੁਣਨ ਤੇ ਸਮਝਣ ਵਾਲਿਆਂ ਇਹ ਅਰਥ ਸਿਰਫ਼ ਕਿਰਪਾਨ ਤਕ ਹੀ ਘਟਾ ਲਏ ਨੇ। ਤੇ ਜੇ 'ਵਾਹਗੁਰੂ' ਦੇ ਥਾਂ ਉਸਦੇ ਅਰਥ ਸਿਰਫ਼ ਕਿਰਪਾਨ ਦੇ ਹੀ ਲਏ ਜਾਣੇ ਨੇ ਤਾਂ ਫਿਰ ਮੈਂ ਤਾਂ ਪਹਿਲਾਂ 'ਪ੍ਰਿਥਮੈ ਨਾਨਕ ਸਿਮਰ ਕੇ' ਹੀ ਅੱਗੇ ਤੁਰਦਾਂ। ਨਾਨਕ ਨੂੰ ਸਿਮਰੇ ਬਿਨਾਂ ਜਾਂ ਨਾਨਕ ਤਕ ਪਹੁੰਚਣ ਤੋਂ ਪਹਿਲਾਂ ਚੱਲੀ ਭਗਉਤੀ ਬੜੀਆਂ ਗੜਬੜਾਂ ਕਰ ਸਕਦੀ ਏ।"

ਜਗਜੀਤ ਸਿੰਘ ਹੱਸਿਆ, "ਬਾਪੂ ਜੀ! ਤੁਹਾਡੀ ਖ਼ਾਹ-ਮ-ਖ਼ਾਹ ਪੰਗਾ ਲੈਣ ਦੀ ਆਦਤ ਨਹੀਂ ਜਾਂਦੀ। ਪਹਿਲਾਂ ਤਾਂ ਤੁਹਾਨੂੰ ਅੱਜ ਜਾਣਾ ਨਹੀਂ ਸੀ ਚਾਹੀਦਾ ਓਥੇ। ਕੋਈ ਅਭੀ ਨਭੀ ਹੋ ਜਾਂਦੀ ਤਾਂ! ਮੈਂ ਤਾਂ ਤੁਹਾਡੀ ਜ਼ਿਦ ਕਰਕੇ ਅਸਤੀਫ਼ਾ ਲਿਖ ਕੇ ਦੇ ਦਿੱਤਾ ਤੇ ਤੁਹਾਨੂੰ ਜਾਣ ਵੀ ਦਿੱਤਾ। ਉਂਝ ਵੀ ਤੁਸਾਂ ਕਰਨੀ ਤਾਂ ਮਨ ਦੀ ਮਰਜ਼ੀ ਈ ਹੁੰਦੀ ਏ। ਮੈਂ ਲੈਣਾ ਵੀ ਕੀ ਏ ਇਸ ਪ੍ਰਧਾਨਗੀ ਤੋਂ। ਬਣਿਆਂ ਵੀ ਤੁਹਾਡੇ ਆਖੇ ਸਾਂ। ਮੇਰੇ ਕੋਲੋਂ ਤਾਂ ਆਪਣੇ

ਮਹਿਕਮੇ ਦੀ ਸਟੇਟ ਦੀ ਸਕੱਤਰੀ ਸਾਂਭਣੀ ਮੁਸ਼ਕਲ ਹੋਈ ਪਈ ਏ। ਪਰ ਝਗੜਾ ਹੋਣ ਦਾ ਤਾਂ ਓਥੇ ਸਾਰਾ ਸਮਾਨ ਅਗਲਿਆਂ ਕੀਤਾ ਹੋਇਆ ਸੀ ਨਾ! ਅਸੀਂ ਏਸੇ ਕਰਕੇ ਮੁੰਡੇ ਪਿੱਛੇ ਘੱਲੇ ਸਨ। ਹੁਣ ਵੀ ਹਾਅ ਗੱਲ ਕਿਧਰੇ ਬਾਹਰ ਨਾ ਕਰਨ ਲੱਗ ਪਿਓ, ਅਗਲੇ ਕਹਿਣਗੇ; ਇਹ 'ਸਾਡੀ ਅਰਦਾਸ' ਈ ਉਲਟ-ਪੁਲਟ ਕਰਨ ਲੱਗ ਪਿਐ।"

"ਮੈਂ ਉਲਟ-ਪੁਲਟ ਕੀ ਕਰਨੈਂ! ਇਹ ਤਰਤੀਬ ਤਾਂ ਮੇਰੇ ਗੁਰੂਆਂ ਨੇ ਹੀ ਬਣਾਈ ਏ। ਮੈਂ ਉਹਨਾਂ ਦੀ ਬਣਾਈ ਤਰਤੀਬ ਨੂੰ ਕਿਵੇਂ ਬਦਲ ਸਕਦਾਂ! ਉਹਨਾਂ ਤਾਂ 'ਵਾਹਿਗੁਰੂ' ਜਾਂ ਪਾਰਬ੍ਰਹਮ' ਨੂੰ ਹੀ ਪਹਿਲ ਦਿੱਤੀ ਸੀ। ਪਰ ਅਰਥਾਂ ਦੇ ਅਨਰਥ ਕਰਨ ਵਾਲਿਆਂ ਨੇ ਪਹਿਲ 'ਹਥਿਆਰ' ਨੂੰ ਦੇ ਦਿੱਤੀ। ਏਸੇ ਕਰਕੇ ਬੇਮੁਹਾਰ ਹੋਏ ਹਥਿਆਰ ਗੁਰੂਆਂ ਦੇ ਨਾਂ 'ਤੇ ਚੱਲੀ ਜਾ ਰਹੇ ਨੇ!"

"ਹੱਛਾ! ਏਹ ਗੱਲ ਐ! ਸਾਨੂੰ ਤਾਂ ਪਤਾ ਨਹੀਂ ਸੀ!" ਹਰਜੀਤ ਲਈ ਸ਼ਾਇਦ ਇਹ ਸੱਚਮੁਚ ਨਵੀਂ ਗੱਲ ਸੀ।

"ਮੈਨੂੰ ਕਿਹੜਾ ਸਾਰਾ ਪਤੈ! 'ਵਾਹਗੁਰੂ' ਦਾ ਤਾਂ ਮੈਨੂੰ ਵੀ ਪਤਾ ਨਹੀਂ ਕਿ ਕੀ ਹੈ, ਕਿੱਥੇ ਹੈ, ਕੌਣ ਹੈ! ਮੈਨੂੰ ਤਾਂ ਥੋੜ੍ਹਾ-ਬਹੁਤਾ ਬਾਬੇ ਨਾਨਕ ਦਾ ਈ ਪਤੈ। ਏਸੇ ਕਰਕੇ ਮੈਂ ਤਾਂ ਪਹਿਲਾਂ ਆਪਣੇ ਬਾਬੇ ਦੇ ਆਖੇ ਈ ਲੱਗਣੈਂ। ਉਹ ਜੇ ਆਖੂ ਸੱਚ ਬੋਲ, ਸੱਚ ਬੋਲਾਂਗਾ; ਜੇ ਆਖੂ ਹੁਣ ਏਨੇ ਨਾਲ ਸਰਦਾ ਨਹੀਂ; ਕਿਰਪਾਨ ਚੁੱਕ ਤਾਂ ਕਿਰਪਾਨ ਚੁੱਕ ਲਊਂ। ਮੇਰਾ ਗੁਰੂ ਵੀ ਅਮਲ ਵਿਚ ਤਾਂ ਇਹੋ ਹੀ ਆਖਦਾ ਹੈ ਕਿ ਜਦੋਂ ਸਾਰੇ ਹੀਲੇ-ਵਸੀਲੇ ਫੇਲ੍ਹ ਹੋ ਜਾਣ ਤਾਂ ਹੀ ਤਲਵਾਰ ਦੀ ਮੁੱਠ 'ਤੇ ਹੱਥ ਜਾਣਾ ਜਾਇਜ਼ ਹੈ। ਮੇਰੇ ਗੁਰੂ ਤਾਂ ਜੰਗ ਦੇ ਮੈਦਾਨਾਂ ਵਿਚ ਵੀ ਸੈਦ ਖਾਂ ਤੇ ਪੈਂਦੇ ਖ਼ਾਨ ਵਰਗਿਆਂ ਦੇ ਵੰਗਾਰਵੇਂ ਪਹਿਲੇ ਦੋ ਵਾਰ ਝੱਲ ਕੇ ਤੀਜਾ ਵਾਰ ਹੀ ਤਲਵਾਰ ਦਾ ਬਖ਼ਸ਼ਦੇ ਸਨ।"

ਜਗਜੀਤ ਸਿੰਘ ਦਾ ਚਿਹਰਾ ਅਜੇ ਵੀ ਕੱਸਿਆ ਹੋਇਆ ਸੀ।

"ਪਾਪਾ! ਤੁਸੀਂ ਐਵੇਂ ਬਾਪੂ ਜੀ ਨੂੰ ਕਹਿੰਦੇ ਰਹਿੰਦੇ ਓ। ਜੇ ਉਹ ਅੱਜ ਓਥੇ ਨਾ ਜਾਂਦੇ ਤਾਂ ਉਹ ਤਾਂ ਕਰ ਗਏ ਸੀ ਨਾ ਯਾਦਗਾਰ 'ਤੇ ਕਬਜ਼ਾ।" ਛੋਟੇ ਪੋਤਰੇ ਨੇ ਕਿਹਾ।

"ਕਾਕਾ! ਤੇਰਾ ਪਾਪਾ ਜਿਹਨੂੰ ਮੇਰਾ 'ਪੰਗਾ ਲੈਣਾ' ਆਖਦੈ, ਮੈਨੂੰ ਉਹ ਆਪਣੀ ਜ਼ਿੰਮੇਵਾਰੀ ਨਿਭਾਉਣੀ ਜਾਪਦੀ ਏ।" ਆਖਦਾ ਹੋਇਆ ਅਰਜਨ ਸਿੰਘ ਆਪਣਾ ਪਰਨਾ ਸੰਭਾਲਦਾ ਸੌਣ ਲਈ ਆਪਣੇ ਕਮਰੇ ਵੱਲ ਤੁਰ ਪਿਆ।

"ਤੁਹਾਡੀਆਂ ਤੁਸੀਂ ਜਾਣੋਂ। ਪਰ ਹੁਣ ਹਾਲਾਤ ਇਹੋ ਜਿਹੇ ਬਣ ਗਏ ਨੇ ਕਿ ਬਹੁਤ ਸਾਵਧਾਨ ਹੋ ਕੇ ਬਾਹਰ ਨਿਕਲਣ ਦੀ ਲੋੜ ਹੈ ਸਾਰਿਆਂ ਨੂੰ। ਚਿੱਪ ਚੜ੍ਹ ਕੇ ਉਹ ਕੁਝ ਵੀ ਕਰ ਕਰਾ ਸਕਦੇ ਨੇ! ਪਤਾ ਨਹੀਂ ਕਿਹੜੇ ਵੇਲੇ ਕਿਹੜੀ ਗਲੀ 'ਚੋਂ, ਕਿਹੜੇ ਪਾਸੇ ਤੋਂ ਕਿਸੇ ਨੇ ਕਦੋਂ ਹਮਲਾ ਕਰ ਦੇਣੈਂ। ਲਗਾਤਾਰ ਚੌਕਸੀ ਬਹੁਤ ਜ਼ਰੂਰੀ ਏ ਸਾਰੇ ਟੱਬਰ ਲਈ। ਪਰ ਬਾਪੂ ਜੀ ਤੁਹਾਡੇ ਲਈ ਇਹਦੀ ਕੁਝ ਜ਼ਿਆਦਾ ਈ ਜ਼ਰੂਰਤ ਏ।" ਤੁਰੇ ਜਾਂਦੇ ਅਰਜਨ ਸਿੰਘ ਨੂੰ ਜਗਜੀਤ ਸਿੰਘ ਦੀ ਚੇਤਾਵਨੀ ਸੀ।

-ਪਰ ਅੱਜ ਤਾਂ ਉਹ ਬਿਨਾਂ ਚੌਕਸੀ ਤੋਂ ਈ 'ਕਾਬੂ' ਆ ਗਿਆ ਲੱਗਦਾ ਸੀ। ਸ਼ਾਇਦ ਮੁੰਡਿਆਂ ਦਾ ਇਹ ਟੋਲਾ ਅੱਜ ਉਹਦੇ ਪਿੱਛੇ ਖੇਤਾਂ ਵਿਚ ਉਸਨੂੰ ਮਾਰਨ ਹੀ ਆਇਆ ਸੀ। ਜੇ ਮਰਨਾ ਹੀ ਏਂ ਤਾਂ ਪਿੱਠ 'ਚ ਗੋਲੀ ਕਿਉਂ ਖਾਵੇ! ਪਰ ਫਿਰ ਖ਼ਿਆਲ ਆਇਆ; ਜੇ ਉਹਨਾਂ ਚੁੱਪ-ਚੁਪੀਤੇ ਮਾਰਨਾ ਹੁੰਦਾ ਤਾਂ ਉਹਦੀ ਪਿੱਠ ਪਿਛਲੀ ਵੱਟੇ ਹੀ ਉਹ ਬੰਬੀ ਵੱਲ ਆਏ ਜਾਪਦੇ ਸਨ। ਮਾਰ ਦਿੰਦੇ। ਤਾਂ ਕੀ ਹੁਣ ਉਸਨੂੰ ਵੰਗਾਰ ਕੇ ਮਾਰਨਗੇ? ਉਹਨਾਂ ਮਾਰਨਾ ਈ ਏਂ ਤਾਂ ਵੇਖੀ ਜਾਊ। ਪਰ ਉਹਨਾਂ ਨੂੰ ਵੰਗਾਰਨ ਦਾ ਮੌਕਾ ਦੇਣ ਤੋਂ ਪਹਿਲਾਂ ਆਪ ਕਿਉਂ ਨਾ ਵੰਗਾਰ ਬਣ ਕੇ ਉਹਨਾਂ ਅੱਗੇ ਜਾ ਖਲੋਵਾਂ! ਗੁਰੂ ਦਾ ਸਿੰਘ ਹੋ ਕੇ ਮੈਦਾਨ ਛੱਡ ਕੇ ਭੱਜਦਾ ਕੀ ਮੈਂ ਚੰਗਾ ਲੱਗਾਂਗਾ!

ਸੇਕ ਉਹਦੇ ਸਿਰ ਨੂੰ ਚੜ੍ਹਦਾ ਜਾਂਦਾ ਸੀ। ਉਹ ਇਸ ਸੇਕ ਤੋਂ ਭਾਰ-ਮੁਕਤ ਹੋਣਾ ਚਾਹੁੰਦਾ ਸੀ। ਅੰਦਰੋਂ ਬਹੁਤ ਕਾਹਲਾ ਪਰ ਬਾਹਰੋਂ ਠਰ੍ਹੰਮੇਂ ਨਾਲ ਹੌਲੀ ਹੌਲੀ ਤੁਰਦਾ ਉਹ ਬੰਬੀ ਕੋਲ ਗਿਆ।

ਮੁੰਡਿਆਂ ਨੇ ਉਹਦੇ ਵੱਲ ਵੇਖਿਆ। ਉਹ ਕਿੱਲੀ ਵੱਲ ਵਧਿਆ। ਕਿਰਪਾਨ ਨੂੰ ਹੱਥ ਲਾਉਣ ਤੋਂ



ਪਹਿਲਾਂ ਉਸਨੇ ਆਖਿਆ, "ਸਸ- ਸਿੰ"

ਪਰ ਉਹਦੀ ਜ਼ਬਾਨ ਰੁਕ ਗਈ।

"ਸਿੰਘਾ! ਆਹ ਹਥਿਆਰ ਪਾਸੇ ਕਰੀਂ ਜ਼ਰਾ" ਆਖਣ ਨੂੰ ਉਹਦਾ ਚਿੱਤ ਨਾ ਕੀਤਾ।

"ਕਾਕਾ! ਆਹ ਹਥਿਆਰ ਪਾਸੇ ਕਰੀਂ ਜ਼ਰਾ" ਉਸਨੇ ਆਖਿਆ।

ਬਿੱਲੂ ਨੇ ਅੱਖਾਂ ਹੀ ਅੱਖਾਂ ਵਿਚ ਆਗੂ ਗੁਰਜੀਤ ਨੂੰ ਪੁੱਛਿਆ ਤੇ ਇਸ਼ਾਰਾ ਪਾ ਕੇ ਗੰਨੇ ਦੀ ਛਿੱਲੀ ਗੁੱਲੀ ਨੂੰ ਡੱਕੀ ਵੱਢਦਿਆਂ ਗਨੇਰੀ ਮੂੰਹ ਵਿਚ ਪਾਈ ਤੇ ਗੰਨਾਂ ਚੁਬੱਚੇ ਦੇ ਬੰਨੇ 'ਤੇ ਰੱਖਦਿਆਂ ਸਟੇਨ ਲਾਹ ਕੇ ਹੱਥ ਵਿਚ ਫੜ ਲਈ।

ਅਰਜਨ ਸਿੰਘ ਨੇ ਕਿਰਪਾਨ ਨੂੰ ਆਰਾਮ ਨਾਲ ਕਿੱਲੀ ਤੋਂ ਲਾਹਿਆ। ਉਹਦੇ ਮੱਥੇ ਵਿਚ ਫ਼ੈਲੀ ਗੈਸ ਦਾ ਦਬਾਓ ਘਟਣਾ ਸ਼ੁਰੂ ਹੋ ਗਿਆ। ਉਹ ਟਿਕਾਓ ਵਿਚ ਆ ਗਿਆ।

ਸਟੇਨ ਫੜ ਕੇ ਬਿੱਲੂ ਚੁਬੱਚੇ ਦੇ ਪਰਲੇ ਪਾਸੇ ਖਲੋਤੇ ਗੁਰਜੀਤ ਕੋਲ ਗਿਆ ਤੇ ਹੌਲੀ ਜਿਹੀ ਉਸਦੇ ਕੰਨ ਵਿਚ ਘੁਸਰ-ਫੁਸਰ ਕੀਤੀ, "ਹੋਰ ਨਹੀਂ ਤਾਂ ਇਹਦੇ ਪਿਉ ਮਾਇਆ ਰਾਮ ਦਾ ਸੁਨੇਹਾਂ ਤਾਂ ਇਹਨੂੰ ਦੇ ਈ ਜਾਈਏ। ਇਹਨੂੰ ਵੀ ਕੰਨ ਹੋ ਜਾਣ!" ਧਿਆਨ ਦੇਣ ਤੇ ਜ਼ੋਰ ਲਾਉਣ ਦੇ ਬਾਵਜੂਦ ਵੀ ਅਰਜਨ ਸਿੰਘ ਨੂੰ ਬੰਬੀ ਦੇ ਚੁਬੱਚੇ ਵਿਚ ਡਿੱਗਦੇ ਪਾਣੀ ਦੇ ਸ਼ੋਰ ਵਿਚ ਉਹਨਾਂ ਦੀ ਗੱਲ ਨਾ ਸੁਣੀ।

ਤੁਰਨ ਲੱਗੇ ਆਗੂ ਗੁਰਜੀਤ ਦੇ ਮਨ ਵਿਚ ਪਤਾ ਨਹੀਂ ਕੀ ਗੱਲ ਆਈ, ਕਹਿੰਦਾ, "ਚੰਗਾ ਬਾਪੂ ਜੀ! ਵਾਹਿਗੁਰੂ ਜੀ ਕਾ ਖ਼ਾਲਸਾ; ਵਾਹਿਗੁਰੂ ਜੀ ਕੀ ਫ਼ਤਹਿ!"

ਅਰਜਨ ਸਿੰਘ ਉਹਨਾਂ ਨੂੰ ਬੜੀ ਭੈੜੀ ਬਦ-ਅਸੀਸ ਦੇਣੀ ਚਾਹੁੰਦਾ ਸੀ। ਜਿਹੜੀ ਕਰਤੂਤ ਉਹਨਾਂ ਨੇ ਪਰਸੋਂ ਕੀਤੀ ਸੀ, ਉਹਦੇ ਲਈ ਤਾਂ ਉਹ ਵੱਡੀ ਤੋਂ ਵੱਡੀ ਸਜ਼ਾ ਦੇ ਹੱਕਦਾਰ ਸਨ। ਉਹਨਾਂ ਨੇ ਉਹਦੇ ਇਸ਼ਟ ਦਾ ਕਤਲ ਕੀਤਾ ਸੀ! ਉਹਦੇ ਰਹਿਬਰ ਦਾ!

ਪਰ ਉਸਦੇ ਮੂੰਹੋਂ ਨਿਕਲ ਗਿਆ:

"ਵਾਹਰ ਜੀ ਕਾ ਖ਼ਾਲਸਾ ਪੁੱਤਰੋ! ਜਿਊਂਦੇ ਵੱਸਦੇ ਰਹੋ।"

ਉਹਨੇ ਜਾਂਦੇ ਤਿੰਨਾਂ ਮੁੰਡਿਆਂ ਦੀਆਂ ਪਿੱਠਾਂ ਵੱਲ ਵੇਖਿਆ। ਇਕ ਪਲ ਉਹਨੂੰ ਜਗਜੀਤ, ਹਰਜੀਤ ਤੇ ਫੁੰਮਣ ਜਾਂਦੇ ਲੱਗੇ।

ਆਪਣੇ ਆਪ 'ਤੇ ਹਾਸਾ ਵੀ ਆਇਆ। ਇਕ ਦਮ ਕੀ ਹੋ ਜਾਂਦੈ ਉਸਨੂੰ! ਕਦੀ ਅੱਗ ਦਾ ਬਲਦਾ ਗੋਲਾ; ਕਦੀ ਪਿਘਲੀ ਹੋਈ ਬਰਫ਼!

ਦੋ ਤਿੰਨ 'ਜਾਣ-ਪਛਾਣ' ਵਾਲੀਆਂ ਚਿੜੀਆਂ ਉਹਦੇ ਲਾਗੇ ਆ ਕੇ 'ਚੂੰ! ਚੂੰ' ਕਰਨ ਲੱਗੀਆਂ।

"ਦਾਣਾ ਦੇ! ਦਾਣਾ ਦੇ!" ਨਿਆਣਿਆਂ ਵਾਲੀ ਜ਼ਿਦ!

ਬਰਫ਼ ਪਿਘਲ ਗਈ। ਬੰਬੀ ਵਾਲੇ ਕੋਠੇ ਵਿਚ ਗਿਆ ਤੇ ਮਿੱਟੀ ਦੇ ਵੱਡੇ ਮੱਘੇ ਵਿਚ ਇਸੇ ਮਕਸਦ ਲਈ ਰੱਖੇ, ਕਣਕ, ਬਾਜਰੇ ਤੇ ਚੌਲਾਂ ਦੇ ਟੋਟੇ ਦੀ ਮੁੱਠ ਭਰ ਲਿਆਇਆ। ਚੁਬੱਚੇ ਦੀ ਚੌੜੀ ਬੰਨੀ 'ਤੇ ਥੋੜ੍ਹੀ ਜਿਹੀ ਮੁੱਠ ਢਿੱਲੀ ਕੀਤੀ ਤਾਂ ਤਿੰਨ ਚਾਰ ਹੋਰ ਚਿੜੀਆਂ ਵੀ ਪਤਾ ਨਹੀਂ ਕਿਧਰੋਂ ਆਣ ਟਪਕੀਆਂ। ਉਹ ਲਾਗੇ ਖਲੋਤਾ ਉਹਨਾਂ ਦੀਆਂ ਤੇਜ਼ ਚੱਲਦੀਆਂ ਨਿੱਕੀਆਂ ਨਿੱਕੀਆਂ ਚੁੰਝਾਂ, ਢੁਕਵਾਂ ਥਾਂ ਬਦਲਣ ਲਈ ਟਪੂਸੀਆਂ ਲਾਉਂਦੇ ਪੈਰਾਂ ਤੇ ਫੜਕਦੇ ਖੰਭਾਂ ਨੂੰ ਨਿਹਾਰਨ ਲੱਗਾ ਕਿਸੇ ਡੂੰਘ ਵਿਚ ਉੱਤਰ ਗਿਆ।

ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਦਿਨ। ਜਵਾਨੀ ਦਾ ਵਾਰਾ ਪਹਿਰਾ! ਉਹਦੇ ਅਜੀਬ ਸ਼ੌਕ! ਕੁੱਕੜ, ਕਬੂਤਰ ਤੇ ਬਟੇਰੇ ਪਾਲਣੇ। ਉਹਨਾਂ ਨੂੰ ਚਾਂਦੀ ਦੇ ਵਰਕਾਂ ਵਿਚ ਬਦਾਮਾਂ, ਮੇਵਿਆਂ ਤੇ ਮੁਨੱਕਿਆਂ ਦਾ ਚੂਰਾ ਲਪੇਟ ਕੇ ਖਵਾਉਣਾ। ਫਿਰ ਕੁੱਕੜਾਂ, ਬਟੇਰਿਆਂ ਦੀ ਲੜਾਈ ਤੇ ਕਬੂਤਰਾਂ ਨੂੰ ਉਡਾਉਣ ਦੀਆਂ ਸ਼ਰਤਾਂ ਲਾਉਣੀਆਂ।

ਇਕ ਵਾਰ ਤਰਨਤਾਰਨੋਂ ਮੱਸਿਆ ਵੇਖ ਕੇ ਆਉਂਦਿਆਂ ਉਸਨੂੰ ਆਪਣੇ ਬੇਲੀ ਫੱਜੇ ਤੇਲੀ ਦੀ ਦੱਸੀ ਗੱਲ ਯਾਦ ਆਈ, "ਝਬਾਲ ਅੱਡੇ 'ਤੇ ਮਾਇਆ ਰਾਮ ਮਸ਼ੀਨ ਵਾਲਾ ਜਨੌਰਾਂ ਦਾ ਬੜਾ ਵਧੀਆ ਦਾਣਾ ਰੱਖਦੈ।

ਅਗਲੇ ਗੇੜੇ ਜਦੋਂ ਮੱਸਿਆ ਗਏ ਤਾਂ ਓਥੋਂ ਹੁੰਦੇ ਆਵਾਂਗੇ।"

ਉਹਨੇ ਘੁੱਗੂ ਦੀ ਆਵਾਜ਼ ਦੀ ਸੂਹ ਨਾਲ ਮਸ਼ੀਨ ਲੱਭ ਲਈ। ਮਾਇਆ ਰਾਮ ਕੰਡੇ 'ਤੇ ਬੈਠਾ ਦਾਣੇ ਜੋਖ ਰਿਹਾ ਸੀ। ਇਕ ਮੁੰਡਾ ਚੱਲਦੀ ਮਸ਼ੀਨ ਅੱਗੇ ਪੀਸੀਦਾ ਆਟਾ ਪਾਉਣ ਲਈ ਬੋਰੀ ਲਾਈ ਖੜ੍ਹਾ ਸੀ।

"ਸ਼ਾਹ ਜੀ! ਜਨੌਰਾਂ ਲਈ ਦਾਣਾ ਚਾਹੀਦੈ।"

"ਜਿੰਨਾਂ ਚਾਹੇਂ ਜਵਾਨਾਂ!" ਮਾਇਆ ਰਾਮ ਆਪ ਉੱਠ ਕੇ ਇਕ ਨੁੱਕਰ ਵੱਲ ਵਧਿਆ। ਉਹਨੇ ਦੋ ਦੋ ਸੇਰ ਦੀਆਂ ਗੁੱਥੀਆਂ ਚੁੱਕ ਕੇ ਪਾਸੇ ਕਰਦਿਆਂ ਕਿਹਾ, "ਆਹ ਲੈ ਕੰਗਣੀ, ਆਹ ਬਾਜਰਾ, ਆਹ ਚੌਲਾਂ ਦਾ ਟੋਟਾ ਤੇ ਆਹ।"

ਪੰਜ ਸੱਤ ਥੈਲੀਆਂ ਅਰਜਨ ਨੇ ਪਾਸੇ ਰਖਵਾ ਲਈਆਂ। ਬੋਝੇ ਵਿਚ ਹੱਥ ਪਾਇਆ ਤਾਂ ਹੱਥਾਂ ਦੇ ਤੋਤੇ ਉੱਡ ਗਏ। ਹੱਥ ਸ਼ਰਮਿੰਦਾ ਹੋਇਆ ਬੋਝੇ ਵਿਚੋਂ ਹੇਠਾਂ ਨਿਕਲ ਗਿਆ। ਸੋਲਾਂ ਰੁਪਏ ਸਨ ਗੰਢ ਦੇ ਪੱਲੇ। ਕਿਸੇ ਨੇ ਮੱਸਿਆ ਵਿਚ ਉਹਦੀ ਗੰਢ ਖਿਸਕਾ ਲਈ ਸੀ। ਨਿਰਾਸ਼ਾ ਵਿਚ ਸਿਰ ਹਿਲਾ ਕੇ ਉਹਨੇ ਆਖਿਆ, "ਸ਼ਾਹ ਜੀ! ਰਹਿਣ ਦਿਓ ਦਾਣਾ। ਕੋਈ ਗੰਢ- ਕੱਪ ਦਾਅ ਲਾ ਗਿਆ ਪੈਸਿਆਂ ਨੂੰ।"

ਉਸਨੇ ਆਪ ਹੀ ਦਾਣੇ ਵਾਲੀਆਂ ਗੁੱਥੀਆਂ ਚੁੱਕ ਕੇ ਟਿਕਾਣੇ ਸਿਰ ਰੱਖਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਮਾਇਆ ਰਾਮ ਕਹਿੰਦਾ, "ਜਵਾਨਾਂ! ਗੁੱਥੀਆਂ ਲੈ ਜਾ। ਪੈਸੇ ਆਪੇ ਆ ਜਾਣਗੇ! ਪੈਸਿਆਂ ਦਾ ਫ਼ਿਕਰ ਨਾ ਕਰ ਤੂੰ।"

ਉਹ ਮਾਇਆ ਰਾਮ ਦੀ ਸਖ਼ਾਵਤ ਤੇ ਦਰਿਆ ਦਿਲੀ 'ਤੇ ਹੈਰਾਨ! ਚੰਗੇ ਭਲੇ ਜਾਣ-ਪਛਾਣ ਵਾਲਿਆਂ ਨੂੰ ਵੀ ਕੋਈ ਛੇਤੀ ਕੀਤੇ ਹੁਧਾਰ ਨਹੀਂ ਦਿੰਦਾ। ਉਸ ਨਾਲ ਤਾਂ ਮਾਇਆ ਰਾਮ ਦੀ ਨਾ ਕੋਈ ਜਾਣ ਨਾ ਪਛਾਣ। ਨਾ ਉਹਦੇ ਪਿੰਡ ਦਾ ਉਹਨੂੰ ਕੋਈ ਥਹੁ ਪਤਾ। ਪਹਿਲੀ ਵਾਰ ਇਕ ਦੂਜੇ ਨੂੰ ਮਿਲੇ।

"ਸ਼ਾਹ ਜੀ! ਦਾਣਾ ਤਾਂ ਮੈਂ ਲੈ ਜਾਊਂ; ਪਰ ਪਹਿਲਾਂ ਮੇਰਾ ਇਕ ਸ਼ੰਕਾ ਨਵਿਰਤ ਕਰੋ।"

"ਪੁੱਛ ਜਵਾਨਾਂ!"

"ਨਾ ਤੁਸੀਂ ਮੈਨੂੰ ਜਾਣੋਂ, ਨਾ ਪਛਾਣੋਂ। ਨਾ ਮੇਰੇ ਅੱਗੇ-ਪਿੱਛੇ ਦਾ ਤੁਹਾਨੂੰ ਕੋਈ ਪਤਾ। ਕੱਲ੍ਹ ਨੂੰ ਮੈਂ ਤੁਹਾਡੇ ਪੈਸੇ ਦੇਣ ਆਵਾਂ ਈ ਨਾ! ਤੁਸੀਂ ਇਹ ਨਹੀਂ ਸੋਚਿਆ ਕਿ ਮੈਨੂੰ ਕਿੱਥੋਂ ਲੱਭੋਗੇ!"

ਮਾਇਆ ਰਾਮ ਖਿਚੜੀ ਮੁੱਛਾਂ 'ਚੋਂ ਮੁਸਕਰਾਇਆ।

"ਜਵਾਨਾਂ! ਮੈਨੂੰ ਪਤੈ ਮੇਰੇ ਇਹ ਪੈਸੇ ਮੁੜ ਆਉਣੇ ਨੇ। ਤੂੰ ਪੁੱਛ ਕਿਉਂ? ਭਲਿਆ-ਮਾਣਸਾ! ਜਿਹੜਾ ਬੰਦਾ ਪੰਛੀਆਂ ਜਨੌਰਾਂ ਨੂੰ ਦਾਣਾ ਪਾਉਂਦੈ, ਉਹ ਮੇਰੇ ਪੈਸੇ ਕਦੀ ਮਾਰ ਈ ਨਹੀਂ ਸਕਦਾ!"

ਮਾਇਆ ਰਾਮ ਦੇ ਚਿਹਰੇ 'ਤੇ ਜਗਦਾ ਸਵੈ-ਵਿਸ਼ਵਾਸ ਉਹਦੇ ਆਪਣੇ ਚਿਹਰੇ 'ਤੇ ਸਵੈ-ਮਾਣ ਦੀ ਆਭਾ ਬਣ ਕੇ ਲਿਸ਼ਕ ਉੱਠਿਆ। ਉਸਨੇ ਅੱਗੇ ਵਧ ਕੇ ਮਾਇਆ ਰਾਮ ਦੇ ਗੋਡਿਆਂ ਨੂੰ ਹੱਥਾਂ ਵਿਚ ਘੁੱਟ ਲਿਆ।

"ਸ਼ਾਹ ਜੀ, ਤੁਹਾਡੇ ਪੈਸੇ ਤਾਂ ਅੱਜ-ਭਲਕ ਵਿਚ ਖ਼ਰੇ ਹੋ ਜਾਣਗੇ। ਪਰ ਜੇ ਅੱਗੋਂ ਕਿਧਰੇ ਜ਼ਿੰਦਗੀ ਵਿਚ ਮੇਰਾ ਕਿਸੇ ਗੱਲੋਂ ਕਦੇ ਬੇਈਮਾਨ ਬਣਨ ਨੂੰ ਜੀਅ ਕੀਤਾ ਵੀ ਤਾਂ ਤੁਹਾਡਾ ਭਰੋਸਾ ਮੈਨੂੰ ਡਿੱਗਦੇ ਨੂੰ ਸੰਭਾਲ ਲਿਆ ਕਰੂ।"

ਮਾਇਆ ਰਾਮ ਦੇ ਬੋਲਾਂ ਨੇ ਪਤਾ ਨਹੀਂ ਉਹਨੂੰ ਕੀ ਕਰ ਦਿੱਤਾ ਸੀ! ਉਹ ਕੁਝ ਹੋਰ ਦਾ ਹੋਰ ਸੋਚੀ ਜਾ ਰਿਹਾ ਸੀ; ਹੋਰ ਦਾ ਹੋਰ ਹੁੰਦਾ ਜਾ ਰਿਹਾ ਸੀ! ਬਾਰ ਬਾਰ ਆਪਣੇ ਆਪ ਨੂੰ ਸਵਾਲ ਕਰਦਾ, "ਕੀ ਮੈਂ ਵਾਕਿਆ ਹੀ ਬੜੇ ਦਰਦਮੰਦ ਦਿਲ ਵਾਲਾ ਹਾਂ! ਕੀ ਮੈਂ ਪੰਛੀਆਂ-ਜਨੌਰਾਂ ਨੂੰ ਇਸੇ ਕਰਕੇ ਚੋਗਾ ਪਾਉਂਦਾ ਹਾਂ ਕਿਉਂਕਿ ਮੈਂ ਉਹਨਾਂ ਨੂੰ ਦਿਲੋਂ ਬੜਾ ਪਿਆਰ ਕਰਦਾ ਹਾਂ ਤੇ ਉਹਨਾਂ ਦੀ ਚੋਗੇ ਦੀ ਲੋੜ ਤੇ ਭੁੱਖ ਮੈਨੂੰ ਆਪਣੀ ਲੋੜ ਤੇ ਭੁੱਖ ਵਾਂਗ ਲੱਗਦੀ ਹੈ! ਕਿ ਕੋਈ ਹੋਰ ਵੀ ਗੱਲ ਹੈ ਇਸ ਪਿੱਛੇ?

ਡੂੰਘੇ ਅੰਦਰੋਂ ਲੱਭ ਕੇ ਉਹਦੇ ਮਨ ਨੇ ਆਖਿਆ, 'ਹੋਰ ਗੱਲ ਵੀ ਹੈ ਇਸਦੇ ਪਿੱਛੇ!'

ਉਹ ਗੱਲ ਹੈ ਕੀ? ਉਸਨੂੰ ਇਸਦਾ ਜਵਾਬ ਅੰਦਰੋਂ ਮਿਲਿਆ ਨਾ।

ਅਗਲੇ ਦਿਨ ਹੀ ਉਹਨੂੰ ਕੁੱਕੜਾਂ ਦੀ ਲੜਾਈ ਲਈ ਲੱਗੀ ਸ਼ਰਤ ਭੁਗਤਾਉਣ ਲਾਗਲੇ ਪਿੰਡ ਜਾਣਾ



ਪੈਣਾ ਸੀ।

ਲੜਾਈ ਲਈ ਉਹਦਾ 'ਲਾਲ ਸਿਰਾ' ਪੂਰੀ ਤਿਆਰੀ ਵਿਚ ਸੀ। ਫ਼ੈਸਲਾ ਦੇਣ ਵਾਲੇ ਪੰਚ ਇਕ ਪਾਸੇ ਵੱਡੇ ਮੰਜਿਆਂ 'ਤੇ ਬੈਠੇ ਸਨ। ਮੁੱਖ ਪੰਚ ਦੀਵਾਨ ਚੰਦ ਦੇ ਹੱਥ ਵਿਚ ਮਘਦੇ ਹੁੱਕੇ ਦੀ ਨੜੀ ਸੀ। ਲੜਾਈ ਕਰਾਉਣ ਵਾਲਾ ਪੰਚ ਸ਼ਹਾਬੁਦੀਨ ਅਖਾੜੇ ਵਿਚਕਾਰ ਖਲੋਤਾ ਸੀ। ਉਸਨੇ ਕੁੱਕੜਾਂ ਦੇ ਮਾਲਕਾਂ ਨੂੰ ਆਵਾਜ਼ ਦਿੱਤੀ। ਦੋਵੇਂ ਮਾਲਕ ਮੈਦਾਨ ਦੇ ਅੱਧ ਵਿਚਕਾਰ ਪਹੁੰਚੇ। ਅਰਜਨ ਨੇ ਲਾਲ-ਸਿਰੇ ਦੀ ਕਲਗੀ ਨੂੰ ਚੁੰਮਿਆਂ, ਉਹਦੀ ਧੌਣ 'ਤੇ ਹੱਥ ਫੇਰਿਆ ਤੇ ਹੱਥੋਂ ਨਿਕਲ ਨਿਕਲ ਜਾਂਦੇ ਜਨੌਰ ਨੂੰ ਲੜਨ ਲਈ ਛੱਡ ਦਿਤਾ।

ਦੋਵੇਂ ਕੁੱਕੜ ਨੀਵੀਆਂ-ਤੇ ਲੰਮੀਆਂ ਧੌਣਾਂ ਕਰਦੇ ਭਲਵਾਨਾਂ ਵਾਂਗ ਦਾਅ ਲਾਉਣ ਲਈ ਗੇੜੀਆਂ ਕੱਢਣ ਲੱਗੇ। ਦੋ-ਤਿੰਨ ਚੱਕਰ ਲਾ ਕੇ ਵਿਰੋਧੀ ਕੁੱਕੜ ਪੈਰ ਜਮਾ ਕੇ ਖਲੋ ਗਿਆ ਤੇ ਇਕ ਪਲ ਲਈ ਲਾਲ-ਸਿਰੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਉਸ 'ਤੇ ਸਿੱਧਾ ਭਰਪੂਰ ਹਮਲਾ ਕਰ ਦਿੱਤਾ। ਲਾਲ-ਸਿਰਾ ਮੁਕਾਬਲੇ ਲਈ ਤਿਆਰ ਸੀ। ਦੋਵੇਂ ਹਵਾ ਵਿਚ ਉੱਛਲੇ। ਜ਼ਮੀਨ 'ਤੇ ਪੈਰ ਲਾਉਂਦਿਆਂ ਲਾਲ-ਸਿਰਾ ਥੋੜ੍ਹਾ ਕੁ ਪਿੱਛੇ ਨੂੰ ਉੱਲਰਿਆ। ਪਰ ਛੇਤੀ ਹੀ ਸੰਭਲ ਗਿਆ। ਅਖਾੜੇ ਵਿਚ ਸ਼ੋਰ ਦੀ ਇਕ ਲਹਿਰ ਉੱਠੀ। ਦੋਵਾਂ ਧਿਰਾਂ ਦੇ ਹਮਾਇਤੀ ਆਪਣੇ ਆਪਣੇ ਪੱਠੇ ਨੂੰ ਲਲਕਾਰ ਰਹੇ ਸਨ। ਭਖੇ ਮੈਦਾਨ ਵਿਚ ਦੋਵੇਂ ਕੁੱਕੜ ਹਟ ਹਟ ਕੇ ਹਮਲਾ ਕਰਦੇ। ਬਰਾਬਰ ਦਾ ਜੋੜ। ਜੇ ਇਕ ਪਲ ਲਈ ਇਕ ਦਾ ਹੱਥ ਉੱਤੇ ਹੁੰਦਾ ਤਾਂ ਦੂਜੇ ਪਲ ਦੂਜਾ ਹਾਵੀ ਹੋ ਜਾਂਦਾ। ਹਵਾ ਵਿਚ ਲਲਕਾਰੇ ਤੇ ਆਵਾਜ਼ਾਂ ਗੂੰਜ ਰਹੀਆਂ ਸਨ। ਯੁੱਧ ਦਾ ਲੰਮਾਂ ਸਮਾਂ। ਦੋਵੇਂ ਇਕ-ਦੂਜੇ 'ਤੇ ਹਟ ਹਟ ਕੇ ਵਾਰ ਕਰਦੇ। ਲੜਦੇ ਲੜਦੇ ਹਵਾ ਵਿਚ ਉੱਛਲਦੇ। ਡਿੱਗਦੇ, ਉੱਠਦੇ ਤੇ ਫਿਰ ਜੁਟ ਪੈਂਦੇ। ਦੋਵੇਂ ਜ਼ਖ਼ਮੀ ਤੇ ਲਹੂ-ਲੁਹਾਣ! ਲੜਾਈ ਦੇ ਅੰਤਮ ਪਲ। ਪਤਾ ਨਹੀਂ ਕੀ ਹੋਇਆ! ਦੋਵਾਂ ਨੇ ਹਟ ਕੇ ਟੱਕਰ ਮਾਰੀ। ਹਵਾ ਵਿਚ ਉੱਛਲੇ ਤੇ ਫਿਰ ਦੋਵੇਂ ਇਕ ਵਾਰਗੀ ਧਰਤੀ 'ਤੇ ਡਿੱਗੇ। ਵਿਰੋਧੀ ਕੁੱਕੜ ਹਰਫ਼ਲਿਆ ਹੋਇਆ ਉੱਠਿਆ ਤੇ ਮੈਦਾਨ ਵਿਚੋਂ ਬਾਹਰ ਭੱਜ ਗਿਆ। 'ਲਾਲ-ਸਿਰਾ' ਅਜੇ ਵੀ ਜ਼ਮੀਨ 'ਤੇ ਵਿਛਿਆ ਪਿਆ ਸੀ।

ਅਰਜਨ ਨੇ ਲਲਕਾਰਾ ਮਾਰਿਆ, "ਉੱਠ ਉਏ ਮੇਰੇ ਸ਼ੇਰ ਬੱਚਿਆ! ਛਾਲ ਮਾਰ। ਐਲੀ ਐਲੀ ਕਰ। ਮੈਦਾਨ ਖਾਲੀ ਹੋ ਗਿਆ ਈ।"

ਜਿੱਤਣ ਲਈ ਜੇਤੂ ਕੁੱਕੜ ਦਾ ਮੈਦਾਨ ਵਿਚ ਖੜ੍ਹਾ ਹੋਣਾ ਲਾਜ਼ਮੀ ਸੀ। 'ਲਾਲ-ਸਿਰੇ' ਨੇ ਉਹਦੀ ਲਲਕਾਰ ਸੁਣੀ। ਉੱਠ ਕੇ ਖੰਭ ਫੜਫੜਾਏ। ਲੰਗੜਾਉਂਦਾ ਹੋਇਆ ਏਧਰ ਓਧਰ ਨਜ਼ਰ ਦੌੜਾ ਕੇ ਦੁਸ਼ਮਣ ਨੂੰ ਲੱਭਣ ਲੱਗਾ।

ਓਧਰ ਉਹਦੀ ਜਿੱਤ ਦਾ ਐਲਾਨ ਹੋਇਆ; ਓਧਰ ਲੜਖੜਾ ਕੇ ਤੁਰਦੇ ਲਾਲ-ਸਿਰੇ ਨੂੰ ਅਰਜਨ ਨੇ ਭੱਜ ਕੇ ਜਾ ਚੁੱਕਿਆ ਤੇ ਆਪਣੇ ਗਲ਼ ਨਾਲ ਘੁੱਟ ਲਿਆ। ਉਸਨੇ ਉਹਦੀ ਜ਼ਖ਼ਮੀ ਧੌਣ 'ਤੇ ਹੱਥ ਫੇਰਿਆ। ਹੱਥ ਲਹੂ ਵਿਚ ਭਿੱਜ ਗਿਆ। ਤ੍ਰਿਪ! ਤ੍ਰਿਪ! ਉਹਦਾ ਚਿੱਟਾ ਕੁੜਤਾ ਵੀ ਲਾਲ ਹੋ ਗਿਆ। ਸਹਿਮ ਕੇ ਉਸਨੇ ਲਾਲ-ਸਿਰੇ ਦੇ ਮੂੰਹ ਵੱਲ ਵੇਖਿਆ। ਲਾਲ-ਸਿਰੇ ਨੇ ਪੀਲੀਆਂ ਭੂਰੀਆਂ ਪਲਕਾਂ ਵਿਚੋਂ ਅਰਜਨ ਵੱਲ ਵੇਖਿਆ। ਤੇ ਫਿਰ ਜਿਵੇਂ ਉਹਦੀਆਂ ਅੱਖਾਂ ਅੱਗੇ ਭੰਬੂ-ਤਾਰੇ ਨੱਚਣ ਲੱਗੇ ਹੋਣ। ਉਹਦੀਆਂ ਖੁੱਲ੍ਹੀਆਂ ਅੱਖਾਂ ਕੰਬਦੀਆਂ ਕੰਬਦੀਆਂ ਹੌਲੀ ਹੌਲੀ ਮਿਚਣ ਲੱਗੀਆਂ ਤੇ ਅਗਲੇ ਪਲ ਉਹ ਅਰਜਨ ਦੀਆਂ ਬਾਹਵਾਂ ਵਿਚ ਲੁੜ੍ਹਕ ਗਿਆ।

"ਉਹ ਮੇਰਿਆ ਰੱਬਾ!" ਅਰਜਨ ਨੇ ਧਾਹ ਮਾਰਨ ਵਰਗੀ ਆਵਾਜ਼ ਕੱਢੀ।

ਦੁਖ-ਸੁਖ ਦਾ ਕੇਹਾ ਅਜੀਬ ਸੁਮੇਲ ਸੀ! ਅਰਜਨ ਨੂੰ ਵਧਾਈਆਂ ਵੀ ਮਿਲ ਰਹੀਆਂ ਸਨ; ਆਖ਼ਰ ਉਹ ਸੌ ਰੁਪਏ ਦੀ ਸ਼ਰਤ ਜਿੱਤਿਆ ਸੀ ਤੇ ਇਹ ਕੋਈ ਛੋਟੀ ਰਕਮ ਨਹੀਂ ਸੀ! ਪਰ ਨਾਲ ਹੀ ਉਸ ਨਾਲ 'ਲਾਲ-ਸਿਰੇ' ਦੀ ਮੌਤ ਦਾ ਅਫ਼ਸੋਸ ਵੀ ਸਾਂਝਾ ਕੀਤਾ ਜਾ ਰਿਹਾ ਸੀ।

ਅਰਜਨ ਨੇ ਲਾਲ-ਸਿਰੇ ਦੀ ਲੋਥ ਹਿੱਕ ਨਾਲ ਘੁੱਟੀ ਤੇ ਪੱਗ ਦੇ ਲੜ ਨਾਲ ਅੱਖਾਂ ਪੂੰਝਦਾ ਅਖਾੜੇ 'ਚੋਂ ਬਾਹਰ ਨਿਕਲਣ ਲੱਗਾ। ਮੁੱਖ ਪੰਚ ਦੀਵਾਨ ਚੰਦ ਨੇ ਅੱਗੇ ਵਧ ਕੇ ਵਧਾਈ ਦਿੰਦਿਆਂ ਤੇ ਉਸਦੇ ਹੱਥ ਵਿਚ ਸੌ ਦਾ ਨੋਟ ਫੜਾਉਂਦਿਆਂ ਦੁੱਖ ਸਾਂਝਾ ਕੀਤਾ, "ਅਰਜਨ ਸਿਆਂ! ਤੇਰਾ 'ਲਾਲ ਸਿਰਾ' ਤਾਂ ਭਰਾਵਾ ਵੱਡੇ ਵੱਡੇ ਰਣਾਂ ਦਾ ਜੇਤੂ ਸੀ। ਇਹੋ ਜਿਹੇ ਸ਼ੇਰ ਕਿਤੇ ਰੋਜ਼ ਰੋਜ਼ ਜੰਮਦੇ ਨੇ!"

"ਨਹੀਂ ਚਾਚਾ! ਮੈਂ ਆਪਣੇ ਪੁੱਤ ਦੀ ਮੌਤ ਦਾ ਮੁੱਲ ਨਹੀਂ ਲੈਣਾ!"

ਉਸਨੇ ਨੋਟ ਵਾਪਸ ਮੋੜਦਿਆਂ ਕਿਹਾ, "ਜਿਧਰ ਗਈਆਂ ਬੇੜੀਆਂ ਓਧਰ ਗਏ ਮਲਾਹ! ਜਿੱਥੇ ਇਹ ਗਿਆ, ਓਧਰ ਗਈਆਂ ਇਹਦੀਆਂ ਜਿੱਤੀਆਂ ਸ਼ਰਤਾਂ!"

ਦੀਵਾਨ ਚੰਦ ਨੇ ਨੋਟ ਉਹਦੇ ਬੋਝੇ ਵਿਚ ਤੁੰਨ ਦਿੱਤਾ।

ਉਹ ਆਪਣੀ ਢਾਣੀ ਨਾਲ ਪਿੰਡ ਨੂੰ ਤੁਰ ਪਿਆ। ਉਹਦੇ ਸਾਥੀ ਫ਼ੱਜੇ ਤੇਲੀ ਨੇ ਆਖਿਆ, "ਸਰਦਾਰ! ਆਪਣਾ ਲਾਲ-ਸਿਰਾ ਮੈਦਾਨ ਵਿਚ ਸ਼ਹੀਦ ਹੋ ਗਿਆ। ਰਣ-ਤੱਤੇ ਦਾ ਸੂਰਮਾ! ਇਹਦੀ ਤਾਂ ਯਾਦਗਾਰੀ ਸਮਾਧੀ ਬਣਾਉਣੀ ਚਾਹੀਦੀ ਹੈ।"

"ਓਏ ਚੱਲ ਓਏ ਬਿੱਜੂਆ ਜਿਹਾ। ਮੂੰਹ ਨਾ ਚੰਗਾ ਹੋਵੇ ਤਾਂ ਬੰਦਾ ਗੱਲ ਤਾਂ ਚੱਜ ਦੀ ਕਰੇ। ਜਾ ਕੇ ਮਸਾਲਾ ਲਾ ਕੇ ਭੁੰਨ ਕੇ ਖਾਂਦੇ ਆਂ। ਸੌ ਦਾ ਖੜ ਖੜ ਕਰਦਾ ਨੋਟ ਜੱਟ ਦੇ ਬੋਝੇ 'ਚ ਆ। ਠੇਕੇ ਦੀਆਂ ਦੋ ਬੋਤਲਾਂ ਲੈਂਦੇ ਜਾਂਦੇ ਆਂ। ਜਸ਼ਨ ਹੋਊ ਅੱਜ ਤਾਂ।" ਅਰਜਨ ਦੇ ਚਚੇਰੇ ਭਰਾ ਪ੍ਰੀਤੂ ਨੇ ਫ਼ੱਜੇ ਨੂੰ ਝਿੜਕਿਆ ਤਾਂ ਅਰਜਨ ਨੇ ਲਾਲ ਗਹਿਰੀਆਂ ਅੱਖਾਂ ਨਾਲ ਉਸ ਵੱਲ ਘੂਰ ਕੇ ਵੇਖਿਆ।

ਫਿਰ ਨਹੀਂ ਸਾਰੇ ਰਾਹ ਕਿਸੇ ਨੇ ਗੱਲ ਕੀਤੀ।

ਘਰ ਜਾ ਕੇ ਚਿੱਟੇ ਲੱਠੇ ਦੇ ਨਵੇਂ ਕੱਪੜੇ ਵਿਚ 'ਲਾਲ-ਸਿਰੇ' ਨੂੰ ਲਪੇਟਿਆ ਤੇ ਹਵੇਲੀ ਦੀ ਇਕ ਨੁੱਕਰੇ ਟੋਆ ਪੁੱਟ ਕੇ ਉਸਨੂੰ ਜ਼ਮੀਨ ਵਿਚ ਨੱਪ ਦਿੱਤਾ। ਉਸਦੀ ਨਵੀਂ ਬਣੀ 'ਸਮਾਧ' ਦੇ ਸਿਰਹਾਣੇ ਬਹਿੰਦਿਆਂ ਅਰਜਨ ਨੇ ਪੁੱਠੇ ਹੱਥ ਨਾਲ ਸਭ ਨੂੰ ਤੁਰ ਜਾਣ ਦਾ ਇਸ਼ਾਰਾ ਕੀਤਾ। ਫ਼ੱਜਾ ਉਹਦੇ ਮੋਢੇ ਨੂੰ ਘੁੱਟ ਕੇ ਉਹਦੇ ਕੋਲ ਹੀ ਬਹਿ ਗਿਆ।

"ਫ਼ੱਜਿਆ! ਮੈਨੂੰ ਕੱਲ੍ਹ ਪੰਡਤ ਮਾਇਆ ਰਾਮ ਨੇ ਜਿਹੜੀ ਗੱਲ ਆਖੀ ਸੀ ਉਹਦੀ ਸੋਝੀ ਤਾਂ ਮੈਨੂੰ ਹੁਣ ਆਈ ਏ। ਉਹ ਸ਼ਾਇਦ ਮੈਨੂੰ ਬੜਾ ਦਿਆਲੂ ਤੇ ਦਇਆਵਾਨ ਸਮਝਦਾ ਸੀ। ਪਰ ਮੇਰਾ ਕੰਮ ਤਾਂ ਹੈ ਸੀ ਸ਼ਰਤਾ ਲਾਉਣੀਆਂ ਤੇ ਜਿੱਤਣੀਆਂ! ਵਧਾਈਆਂ ਲੈਣਾ, ਜਿੱਤ ਦੇ ਜਸ਼ਨ ਮਨਾਉਣਾ। ਵਧੀਆ ਜਨੌਰ ਪਾਲਣ ਦੀ ਸਰਦਾਰੀ ਦਾ ਮਾਣ ਕਰਨਾ ਤੇ ਨਾਲ ਲੋਕਾਂ ਦੀ ਬੱਲੇ! ਬੱਲੇ! ਸੁਣ ਕੇ ਖ਼ੁਸ਼ ਹੋਣਾ! ਇਹ ਸੀ 'ਉਹ ਹੋਰ ਗੱਲ' ਜਿਸਦੀ ਮੈਨੂੰ ਸਮਝ ਨਹੀਂ ਸੀ ਪਈ! ਪਰ ਸ਼ਰਤਾਂ ਨਿਭਾਉਂਦੇ ਆਪਣੇ ਜਨੌਰਾਂ ਦਾ ਹੁੰਦਾ ਘਾਣ ਤੇ ਉਹਨਾਂ ਦੀ ਤਕਲੀਫ਼ ਮੈਂ ਕਦੀ ਇਸਤਰ੍ਹਾਂ ਮਹਿਸੂਸ ਨਹੀਂ ਸੀ ਕੀਤੀ। ਸ਼ਾਇਦ ਮਹਿਸੂਸ ਤਾਂ ਮੈਂ ਕਰਦਾ ਸਾਂ ਪਰ--"

ਮਾਇਆ ਰਾਮ ਦੀ ਗੱਲ ਨੇ ਉਸਨੂੰ ਹੋਰ ਹੀ ਪਾਸੇ ਸੋਚਣ ਲਾ ਦਿੱਤਾ ਸੀ। ਉਹਨੂੰ ਲੱਗਾ; ਉਹ ਮਾਇਆ ਰਾਮ ਅੱਗੇ ਪੂਰਾ ਸੱਚਾ ਨਹੀਂ! ਉਹ ਨਿਰਸਵਾਰਥ ਹੋ ਕੇ ਨਹੀਂ ਸੀ ਪੰਛੀਆਂ ਜਨੌਰਾਂ ਨੂੰ ਚੋਗਾ ਪਾਉਂਦਾ। ਇਸ ਪਿੱਛੇ ਤਾਂ ਉਸਦਾ ਆਪਣਾ ਲਾਲਚ ਸੀ। ਆਪਣਾ ਮਕਸਦ। ਉਹਦੇ 'ਪਹਿਲਵਾਨ' ਸਰੀਰੋਂ ਤਕੜੇ ਰਹਿਣ ਤੇ ਜਿੱਤਾਂ ਤੇ ਮੱਲਾਂ ਮਾਰ ਕੇ ਆਉਣ। ਉਹ ਏਡਾ ਦਿਆਲੂ ਤੇ ਦਇਆਵਾਨ ਕਿੱਥੇ ਸੀ!

ਅਗਲੇ ਦਿਨ ਸਵੇਰੇ ਹੀ ਲੱਸੀ-ਪਾਣੀ ਪੀ ਕੇ ਉਹ ਤੇ ਫ਼ੱਜਾ ਘੋੜੀ ਲੈ ਕੇ ਮਾਇਆ ਰਾਮ ਦਾ ਕਰਜ਼ ਲਾਹੁਣ ਝਬਾਲ ਨੂੰ ਤੁਰ ਪਏ। ਮਾਇਆ ਰਾਮ ਦਾ ਹੁਦਾਰ ਉਹਦੇ ਹੱਥ ਫੜਾ ਕੇ ਅਤੇ 'ਲਾਲ-ਸਿਰੇ' ਦੀ ਮੌਤ ਦੀ ਕਹਾਣੀ ਸੁਣਾ ਕੇ ਅਰਜਨ ਕਹਿੰਦਾ, "ਸ਼ਾਹ ਜੀ! ਤੁਸੀਂ ਤਾਂ ਮੈਨੂੰ ਬੜੇ ਦਰਦਮੰਦ ਦਿਲ ਵਾਲਾ ਬੰਦਾ ਸਮਝਿਆ ਸੀ, ਜਿਹੜਾ ਜਨੌਰਾਂ ਨੂੰ ਰੱਬ ਦੇ ਜੀਅ ਸਮਝ ਕੇ ਦਾਣਾ ਪਾਉਂਦਾਂ; ਪਰ ਮੈਂ ਤਾਂ ਅਸਲ ਵਿਚ ਧੁਰ ਅੰਦਰੋਂ ਕਿਤੇ ਜ਼ਾਲਮ ਸਾਂ। ਸੱਚੀ ਪੁੱਛਦੇ ਓ; ਮੈਂ ਤਾਂ ਕਾਤਲ ਆਂ ਆਪਣੇ 'ਲਾਲ-ਸਿਰੇ' ਦਾ। ਤੁਹਾਡੇ ਪੈਰਾਂ ਦੀ ਸਹੁੰ। ਜਨੌਰਾਂ ਨੂੰ ਦਾਣਾ ਤਾਂ ਪਾਊਂ, ਪਰ ਸ਼ਰਤਾਂ ਤੇ ਮੁਕਾਬਲੇ ਅੱਗੋਂ ਤੋਂ ਸਦਾ ਲਈ ਬੰਦ।"

ਫਿਰ ਕਈ ਦਹਾਕੇ ਬੀਤ ਗਏ, ਉਹ ਗੱਭਰੂ-ਜਵਾਨ ਤੋਂ ਬਾਬਾ ਬਣ ਗਿਆ। ਸ਼ਰਤਾਂ ਲਾਉਣੀਆਂ ਤਾਂ ਦੂਰ ਉਸਨੇ ਪੰਛੀ, ਜਨੌਰ ਰੱਖਣੇ ਹੀ ਬੰਦ ਕਰ ਦਿੱਤੇ ਪਰ ਉਹਨਾਂ ਨੂੰ ਦਾਣਾ ਪਾਉਣਾ ਨਾ ਛੱਡਿਆ। ਉਸਨੇ ਹਵੇਲੀ ਵਿਚ ਵੀ ਪਾਣੀ ਦਾ ਵੱਡਾ ਕੁੱਜਾ ਇਕ ਨੁੱਕਰੇ ਰੱਖਿਆ ਹੋਇਆ ਸੀ ਤੇ ਸਵੇਰੇ ਸ਼ਾਮ ਓਥੇ ਜਾਨਵਰਾਂ ਲਈ ਦਾਣਾ ਖਿਲਾਰਦਾ ਸੀ। ਚਿੜੀਆਂ, ਗੁਟਾਰਾਂ, ਘੁੱਗੀਆਂ ਉਸਦੇ ਦੁਆਲੇ ਬੇਖ਼ੌਫ਼ ਹੋ ਕੇ ਟਪੂਸੀਆਂ ਮਾਰਦੀਆਂ। ਦਾਣਾ ਚੁਗਦੀਆਂ। ਕਦੀ ਕਦੀ ਕੋਈ ਉਹਦੇ ਮੋਢੇ ਤੇ ਹੱਥਾਂ 'ਤੇ ਵੀ ਆ ਬੈਠਦੀ। ਖੇਤਾਂ ਵਿਚ ਵੀ ਬੰਬੀ ਵਾਲੇ ਕੋਠੇ



ਵਿਚ ਉਸਨੇ ਦਾਣਿਆਂ ਵਾਲਾ ਕੁੱਜਾ ਏਸੇ ਮਕਸਦ ਲਈ ਰੱਖਿਆ ਹੋਇਆ ਸੀ। ਪੁੱਤ ਪੋਤਰੇ ਕਹਿੰਦੇ ਸਨ ਕਿ ਬਾਪੂ ਤਾਂ ਫ਼ਸਲਾਂ ਦਾ ਨਾਸ ਮਾਰਨ ਲਈ ਜਨੌਰਾਂ ਨੂੰ ਆਪ 'ਰੋਟੀ ਵਰਜਦੈ!'

ਪਰ ਉਹ ਹੱਸ ਕੇ ਆਖਦਾ, "ਏਹਨਾਂ ਜਨੌਰਾਂ ਦੇ ਪੈਰਾਂ ਪਿੱਛੇ ਈ ਰੱਬ ਸਾਨੂੰ ਰੋਟੀ ਦਿੰਦੈ।"

-ਉਹਨੇ ਮੁੱਠ ਵਿਚ ਰਹਿ ਗਏ ਦਾਣੇ ਵੀ ਚੁਬੱਚੇ ਦੀ ਬੰਨੀ 'ਤੇ ਖਿਲਾਰ ਦਿੱਤੇ ਤੇ ਚਿੜੀਆਂ ਨੂੰ ਚੋਗ ਚੁਗਦਿਆਂ ਵੇਖ ਡੂੰਘੀ ਉਦਾਸੀ ਵਿਚ ਡੁੱਬ ਗਿਆ।

ਮੁੰਡੇ ਸ਼ਾਇਦ ਉਹਨੂੰ ਹੀ ਮਾਰਨ ਆਏ ਸਨ ਪਰ ਪਤਾ ਨਹੀਂ ਕਿਉਂ ਛੱਡ ਗਏ! ਇਸੇ ਗੁਰਜੀਤ ਨੇ, ਜਿਹੜਾ ਹੁਣ ਸਵੈ-ਸਿਰਜਤ 'ਲੈਫ਼ਟੀਨੈਂਟ ਜਨਰਲ' ਬਣਿਆਂ ਹੋਇਆ ਸੀ, ਆਪਣੇ ਦਸਤਖ਼ਤਾਂ ਵਾਲੇ ਪੈਡ 'ਤੇ ਮਾਇਆ ਰਾਮ ਦੇ ਕਤਲ ਦੀ ਜ਼ਿੰਮੇਵਾਰੀ ਓਟੀ ਸੀ। ਨੱਬੇ ਸਾਲ ਦਾ ਬੁੱਢਾ ਮਾਇਆ ਰਾਮ ਮਾਰ ਕੇ ਉਹ ਬੜੀ ਸਰਹੰਦ ਫ਼ਤਹਿ ਕੀਤੀ ਸਮਝਦੇ ਸਨ! ਮਾਇਆ ਰਾਮ ਦੀ ਅਗਲੀ ਔਲਾਦ ਨੇ ਵੀ ਬਥੇਰੀ ਕਮਾਈ ਕੀਤੀ ਸੀ। ਸ਼ੈਲਰ ਲਾ ਲਏ ਸਨ। ਕੱਪੜੇ ਦੀ ਵੱਡੀ ਦੁਕਾਨ ਚੱਲਦੀ ਸੀ। ਹੋਰ ਕਾਰੋਬਾਰ ਵੀ ਸਨ। ਇਹਨਾਂ ਨੇ ਮਾਇਆ ਰਾਮ ਨੂੰ ਅਗਵਾ ਕਰ ਲਿਆ ਸੀ। ਪੰਜ ਲੱਖ ਮੰਗਦੇ ਸਨ। 'ਸਮੇਂ ਸਿਰ' ਪੈਸੇ ਨਾ ਪਹੁੰਚੇ ਤੇ ਵਿਚਾਰਾ ਮਾਇਆ ਰਾਮ!

ਕੱਲ੍ਹ ਦੀ ਅਖ਼ਬਾਰ ਵਿਚ ਲਹੂ ਵਿਚ ਭਿੱਜੀ ਮਾਇਆ ਰਾਮ ਦੀ ਲਾਸ਼ ਦੀ ਤਸਵੀਰ ਵੇਖ ਕੇ ਅਤੇ ਉਹਦੀ ਮੌਤ ਦੀ ਜ਼ਿੰਮੇਵਾਰੀ ਲੈਂਦੀ 'ਲੈਫ਼ਟੀਨੈਂਟ ਜਨਰਲ' ਗੁਰਜੀਤ ਸਿੰਘ ਦੀ ਚਿੱਠੀ ਦਾ ਹਵਾਲਾ ਪੜ੍ਹ ਕੇ ਅਰਜਨ ਸਿੰਘ ਬੌਂਦਲ ਗਿਆ ਸੀ। ਮਾਇਆ ਰਾਮ ਅਜੇ ਵੀ ਮੁਸਕੜੀਆਂ ਵਿਚ ਹੱਸਦਾ ਉਸਨੂੰ ਕਹਿ ਰਿਹਾ ਸੀ, "ਜਿਹੜਾ ਬੰਦਾ ਪੰਛੀਆਂ ਜਨੌਰਾਂ ਨੂੰ ਦਾਣਾ ਪਾਉਂਦੈ, ਉਹ ਮੇਰੇ ਪੈਸੇ ਕਦੀ ਮਾਰ ਈ ਨਹੀਂ ਸਕਦਾ!"

"ਤੇ ਜਿਹੜਾ ਕੋਈ ਗੁਰੂ ਦਾ ਸਿੰਘ ਅਖਵਾਏ, ਉਹਦਾ ਦੱਸਿਆ ਬਾਣਾ ਪਾਏ, ਉਹਦੀ ਬਾਣੀ ਦਾ ਪਾਠ ਕਰੇ ਤੇ ਫਿਰ ਤੈਨੂੰ ਹੀ ਮਾਰ ਦਏ ਮਾਇਆ ਰਾਮਾ, ਗੁਰੂ ਦੇ ਸਿੱਖ ਨੂੰ! ਉਹ ਗੁਰੂ ਦਾ ਕੀ ਲੱਗਦਾ ਏ!"

ਉਹਦੇ ਅੰਦਰੋਂ ਹਉਕਾ ਨਿਕਲਿਆ।

ਉਹਨਾਂ ਨੇ ਉਹਦੇ ਇਸ਼ਟ ਦਾ ਕਤਲ ਕਰ ਦਿੱਤਾ ਸੀ।

ਪਹਿਲੀਆਂ ਦੋ ਮਿਲਣੀਆਂ ਤੋਂ ਬਾਅਦ ਉਹ ਮਾਇਆ ਰਾਮ ਦਾ ਮੁਰੀਦ ਹੋ ਗਿਆ ਸੀ।

"ਸ਼ਾਹ ਜੀ! ਤੁਸੀਂ ਮੈਨੂੰ ਦੁਨੀਆਂ ਨੂੰ ਵੇਖਣ ਵਾਲੀ ਨਵੀਂ ਨਜ਼ਰ ਦਿੱਤੀ ਹੈ। ਤੁਸੀਂ ਮੇਰੇ ਗੁਰੂ ਓ।"

"ਰਾਮ ਰਾਮ ਕਹੁ ਸਰਦਾਰ ਅਰਜਨ ਸਿਆਂ! ਮੈਂ ਪਾਪੀ ਬੰਦਾ। ਤੱਕੜੀ ਨੂੰ ਠੂੰਗਾ ਮਾਰਨ ਵਾਲਾ। ਛੋਟੀਆਂ ਮੋਟੀਆਂ ਬੇਈਮਾਨੀਆਂ ਕਰਨ ਵਾਲਾ। ਏਨਾ ਭਾਰ ਨਾ ਮੇਰੇ ਸਿਰ 'ਤੇ ਚਾੜ੍ਹ।"

ਪਰ ਅਰਜਨ ਸਿੰਘ ਦੇ ਮਨ ਵਿਚ, ਸਾਲਾਂ ਦੇ ਸਾਲ ਬੀਤ ਗਏ, ਮਾਇਆ ਰਾਮ ਦੀ ਕਦਰ ਜਿਉਂ ਦੀ ਤਿਉਂ ਕਾਇਮ ਸੀ। ਉਹ ਜਦੋਂ ਵੀ ਕਦੀ ਦੋਂਹ ਚਹੁੰ-ਮਹੀਨੀਂ ਓਧਰ ਲੰਘਦਾ, ਉਚੇਚਾ ਮਾਇਆ ਰਾਮ ਦੇ ਗੋਡਿਆਂ ਨੂੰ ਹੱਥ ਲਾ ਕੇ ਆਉਂਦਾ।

ਅਰਜਨ ਸਿੰਘ ਆਖਦਾ ਹੁੰਦਾ ਸੀ ਕਿ ਉਸਦਾ ਗੁਰੂ, ਉਸਦਾ ਇਸ਼ਟ ਤਾਂ ਟੋਟੇ ਟੋਟੇ ਹੋ ਕੇ ਛੋਟੇ ਛੋਟੇ ਟੁਕੜਿਆਂ ਵਿਚ ਸਾਰੇ ਬੰਦਿਆਂ ਵਿਚ ਬੈਠਾ ਹੋਇਆ ਹੈ।

ਅੱਜ ਇਹਨਾਂ 'ਗੁਰੂ ਦੇ ਸਿੰਘਾਂ' ਨੇ ਮਾਇਆ ਰਾਮ ਦੇ ਅੰਦਰ ਬੈਠਾ ਅਰਜਨ ਸਿੰਘ ਦੇ 'ਗੁਰੂ' ਦਾ ਇਕ ਹਿੱਸਾ ਕਤਲ ਕਰ ਦਿੱਤਾ ਸੀ।

ਉਸਨੇ ਤੁਰੇ ਜਾਂਦੇ 'ਜਰਨੈਲ' ਦੇ ਹੱਥ ਵਿਚ ਫੜੀ ਸਟੇਨ 'ਤੇ ਨਜ਼ਰ ਮਾਰੀ ਤਾਂ ਮਾਇਆ ਰਾਮ ਤੜਫ਼ਦਾ ਦਿਖਾਈ ਦਿੱਤਾ। 'ਬਾਜ਼' 'ਚਿੜੀਆਂ' ਨੂੰ 'ਤੋੜ' ਰਹੇ ਸਨ। ਉਹਦੇ ਆਸੇ ਪਾਸੇ ਮਾਇਆ ਰਾਮ ਦੀ ਮੌਤ 'ਤੇ ਵੈਣ ਪਾਉਂਦੀਆਂ ਚਿੜੀਆਂ ਚਿਚਲਾ ਰਹੀਆਂ ਸਨ।

ਉਹਦੇ ਅੰਦਰੋਂ ਹਾਅ ਵਰਗਾ ਹਉਕਾ ਨਿਕਲਿਆ, "ਸੱਚਿਆ ਪਾਤਸ਼ਾਹ! ਇਹ ਕੇਹਾ ਸਿਤਮ ਏਂ ਕਿ ਬਾਜ਼ ਤੇਰਾ ਹੀ ਨਾਂ ਲੈ ਲੈ ਕੇ ਤੇਰੀਆਂ ਚਿੜੀਆਂ ਨੂੰ ਤੋੜ ਰਹੇ ਨੇ!"

ਉਹਨਾਂ ਦੇ ਕਾਬੂ ਆਏ ਮਾਇਆ ਰਾਮ ਨੂੰ ਜਦੋਂ 'ਲੈਫ਼ਟੀਨੈਂਟ ਜਨਰਲ' ਦੇ ਨਾਂ ਦਾ ਪਤਾ ਲੱਗਾ ਸੀ ਤਾਂ ਉਸਨੂੰ ਉਹਦਾ ਪਿੰਡ ਵੀ ਪਤਾ ਲੱਗ ਗਿਆ ਸੀ। ਅਖ਼ਬਾਰਾਂ ਵਿਚ ਦੂਜੇ ਚੌਥੇ ਦਿਨ ਉਹਦਾ ਨਾਂ ਅਖ਼ਬਾਰਾਂ ਵਿ ਛਪਦਾ ਹੀ ਤਾਂ ਰਹਿੰਦਾ ਸੀ। ਮਾਇਆ ਰਾਮ ਨੇ ਉਸਨੂੰ ਓਸੇ ਪਿੰਡ ਦਾ ਜਾਣ ਕੇ ਅਰਜਨ ਸਿੰਘ ਦੀ ਪਛਾਣ ਅ ਮਿੱਤਰਤਾ ਦਾ ਵੀ ਵਾਸਤਾ ਪਾਇਆ ਸੀ। ਗੁਰਜੀਤ ਸਿੰਘ ਨੇ ਉਦੋਂ ਜ਼ਹਿਰੀ ਹਾਸਾ ਹੱਸਦਿਆਂ ਕਿਹਾ ਸੀ, "ਕੋਈ ਗੱਲ ਨਹੀਂ; ਉਹਨੂੰ ਪਾਗ਼ਲ ਬੁੱਢੇ ਨੂੰ ਵੀ ਤੇਰੀ ਫ਼ਤਹਿ ਬੁਲਾ ਆਵਾਂਗੇ।"

ਕਮਾਦ ਦੇ ਓਹਲੇ ਹੋਣ ਤੋਂ ਪਹਿਲਾਂ ਬਿੱਲੂ ਨੇ ਧੌਣ ਭੁਆ ਕੇ ਉੱਚੀ ਆਵਾਜ਼ ਵਿਚ ਆਖਿਆ, "ਬਾਬਾ ਮਾਇਆ ਰਾਮ ਮਰਨ ਤੋਂ ਪਹਿਲਾਂ ਤੈਨੂੰ 'ਆਪਣੀ ਰਾਮ ਰਾਮ' ਬੁਲਾਉਂਦਾ ਸੀ!"

ਤਿੱਖਾ ਤੀਰ ਖੁਭ ਗਿਆ ਉਸਦੇ ਕਲੇਜੇ ਵਿਚ!

"ਓਹ! ਜ਼ਾਲਮੋ!! ਮੈਨੂੰ ਏਹੋ ਗੋਲੀ ਮਾਰਨ ਆਏ ਸਾਓ ਏਥੇ!"

-ਕਲੇਜਾ ਘੁੱਟ ਕੇ ਉਹ ਕਣਕ ਦੇ ਕਿਆਰੇ ਦਾ ਪਾਣੀ ਵੇਖਣ ਤੁਰ ਪਿਆ। ਹੋਰ ਪੰਜ ਕੁ ਮਿੰਟ ਤਕ ਕਿਆਰਾ ਬੰਨੇ ਲੱਗ ਜਾਣਾ ਸੀ।

ਅਚਨਚੇਤ ਵੇਖਿਆ; ਉਹਨਾਂ ਦੇ ਖੇਤਾਂ ਨੂੰ ਆਉਂਦੀ ਕੱਚੀ ਸੜਕ 'ਤੇ ਪੁਲਿਸ ਦੀਆਂ ਦੋ ਜੀਪਾਂ ਧੂੜ ਉਡਾਉਂਦੀਆਂ ਆ ਰਹੀਆਂ ਸਨ। ਬੰਬੀ ਕੋਲ ਆ ਕੇ ਜੀਪਾਂ ਰੁਕ ਗਈਆਂ ਤੇ ਪੁਲਿਸ ਤੇ ਸੀ ਆਰ ਪੀ ਦੀ ਧਾੜ ਦੀ ਧਾੜ ਬਾਹਰ ਨਿਕਲ ਕੇ ਉਸ ਵੱਲ ਵਧੀ। ਕੋਲ ਆ ਕੇ ਥਾਣੇਦਾਰ ਕਹਿਣ ਲੱਗਾ:

"ਸਾਨੂੰ ਪੱਕੀ ਸੂਹ ਮਿਲੀ ਏ ਕਿ ਮੁੰਡੇ ਏਧਰ ਆਏ ਨੇ। ਤੇਰੀ ਬੰਬੀ 'ਤੇ ਨਹਾਉਂਦਿਆਂ ਵੇਖੇ ਨੇ ਕਿਸੇ ਨੇ। ਪੰਜ ਮਿੰਟ ਨਹੀਂ ਹੋਏ ਅਜੇ ਇਸ ਗੱਲ ਨੂੰ। ਬੁੱਢਿਆ! ਬੰਦਾ ਬਣ ਕੇ ਦੱਸ ਦੇ ਕਿੱਥੇ ਲੁਕਾਏ ਈ?"

ਅਰਜਨ ਸਿੰਘ ਦੇ ਸਿਰ ਨੂੰ ਗੁੱਸੇ ਦੀ ਕਾਂਗ ਚੜ੍ਹੀ, "ਬੰਦਾ ਤਾਂ ਮੈਂ ਸਾਰੀ ਉਮਰ ਬਣਨ ਦੀ ਕੋਸ਼ਿਸ਼ ਵਿਚ ਲੱਗਾ ਰਿਹਾਂ ਪਰ ਬੰਦਾ ਬਣਿਆਂ ਈ ਨਹੀਂ ਜਾ ਸਕਿਆ। ਪਰ ਸਰਦਾਰਾ! ਬੰਦਿਆਂ ਵਾਲੀ ਜ਼ਬਾਨ 'ਚ ਗੱਲ ਕਰਨੀ ਤੈਨੂੰ ਵੀ ਨਹੀਂ ਆਉਂਦੀ। ਮੈਂ ਵੀ ਗੁਰੂ ਦਾ ਸਿੱਖ ਆਂ ਤੇ ਵੇਖਣ ਨੂੰ ਤਾਂ ਤੂੰ ਵੀ ਇੰਝ ਈ ਲੱਗਦੈਂ। ਇਕ ਬਜ਼ੁਰਗ ਨਾਲ, ਜਿਹੜਾ ਦਸ ਸਾਲ ਪਿੰਡ ਦਾ ਸਰਪੰਚ ਵੀ ਰਿਹਾ ਹੋਵੇ, ਗੱਲ-ਬਾਤ ਕਰਨ ਦਾ ਇਹ ਕਿਹੜਾ ਸਲੀਕਾ ਤੇ ਕਿਹੜਾ ਤਰੀਕਾ ਏ ਭਾਈ!"

ਥਾਣੇਦਾਰ ਕੋਈ ਨਵਾਂ ਹੀ ਆਇਆ ਲੱਗਦਾ ਸੀ, ਜਿਹੜਾ ਅਰਜਨ ਸਿੰਘ ਦਾ ਜਾਣੂ ਨਹੀਂ ਸੀ। ਅਰਜਨ ਸਿੰਘ ਦੀ ਝਾੜ ਸੁਣ ਕੇ ਥੋੜ੍ਹਾ ਕੁ ਝੇਂਪਿਆ ਜ਼ਰੂਰ ਪਰ ਫਿਰ ਸੰਭਲ ਗਿਆ।

"ਮੇਰੇ ਨਾਲ ਬਹੁਤਾ ਗਿਆਨ ਨਾ ਘੋਟ ਤੇ ਸਿੱਧੀ ਤਰ੍ਹਾਂ ਦੱਸ ਉਹ ਏਥੋਂ ਗਏ ਕਿਧਰ ਨੂੰ ਨੇ?"

ਸੀ ਆਰ ਪੀ ਦਾ ਇੰਸਪੈਕਟਰ ਤਿਵਾੜੀ ਅਰਜਨ ਸਿੰਘ ਨੂੰ ਜਾਣਦਾ ਸੀ। ਅਰਜਨ ਸਿੰਘ ਪਿਛਲੇ ਦਿਨੀਂ ਕਿਸੇ ਕੰਮ ਲਈ ਉਸਨੂੰ ਦੋ-ਚਾਰ ਵਾਰ ਮਿਲਿਆ ਵੀ ਹੋਇਆ ਸੀ। ਗੱਲ-ਬਾਤ ਦੀ ਵਾਗ-ਡੋਰ ਤਿਵਾੜੀ ਨੇ ਆਪਣੇ ਹੱਥ ਲੈਣੀ ਚਾਹੀ, "ਬਾਬਾ ਜੀ! ਨਰਾਜ਼ ਮੱਤ ਹੋਈਏ। ਆਏ ਤੋ ਵੋਹ ਇਧਰ ਹੀ ਹੈਂ ਆਪ ਕੇ ਪਾਸ।"

ਬਿੱਲੂ ਦੀ ਬੋਲੀ ਨੇ ਅਰਜਨ ਸਿੰਘ ਦਾ ਕਲੇਜਾ ਚੀਰਿਆ ਹੋਇਆ ਸੀ।

ਅੱਜ ਉਹਨੂੰ ਆਪਣੇ ਪੁੱਤ ਜਗਜੀਤ ਸਿੰਘ ਦਾ ਪੈਂਤੜਾ ਵੀ ਠੀਕ ਹੀ ਲੱਗਾ। ਭਾਵੇਂ ਪਹਿਲਾਂ ਕਦੀ ਇਸ ਬਾਰੇ ਉਸਦੀ ਸਹਿਮਤੀ ਨਹੀਂ ਸੀ ਹੋਈ।

"ਇਹਨਾਂ ਕਾਤਲ ਟੋਲਿਆਂ ਨਾਲ ਤਾਂ ਬੇਕਿਰਕ ਹੋ ਕੇ ਨਜਿੱਠਣ ਦੀ ਲੋੜ ਏ। ਇਸ ਤੋਂ ਪਹਿਲਾਂ ਕਿ ਉਹ ਤੁਹਾਡੇ 'ਤੇ ਵਾਰ ਕਰਨ ਤੁਹਾਨੂੰ ਉਹਨਾਂ 'ਤੇ ਵਾਰ ਕਰ ਦੇਣਾ ਚਾਹੀਦਾ ਐ। ਜਦੋਂ ਕੋਈ ਤੁਹਾਡੇ ਖ਼ਿਲਾਫ਼ ਹਥਿਆਰ ਚੁੱਕ ਕੇ ਤੁਰ ਪਿਐ, ਫਿਰ ਇਹ ਨਾ ਵੇਖੋ ਕਿ ਉਸਦਾ ਕਸੂਰ ਕਿੰਨਾ ਕੁ ਹੈ ਤੇ ਕਿੰਨਾ ਕੁ ਨਹੀਂ! ਮੌਕਾ ਮਿਲੇ ਤੋਂ ਪਹਿਲਾਂ ਆਪਣਾ ਵਾਰ ਕਰ ਦਿਓ। ਕੋਈ ਲਿਹਾਜ਼ ਨਹੀਂ, ਕੋਈ ਤਰਸ ਨਹੀਂ। ਇਹ ਕਿਹੜਾ ਕਿਸੇ 'ਤੇ ਤਰਸ ਖਾਂਦੇ ਨੇ!" ਉਸ ਅੰਦਰੋਂ ਉਸਦੇ ਪੁੱਤਰ ਜਗਜੀਤ ਦੀ ਪਾਰਟੀ-ਲਾਈਨ ਬੋਲਣ ਲੱਗੀ।

ਉਸਨੂੰ ਖ਼ੁਦ 'ਸਰਕਾਰੀ' ਹੋਣ ਤੋਂ ਬੜੀ ਚਿੜ ਸੀ। ਸਰਕਾਰ ਅਤੇ ਸਥਾਪਤੀ ਨਾਲ ਤਾਂ ਉਹਦਾ



ਖ਼ਾਨਦਾਨੀ ਵੈਰ ਸੀ। ਭਾਵੇਂ ਉਹਨੇ ਆਪ ਹੀ ਘਰ ਦੇ ਮੁਹਾਜ਼ 'ਤੇ ਲੜਨ ਦਾ ਨਿਰਣਾ ਲਿਆ ਹੋਇਆ ਸੀ ਤੇ 'ਬਾਹਰਲੀ ਵੱਡੀ ਲੜਾਈ' ਲਈ ਬਾਪੂ ਇੰਦਰ ਸਿੰਘ ਸਮਰਪਤ ਸੀ ਤਦ ਵੀ ਕਦੀ ਕਦੀ ਉਹਦਾ ਬਾਗ਼ੀ ਆਪਾ ਉਛਾਲ ਮਾਰ ਜਾਂਦਾ ਰਿਹਾ ਸੀ। ਪੰਜਾਬੀ ਸੂਬੇ ਦੇ ਮੋਰਚੇ ਵਿਚ ਤਾਂ ਉਹ ਬਾਪੂ ਇੰਦਰ ਸਿੰਘ ਨਾਲ ਜੇਲ੍ਹ ਵਿਚ ਆਪ ਵੀ ਗਿਆ ਸੀ। ਖ਼ੁਸ਼ਹੈਸੀਅਤੀ ਟੈਕਸ ਦੇ ਵਿਰੋਧ ਵਿਚ ਉੱਠੀ ਕਮਿਊਨਿਸਟ ਲਹਿਰ ਵਿਚ ਵੀ ਦੋਵੇਂ ਪਿਉ-ਪੁੱਤ ਗ੍ਰਿਫ਼ਤਾਰ ਹੋਏ ਸਨ। ਉਂਝ ਤੇ ਜਗਜੀਤ ਦੀ ਸਾਰੀ ਉਮਰ ਵੀ ਸਰਕਾਰ ਦੀਆਂ ਵਧੀਕੀਆਂ ਨਾਲ ਲੜਦਿਆਂ ਤੇ ਮੁਲਾਜ਼ਮ ਘੋਲ ਕਰਦਿਆਂ ਲੰਘੀ ਸੀ। ਇਕ ਵਾਰ ਮੁਲਾਜ਼ਮ ਮੰਗਾਂ ਲਈ ਉਹ ਲੰਮੀ ਭੁੱਖ ਹੜਤਾਲ 'ਤੇ ਬੈਠਾ ਸੀ ਤਾਂ ਉਹ ਮਰਦਿਆਂ ਮਰਦਿਆਂ ਮਸਾਂ ਬਚਿਆ ਸੀ। ਉਹਨੀਂ ਦਿਨੀਂ ਤਾਂ ਅਰਜਨ ਸਿੰਘ ਨੂੰ ਉਸ 'ਤੇ ਅੰਤਾਂ ਦਾ ਮੋਹ ਤੇ ਲਾਡ ਆਇਆ ਸੀ। ਮੋਹ ਤਾਂ ਉਹਦੇ ਅਗਾਂਹਵਧੂ ਵਿਚਾਰਾਂ ਤੇ ਕਰਮਾਂ ਨੂੰ ਉਹ ਅਜੇ ਵੀ ਕਰਦਾ ਸੀ। ਉਸ 'ਤੇ ਮਾਣ ਵੀ ਸੀ ਉਸਨੂੰ। ਯੋਧਾ ਸੀ ਉਹ ਵੀ ਉਹਦੇ ਲਈ। ਪਰ ਅੱਜ ਕੱਲ੍ਹ ਉਸਦੇ ਇਸ 'ਸਰਕਾਰੀ ਪੈਂਤੜੇ' ਨਾਲ ਉਹਦੀ ਸਹਿਮਤੀ ਨਹੀਂ ਸੀ। ਕਿਸੇ ਮੁੰਡੇ ਨੂੰ ਵਿੰਹਦਿਆਂ ਜਾਂ ਫੜਦਿਆਂ ਹੀ ਅਗਲੇ ਨੂੰ ਗੋਲੀ ਮਾਰ ਦੇਣ ਦਾ ਸਰਕਾਰ ਤੇ ਪੁਲਿਸ ਦਾ ਫ਼ੈਸਲਾ ਉਸਨੂੰ ਹਜ਼ਮ ਹੀ ਨਹੀਂ ਸੀ ਹੁੰਦਾ।

"ਤੂੰ ਤੇ ਤੇਰੀ ਪਾਰਟੀ ਤਾਂ ਹੁਣ ਅਸਲੋਂ ਈ ਸਰਕਾਰੀ ਹੁੰਦੀ ਜਾਂਦੀ ਏ। ਤੂੰ ਵੀ ਸਰਕਾਰੀ ਬੰਦਾ ਬਣਦਾ ਜਾਂਦਾ ਏਂ ਜਗਜੀਤ ਸਿਆਂ!"

" ਬਾਪੂ ਜੀ, ਸਾਡੇ ਹੀਰਿਆਂ ਵਰਗੇ ਕਾਮਰੇਡ ਇਹਨਾਂ ਮੁੰਡਿਆਂ ਨੇ ਸ਼ਹੀਦ ਕਰ ਦਿੱਤੇ। ਅਸੀਂ ਇਹਨਾਂ ਨੂੰ ਮਾਫ਼ ਕਿਵੇਂ ਕਰ ਦਈਏ? ਇਹਨਾਂ ਖ਼ਿਲਾਫ਼ ਬੇਕਿਰਕ ਲੜਾਈ ਲੜਨ ਦੀ ਹੀ ਲੋੜ ਹੈ।"

ਇਹ ਬਹਿਸ ਉਹਨਾਂ ਦੇ ਪਰਿਵਾਰ ਵਿਚ ਪਿਛਲੇ ਤੋਂ ਪਿਛਲੇ ਮਹੀਨੇ ਬੜਾ ਡਾਢਾ ਜ਼ੋਰ ਫੜ ਗਈ ਸੀ। ਰਾਤ ਨੂੰ ਟੱਬਰ ਵਿਚ ਬੈਠਿਆਂ ਉਹ ਗੱਲਾਂ-ਬਾਤਾਂ ਕਰ ਰਹੇ ਸਨ ਕਿ 'ਲਹੀਆਂ ਦੀ ਪੱਤੀ' ਦਾ ਪਰਤਾਪ ਸਿੰਘ ਤੇ ਉਹਦੇ ਭਾਈਚਾਰੇ ਦੇ ਦੋ-ਤਿੰਨ ਬੰਦੇ ਉਹਨਾਂ ਦੇ ਘਰ ਆਏ ਸਨ। ਉਹਨਾਂ ਦੇ 'ਬੇਕਸੂਰ' ਮੁੰਡੇ ਪਰਮਜੀਤ ਨੂੰ ਪਰਸੋਂ ਬਾਬਾ ਬੁੱਢਾ ਸਾਹਿਬ ਦੇ ਗੁਰਦੁਆਰੇ ਟੱਬਰ ਨਾਲ ਮੱਥਾ ਟੇਕਣ ਜਾਂਦਿਆਂ ਨੂੰ ਸੀ ਆਰ ਪੀ ਵਾਲਿਆਂ ਨੇ ਟਰਾਲੀ ਤੋਂ ਲਾਹ ਲਿਆ ਸੀ। ਕੱਲ੍ਹ ਉਹ ਮੁੰਡੇ ਦੇ ਪਿੱਛੇ ਗਏ ਸਨ, ਪਰ ਸੀ ਆਰ ਪੀ ਵਾਲੇ ਕਹਿੰਦੇ ਸਨ; ਪੁਲਿਸ ਨੂੰ ਪੁੱਛੋ, ਅਸੀਂ ਤਾਂ ਫੜ ਕੇ ਬੰਦੇ ਪੁਣ-ਛਾਣ ਲਈ ਪੁਲਿਸ ਨੂੰ ਹੀ ਦੇ ਦਿੰਦੇ ਆਂ। ਜੇ ਇਸ ਨਾਂ ਦਾ ਕੋਈ ਮੁੰਡਾ ਹੋਇਆ ਤਾਂ ਪੁਲਿਸ ਨੂੰ ਪਤਾ ਹੋਊ। ਅੱਗੋਂ ਪੁਲਿਸ ਉਹਨਾਂ ਨੂੰ ਕੋਈ ਨਿਆਂ ਨਹੀਂ ਸੀ ਦਿੰਦੀ। ਸਵੇਰੇ ਉਹਨਾਂ ਪੁਲਿਸ ਕੋਲ ਫੇਰ ਜਾਣਾ ਸੀ ਤੇ ਉਹ ਅਰਜਨ ਸਿੰਘ ਨੂੰ ਆਖਣ ਆਏ ਸਨ ਕਿ ਉਹ ਉਹਨਾਂ ਦੇ ਨਾਲ ਜਾਵੇ। ਪੁਰਾਣਾ ਸਰਪੰਚ ਰਿਹਾ ਹੋਣ ਕਰ ਕੇ, ਗੱਲ-ਬਾਤ ਦਾ ਸਲੀਕਾ ਜਾਨਣ ਕਰਕੇ ਤੇ ਦਲੀਲ ਵਿਚ ਜ਼ੋਰ ਹੋਣ ਕਰ ਕੇ ਅਜੇ ਵੀ ਲੋਕ ਉਹਦਾ ਆਸਰਾ ਤੱਕਦੇ ਰਹਿੰਦੇ ਸਨ। ਉਹ ਇਸ ਲਈ ਵੀ ਆਏ ਸਨ ਕਿ ਜਗਜੀਤ ਸਿੰਘ ਦੀ ਡੀ ਐਸ ਪੀ ਨਾਲ ਵੀ ਨੇੜਤਾ ਸੁਣੀਂਦੀ ਸੀ। ਜੇ ਉਹ ਵੀ ਡੀ ਐਸ ਪੀ ਨੂੰ ਆਖ ਦੇਵੇ ਤਾਂ!

ਉਹਨਾਂ ਦੇ ਜਾਣ ਤੋਂ ਬਾਅਦ ਜਦੋਂ ਅਰਜਨ ਸਿੰਘ ਨੇ ਕਿਹਾ, "ਜਗਜੀਤ! ਕਰ ਵਿਚਾਰੇ ਗ਼ਰੀਬ ਜੱਟ ਦੀ ਮਦਦ; ਜੇ ਕੁਝ ਕਰ ਸਕਦਾ ਏਂ ਤਾਂ!"

"ਬਾਪੂ ਜੀ, ਮੈਂ ਤਾਂ ਕਾਤਲਾਂ ਦੇ ਟੋਲੇ ਨਾਲ ਦੁਸ਼ਮਣਾਂ ਵਾਂਗ ਨਜਿੱਠਣ ਦੇ ਹੱਕ ਵਿਚ ਆਂ। ਮਾਪਿਆਂ ਦੇ ਇਸ 'ਬੇਕਸੂਰ' ਮੁੰਡੇ ਨੇ ਕੀ ਪਤਾ ਕਿੰਨੇ ਬੇਕਸੂਰ ਲੋਕਾਂ ਦਾ ਘਾਣ ਕੀਤੈ! ਪਿਛਲੇ ਤਿੰਨ ਮਹੀਨੇ ਇਹ ਘਰੋਂ ਮੁੰਡਿਆਂ ਨਾਲ ਭੱਜਿਆ ਰਿਹੈ। ਉਹਨਾਂ ਨਾਲ ਦੀਵਾਲੀ ਵੇਖਣ ਤਾਂ ਨਹੀਂ ਸੀ ਗਿਆ! ਮੈਂ ਤਾਂ ਤੁਹਾਨੂੰ ਵੀ ਰੋਕੂੰ। ਪਰ ਤੁਸੀਂ ਤਾਂ ਆਪਣੀ ਮਰਜ਼ੀ ਈ ਕਰਨੀ ਹੁੰਦੀ ਏ। ਕਿਹੜਾ ਕਿਸੇ ਦੀ ਸੁਣਨੀ ਜਾਂ ਮੰਨਣੀ ਹੁੰਦੀ ਏ!"

ਉਸਨੇ ਤਾਂ ਅਸਲੋਂ ਹੱਥ ਖੜ੍ਹੇ ਕਰ ਦਿੱਤੇ ਸਨ।

ਮੁੰਡਾ ਹਰਜੀਤ ਦਾ ਵਿਦਿਆਰਥੀ ਰਿਹਾ ਸੀ। ਉਸਨੇ ਕੋਲੋਂ ਗਵਾਹੀ ਦਿੱਤੀ, "ਬਾਪੂ ਜੀ, ਮੁੰਡੇ ਨੇ ਪਿਛਲੇ ਸਾਲ ਹੀ ਅਜੇ ਦਸਵੀਂ ਕੀਤੀ ਏ। ਮੇਰੇ ਕੋਲ ਪੜ੍ਹਦਾ ਸੀ। ਪੜ੍ਹਦੇ ਸਮੇਂ ਨਿਹਾਇਤ ਬੀਬਾ ਮੁੰਡਾ ਸੀ। ਹੁਣ ਹਰ ਘਰ ਤੇ ਹਰ ਬਹਿਕ 'ਤੇ ਤਾਂ ਜਦੋਂ ਜੀਅ ਕਰੇ ਮੁੰਡੇ ਆ ਵੜਦੇ ਨੇ। ਇਹਨਾਂ ਦੀ ਬਹਿਕ 'ਤੇ ਵੀ ਆਉਂਦੇ-ਜਾਂਦੇ ਸਨ। ਉਹਨਾਂ ਦੀਆਂ ਗੱਲਾਂ, ਬਦਾਮਾਂ ਦੀਆਂ ਗਿਰੀਆਂ ਤੇ ਹਥਿਆਰਾਂ ਦੇ ਰੁਮਾਂਸ ਨੇ ਖਿੱਚ ਤਾਂ ਉਹਨੂੰ ਪਾ ਲਈ ਤੇ ਉਹ

ਦੋ ਮਹੀਨੇ ਘਰੋਂ ਭੱਜਾ ਵੀ ਰਿਹੈ। ਪਰ ਮਾਪਿਆਂ ਦਾ ਇਕੋ ਇਕ ਪੁੱਤ ਹੋਣ ਕਰ ਕੇ ਇਕ ਤਾਂ ਮਾਪਿਆਂ ਨੇ ਅਗਲਿ ਦੇ ਤਰਲੇ ਕੀਤੇ ਕਿ ਸਾਡੇ ਪੁੱਤ ਨੂੰ ਮੋੜ ਦਿਓ ਤੇ ਦੂਜਾ ਮੁੰਡਾ ਵੀ ਉਹਨਾਂ ਨਾਲ ਜਾ ਕੇ ਫ਼ਸ ਗਿਆ ਮਹਿਸੂਸ ਕਰ ਸੀ। ਅਜੇ ਹਫ਼ਤਾ ਨਹੀਂ ਹੋਇਆ, ਉਹ ਮੈਨੂੰ ਮਿਲਿਆ ਸੀ। ਉਹਨੂੰ ਖੁੱਲ੍ਹਾ ਫਿਰਦਾ ਵੇਖ ਕੇ ਮੈਂ ਵੀ ਪੁੱਛ ਲਿਆ ਉਹ ਫਿਸ ਪਿਆ। ਕਹਿੰਦਾ, "ਮਾਸਟਰ ਜੀ ਐਵੇਂ ਚਾਅ ਚਾਅ ਵਿਚ ਈ ਉਹਨਾਂ ਦਾ ਝੋਲਾ ਚੁੱਕ ਕੇ ਤੁਰ ਪਿਆ ਅੱਗੇ ਤੋਂ ਕੰਨਾਂ ਨੂੰ ਹੱਥ ਲਾਏ। ਜਿੰਨੀ ਨ੍ਹਾਤੀ ਓਨਾ ਪੁੰਨ! ਮੈਂ ਤਾਂ ਹੁਣ ਓਧਰ ਮੂੰਹ ਨਹੀਂ ਕਰਦਾ। ਸ਼ੁਕਰ ਏ; ਜਿਊਂਦਿ ਘਰ ਆ ਗਏ ਆਂ। ਉਹਨਾਂ ਨਾਲ ਬਦਾਮਾਂ ਦੀਆਂ ਗਿਰੀਆਂ ਖਾਣ ਨਾਲੋਂ ਭੁੱਖੇ ਰਹਿਣਾ ਚੰਗਾ।"

"ਤਾਂ ਇਹ ਗੱਲ ਹੈ? ਵਾਕਿਆ ਈ ਕਸੂਰ ਕੋਈ ਨਹੀਂ ਉਹਦਾ?"

"ਵੇਖੋ ਜੀ, ਮੈਂ ਤਾਂ ਇਹ ਵੀ ਪੁੱਛਿਆ ਸੀ ਉਹਨੂੰ। ਉਹਨੇ ਸਹੁੰ ਖਾ ਕੇ ਆਖਿਆ ਸੀ ਕਿ ਉਸ ਕਿਸੇ ਵਾਰਦਾਤ ਵਿਚ ਕੋਈ ਹੱਥ ਨਹੀਂ। ਮੈਂ ਤਾਂ ਉਸਨੂੰ ਜਦੋਂ ਇਹ ਪੁੱਛਿਆ ਕਿ ਹੁਣ ਤੂੰ ਕਰਨਾ ਕੀ ਚਾਹੁੰਦੈਂ! ਬੜਾ ਮਾਸੂਮ ਜਵਾਬ ਦਿੱਤਾ, 'ਮਾਸਟਰ ਜੀ! ਮੈਂ ਤਾਂ ਜਿਊਣਾਂ ਚਾਹੁੰਦਾਂ!' ਘਰਦਿਆਂ ਨਾਲ ਬਾਬੇ ਬੁੱਢੇ ਮੱ ਟੇਕਣ ਜਾਣ ਵਾਲੇ ਦਿਨ ਵੀ ਉਹ 'ਨਵਿਆਂ' ਦੀ ਟਰਾਲੀ 'ਤੇ ਬਹਿ ਕੇ ਸੁੱਖਣਾ ਲਾਹੁਣ ਈ ਜਾ ਰਹੇ ਸਨ ਉਹਨਾਂ ਦਾ ਪੁੱਤ ਬਾਬੇ ਦੀ ਮਿਹਰ ਨਾਲ ਜਿਊਂਦਾ ਜਾਗਦਾ ਘਰ ਮੁੜ ਆਇਐ!"

"ਫਿਰ ਤਾਂ ਜਗਜੀਤ ਸਿਆਂ ਮੁੰਡੇ ਨੂੰ ਬਚਾਈਏ ਯਾਰ ਕਿਸੇ ਤਰ੍ਹਾਂ।" ਅਰਜਨ ਸਿੰਘ ਨੇ ਤਰਲ ਲਿਆ।

ਪਰ ਜਗਜੀਤ ਨਹੀਂ ਸੀ ਮੰਨਿਆਂ। ਆਪਣੇ 'ਸਿਧਾਂਤਕ ਪੈਂਤੜੇ' 'ਤੇ ਕਾਇਮ ਰਿਹਾ ਸੀ। ਅਰਜ ਸਿੰਘ ਪਿੰਡ ਦੇ ਹੋਰ ਮੋਅਤਬਰਾਂ ਨਾਲ ਮਿਲ ਕੇ ਮੁੰਡੇ ਦਾ ਪਤਾ ਕਰਨ ਜਾਂਦਾ ਰਿਹਾ ਸੀ। ਪਹਿਲਾਂ ਤਾਂ ਪੁਲਿਸ ਹ ਪੱਲਾ ਈ ਨਹੀਂ ਸੀ ਫੜਾਉਂਦੀ। ਪਰ ਆਖ਼ਰ ਉਹਨਾਂ ਨੂੰ ਸੂਹ ਮਿਲ ਗਈ ਕਿ ਮੁੰਡਾ ਸੀ ਆਰ ਪੀ ਦੇ ਇੰਸਪੈਕਟ ਤਿਵਾੜੀ ਕੋਲ ਹੈ। ਉਹ ਤਿਵਾੜੀ ਕੋਲ ਪੁੱਜੇ। ਤਿਵਾੜੀ ਮੰਨ ਤਾਂ ਗਿਆ ਕਿ ਮੁੰਡਾ ਉਹਦੇ ਕੋਲ ਹੈ ਪਰ ਉ ਛੱਡੇਗਾ ਨਹੀਂ ਕਿਉਂਕਿ ਅਜੇ ਉਸ ਕੋਲੋਂ ਪੁੱਛ-ਪੜਤਾਲ ਕਰ ਰਿਹਾ ਹੈ! ਅਰਜਨ ਸਿੰਘ ਨੇ ਦਲੀਲ ਦਿੱਤੀ "ਮੰਨ ਲਿਆ, ਮੁੰਡਾ ਤੁਸੀਂ ਫੜਿਆ ਹੈ। ਪਰ ਪਿਛਲੇ ਏਨੇ ਦਿਨਾਂ ਵਿਚ ਮੁੱਢਲੀ ਪੁੱਛ-ਗਿੱਛ ਤਾਂ ਹੋ ਈ ਗਏ ਹੋਵੇਗੀ! ਜੇ ਉਹਦੇ 'ਚ ਕੁਝ ਹੁੰਦਾ ਤਾਂ ਹੁਣ ਤਕ ਨਿਕਲ ਆਉਣਾ ਸੀ। ਅਸੀਂ ਸਹੁੰ ਦਿੰਦੇ ਆਂ ਉਹਦੀ ਕਿ ਸਾ ਮੁੰਡੇ ਨੇ ਕੀਤਾ ਕਰਾਇਆ ਕੁਝ ਨਹੀਂ। ਤੁਹਾਨੂੰ ਵੀ ਪਤਾ ਲੱਗ ਗਿਆ ਹੋਣੈਂ। ਉਂਝ ਵੀ ਜੇ ਕੱਲ੍ਹ-ਕਲੋਤਰ ਨੂੰ ਉਹਦੀ ਕੋਈ ਗੱਲ ਨਿਕਲ ਆਵੇ ਤਾਂ ਅਸੀਂ ਆਪ ਮੁੰਡੇ ਨੂੰ ਤੁਹਾਡੇ ਅੱਗੇ ਪੇਸ਼ ਕਰ ਦਿਆਂਗੇ।"

ਤਿਵਾੜੀ ਅਰਜਨ ਸਿੰਘ ਨੂੰ ਪਾਸੇ ਲੈ ਗਿਆ, "ਬਾਬਾ ਜੀ! ਆਪਸ ਕੀ ਬਾਤ ਹੈ। ਕੂਏਂ ਮੇਂ ਗਿਰੀ ਈਂਟ ਤੋ ਬਾਹਰ ਸੂਖੀ ਨਾਹੀਂ ਨਿਕਲੇ। ਏਕ ਲਾਖ ਪਰਸੋਂ ਤਕ ਲੇ ਆਨਾ ਔਰ ਲੜਕਾ ਲੇ ਜਾਨਾ।"

ਅਰਜਨ ਸਿੰਘ ਨੇ ਦੁਹਾਈ ਪਾਈ, "ਜੀ ਉਹਦਾ ਪਿਉ ਤਾਂ ਵਿਚਾਰਾ ਡਾਢਾ ਗਰੀਬ ਜੱਟ ਐ। ਸਿਰਫ਼ ਸਾਢੇ ਤਿੰਨ ਕਿੱਲੇ ਪੈਲੀ। ਕਰਜ਼ੇ ਦਾ ਪਹਿਲਾਂ ਈ ਭੰਨਿਆਂ ਹੋਇਆ। ਗੰਜੀ ਖਾਊ ਕੀ ਤੇ ਨਿਚੋੜੂ ਕੀ! ਕਿੱਥੋਂ ਦੇ ਲਊ ਤੁਹਾਨੂੰ ਲੱਖ ਰੁਪੈਆ! ਏਦਾਂ ਗਰੀਬ ਮਾਰ ਨਾ ਕਰੋ।"

"ਮੈਂ ਨੇ ਏਕ ਬਾਤ ਕਹਿ ਦੀ, ਸੋ ਕਹਿ ਦੀ। ਪਰਸੋਂ ਆ ਜਾਨਾ। ਨਹੀਂ ਤੋ--। ਯੇਹ ਭੀ ਆਪ ਕੇ ਕਹਿਨੇ ਪਰ ਬੋਲ ਰਹਾ ਹੂੰ।"

ਉਸਨੇ ਢੱਠੇ ਦਿਲ ਨਾਲ ਆ ਕੇ ਸਾਰਿਆਂ ਨੂੰ ਤਿਵਾੜੀ ਦਾ ਫ਼ੈਸਲਾ ਸੁਣਾ ਦਿੱਤਾ। ਸਾਰੇ ਆਖਣ ਲੱਗੇ, ਇਸ ਬਿਨਾਂ ਹੋਰ ਕੋਈ ਚਾਰਾ ਨਹੀਂ। ਮੁੰਡੇ ਦੀ ਜਾਨ ਨਾਲੋਂ ਪੈਸੇ ਚੰਗੇ ਨੇ ਕਿਤੇ! ਉਸਨੂੰ ਤਾਂ ਕਿਸੇ ਤਰ੍ਹਾਂ ਬਚਾਉਣਾ ਈ ਹੋਇਆ!

ਤਿਵਾੜੀ ਨੂੰ ਮਿਲਣ ਜਾਣ ਵਾਲੇ ਦਿਨ ਅੱਖਾਂ ਦੇ ਕੋਇਆਂ ਵਿਚ ਪਾਣੀ ਅਤੇ ਕੰਬਦੇ ਹੱਥੀਂ ਪਰਤਾਪ ਸਿੰਘ, ਅਰਜਨ ਸਿੰਘ ਕੋਲ ਆਇਆ, "ਜੱਥੇਦਾਰਾ! ਕੀ ਕਰੀਏ ਹੁਣ। ਮੈਂ ਤਾਂ ਸਾਰੇ ਅੰਗਾਂ ਸਾਕਾਂ ਦੇ ਖੱਲਾਂ-ਖੂੰਜੇ ਫ਼ਰੋਲ ਲਏ। ਮੇਰੇ ਕੋਲੋਂ ਤਾਂ ਮਸਾਂ ਤੀਹ ਹਜ਼ਾਰ ਹੋਇਐ। ਨੰਬਰਦਾਰ ਹਰਸਾ ਸੁੰਹ ਨੂੰ ਜ਼ਮੀਨ ਲਿਖਾ ਲੈਣ ਨੂੰ ਕਿਹੈ; ਮੰਨ ਵੀ ਗਿਐ ਉਹ। ਪਰ ਉਹਦੇ ਆੜ੍ਹਤੀਏ ਨੇ ਪੈਸਿਆਂ ਦਾ ਪਰਸੋਂ ਦਾ ਕਰਾਰ ਕੀਤੈ।"



ਅਰਜਨ ਸਿੰਘ ਨੇ ਆਪਣੇ ਘਰ ਪਿਆ ਦਸ ਹਜ਼ਾਰ ਰੁਪੈਆ ਵੀ ਫੜ ਲਿਆ। ਉਹ ਤਿਵਾੜੀ ਕੋਲ ਗਏ। ਅਰਜਨ ਸਿੰਘ ਨੇ ਹੱਥ ਜੋੜੇ, "ਤਿਵਾੜੀ ਸਾਹਿਬ! ਆਹ ਚਾਲੀ ਹਜ਼ਾਰ ਫੜੋ ਹਾਲ ਦੀ ਘੜੀ। ਅਜੇ ਸਾਰਾ ਤਾਣ ਲਾ ਕੇ ਮਸਾਂ ਏਨਾ ਈ ਸਰਿਐ। ਕੱਲ੍ਹ ਜਾਂ ਹੱਦ ਪਰਸੋਂ ਤਕ ਬਾਕੀ ਪੈਸੇ ਮੈਂ ਆਪ ਲੈ ਕੇ ਆਊਂ। ਪਰ ਅੱਜ ਮਿਹਰਬਾਨੀ ਕਰ ਕੇ ਮੁੰਡਾ ਸਾਨੂੰ ਦੇ ਦਿਓ। ਤੁਹਾਡੇ ਅੱਗੇ ਹੱਥ ਬੰਨ੍ਹਦੇ ਆਂ।"

ਤਿਵਾੜੀ ਨੇ ਨੋਟਾਂ ਦੀ ਦੱਥੀ ਵਾਪਸ ਮੋੜਦਿਆਂ ਕਿਹਾ, "ਮੈਂ ਨੇ ਏਕ ਬਾਤ ਕਰੀ ਥੀ ਆਪ ਸੇ। ਵੋਹ ਭੀ ਗੁਰੂ ਕਾ ਸਿੱਖ ਜਾਨ ਕਰ। ਅਭੀ ਭੀ ਸ਼ਾਮ ਤਕ ਕਾ ਸਮੇਂ ਹੈ ਆਪ ਕੇ ਪਾਸ। ਪੈਸੇ ਲੇ ਆਓ, ਲੜਕਾ ਲੇ ਜਾਓ!"

ਨਿਰਾਸ ਹੋਏ ਉਹ ਵਾਪਸ ਪਰਤੇ ਸਨ। ਤਿਵਾੜੀ ਦੇ ਆਖੇ ਸ਼ਬਦ, "ਗੁਰੂ ਕਾ ਸਿੱਖ ਜਾਨ ਕਰ!" ਉਹਨੂੰ ਲਾਹਣਤਾਂ ਪਾ ਰਹੇ ਸਨ। ਉਹ ਗੁਰੂ ਅੱਗੇ ਸ਼ਰਮਿੰਦਾ ਸੀ। ਉਹਨੇ ਹੱਥ ਜੋੜੇ, "ਸੱਚਿਆ ਪਾਤਸ਼ਾਹ! ਮੈਂ ਦੱਲਾ ਨਹੀਂ। ਤੂੰ ਵੀ ਜਾਣਦੈਂ; ਮੈਂ ਕਦੀ ਇਹੋ ਜਿਹੀ ਦਲਾਲੀ ਨਹੀਂ ਕੀਤੀ। ਕੀ ਕਰਦਾ ਮੈਂ? ਮੇਰਾ ਮੁੰਡਾ ਹੁੰਦਾ ਤਾਂ ਮੈਂ ਲੜਦਾ। ਧਰਨੇ ਦਿੰਦਾ। ਭੀੜਾਂ ਇਕੱਠੀਆਂ ਕਰਦਾ। ਅਖ਼ਬਾਰਾਂ ਕੋਲ ਜਾਂਦਾ। ਲੜਾਈ ਲੜਦਾ। ਪਰ ਏਥੇ ਕੀ ਕਰਦਾ? ਮੁੰਡੇ ਦੇ ਘਰ ਦੇ ਤਰਲੇ ਲੈਂਦੇ ਸਨ, ਹੱਥ ਜੋੜਦੇ ਸਨ, ਕਹਿੰਦੇ ਸਨ; ਮੈਂ ਗਰਮ ਨਾ ਹੋਵਾਂ! ਬਣਦੀ ਖੇਡ ਕਿਤੇ ਵਿਗੜ ਨਾ ਜਾਵੇ। ਜਿਵੇਂ ਵੀ ਹੋਵੇ, ਮੁੰਡਾ ਛੁਡਵਾ ਲਈਏ। ਪਰਸੋਂ ਵਿਚ ਇਕ ਦਿਨ ਹੀ ਤਾਂ ਬਾਕੀ ਹੈ।"

ਪਰ ਮੁੰਡੇ ਦੀ ਜਿਊਂਦੇ ਰਹਿਣ ਦੀ ਸੱਧਰ ਅਧੂਰੀ ਰਹਿ ਗਈ ਸੀ। ਲੱਖ ਰੁਪਏ ਤੇ ਮੁੰਡੇ ਵਿਚਲਾ ਇਕ ਦਿਨ ਉਮਰਾਂ ਨਾਲੋਂ ਲੰਮਾਂ ਹੋ ਗਿਆ ਸੀ। ਸ਼ਾਮ ਤਕ ਉਹ 'ਵਾਅਦੇ ਮੁਤਾਬਕ' ਇਕ ਲੱਖ ਰੁਪਈਆ ਨਹੀਂ ਪੁਚਾ ਸਕੇ ਸਨ। ਅਗਲੇ ਦਿਨ ਪਰਮਜੀਤ ਦੇ 'ਮੁਕਾਬਲੇ' ਵਿਚ ਮਾਰੇ ਜਾਣ ਦੀ ਖ਼ਬਰ ਆ ਗਈ ਸੀ।

ਕਈ ਦਿਨ ਪਰਮਜੀਤ ਦੇ ਬੋਲ ਜਿਹੜੇ ਅਰਜਨ ਸਿੰਘ ਨੇ ਹਰਜੀਤ ਦੀ ਜ਼ਬਾਨੀ ਸੁਣੇ ਸਨ ਉਹਦੇ ਕੰਨਾਂ ਵਿਚ ਗੂੰਜਦੇ ਰਹੇ, "ਮੈਂ ਜਿਊਣਾ ਚਾਹੁੰਦਾਂ! ਮੈਂ ਜਿਊਣਾ ਚਾਹੁੰਦਾਂ!"

-ਪਰ ਪਰਮਜੀਤ, ਪੁਲਿਸ ਅਤੇ ਮੁੰਡਿਆਂ ਵਿਚਕਾਰ ਅਚਨਚੇਤ ਫੇਰ ਮਾਇਆ ਰਾਮ ਆ ਕੇ ਖਲੋ ਗਿਆ।

ਗੁੱਸੇ ਵਿਚ ਭਰੇ ਅਰਜਨ ਸਿੰਘ ਦਾ ਜੀਅ ਕੀਤਾ ਪੁਲਿਸ ਨੂੰ ਆਖੇ, "ਔਹ ਜਾਂਦੇ ਨੇ ਐਂ ਨੂੰ। ਕਮਾਦ ਦੇ ਓਹਲੇ ਹੋਇਆਂ ਅਜੇ ਮਸਾਂ ਪੰਜ ਮਿੰਟ ਨਹੀਂ ਹੋਏ।"

ਉਹ ਮਾਇਆ ਰਾਮ ਨੂੰ ਕਤਲ ਕੀਤੇ ਜਾਣ ਅਤੇ ਹੁਣੇ ਕਲੇਜੇ ਵਿਚ ਬਰਛੀ ਵਾਂਗ ਖੋਭੀ 'ਬੋਲੀ' ਦਾ ਤੱਤੇ ਘਾਹ ਹੀ ਬਦਲਾ ਲੈ ਲੈਣਾ ਚਾਹੁੰਦਾ ਸੀ। ਪਰ ਉਹਦੀਆਂ ਅੱਖਾਂ ਅੱਗੇ ਜਿਊਣ ਲਈ ਤਰਲੇ ਲੈਂਦਾ ਪਰਮਜੀਤ ਆ ਕੇ ਖਲੋ ਗਿਆ। ਆਖਣ ਲੱਗਾ, "ਮੈਂ ਜਿਊਣਾ ਚਾਹੁੰਦਾਂ!"

ਅਗਲੇ ਪਲ ਪਰਮਜੀਤ ਦਾ ਤਰਲਾ ਮਾਇਆ ਰਾਮ ਦੇ ਤਰਲਿਆਂ ਵਿਚ ਵਟ ਗਿਆ।

ਚਾਰ ਚੁਫੇਰੇ ਆਵਾਜ਼ਾਂ ਆਉਣ ਲੱਗੀਆਂ, "ਮੈਂ ਜਿਊਣਾ ਚਾਹੁੰਦਾਂ! ਮੈਂ ਜਿਊਣਾ ਚਾਹੁੰਦਾਂ!"

ਉਹ ਦੁਬਿਧਾ ਵਿਚ ਪੈ ਗਿਆ।

ਕੀ ਪੈਂਤੜਾ ਲਵੇ ਉਹ ਹੁਣ?

"ਆਹ ਵੇਖ ਤਾਜ਼ਾ ਗੰਨੇ ਚੂਪੇ ਹੋਏ।" ਥਾਣੇਦਾਰ ਨੇ ਦਾਣਾ ਚੁਗਦੀਆਂ ਚਿੜੀਆਂ ਨੂੰ ਸ਼ਿਸ਼ਕਾਰ ਕੇ ਉਡਾਇਆ ਤੇ ਚੁਬੱਚੇ ਲਾਗੇ ਚੂਪ ਕੇ ਸੁੱਟੀਆਂ ਗੰਨੇ ਦੀਆਂ ਛਿੱਲਾਂ ਨੂੰ ਵਿਖਾਉਣ ਲੱਗਾ।

ਏਨੇ ਚਿਰ ਵਿਚ ਅਰਜਨ ਸਿੰਘ ਨੇ ਆਪਣੇ ਮਨ ਵਿਚ ਪੈਂਤੜਾ ਬਣਾ ਲਿਆ ਸੀ।

"ਇਕ ਮਿੰਟ ਖਲੋ ਜੋ।" ਅਰਜਨ ਸਿੰਘ ਬੰਬੀ ਨਾਲ ਲੱਗਦੇ ਕਮਾਦ ਵੱਲ ਵਧਿਆ ਤੇ ਮੁੰਡਿਆਂ ਵੱਲੋਂ ਭੰਨੇ ਗੰਨਿਆਂ ਦਾ ਆਗ ਫੜ ਕੇ ਹੌਲੀ ਜਿਹੀ ਤੁਰਦਾ ਉਹਨਾਂ ਕੋਲ ਆਇਆ। ਉਹ ਉਤਸੁਕਤਾ ਨਾਲ ਵੇਖ ਰਹੇ ਸਨ ਕਿ ਇਹ ਕੀ ਕਰ ਰਿਹਾ ਹੈ! ਅਰਜਨ ਸਿੰਘ ਚਾਹੁੰਦਾ ਸੀ ਕਿ ਜਿੰਨਾ ਵੱਧ ਤੋਂ ਵੱਧ ਸਮਾਂ ਲੰਘਾ ਸਕੇ ਚੰਗਾ ਹੈ, ਓਨੇ ਚਿਰ ਤਕ ਮੁੰਡੇ ਥੋੜ੍ਹਾ ਦੂਰ ਨਿਕਲ ਜਾਣਗੇ। ਇਹ ਉਹ ਜਾਣ ਗਿਆ ਸੀ ਕਿ ਪੁਲਿਸ ਵਾਲੇ ਹੁਣੇ ਹੀ ਕਿਸੇ ਵੱਲੋਂ ਦਿੱਤੀ ਪੱਕੀ ਸੂਹ ਨਾਲ ਆਏ ਹਨ। ਉਹਨਾਂ ਅੱਗੇ ਕੋਰਾ ਝੂਠ ਬੋਲਿਆਂ ਹੁਣ ਗੁਜ਼ਾਰਾ ਨਹੀਂ ਹੋਣਾ।

ਉਹਨਾਂ ਕੋਲ ਆ ਕੇ ਕਹਿੰਦਾ, "ਮੈਂ ਕਦੋਂ ਕਹਿੰਦਾਂ ਉਹਨਾਂ ਗੰਨੇ ਨਹੀਂ ਚੂਪੇ। ਆਹ ਵੇਖੋ! ਭੰਨੇ ਹੋਏ ਗੰਨਿਆਂ ਦੇ ਆਗ। ਛਿੱਲਾਂ ਵੀ ਠੀਕ ਉਹਨਾਂ ਦੀਆਂ ਨੇ। ਪਰ ਜਿੱਥੋਂ ਤਕ ਨਹਾਉਣ ਦੀ ਗੱਲ ਏ, ਉਹ ਏਥੇ ਨ੍ਹਾਤੇ ਬਿਲਕੁਲ ਨਹੀਂ। ਮੂੰਹ ਹੱਥ ਜ਼ਰੂਰ ਧੋਤਾ। ਮੈਂ ਤਾਂ ਔਹ ਗੋਭੀ ਦੀ ਪਨੀਰੀ ਗੋਡਣ ਡਿਹਾ ਸਾਂ। ਓਥੇ ਈ ਰਿਹਾਂ ਮੈਂ ਤਾਂ। ਡਰਦਾ ਸਾਂ ਕਿ ਕਿਤੇ ਮੈਨੂੰ ਈ ਮਾਰਨ ਨਾ ਆਏ ਹੋਣ। ਮੈਂ ਤਾਂ ਸਾਹਬ ਜੀ ਕੋਲ ਈ ਨਹੀਂ ਆਇਆ ਉਹਨਾਂ ਦੇ। ਕਿਹੜਾ ਮੌਤ ਨੂੰ ਮਾਸੀ ਆਖੇ!" ਉਹ ਜਾਣ ਬੁੱਝ ਕੇ ਬੇਮਤਲਬ ਗੱਲ ਲੰਮੀ ਕਰੀ ਜਾ ਰਿਹਾ ਸੀ।

"ਬਜ਼ੁਰਗਾ! ਬਹੁਤੀਆਂ ਕ੍ਹਾਣੀਆਂ ਨਾ ਪਾਈ ਜਾ। ਤੂੰ ਇਹ ਦੱਸ; ਏਥੋਂ ਗਏ ਕਿਧਰ ਨੂੰ ਨੇ ਉਹ? ਸਾਡੇ ਕੋਲ ਤੇਰੀ ਰਮਾਇਣ ਸੁਣਨ ਦਾ ਟੈਮ ਨਹੀਂ।" ਥਾਣੇਦਾਰ ਖਿਝ ਗਿਆ ਸੀ।

"ਗਏ?" ਅਰਜਨ ਸਿੰਘ ਨੇ ਜਿਵੇਂ ਆਪਣੇ ਆਪ ਨੂੰ ਪੁੱਛਿਆ। ਫਿਰ ਉਹ ਚਾਰੇ ਪਾਸੇ ਵੇਖਦਾ ਚਾਰੇ ਦਿਸ਼ਾਵਾਂ ਵੱਲ ਘੁੰਮਿਆਂ ਤੇ ਆਖ਼ਰਕਾਰ ਇਕ ਸੌ ਅੱਸੀ ਦਰਜੇ ਦੇ ਕੋਣ 'ਤੇ ਮੁੰਡਿਆਂ ਦੇ ਜਾਣ ਦੀ ਬਿਲਕੁਲ ਉਲਟ ਦਿਸ਼ਾ ਵੱਲ ਹੱਥ ਕਰ ਦਿੱਤਾ, "ਐਧਰ ਨੂੰ ਗਏ ਨੇ। ਮਸਾਂ ਪੰਜ ਮਿੰਟ ਹੋਏ ਹੋਣਗੇ।"

ਉਸਦਾ ਖ਼ਿਆਲ ਸੀ ਕਿ ਜਿੰਨੇ ਚਿਰ ਵਿਚ ਉਹ ਉਹਨਾਂ ਨੂੰ ਇਸ ਪਾਸਿਉਂ ਲੱਭਦੇ ਨਿਰਾਸ ਹੋ ਕੇ ਮੁੜਨਗੇ, ਓਨੇ ਚਿਰ ਤਕ ਮੁੰਡੇ ਦੂਜੇ ਪਾਸੇ ਦੂਰ ਨਿਕਲ ਜਾਣਗੇ।

"ਚੱਲੋ, ਛੇਤੀ ਕਰੋ। ਹਰੀ ਅੱਪ।" ਉਹ ਫਟਾ ਫਟ ਗੱਡੀਆਂ 'ਤੇ ਸਵਾਰ ਹੋਏ ਤੇ ਅਰਜਨ ਸਿੰਘ ਦੀ ਦੱਸੀ ਦਿਸ਼ਾ ਵੱਲ ਗੱਡੀਆਂ ਭਜਾ ਲਈਆਂ।

ਉਹ ਅੰਦਰੇ ਅੰਦਰ 'ਪੁੰਨ ਦਾ ਕੰਮ' ਕਰਕੇ ਖ਼ੁਸ਼ ਸੀ। ਮਾਇਆ ਰਾਮ ਉਸਦੇ ਸਾਹਮਣੇ ਆ ਕੇ ਖਲੋ ਗਿਆ, "ਮੇਰੇ ਕਾਤਲਾਂ ਨੂੰ ਬਚਾ ਕੇ ਤੂੰ ਚੰਗਾ ਨਹੀਂ ਕੀਤਾ।"

ਉਹ ਮਾਇਆ ਰਾਮ ਨਾਲ ਅੱਖਾਂ ਨਹੀਂ ਸੀ ਮਿਲਾ ਸਕਦਾ। ਸ਼ਰਮਿੰਦਾ ਜਿਹਾ ਹੋ ਗਿਆ ਉਹ!

ਏਨੇ ਚਿਰ ਵਿਚ ਬੰਬੀ ਦੀ ਬੱਤੀ ਚਲੀ ਗਈ। ਉਸਨੇ ਕੋਠੇ ਨੂੰ ਤਾਲਾ ਲਾਇਆ ਤੇ ਕਿਰਪਾਨ ਹੱਥ ਵਿਚ ਫੜ ਕੇ ਪਿੰਡ ਨੂੰ ਤੁਰਨ ਲੱਗਾ। ਦੋ ਕਦਮ ਹੀ ਚੱਲਿਆ ਸੀ ਕਿ ਗੋਲੀਆਂ ਦੀ ਗੜਗੜਾਹਟ ਨਾਲ ਚੌਗਿਰਦਾ ਗੂੰਜ ਉਠਿਆ। ਦਾਣਾ ਚੁਗਦੀਆਂ ਚਿੜੀਆਂ-ਗੁਟਾਰਾਂ ਦਾ ਝੁੰਡ 'ਚੀਂ ਚੀਂ' ਦਾ ਸ਼ੋਰ ਕਰਦਾ ਉੱਡ ਗਿਆ। ਅਰਜਨ ਸਿੰਘ ਨੇ ਕਲੇਜਾ ਫੜ ਲਿਆ।

"ਜਾਹ ਜਾਂਦੀਏ! ਹੋਣੀ ਵਰਤ ਗਈ ਲੱਗਦੀ ਐ!"

ਪਰ ਮੁੰਡੇ ਤਾਂ ਗੋਲੀ ਚੱਲਣ ਦੀ ਉਲਟ ਦਿਸ਼ਾ ਨੂੰ ਗਏ ਸਨ! ਓਧਰ ਕਿਉਂ ਮੁੜ ਗਏ? ਕਿਵੇਂ ਮੁੜ ਗਏ!

ਅਰਜਨ ਸਿੰਘ ਦੇ ਕਦਮਾਂ ਨਾਲ ਪਹਾੜ ਬੱਝ ਗਿਆ ਸੀ। ਤੁਰਨਾ ਮੁਹਾਲ ਹੋ ਗਿਆ। ਆਪਣੇ ਆਪ ਨੂੰ ਖਿੱਚਦਿਆਂ ਧੂੰਹਦਿਆਂ ਉਹ ਅਜੇ ਪਿੰਡ ਨੂੰ ਜਾਂਦੀ ਪੱਕੀ ਸੜਕੇ ਚੜ੍ਹਿਆ ਹੀ ਸੀ ਕਿ ਪੁਲਿਸ ਦੀ ਜੀਪ ਪਿੱਛੋਂ ਆਉਂਦੀ ਦਿਸੀ। ਥਾਣੇਦਾਰ ਨੇ ਬਾਬੇ ਨੂੰ ਤੁਰਿਆਂ ਜਾਂਦਾ ਪਛਾਣ ਕੇ ਡਰਾਈਵਰ ਨੂੰ ਜੀਪ ਹੌਲੀ ਕਰਨ ਦਾ ਇਸ਼ਾਰਾ ਕੀਤਾ ਤੇ ਹੌਲੀ ਹੋਈ ਜੀਪ ਵਿਚੋਂ ਉਸ ਵੱਲ ਹੱਥ ਹਿਲਾਉਂਦਾ ਬੋਲਿਆ, "ਬਾਬਾ! ਵਧਾਈ ਹੋਵੇ। ਤੇਰੇ ਦੱਸੇ ਤਿੰਨੇ ਦੇ ਤਿੰਨੇ ਪੰਛੀ ਫੁੰਡੇ ਗਏ ਨੇ!"

ਤੇ ਜੀਪ ਧੂੜਾਂ ਉਡਾਉਂਦੀ ਥਾਣੇ ਵੱਲ ਭੱਜ ਗਈ। ਸਪੀਡ ਫੜ ਰਹੀ ਜੀਪ ਦਾ ਅਨੁਮਾਨ ਲਾਉਂਦਿਆਂ ਨੇੜੇ ਬੈਠੇ ਹੌਲਦਾਰ ਨੇ ਸੁਝਾਅ ਦਿੱਤਾ, "ਬਾਬੇ ਤੋਂ ਈ ਨਾ ਇਹਨਾਂ ਦੀ ਸ਼ਨਾਖ਼ਤ ਕਰਾ ਲਈਏ!"

"ਸ਼ਨਾਖ਼ਤਾਂ ਤੇ ਕਾਗ਼ਜ਼ੀ ਕਾਰਵਾਈ ਬਾਅਦ ਦੀ ਗੱਲ ਏ। ਵੇਕਿਆ! ਪਹਿਲਾਂ ਵੱਡੇ ਅਫ਼ਸਰਾਂ ਨੂੰ ਖ਼ੁਸ਼ੀ ਦੀ ਖ਼ਬਰ ਤਾਂ ਸੁਣਾ ਲਈਏ।"

ਅਰਜਨ ਸਿੰਘ ਦੇ ਤਾਂ ਥਾਂ 'ਤੇ ਹੀ ਪੈਰ ਜੰਮ ਗਏ। ਥਾਣੇਦਾਰ ਦੇ ਬੋਲ ਗੋਲੀਆਂ ਦੀ ਗੜਗੜਾਹਟ ਵਾਂਗ ਹੀ ਉਸਦੇ ਅੰਦਰ ਗੂੰਜਣ ਲੱਗੇ।

"ਬਾਬਾ! ਵਧਾਈ ਹੋਵੇ। ਤੇਰੇ ਦੱਸੇ ਤਿੰਨੇ ਦੇ ਤਿੰਨੇ ਪੰਛੀ ਫੁੰਡੇ ਗਏ ਨੇ! ਤੇਰੇ ਦੱਸੇ -ਤੇਰੇ ਦੱਸੇ- -ਤੇਰੇ ਦੱਸੇ-।"

"ਮੇਰੇ ਦੱਸੇ? ਮੇਰੇ ਦੱਸੇ! ਪਰ ਮੈਂ ਕਦੋਂ ਦੱਸਿਆ ਸੀ। ਤੂੰ ਦੱਸਿਆ ਨਹੀਂ ਸੀ? ਕਦੋਂ? ਨਹੀਂ



ਦੱਸਿਆ। ਦੱਸਿਆ ਸੀ। ਨਹੀਂ।"

ਭੱਜੀ ਜਾਂਦੀ ਧੂੜਾਂ ਉਡਾਉਂਦੀ ਜੀਪ ਦਾ ਘੱਟਾ ਉਹਦੇ ਅੰਦਰ ਧੁੰਦੂਕਾਰ ਬਣ ਕੇ ਫੈਲ ਗਿਆ। ਜੀਪ ਦੀ ਆਵਾਜ਼ ਆਖੀ ਜਾਂਦੀ ਸੀ, "ਅਰਜਨ ਸਿੰਘ ਸਾਡਾ ਮੁਖ਼ਬਰ! ਅਰਜਨ ਸਿੰਘ ਸਾਡਾ ਮੁਖ਼ਬਰ!"

ਇਤਿਹਾਸ ਦੇ ਸਾਰੇ ਮੁਖ਼ਬਰ ਉਹਦੀਆਂ ਅੱਖਾਂ ਅੱਗੇ ਘੁੰਮਣ ਲੱਗੇ। ਲੋਕਾਂ ਦੀਆਂ ਫਿਟਕਾਰਾਂ ਦੇ ਮਾਰੇ ਹੋਏ! ਉਹਨਾਂ ਵਿਚ ਉਹ ਵੀ ਖਲੋਤਾ ਸੀ!

ਉਹ ਬੌਂਦਲ ਗਿਆ।

"ਮੇਰਾ ਕੀ ਕਸੂਰ ਐ ਇਹਦੇ ਵਿਚ? ਮੈਂ ਤਾਂ ਨਹੀਂ ਦਿੱਤੀ ਉਹਨਾਂ ਦੀ ਸੂਹ!"

ਉਸ ਆਪਣੇ ਆਪ ਨੂੰ ਕਿਹਾ।

ਸਾਰਾ ਤਾਣ ਲਾ ਕੇ ਜ਼ਮੀਨ ਨਾਲ ਚਿੰਬੜ ਗਏ ਆਪਣੇ ਪੈਰ ਪੁੱਟੇ ਤੇ ਪਿੰਡ ਨੂੰ ਤੁਰਨ ਲੱਗਾ। ਅੱਖਾਂ ਅੱਗੇ ਬਾਰ ਬਾਰ ਹਨੇਰਾ ਆਵੇ।

ਏਨੇ ਚਿਰ ਵਿਚ ਏਧਰ ਮੁੜਦੀ ਸੜਕ 'ਤੇ ਥਾਣੇਦਾਰ ਜਾਂਦਾ ਜਾਂਦਾ ਦੋ ਸਿਪਾਹੀ ਖੜ੍ਹੇ ਕਰ ਗਿਆ ਸੀ। ਉਹ ਪਿੰਡ ਵੱਲੋਂ ਏਸ ਰਾਹੇ ਜਾਣ ਵਾਲਿਆਂ ਨੂੰ ਰੋਕ ਰਹੇ ਸਨ, "ਓਧਰ ਮੁਕਾਬਲਾ ਹੋਇਐ!"

ਨਾਕੇ 'ਤੇ ਡੱਕੇ ਖਲੋਤੇ ਦੋ-ਚਾਰ ਜਣਿਆਂ ਨੇ ਸਾਹਮਣਿਉਂ ਅਰਜਨ ਸਿੰਘ ਨੂੰ ਆਉਂਦਾ ਵੇਖਿਆ।

ਇਕ ਗੱਭਰੂ ਨੇ ਪੁੱਛਿਆ, "ਬਾਬਾ! ਤੁਹਾਡੀਆਂ ਪੈਲੀਆਂ ਕੋਲ ਹੋਇਆ ਲੱਗਦੈ ਮੁਕਾਬਲਾ! ਓਥੋਂ ਕੁ ਖੜਾਕ ਸੁਣਿਆਂ ਸੀ ਗੋਲੀਆਂ ਦਾ! ਕੌਣ ਸਨ ਭਲਾ?"

ਅਰਜਨ ਸਿੰਘ ਨੂੰ ਜਾਪਿਆ ਜਿਵੇਂ ਗੱਭਰੂ ਨੇ ਵੀ ਉਸਨੂੰ ਟੇਢੇ ਤਰੀਕੇ ਨਾਲ ਇਹੋ ਕਿਹਾ ਹੋਵੇ ਕਿ ਤੇਰੇ ਦੱਸਣ 'ਤੇ ਈ ਤੇਰੀਆਂ ਪੈਲੀਆਂ ਕੋਲ ਮਾਰੇ ਗਏ ਨੇ ਮੁੰਡੇ!

"ਮੈਨੂੰ ਨਹੀਂ ਕੁਝ ਵੀ ਪਤਾ ਜਵਾਨਾਂ!" ਉਸਨੇ ਖਿਝ ਕੇ ਆਖਿਆ ਤੇ ਪਿੰਡ ਦੇ ਰਾਹੇ ਪੈ ਗਿਆ।

"ਸਭ ਪਤੈ ਬਾਬੇ ਨੂੰ।" ਉਸਨੂੰ ਪਿੱਛੋਂ ਆਵਾਜ਼ ਸੁਣੀ। ਇਹ ਨਾਕੇ 'ਤੇ ਖਲੋਤਾ ਸਿਪਾਹੀ ਸੀ, ਜਿਹੜਾ ਕੁਝ ਚਿਰ ਪਹਿਲਾਂ ਪੁਲਿਸ ਦੀ ਜੀਪ ਵਿਚ ਉਹਨਾਂ ਦੀ ਬੰਬੀ 'ਤੇ ਪੁਲਿਸ ਨਾਲ ਗਿਆ ਸੀ।

ਸਿਰ ਵਿਚ ਬੰਬ ਫਟਣ ਲੱਗੇ।

"ਤੇਰੇ ਦੱਸੇ ਤਿੰਨੇ ਦੇ ਤਿੰਨੇ ਪੰਛੀ ਫੁੰਡੇ ਗਏ ਨੇ!--- ਸਭ ਪਤੈ ਬਾਬੇ ਨੂੰ!"

ਲੱਗਾ; ਹੁਣੇ ਸਿਪਾਹੀ ਨੇ ਨਾਕੇ 'ਤੇ ਖਲੋਤੇ ਬੰਦਿਆਂ ਕੋਲ ਸਾਰੀ ਗੱਲ ਖੋਲ੍ਹ ਦੇਣੀ ਐਂ। ਤੇ ਸਵੇਰ ਤਕ ਉਹਦੀ 'ਕਰਤੂਤ' ਤਾਂ ਬੱਚੇ ਬੱਚੇ ਦੀ ਜ਼ਬਾਨ 'ਤੇ ਹੋਵੇਗੀ।

"ਮੈਂ ਨਹੀਂ ਮੁੰਡਿਆਂ ਦਾ ਕਾਤਲ।" ਉਹਨਾਂ ਜ਼ੋਰ ਨਾਲ ਆਪਣੇ ਆਪ ਨੂੰ ਆਖਣਾ ਚਾਹਿਆ। ਪਰ ਉਹਦੇ ਅੰਦਰਲੇ ਨੇ ਇਸ ਆਵਾਜ਼ ਨੂੰ ਸੁਣਨੋਂ ਇਨਕਾਰ ਕਰ ਦਿੱਤਾ।

ਘਰ ਆਉਂਦਿਆਂ ਤਕ ਅਰਜਨ ਸਿੰਘ ਨੂੰ ਜਿਹੜਾ ਵੀ ਬੰਦਾ ਰਾਹ ਵਿਚ ਆਉਂਦਾ ਮਿਲਿਆ, ਉਹਦੀਆਂ ਨਜ਼ਰਾਂ ਇਹੋ ਕਹਿੰਦੀਆਂ ਲੱਗੀਆਂ, "ਮੁੰਡੇ ਮਰਵਾ ਕੇ ਤੂੰ ਚੰਗਾ ਨਹੀਂ ਕੀਤਾ ਅਰਜਨ ਸਿਆਂ!"

ਗਲੀਆਂ ਦੇ ਕੱਖ ਵੀ ਉਹਨੂੰ ਮਿਹਣੇ ਮਾਰ ਰਹੇ ਸਨ , "ਬੜਾ ਪਾਪ ਕੀਤੈ ਤੂੰ! ਦੁਰ ਲਾਹਣਤ ਏ ਤੈਨੂੰ!"

"ਮੈਨੂੰ ਕਾਹਦੀ ਦੁਰ ਲਾਹਣਤ! ਦੁਰ ਲਾਹਣਤ ਉਹਨਾਂ ਨੂੰ ਜਿਹੜੇ ਬੇਦੋਸ਼ਿਆਂ ਦੇ ਖ਼ੂਨ ਵਿਚ ਨਹਾਉਂਦੇ ਨੇ ਹਰ ਰੋਜ਼! ਜਿਹਨਾਂ ਮਾਇਆ ਰਾਮ ਜਿਹੀ ਹਸਤੀ ਨੂੰ ਕਤਲ ਕੀਤੈ! ਨਾਲੇ ਮੈਂ ਤਾਂ ਆਪਣੀ ਵੱਲੋਂ ਉਹਨਾਂ ਨੂੰ ਬਚਾਉਣ ਦੀ ਹੀ ਕੋਸ਼ਿਸ਼ ਕੀਤੀ ਸੀ।"

ਥਾਣੇਦਾਰ ਦੇ ਬੋਲ ਉਹਦੇ ਟਿਕਣ ਦਾ ਯਤਨ ਕਰ ਰਹੇ ਮਨ ਵਿਚ ਫਿਰ ਵਿਸਫੋਟ ਕਰਨ ਲੱਗਦੇ, "ਬਾਬਾ! ਵਧਾਈ ਹੋਵੇ। ਤੇਰੇ ਦੱਸੇ ਤਿੰਨੇ ਦੇ ਤਿੰਨੇ ਪੰਛੀ ਫੁੰਡੇ ਗਏ ਨੇ! ਤੇਰੇ ਦੱਸੇ -ਤੇਰੇ ਦੱਸੇ--ਤੇਰੇ ਦੱਸੇ-।"

ਉਹ ਆਪਣੇ ਆਪ ਨੂੰ ਗੁਨਾਹਗਾਰ ਸਮਝਣ ਲੱਗ ਪਿਆ ਸੀ। ਅੱਜ ਸਿਪਾਹੀ ਨੇ ਦੱਸ ਦਿੱਤਾ ਸੀ; ਕੱਲ੍ਹ ਨੂੰ ਥਾਣੇਦਾਰ ਨੇ ਸਾਰੀ ਦੁਨੀਆਂ ਨੂੰ ਦੱਸ ਦੇਣੈਂ ਕਿ ਮੈਂ ਹੀ ਉਹਨਾਂ ਨੂੰ ਮੁੰਡਿਆਂ ਦੀ ਸੂਹ ਦਿੱਤੀ ਸੀ। ਗੱਲ

ਬਾਹਰ ਆਉਣੋਂ ਤਾਂ ਰਹਿਣੀ ਨਹੀਂ! ਬਾਹਰ ਤਾਂ ਆ ਈ ਗਈ ਏ ਹੁਣ ਤਾਂ!

ਪੁੱਤਰਾਂ ਉਹਦਿਆਂ ਬੜਾ ਸਮਝਾਇਆ, "ਬਾਪੂ ਜੀ! ਇਸ ਵਿਚ ਤੁਹਾਡਾ ਕਸੂਰ ਕੀ ਏ! ਪਹਿਲੀ ਗੱਲ ਤਾਂ ਤੁਸੀਂ ਉਹਨਾਂ ਨੂੰ ਨਾ ਫੜਵਾਇਆ ਤੇ ਨਾ ਮਰਵਾਇਆ ਏ। ਤੁਸਾਂ ਤਾਂ ਪੁਲਿਸ ਨੂੰ ਉਹਨਾਂ ਤੋਂ ਉਲਟ ਰਾਹੇ ਤੋਰ ਕੇ ਆਪਣੀ ਵੱਲੋਂ ਬਚਾਉਣ ਦਾ ਹੀ ਚਾਰਾ ਕੀਤਾ ਸੀ। ਇਹ ਤਾਂ ਉਹਨਾਂ ਦੀ ਮਾੜੀ ਕਿਸਮਤ ਕਿ ਓਸੇ ਪਾਸੇ ਮੋੜਾ ਕੱਟ ਗਏ ਤੇ ਪੁਲਿਸ ਨੂੰ ਟੱਕਰ ਗਏ। ਜੇ ਕਸੂਰ ਗਿਣੀਏਂ ਵੀ ਤਾਂ ਕਿਸੇ ਓਸ ਦਾ ਏ, ਜਿਸ ਨੇ ਉਹਨਾਂ ਨੂੰ ਆਪਣੀ ਬੰਬੀ ਵੱਲ ਆਉਂਦਿਆਂ ਵੇਖਿਆ ਤੇ ਪੁਲਿਸ ਨੂੰ ਸੂਹ ਦਿੱਤੀ। ਤੁਸੀਂ ਤਾਂ ਬਿਲਕੁਲ ਨਿਰਦੋਸ਼ ਓ। ਉਂਝ ਵੀ ਉਹ ਜਿਹੜੀਆਂ ਕਰਤੂਤਾਂ ਕਰਦੇ ਸਨ, ਉਹਨਾਂ ਦੀ ਕੀਤੀ ਦਾ ਫ਼ਲ ਕਿਸੇ ਨਾ ਕਿਸੇ ਦਿਨ ਮਿਲਣਾ ਈ ਸੀ ਉਹਨਾਂ ਨੂੰ। ਕੱਲ੍ਹ ਨਹੀਂ ਤਾਂ ਅੱਜ ਮਿਲ ਗਿਆ।"

ਪਰ ਅਰਜਨ ਸਿੰਘ ਦਾ ਮਨ ਧੀਰ ਨਹੀਂ ਸੀ ਧਰ ਰਿਹਾ।

"ਮੈਂ ਆਪਣੀ ਅਣਖ਼ ਲਈ, ਖ਼ਾਨਦਾਨ ਦੀ ਇੱਜ਼ਤ ਲਈ ਆਪਣਾ ਪੁੱਤ ਤਾਂ ਮਰਵਾ ਸਕਦਾਂ, ਪਰ ਕਦੀ ਪੁਲਿਸ ਦਾ ਮੁਖ਼ਬਰ ਨਹੀਂ ਬਣ ਸਕਦਾ!"

ਤੇ ਉਹਦੇ ਪੁੱਤ ਜਗਜੀਤ ਸਿੰਘ ਨੂੰ ਉਹ ਦਿਨ ਚੇਤੇ ਆਏ ਜਦੋਂ ਉਸਨੇ ਆਪਣੀ ਜੱਥੇਬੰਦੀ ਦੇ ਫ਼ੈਸਲੇ ਅਨੁਸਾਰ ਮੁਲਾਜ਼ਮ ਮੰਗਾਂ ਦੀ ਪੂਰਤੀ ਲਈ ਚੰਡੀਗੜ੍ਹ ਵਿਚ ਪੰਜਾਹ ਦਿਨ ਦੀ ਲੰਮੀ ਭੁੱਖ ਹੜਤਾਲ ਨਿਭਾਈ ਸੀ। ਉਦੋਂ ਤਾਂ ਅਜੇ ਬਾਪੂ ਇੰਦਰ ਸਿੰਘ ਵੀ ਜਿਊਂਦਾ ਸੀ। ਬਾਪੂ ਇੰਦਰ ਸਿੰਘ ਨੇ ਕਿਹਾ ਸੀ, "ਸਾਡਾ ਮੁੰਡਾ ਗ਼ਲਤ ਫ਼ੈਸਲਾ ਲੈ ਬੈਠੈ। ਭੁੱਖ ਹੜਤਾਲ ਸਿਰੇ ਚੜ੍ਹਾਉਣਾ ਬੜਾ ਔਖਾ ਕੰਮ ਏਂ। ਅਸੀਂ ਕਰ ਕਰ ਕੇ ਵੇਖੀਆਂ ਨੇ। ਮਾਸਟਰ ਤਾਰਾ ਸਿੰਘ ਤੇ ਸੰਤ ਫ਼ਤਹਿ ਸਿੰਘ ਨੇ ਬਿਨਾਂ ਕੁਝ ਪ੍ਰਾਪਤ ਕੀਤਿਆਂ ਮਰਨ ਵਰਤ ਤੋੜ ਕੇ ਆਪਣੀ ਤੇ ਕੌਮ ਦੀ ਬੜੀ ਹੇਠੀ ਕਰਾਈ ਏ। ਇਹ ਤਾਂ ਫੇਰੂਮਾਨ ਰੱਖ ਵਿਖਾ ਗਿਆ ਤੇ ਇਹਨਾਂ ਵੱਲੋਂ ਲਬੇੜਿਆ ਕੌਮ ਦਾ ਮੂੰਹ ਧੋ ਗਿਆ। ਹੁਣ ਸਾਡਾ ਮੁੰਡਾ ਕਿਤੇ ਸਾਨੂੰ ਉਲ੍ਹਾਮਾਂ ਨਾ ਦਿਵਾ ਦੇਵੇ! ਮੇਰੇ 'ਚ ਤਾਂ ਇਸ ਉਮਰ 'ਚ ਜਾਣ ਦੀ ਹਿੰਮਤ ਨਹੀਂ। ਜਾਓ ਮੁੰਡੇ ਨੂੰ ਦਿਲਬਰੀ ਦੇ ਕੇ ਆਓ।"

ਜਿਸ ਦਿਨ ਉਹਦਾ ਪਿਉ ਅਰਜਨ ਸਿੰਘ ਪਿੰਡ ਦੇ ਦਸ ਬੰਦਿਆਂ ਨੂੰ ਨਾਲ ਲੈ ਕੇ ਉਹਨੂੰ ਭੁੱਖ-ਹੜਤਾਲ 'ਤੇ ਬੈਠੇ ਨੂੰ ਮਿਲਣ ਗਿਆ ਸੀ ਤਾਂ ਜਗਜੀਤ ਦੀ ਭੁੱਖ ਹੜਤਾਲ ਨੂੰ ਬੱਤੀ ਦਿਨ ਗੁਜ਼ਰ ਚੁੱਕੇ ਸਨ। ਉਹ ਮਰਨ-ਹਾਰ, ਨਿਢਾਲ ਹੋਇਆ ਅੱਧ ਮੀਟੀਆਂ ਅੱਖਾਂ 'ਚੋਂ ਪਿੰਡ ਦੇ ਬਜ਼ੁਰਗਾਂ ਵੱਲ ਝਾਕਿਆ ਸੀ। ਬਾਪ ਅਰਜਨ ਸਿੰਘ ਦੀ ਚਿੱਟੀ ਹੋ ਗਈ ਦਾਹੜੀ ਵੱਲ ਵੇਖਦਿਆਂ ਉਸ ਸੋਚਿਆ ਸੀ, "ਪਹਿਲਾਂ ਵੱਡੇ ਬਾਪੂ ਜੀ ਦੇ ਬਿਖੜੇ ਰਾਹੀਂ ਤੁਰਨ ਕਰਕੇ ਮੇਰੇ ਬਾਪੂ ਨੂੰ ਸਾਰੀ ਉਮਰ ਆਪਣੇ ਭੈਣ ਭਰਾਵਾਂ ਦਾ ਤੇ ਸਾਡਾ ਪਰਿਵਾਰ ਪਾਲਣਾ ਪਿਆ ਸੀ। ਤੇ ਹੁਣ ਭਾਵੇਂ ਮੇਰੇ ਮਰਨ ਤੋਂ ਬਾਅਦ ਉਸਨੂੰ ਮੇਰਾ ਪਰਿਵਾਰ ਵੀ ਪਾਲਣਾ ਪੈ ਜਾਏ!"

ਬਾਪ ਦੇ ਉਮਰ ਭਰ ਲੰਮੇ ਸੰਘਰਸ਼ ਦਾ ਧਿਆਨ ਧਰਦਿਆਂ ਉਸਦੀਆਂ ਅੱਖਾਂ ਵਿਚ ਪਾਣੀ ਭਰ ਆਇਆ ਸੀ। ਪਰ ਇਹ ਕਿਸੇ ਕਮਜ਼ੋਰੀ ਦਾ ਪਾਣੀ ਨਹੀਂ ਸੀ। ਦਾਦੇ ਤੇ ਬਾਪ ਬਾਰੇ ਸੋਚਦਿਆਂ ਪੈਦਾ ਹੋਏ ਗੌਰਵ ਦਾ ਅਹਿਸਾਸ ਸੀ। ਉਹਦੀ ਅੱਖ ਦੇ ਕੋਏ 'ਚੋਂ ਕਿਰਦੀ ਪਾਣੀ ਦੀ ਬੂੰਦ ਉਹਦੇ ਪਿਉ ਨੇ ਤਾੜ ਲਈ ਸੀ। ਉਸਦੀ ਆਵਾਜ਼ ਗਰਜੀ ਸੀ, "ਜਗਜੀਤ ਸਿਆਂ, 'ਅਜੀਤ' ਬਣ! ਤੇਰਾ ਪਿੰਡ ਸ਼ਹੀਦਾਂ ਸੂਰਮਿਆਂ ਦਾ ਪਿੰਡ ਏ। ਓਸ ਪਿੰਡ ਦੇ ਨਾਂ ਨੂੰ ਵੱਟਾ ਨਾ ਲਾਵੀਂ। ਆਪਣੇ ਦਾਦੇ ਤੇ ਪਿਉ ਦੀ ਚਿੱਟੀ ਦਾਹੜੀ ਤੇ ਉਜਲੀ ਪੱਗ ਨੂੰ ਦਾਗ਼ ਨਾ ਲੱਗਣ ਦਈਂ। ਵੇਖੀਂ ਕਿਧਰੇ ਰਾਹ 'ਚੋਂ ਨਾ ਮੁੜ ਆਈਂ। ਪਿੱਛੇ ਦੀ ਫ਼ਿਕਰ ਨਾ ਕਰੀਂ। ਆਹ ਤੇਰੇ ਸਾਥੀ ਤੇ ਵਡੇਰੇ ਤੈਨੂੰ ਏਹੋ ਗੱਲ ਆਖਣ ਆਏ ਆਂ, ਸ਼ਹੀਦ ਹੋਣਾ ਪਏ ਤਾਂ ਖਿੜੇ ਮੱਥੇ ਹੋਈਂ। ਘਬਰਾਈਂ ਨਾ। ਮੇਰੇ ਗੁਰੂ ਦੇ ਪੁੱਤ ਵੀ ਮੈਦਾਨ ਵਿਚੋਂ ਨਹੀਂ ਸੀ ਮੁੜੇ ਤੇ ਮੇਰਾ ਪੁੱਤ ਵੀ ਨਹੀਂ ਮੁੜਨਾ ਚਾਹੀਦਾ।"

ਬਾਪੂ ਦੇ ਗਰਜਦੇ ਬੋਲ ਉਹਦੀ ਤਾਕਤ ਬਣ ਗਏ ਸਨ ਤੇ ਉਹਨਾਂ ਦੇ ਆਸਰੇ ਉਹ ਬਾਕੀ ਅਠਾਰਾਂ ਦਿਨ ਵੀ ਕੱਢ ਗਿਆ ਸੀ। ਸਰਕਾਰ ਨੂੰ ਉਹਨਾਂ ਦੀਆਂ ਮੰਗਾਂ ਮੰਨਣ ਲਈ ਆਖ਼ਰਕਾਰ ਝੁਕਣਾ ਪਿਆ ਸੀ।

ਜਗਜੀਤ ਨੇ ਫੇਰ ਸਮਝਾਇਆ, "ਬਾਪੂ ਜੀ! ਤੁਹਾਡਾ ਕੋਈ ਕਸੂਰ ਨਹੀਂ। ਤੁਸੀਂ ਐਵੇਂ ਮਨ ਨੂੰ



ਵਹਿਮ ਲਾ ਲਿਐ।"

"ਕਿਉਂ ਹਰਜੀਤ ਸਿਆਂ! ਜਗਜੀਤ ਸੁੰਹ ਠੀਕ ਆਖਦੈ? ਮੈਨੂੰ ਤਾਂ ਲੱਗਦੈ ਕਿ ਸਵੇਰੇ ਸਾਰਾ ਪਿੰਡ ਮੈਨੂੰ ਥੂਹ ਥੂਹ ਕਰੂਗਾ।"

"ਬਾਪੂ ਜੀ ਕੀ ਗੱਲਾਂ ਕਰਦੇ ਓ! ਤੁਹਾਡਾ ਸਾਰਾ ਜੀਵਨ ਸਾਫ਼ ਸੁਥਰੀ ਸਲੇਟ ਹੈ। ਅਸਲੋਂ ਬੇਦਾਗ਼! ਤੁਹਾਨੂੰ ਕੋਈ ਇਹੋ ਜਿਹੀ ਤੁਹਮਤ ਕਿਵੇਂ ਲਾ ਸਕਦਾ ਐ!" ਹਰਜੀਤ ਨੇ ਹੌਂਸਲਾ ਦਿੱਤਾ। ਉਸਨੇ ਕੋਲ ਖਲੋਤੇ ਆਪਣੇ ਪੁੱਤ ਤੇ ਭਤੀਜੇ ਨੂੰ ਇਸ਼ਾਰਾ ਕੀਤਾ ਤੇ ਅਗਲੇ ਪਲ ਦੋਵਾਂ ਪੋਤਰਿਆਂ ਨੇ ਆਪਣੇ ਦਾਦੇ ਦੇ ਗਲ ਨੂੰ ਜੱਫ਼ੀ ਪਾ ਲਈ।

"ਸਾਡਾ ਬਾਪੂ ਦਲਾਂ ਦਾ ਸੂਰਮਾਂ। ਸ਼ੇਰ ਬੱਬਰ" ਵੱਡੇ ਪੋਤਰੇ ਨੇ ਉਹਦੀ ਸਫ਼ੈਦ ਦਾੜ੍ਹੀ ਨੂੰ ਲਾਡ ਨਾਲ ਸਹਿਲਾਇਆ।

ਅਰਜਨ ਸਿੰਘ ਨੂੰ ਕੋਈ ਭੁੱਲੀ ਹੋਈ ਗੱਲ ਚੇਤੇ ਆ ਗਈ, "ਬੱਚਿਓ! ਤੁਹਾਡਾ ਵੱਡਾ ਬਾਪੂ ਅਜੇ ਜਿਊਂਦਾ ਸੀ, ਜਦ ਇਕ ਦਿਨ ਮੈਂ ਸਭਾਉਕੀ ਉਹਨੂੰ ਆਖਿਆ, "ਬਾਪੂ ਜੀ! ਤੁਸੀਂ ਤਾਂ ਆਪਣੀ ਜ਼ਿੰਦਗੀ ਸੋਹਣੀ ਨਿਭਾ ਲਈ; ਅੱਗੋਂ ਸਾਡੀ ਵੇਖੀਏ ਕਿਵੇਂ ਲੰਘਦੀ ਐ। ਤਾਂ ਉਹਨੇ ਅੱਗੋਂ ਪਤੈ ਕੀ ਅਖਿਆ ਸੀ? ਆਖਣ ਲੱਗਾ, "ਅਰਜਨ ਸਿਆਂ! ਪੁੱਤਰਾ!! ਕਾਹਦੀ ਚੰਗੀ ਨਿਭ ਗਈ! ਮੇਰੀ ਪੂਰੀ ਚੰਗੀ ਨਿਭੀ ਉਸ ਦਿਨ ਜਾਣਿਓਂ ਜਿਸ ਦਿਨ ਆਹ ਚਿੱਟੀ ਦਾਹੜੀ ਏਸਤਰ੍ਹਾਂ ਚਿੱਟੀ ਦੀ ਚਿੱਟੀ ਹੀ ਮੇਰੇ ਨਾਲ ਮੜ੍ਹੀਆਂ ਵਿਚ ਸੜ ਗਈ। ਬੰਦੇ ਦਾ ਕੀ ਪਤਾ ਕਿਹੜੇ ਵੇਲੇ ਕਦੋਂ ਕਾਲਖ਼ ਲੱਗ ਜਾਵੇ!--"

ਏਨੀ ਆਖ ਕੇ ਉਸ ਨੇ ਦੋ-ਤਿੰਨ ਵਾਰ ਨਾਂਹ ਵਿਚ ਸਿਰ ਹਿਲਾਇਆ।

"ਬਾਪੂ ਤੂੰ ਤਾਂ ਲੈ ਗਿਓਂ ਚਿੱਟੀ ਦਾਹੜੀ ਨਾਲ ਆਪਣੇ; ਪਰ ਮੇਰੀ ਤਾਂ ਦਾਹੜੀ ਨੂੰ ਲੱਗ ਗਈ ਕਾਲਖ਼!"

ਉਸਨੇ ਧਾਹ ਮਾਰਨ ਵਾਂਗ ਆਖਿਆ ਤੇ ਦੋਵਾਂ ਹੱਥਾਂ ਵਿਚ ਸਿਰ ਘੁੱਟ ਲਿਆ।

ਟੱਬਰ ਦੇ ਜ਼ੋਰ ਦੇਣ 'ਤੇ ਵੀ ਉਸ ਰੋਟੀ ਦੀ ਬੁਰਕੀ ਮੂੰਹ ਨਾ ਲਾਈ। ਸਾਰੀ ਰਾਤ ਬਿਸਤਰੇ 'ਤੇ ਪਿਆ ਉੱਸਲ ਵੱਟੇ ਲੈਂਦਾ ਰਿਹਾ। ਉਹਦੀ ਨਜ਼ਰ ਆਪਣੇ ਪਿੰਡ ਦੇ ਮਾਣ-ਮੱਤੇ ਇਤਿਹਾਸ 'ਤੇ ਫ਼ੈਲ ਗਈ। ਏਸੇ ਪਿੰਡ ਦੇ ਭਾਈ ਹਰਦਾਸ ਸਿੰਘ ਨੇ ਉਹ ਨਾਗ਼ਣੀ ਬਣਾਈ ਸੀ ਜਿਹੜੀ ਭਾਈ ਬਚਿੱਤਰ ਸਿੰਘ ਨੇ ਗੁਰੂ ਦਾ ਥਾਪੜਾ ਲੈ ਕੇ ਮਸਤ ਹੋਏ ਹਾਥੀ ਦੇ ਮੱਥੇ ਵਿਚ ਮਾਰੀ ਸੀ। ਪਰ ਅੱਜ ਇਹ ਨਾਗਣੀ ਉਸਦੇ ਆਪਣੇ ਕਲੇਜੇ ਵਿਚ ਖੁਭੀ ਪਈ ਸੀ। ਏਸੇ ਪਿੰਡ ਦੇ ਭਾਈ ਮਹਾਂ ਸਿੰਘ ਨੇ ਸਿਰ ਦੀ ਬਾਜ਼ੀ ਲਾ ਕੇ ਗੁਰੂ ਦੀ ਗੋਦ ਦਾ ਨਿੱਘ ਮਾਣਿਆਂ ਸੀ ਤੇ ਭਰਾਵਾਂ ਵੱਲੋਂ ਲਿਖਿਆ ਬੇਦਾਵਾ ਪੜਵਾ ਕੇ ਮੁੜ ਤੋਂ 'ਟੁੱਟੀ ਗੰਢ ਲਈ ਸੀ।' ਪਰ ਅੱਜ ਗੁਰੂ ਨੇ ਉਸ ਨਾਲੋਂ ਆਪ ਹੀ ਤੋੜ ਲਈ ਸੀ। ਉਸਨੂੰ ਖ਼ੁਦ ਨੂੰ ਗੋਦ ਵਿਚੋਂ ਧੱਕਾ ਦੇ ਕੇ ਗੁਰੂ ਨੇ ਪਾਸੇ ਸੁੱਟ ਦਿੱਤਾ ਸੀ। ਉਹ ਆਪਣੇ ਗੁਰੂ ਘਰੋਂ ਧੱਕਿਆ ਗਿਆ ਸੀ। ਨਮੋਸ਼ੀ ਵਿਚ ਗਲ਼ ਗਲ਼ ਧਸਿਆ ਹੋਇਆ! ਉਸ ਮਹਿਸੂਸ ਕੀਤਾ ਉਹਦੀ ਦਾੜ੍ਹੀ ਅੱਥਰੂਆਂ ਨਾਲ ਭਿੱਜ ਚੱਲੀ ਸੀ।

ਕਦੀ ਉਹਨੂੰ ਆਪਣੇ ਗ਼ਦਰੀ ਸੂਰਮਿਆਂ 'ਤੇ ਬੜਾ ਮਾਣ ਸੀ। ਆਪਣੇ ਪਿੰਡ ਦਾ ਤੇ ਆਪਣੇ ਖ਼ਾਨਦਾਨ ਦਾ ਗੌਰਵਮਈ ਇਤਿਹਾਸ ਲੋਕਾਂ ਨਾਲ ਸਾਂਝਾ ਕਰਦਿਆਂ ਉਹਦੀ ਛਾਤੀ ਮਾਣ ਵਿਚ ਫੁੱਲ ਜਾਇਆ ਕਰਦੀ ਸੀ। ਚਿਹਰੇ 'ਤੇ ਜਲਾਲ ਆ ਜਾਂਦਾ ਸੀ। ਪਰ ਅੱਜ ਉਹਨੂੰ ਆਪਣੇ ਪਿੰਡ ਦੇ ਗ਼ਦਰੀ ਪ੍ਰੇਮ ਸਿੰਘ ਨੂੰ ਧੋਖੇ ਨਾਲ ਫੜਾਉਣ ਵਾਲੇ ਉਹਦੇ ਗ਼ਦਰੀ ਯਾਰ ਭੂਰਿਆਂ ਵਾਲੇ ਲਾਲ ਸਿੰਘ ਦੇ ਪੁੱਤ ਚੰਨਣ ਸਿੰਘ ਦਾ ਖ਼ਿਆਲ ਆ ਰਿਹਾ ਸੀ ਜਿਸਨੇ ਆਪਣੇ ਮਾਮੇ ਬਲਵੰਤ ਸਿੰਘ ਨਾਲ ਮਿਲ ਕੇ ਪ੍ਰੇਮ ਸਿੰਘ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ ਸੀ। ਅੱਜ ਉਹ ਆਪ ਚੰਨਣ ਸਿੰਘ ਤੇ ਬਲਵੰਤ ਸਿੰਘ ਬਣ ਗਿਆ ਸੀ!

ਫਿਰ ਉਹਦੀ ਸੋਚ ਉਹਨੂੰ ਹੋਰ ਪਾਸੇ ਖਿੱਚ ਕੇ ਲੈ ਗਈ। ਉਹ ਤਾਂ ਐਵੇਂ ਆਪਣੇ ਪਿੰਡ ਦੇ ਮਾਣ-ਮੱਤੇ ਇਤਿਹਾਸ ਅਤੇ ਗੌਰਵ ਦਾ ਰੌਲਾ ਪਾਉਂਦਾ ਰਿਹਾ ਸੀ। ਮਾਇਆ ਰਾਮ ਦੇ ਕਾਤਲ ਇਹ ਮੁੰਡੇ ਵੀ ਤਾਂ ਏਸੇ ਪਿੰਡ ਦੇ ਸਨ। ਕਿਸੇ ਗ਼ਰੀਬ ਜੱਟ ਦੀ ਕੁੜੀ ਦੀ ਇੱਜ਼ਤ ਰੋਲਣ ਵਾਲਾ ਅੱਜ ਦਾ 'ਸ਼ਹੀਦ ਸੂਰਮਾ!' ਵੀ ਤਾਂ ਏਸੇ ਪਿੰਡ ਦਾ ਸੀ ਤੇ ਸੀ ਵੀ ਉਹਦੇ ਆਪਣੇ ਭਾਈਚਾਰੇ ਵਿਚੋਂ! ਨਿਹਾਲ ਸਿੰਘ ਵੀ ਤਾਂ ਏਸੇ ਹੀ ਪਿੰਡ ਦਾ ਸੀ, ਜਿਹੜਾ ਪ੍ਰੇਮ ਸਿੰਘ ਹੁਰਾਂ ਦਾ ਸਾਥੀ ਸੀ ਤੇ ਜਿਸਨੇ ਪਿੱਛੋਂ ਵਾਅਦਾ ਮੁਆਫ਼ ਗਵਾਹ ਬਣ ਕੇ ਪ੍ਰੇਮ ਸਿੰਘ ਹੁਰਾਂ ਨੂੰ ਫਾਹੇ

ਲਵਾਇਆ ਸੀ! ਉਸਨੂੰ ਅਦਾਲਤ ਵਿਚ ਵਾਅਦਾ ਮੁਆਫ਼ ਬਣਿਆਂ ਵੇਖ ਕੇ ਪ੍ਰੇਮ ਸਿੰਘ ਨੇ ਆਪਣਾ ਮੂੰਹ ਪਰਨੇ ਨਾਲ ਢਕ ਲਿਆ ਸੀ ਤੇ ਕਿਹਾ ਸੀ, "ਮੈਂ ਇਸ ਗ਼ਦਾਰ ਦਾ ਮੂੰਹ ਨਹੀਂ ਵੇਖਣਾ ਚਾਹੁੰਦਾ।"

ਪ੍ਰੇਮ ਸਿੰਘ ਨੇ ਤਾਂ ਇਹ ਵੀ ਕਿਹਾ ਸੀ, "ਨਿਹਾਲ ਸਿਆਂ! ਜਿਹੜੀ ਮੌਤ ਤੋਂ ਡਰਦਿਆਂ ਤੂੰ ਵਾਅਦਾ ਮੁਆਫ਼ ਬਣਿਆਂ ਏਂ, ਯਾਦ ਰੱਖੀਂ! ਤੇਰੀ ਗ਼ਦਾਰੀ ਤੇ ਤੇਰੀ ਨਮੋਸ਼ੀ ਤੈਨੂੰ ਸਾਡੇ ਤੋਂ ਵੀ ਪਹਿਲਾਂ ਲੈ ਡੁੱਬੇਗੀ। ਸਾਡੇ ਤੋਂ ਪਹਿਲਾਂ ਮਰੇਂਗਾ ਤੂੰ!"

ਨਿਹਾਲ ਸਿੰਘ ਨਮੋਸ਼ੀ ਦਾ ਮਾਰਿਆ ਘਰ ਆ ਕੇ ਪਿਛਲੇ ਅੰਦਰ ਲੁਕ ਗਿਆ ਸੀ। ਪ੍ਰੇਮ ਸਿੰਘ ਦੀ ਬੋਲੀ ਉਸਦੇ ਅੰਦਰ ਖੁਭ ਗਈ ਸੀ। ਜੇ ਕਿਤੇ ਹਨੇਰੇ-ਸਵੇਰੇ, ਬਾਹਰ-ਅੰਦਰ ਜੰਗਲ-ਪਾਣੀ ਜਾਂਦਾ ਵੀ ਤਾਂ ਕਿਸੇ ਨਾਲ ਅੱਖ ਮਿਲਾਉਣੋਂ ਡਰਦਾ। ਉਸਨੂੰ ਲੱਗਦਾ ਸੀ ਜਿਵੇਂ ਉਹਨੂੰ ਵੇਖਣ ਵਾਲਾ ਹਰ ਬੰਦਾ ਵੇਖਦੇ ਸਾਰ ਮੂੰਹ ਉੱਤੇ ਪਰਨਾ ਲੈ ਲੈਣ ਲੱਗਾ ਹੋਵੇ! ਸਾਰਾ ਦਿਨ ਉਹ ਪਿਛਲੇ ਕਮਰੇ ਦੇ ਹਨੇਰੇ ਵਿਚ ਲੁਕਿਆ ਰਹਿੰਦਾ। ਆਏ ਗਏ ਕਿਸੇ ਨੂੰ ਵੀ ਮਿਲਦਾ ਨਹੀਂ ਸੀ। ਪਿਛਲੇ ਦਿਨਾਂ ਵਿਚ ਤਾਂ ਉਹ ਘਰ ਦੇ ਜੀਆਂ ਨੂੰ ਵੀ ਕਹਿਣ ਲੱਗ ਪਿਆ ਸੀ, "ਆਪਣੇ ਮੂੰਹ ਤੋਂ ਪਰਨਾ ਪਾਸੇ ਕਿਉਂ ਨਹੀਂ ਕਰਦੇ! ਕੀ ਵਿਗਾੜਿਐ ਮੈਂ ਤੁਹਾਡਾ! ਮੇਰੇ ਵੱਲ ਵਿੰਹਦੇ ਕਿਉਂ ਨਹੀਂ ਤੁਸੀਂ? ਕਿਉਂ ਮੂੰਹ ਮੋੜਦੇ ਓ ਮੇਰੇ ਤੋਂ?"

ਤੇ ਸੱਚੀਂ ਨਮੋਸ਼ੀ ਦਾ ਮਾਰਿਆ ਨਿਹਾਲ ਸਿੰਘ ਪ੍ਰੇਮ ਸਿੰਘ ਹੁਰਾਂ ਦੇ ਫਾਹੇ ਲੱਗਣ ਤੋਂ ਪਹਿਲਾਂ ਹੀ ਪ੍ਰਾਣ ਤਿਆਗ ਗਿਆ ਸੀ। ਇਹ ਕਿਸੇ ਵਲੀ-ਔਲੀਏ ਪ੍ਰੇਮ ਸਿੰਘ ਦਾ ਸਰਾਪ ਨਹੀਂ ਸੀ। ਇਹ ਤਾਂ ਇਕ ਦੇਸ਼ ਭਗਤ ਅੰਦਰੋਂ ਗ਼ਦਾਰੀ ਕਰ ਗਏ ਆਪਣੇ ਹੀ ਸਾਥੀ ਲਈ ਸਹਿਜ-ਸੁਭਾ ਨਿਕਲੀ ਦੁਰ-ਅਸੀਸ ਸੀ, ਜਿਸ ਨੇ ਭੈਅ ਵਿਚ ਫਸ ਕੇ ਆਦਰਸ਼ੋਂ ਡਿੱਗ ਪਏ ਨਿਹਾਲ ਸਿੰਘ ਦੀ ਜ਼ਮੀਰ ਨੂੰ ਲਾਹਣਤ ਪਾਈ ਸੀ। ਆਪਣੇ ਹੀ ਅੰਦਰੋਂ ਪਈ ਇਸ ਫਿਟਕਾਰ ਨੇ ਉਹਦੀ ਜ਼ਮੀਰ ਢੇਰੀ ਕਰ ਦਿੱਤੀ ਸੀ ਤੇ ਨਾਲ ਹੀ ਸਰੀਰ ਵੀ।

ਅੱਜ ਉਹ ਖ਼ੁਦ ਵੀ ਨਿਹਾਲ ਸਿੰਘ ਬਣ ਗਿਆ ਸੀ!

ਸਵੇਰੇ ਕਿਸੇ ਨੂੰ ਕੀ ਮੂੰਹ ਵਿਖਾਏਗਾ ਉਹ! ਸਾਰੇ ਲੋਕ ਉਹਨੂੰ ਵੇਖ ਕੇ ਮੂੰਹ 'ਤੇ ਪਰਨੇ ਲੈ ਲੈਣਗੇ। ਕਿਵੇਂ ਕਰੇਗਾ ਉਹ ਉਹਨਾਂ ਦਾ ਸਾਹਮਣਾ! ਕੀ ਹੁਣ ਉਹ ਵੀ ਪਿਛਲੇ ਅੰਦਰ ਲੁਕ ਜਾਵੇ!

ਜਗਜੀਤ ਤੇ ਹਰਜੀਤ ਤਾਂ ਬਾਰ ਬਾਰ ਆਖਦੇ ਸਨ ਕਿ ਉਸਦਾ ਕੋਈ ਕਸੂਰ ਨਹੀਂ! ਮੁੰਡਿਆਂ ਦੀ ਮੌਤ ਤਾਂ 'ਬਾਜ਼ਾਂ' ਦੀ 'ਬਾਜ਼ਾਂ' ਨਾਲ ਲੜਾਈ ਦਾ ਫ਼ਲ ਸੀ। ਉਹਨਾਂ 'ਬਾਜ਼ਾਂ' ਨੇ ਹੀ ਤਾਂ ਮਾਇਆ ਰਾਮ ਦਾ ਕਤਲ ਕੀਤਾ ਸੀ। ਮਾਇਆ ਰਾਮ ਦੇ ਕਾਤਲ ਪ੍ਰੇਮ ਸਿੰਘ ਦੀ ਥਾਂ ਕਿਵੇਂ ਲੈ ਸਕਦੇ ਸਨ! ਪ੍ਰੇਮ ਸਿੰਘ ਤੇ ਉਹ ਆਪ ਤਾਂ 'ਚਿੜੀਆਂ ਦੇ ਯਾਰ' ਸਨ!

ਠੀਕ ਹੀ ਤਾਂ ਸੀ। ਮਾਇਆ ਰਾਮ ਦੇ ਕਾਤਲ ਪ੍ਰੇਮ ਸਿੰਘ ਦੀ ਥਾਂ ਕਿਵੇਂ ਲੈ ਸਕਦੇ ਨੇ! ਪਰ ਥਾਣੇਦਾਰ ਹੱਸਦਾ ਹੋਇਆ ਆਖ ਰਿਹਾ ਸੀ, "ਬਾਬਾ! ਵਧਾਈ ਹੋਵੇ। ਤੇਰੇ ਦੱਸੇ ਤਿੰਨੇ ਦੇ ਤਿੰਨੇ ਪੰਛੀ ਫੁੰਡੇ ਗਏ ਨੇ! ਤੇਰੇ ਦੱਸੇ -ਤੇਰੇ ਦੱਸੇ--ਤੇਰੇ ਦੱਸੇ-।"

ਉਹ ਇਕ ਤਰ੍ਹਾਂ ਆਪਣੇ ਮੁੰਡਿਆਂ 'ਤੇ ਚੀਕ ਪਿਆ, "ਮਸਲਾ 'ਮਾਇਆ ਰਾਮ ਦੇ ਕਾਤਲ ਮਾਰੇ ਹੀ ਜਾਣੇ ਚਾਹੀਦੇ ਨੇ' ਦਾ ਨਹੀਂ ਸਗੋਂ ਮਸਲਾ ਮੇਰੇ ਸਹਿਵਨ ਹੀ 'ਮੁਖ਼ਬਰ' ਬਣ ਜਾਣ ਦਾ ਹੈ; ਜਿਸਦੀ ਧੁੱਖ ਥਾਣੇਦਾਰ ਤੇ ਹੋਰਨਾਂ ਪੁਲਸੀਆਂ ਰਾਹੀਂ ਅੱਜ-ਭਲਕ ਬਾਹਰ ਨਿਕਲ ਹੀ ਜਾਣੀ ਹੈ!

ਉਸਨੇ ਫਿਰ ਤੋਂ ਸਿਰ ਫੜ ਲਿਆ।

ਸਾਰੀ ਰਾਤ ਉਸ ਜਾਗਦਿਆਂ ਕੱਟੀ। ਲੋਅ ਲੱਗੀ ਤਾਂ ਉਸਨੇ ਦੀਵਾਰ 'ਤੇ ਟੰਗੀਆਂ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਦੀਆਂ ਤਸਵੀਰਾਂ ਵੱਲ ਵੇਖਿਆ।

"ਮੇਰੇ ਬਾਬਾ ਨਾਨਕਾ! ਮੈਂ ਤਾਂ ਸਦਾ ਪਹਿਲਾਂ ਤੈਨੂੰ ਈ ਸਿਮਰਿਐ! ਤੂੰ ਈ ਹੁਣ ਰਾਹ ਦੱਸ ਕੋਈ। ਮੇਰੇ ਨਾਨਕ ਦੀ ਦਸਵੀਂ ਜੋਤ, ਹੋਰਨਾਂ ਦੇ 'ਬਾਜ਼ਾਂ ਵਾਲਿਆ', ਪਰ ਮੇਰਿਆ 'ਚਿੜੀਆਂ ਵਾਲਿਆ!' ਤੂੰ ਤਾਂ ਜਾਣਦੈਂ ਕਿ ਮੈਂ ਕਿਤਿਉਂ ਵੀ ਅੰਮ੍ਰਿਤ ਨਹੀਂ ਸੀ ਛਕਿਆ। ਮੈਂ ਤਾਂ ਜਦੋਂ ਫ਼ਾਤਮਾਂ ਨੂੰ ਛੁਡਾਉਣ ਜਾਣ ਲਈ ਘਰੋਂ ਕਿੱਲੀ



ਨਾਲੋਂ ਬਾਪੂ ਦੀ ਕਿਰਪਾਨ ਲਾਹੀ ਸੀ ਤਾਂ ਕੇਵਲ ਤੇਰਾ ਹੀ ਆਸਰਾ ਤਕਾਇਆ ਸੀ। ਮੈਂ ਤਾਂ ਲੋੜ ਵੇਲੇ ਆਪਣੀ ਜ਼ਿੰਮੇਵਾਰੀ ਸਮਝਦਿਆਂ ਤੇਰਾ ਨਾਂ ਲੈ ਕੇ ਤੇਰੀ ਕਿਰਪਾਨ ਕਦੀ ਕਦੀ ਉਠਾ ਲੈਂਦਾ ਸਾਂ ਤਾਂ ਭੋਲੇ ਲੋਕ ਸਮਝਦੇ ਸਨ ਕਿ ਮੈਂ ਅੰਮ੍ਰਿਤ ਛਕਿਆ ਹੋਇਐ! ਲੋਕਾਂ ਲਈ ਮੈਂ ਅੰਮ੍ਰਿਤਧਾਰੀ ਸਾਂ। ਮੈਂ ਲੋਕਾਂ ਦੇ ਵਿਸ਼ਵਾਸ ਨੂੰ ਤੋੜ ਕੇ ਤੇਰੀ ਹੇਠੀ ਨਹੀਂ ਸਾਂ ਕਰਵਾਉਣਾ ਚਾਹੁੰਦਾ। ਇਸ ਲਈ ਅਣਛਕੇ ਅੰਮ੍ਰਿਤ ਦਾ ਭੇਦ ਮੈਂ ਕਦੀ ਕਿਸੇ 'ਤੇ ਉਜਾਗਰ ਨਹੀਂ ਸੀ ਹੋਣ ਦਿੱਤਾ। ਮੈਂ ਅਣਛਕਿਆ ਅੰਮ੍ਰਿਤ ਵੀ ਕਦੀ ਤੇਰੇ ਲਈ ਮਿਹਣਾ ਨਹੀਂ ਸੀ ਬਣਨ ਦਿੱਤਾ। ਹੁਣ ਤੂੰ ਦੱਸ ਤਾਂ ਸਹੀ ਮੈਂ ਮਾਛੀਵਾੜੇ ਦੇ ਜੰਗਲ ਵਿਚੋਂ ਕਿਵੇਂ ਪਾਰ ਜਾਵਾਂ! ਫਸ ਗਿਆ ਮੈਂ ਤਾਂ ਭੁੱਲ ਭੁਲਈਆਂ ਵਿਚ।"

ਦੋਵੇਂ ਬਾਬੇ ਅੱਗੋਂ ਕੁਝ ਨਹੀਂ ਬੋਲੇ। ਉਹ ਪਰੇਸ਼ਾਨ ਹੋਇਆ ਆਪਣੇ 'ਪਿੰਡ' ਨੂੰ ਪੁੱਛਣ ਲੱਗਾ। ਸਾਰੇ ਜਿਵੇਂ ਕਹਿ ਰਹੇ ਸਨ; ਤੂੰ ਸਾਨੂੰ ਕਿਉਂ ਪੁੱਛਦਾ ਏਂ; ਆਪਣੇ ਮਨ ਨੂੰ ਪੁੱਛ। ਪਰ ਮਨ ਵਿਚ ਤਾਂ ਚਾਰ ਚੁਫ਼ੇਰੇ ਹਨੇਰਾ ਹੀ ਹਨੇਰਾ ਸੀ।

ਉਹ ਵਾਰ ਵਾਰ ਆਪਣੇ ਆਪ ਨੂੰ ਸਵਾਲ ਕਰਦਾ। ਵਾਰ ਵਾਰ ਵੱਖਰੇ ਵੱਖਰੇ ਜਵਾਬ ਮਿਲਦੇ।

ਤੇ ਫੇਰ ਜਿਵੇਂ ਉਸਨੂੰ ਅਚਨਚੇਤ ਰਾਹ ਦਿਸ ਪਿਆ ਹੋਵੇ।

ਦਿਨ ਚੜ੍ਹੇ ਉਹ ਖ਼ੁਸ਼ੀ ਖ਼ੁਸ਼ੀ ਸਾਰੇ ਟੱਬਰ ਨੂੰ ਮਿਲਿਆ। ਚਾਹ ਵੀ ਪੀਤੀ, ਨਾਸ਼ਤਾ ਵੀ ਕੀਤਾ। ਕਿਰਪਾਨ ਕਿੱਲੀ ਨਾਲੋਂ ਲਾਹੀ ਤੇ ਮਜ਼ਬੂਤ ਕਦਮੀਂ ਤੁਰਦਾ ਉਹ ਪਿੰਡ ਵਿਚ ਵੜਦੀ ਸੜਕ ਦੇ ਸਾਹਮਣੇ ਪੈਂਦੇ ਚੌਰਾਹੇ ਵਿਚਲੇ ਥੜ੍ਹੇ 'ਤੇ ਆ ਕੇ ਬੈਠ ਗਿਆ। ਉਸਨੂੰ ਪਤਾ ਸੀ ਪੁਲਿਸ ਇਸ ਵੇਲੇ ਰੋਜ਼ ਗ਼ਸ਼ਤ 'ਤੇ ਆਉਂਦੀ ਹੈ।

ਪੁਲਿਸ ਦੀ ਜੀਪ ਆਈ ਤਾਂ ਉਸਨੇ ਹੱਥ ਦੇ ਕੇ ਰੋਕ ਲਈ।

"ਕੱਲ੍ਹ ਵਾਲਾ ਬਾਬਾ ਅਰਜਨ ਸੂੰਹ ਏਂ।" ਹੌਲਦਾਰ ਨੇ ਥਾਣੇਦਾਰ ਨੂੰ ਆਖਿਆ।

"ਸੁਣਾ ਬਾਬਾ!" ਥਾਣੇਦਾਰ ਨੇ 'ਆਪਣਾ ਬੰਦਾ' ਜਾਣ ਕੇ ਚਾਅ ਵਿਚ ਖੱਬਾ ਪੈਰ ਜੀਪ ਤੋਂ ਹੇਠਾਂ ਲਾਹੁੰਦਿਆਂ ਉਤਸ਼ਾਹ ਨਾਲ ਪੁੱਛਿਆ।

"ਸੁਣਾਉਂਦਾਂ ਤੈਨੂੰ ਹਰਾਮੀਆਂ!" ਉਹਨੇ ਮਿਆਨ ਸਣੇ ਕਿਰਪਾਨ ਉਹਦੀਆਂ ਬਾਹਵਾਂ 'ਤੇ ਮਾਰੀ। ਉਹਦੀ ਗਰਜਦੀ ਆਵਾਜ਼ ਦੂਰ ਦੂਰ ਖਲੋਤੇ ਲੋਕਾਂ ਦੇ ਕੰਨਾਂ ਤਕ ਜਾ ਗੂੰਜੀ।

"ਤੂੰ ਮੈਨੂੰ ਮੁਖ਼ਬਰ ਬਣਾ 'ਤਾ ਕੰਜਰਾ! ਮੈਂ ਦੁਨੀਆਂ ਸਾਹਮਣੇਂ ਕਿਤੇ ਮੂੰਹ ਦੇਣ ਜੋਗਾ ਨਹੀਂ ਰਹਿ ਗਿਆ। ਹਰਾਮੀਆਂ! ਕਲੰਕ ਲਵਾ 'ਤਾ ਈ ਮੇਰੇ ਮੱਥੇ 'ਤੇ। ਮੇਰੇ ਪਿੰਡ ਦੇ ਮੱਥੇ 'ਤੇ। ਮੇਰੀ ਉਮਰ ਭਰ ਦੀ ਕਮਾਈ ਮਿੱਟੀ 'ਚ ਰੋੜ੍ਹ 'ਤੀ। ਮੁੰਡਿਆਂ ਨੇ ਤਾਂ ਜੋ ਉਹ ਕਰਦੇ ਸਨ, ਅੱਜ ਭਲਕ ਮਰਨਾ ਈ ਸੀ। ਪਰ ਤੂੰ ਉਹਨਾਂ ਦੀ ਮੌਤ ਮੇਰੇ ਲੇਖੇ ਕਿਉਂ ਪਾ 'ਤੀ। ਦੱਲਾ ਬਣਾ 'ਤਾ ਤੂੰ ਮੈਨੂੰ।"

ਪੁਲਿਸ ਦੇ ਬੰਦੇ ਭੱਜ ਕੇ ਬਾਹਰ ਨਿਕਲੇ। ਅਰਜਨ ਸਿੰਘ ਦਾ ਹਮਲਾ ਜੀਪ ਦੇ ਸਾਹਮਣੇ ਪਾਸਿਉਂ ਹੋਣ ਕਰ ਕੇ ਪਿਛਲੀਆਂ ਸੀਟਾਂ ਤੋਂ ਉੱਤਰੇ ਸਿਪਾਹੀਆਂ ਦੇ ਅੱਗੇ ਅਰਜਨ ਸਿੰਘ ਨਾਲ ਗੁੱਥ-ਮ-ਗੁੱਥਾ ਹੁੰਦਾ ਥਾਣੇਦਾਰ ਆ ਗਿਆ। ਉਹ ਪਾਸਾ ਵਲ਼ ਕੇ ਹਰਫ਼ਲੀ ਕਾਹਲੀ ਨਾਲ ਅਰਜਨ ਸਿੰਘ ਵੱਲ ਵਧਣ ਲਈ ਲਪਕੇ।

ਅਰਜਨ ਸਿੰਘ ਪਹਿਲਾਂ ਤਾਂ ਤਲਵਾਰ ਨੂੰ ਮਿਆਨੋਂ ਕੱਢਣ ਲੱਗਾ ਪਰ ਫਿਰ ਕੁਝ ਸੋਚ ਕੇ ਉਸਨੇ ਥਾਣੇਦਾਰ ਦੀ ਪੇਟੀ ਨਾਲ ਲਮਕਦੇ ਰੀਵਾਲਵਰ ਨੂੰ ਹੱਥ ਪਾ ਲਿਆ। ਥਾਣੇਦਾਰ ਨੇ ਉਸਨੂੰ ਧੱਕਾ ਮਾਰ ਕੇ ਨਾਲੋਂ ਤੋੜਨਾ ਚਾਹਿਆ। ਪਰ ਉਹਦੇ ਹੱਥ ਤਾਂ ਲੋਹੇ ਦੇ ਬਣੇ ਹੋਏ ਸਨ। ਜੀਪ ਤੋਂ ਭੱਜ ਕੇ ਉੱਤਰੇ ਸਾਹੋ-ਸਾਹ ਹੋਏ ਹਵਾਲਦਾਰ ਨੇ ਉਸਨੂੰ ਪਿੱਛੋਂ ਦੀ ਜੱਫਾ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਝਟਕੇ ਨਾਲ ਉਸਦੇ ਜੱਫੇ 'ਚੋਂ ਨਿਕਲ ਗਿਆ। ਪੂਰੇ ਜ਼ੋਰ ਨਾਲ ਉਸਨੇ ਥਾਣੇਦਾਰ ਦਾ ਰੀਵਾਲਵਰ ਖਿਚ ਲਿਆ।

"ਫੜੋ ਉਏ ਇਹਨੂੰ। ਜਦੋਂ ਮੈਨੂੰ ਮਾਰ ਈ ਦਊਗਾ, ਉਦੋਂ ਈ ਕੁਝ ਕਰੋਗੇ।" ਥਾਣੇਦਾਰ ਦੀ ਕੰਬਦੀ-ਵਿਲਕਦੀ ਚੀਕ ਗੂੰਜੀ।

"ਕੁੱਤਿਆ ਮੈਂ ਤੈਨੂੰ ਮਾਰਨਾ ਨਹੀਂ। ਪਰ ਮੈਂ ਤੈਨੂੰ ਸੁੱਕਾ ਵੀ ਨਹੀਂ ਛੱਡਣਾ। ਤੇਰੇ ਲਹੂ ਨਾਲ ਮੈਂ ਆਪਣੇ ਮੱਥੇ 'ਤੇ ਲੱਗ ਗਈ ਕਾਲਖ਼ ਧੋਣੀ ਐਂ।" ਉਹਨੇ ਖੱਬੇ ਹੱਥ ਵਿਚ ਕਿਰਪਾਨ ਸੰਭਾਲੀ ਤੇ ਸੱਜੇ ਹੱਥ ਨਾਲ ਰੀਵਾਲਵਰ ਦਾ ਬੱਟ ਪੂਰੇ ਤਾਣ ਨਾਲ ਥਾਣੇਦਾਰ ਦੇ ਮੱਥੇ ਵਿਚ ਮਾਰਿਆ। ਲਹੂ ਦੀਆਂ ਘਰਾਲਾਂ ਵਗਣ ਲੱਗੀਆਂ।

"ਬੱਅਅਸ!" ਏਨੀ ਕਰ ਕੇ ਉਸ ਤਸੱਲੀ ਦਾ ਡੂੰਘਾ ਸਾਹ ਲਿਆ ਤੇ ਰੀਵਾਲਵਰ ਨੂੰ ਹਵਾ ਵਿਚ ਉੱਚਾ ਉਛਾਲ ਕੇ ਦੂਰ ਸੁੱਟਦਿਆਂ ਜੇਤੂ ਖ਼ੁਸ਼ੀ ਵਿਚ ਕਿਹਾ, "ਹੋਅ, ਆਹ ਲੈ।"

ਮੀਚੀ ਮੁੱਠੀ ਵਾਲਾ ਉਸਦਾ ਸੱਜਾ ਗੁੱਟ ਮਜ਼ਬੂਤੀ ਨਾਲ ਅੱਗੇ ਵਧਿਆ ਵੰਗਾਰ ਰਿਹਾ ਸੀ, "ਲਓ, ਫੜ ਲਓ ਮੈਨੂੰ।"

ਦੋ ਪੁਲਸੀਆਂ ਨੇ ਅਰਜਨ ਸਿੰਘ ਨੂੰ ਜੱਫਾ ਮਾਰ ਲਿਆ।

ਲਹੂ ਚੋਂਦੇ ਮੱਥੇ ਨੂੰ ਪੂੰਝਦਿਆਂ ਘਰਕਦੇ ਹੋਏ ਥਾਣੇਦਾਰ ਨੇ ਨਾਲ ਦੇ ਸਾਥੀਆਂ ਨੂੰ ਲਲਕਾਰਿਆ, "ਹੁਣ ਮਾਰੋ ਵੀ ਗੋਲੀ ਇਹਨੂੰ ਭੈਣ ਚੋਦੋ! ਪਿਉ ਨੂੰ ਜੱਫੀਆਂ ਕਾਹਦੀਆਂ ਪਾਉਣ ਡਹੇ ਜੇ!"

ਜੱਫਾ ਪਾਉਣ ਵਾਲਿਆਂ ਅਰਜਨ ਸਿੰਘ ਨੂੰ ਧੱਕਾ ਦੇ ਕੇ ਇਕ ਪਾਸੇ ਕਰ ਦਿੱਤਾ।

ਸਿਪਾਹੀ ਨੇ ਸਟੇਨਗੰਨ ਸਿੱਧੀ ਕੀਤੀ ਤੇ ਨਿਸ਼ਾਨਾ ਬੰਨ੍ਹ ਕੇ ਗੋਲੀ ਚਲਾ ਦਿੱਤੀ। 'ਗੜ ਗੜ' ਹੋਈ ਤੇ ਅਗਲੇ ਪਲ ਅਰਜਨ ਸਿੰਘ ਜ਼ਮੀਨ 'ਤੇ ਡਿੱਗਾ, ਲਹੂ ਵਿਚ ਲੱਥ ਪੱਥ, ਤੜਫ਼ ਰਿਹਾ ਸੀ।

ਪਲਾਂ ਵਿਚ ਲੋਕਾਂ ਦੀ ਭੀੜ ਜਮ੍ਹਾਂ ਹੋ ਗਈ। ਇਹ ਕੀ ਭਾਣਾ ਵਾਪਰ ਗਿਆ ਸੀ!

ਰੁਮਾਲ ਨਾਲ ਮੱਥੇ ਤੋਂ ਲਹੂ ਪੂੰਝਦਾ ਹੋਇਆ ਥਾਣੇਦਾਰ ਕਦੇ ਮੁੱਠ-ਭੇੜ ਵਿਚ ਪਾਟ ਗਈ ਤੇ ਤਿਪ ਤਿਪ ਡੁੱਲ੍ਹਦੇ ਲਹੂ ਨਾਲ ਲਿਬੜ ਰਹੀ ਆਪਣੀ ਵਰਦੀ ਵੱਲ ਵੇਖ ਰਿਹਾ ਸੀ; ਕਦੀ ਜ਼ਮੀਨ 'ਤੇ ਡਿੱਗੇ ਅਰਜਨ ਸਿੰਘ ਵੱਲ। ਲਹੂ ਚੋ ਚੋ ਕੇ ਉਹਦੇ ਚਿਹਰੇ ਤੇ ਅੱਖਾਂ ਨੂੰ ਭਿਉਂ ਰਿਹਾ ਸੀ।

ਪੁਲਿਸ ਨੇ ਦਬਕਾ ਮਾਰ ਕੇ ਭੀੜ ਨੂੰ ਪਾਸੇ ਹਟ ਜਾਣ ਲਈ ਕਿਹਾ। ਲੋਕ ਦੂਰ ਜਾ ਕੇ ਖੜੇ ਹੋ ਗਏ। ਜਿਨ੍ਹਾਂ ਕੁਝ ਇਕ ਜਣਿਆਂ ਨੇ ਆਪਣੀ ਹਾਜ਼ਰੀ ਵਿਚ ਘਟਨਾ ਵਾਪਰਦੀ ਵੇਖੀ ਸੀ, ਉਹ ਡਰੇ-ਸਹਿਮੇ ਵੀ ਸਨ ਤੇ ਹੁਲਾਸ ਵਿਚ ਵੀ ਸਨ। ਕੰਬਦੇ, ਸਹਿਮੇਂ ਤੇ ਉਤਸ਼ਾਹੀ ਬੋਲਾਂ ਨਾਲ ਉਹ ਘਟਨਾ ਦਾ ਬਿਆਨ ਕਰ ਰਹੇ ਸਨ। ਵਧਾ ਚੜ੍ਹਾ ਕੇ ਅਰਜਨ ਸਿੰਘ ਦੀ ਬਹਾਦਰੀ ਤੇ ਜਵਾਂ-ਮਰਦੀ ਦੀ ਕਹਾਣੀ ਸੁਣਾ ਰਹੇ ਸਨ।

"ਨਹੀਂ ਉਏ ਰੀਸਾਂ! ਸਾਡੇ ਸੂਰਮੇ ਬਾਪੂ ਦੀਆਂ! ਓਸ ਬੱਬਰ ਸ਼ੇਰ ਦੀਆਂ!" ਕਿਸੇ ਨੇ ਜੋਸ਼ ਵਿਚ ਭਰ ਕੇ ਪਰ ਪੁਲਿਸ ਤੋਂ ਡਰਦਿਆਂ ਹੌਲੀ ਜਿਹੀ ਆਖਿਆ।

ਭੀੜ ਤੋਂ ਪਰੇ ਇਕ ਪਾਸੇ ਆਣ ਖਲੋਤਾ ਅਕਾਲੀ ਭਜਨ ਸਿੰਘ ਆਪਣੇ ਨਾਲ ਖਲੋਤੇ ਸਾਥੀ ਨੂੰ ਹੌਲੀ ਜਿਹੀ ਕਹਿੰਦਾ, "ਇਹੋ ਜਿਹੇ ਇੰਝ ਈ ਕੁੱਤੇ ਦੀ ਮੌਤ ਮਰਦੇ ਹੁੰਦੇ ਨੇ। ਜਿਹੜੇ ਨਾ ਏਧਰ ਹੋਣ ਨਾ ਓਧਰ।"

"ਸ਼ਰਮ ਕਰ ਓ ਭਜਨ ਸਿਆਂ! ਉਂਝ 'ਅਕਾਲੀ' ਬਣਿਆਂ ਫਿਰਦੈਂ!" ਨਾਲ ਦੇ ਗਾਲ੍ਹ ਕੱਢਣ ਵਾਂਗ ਆਖਿਆ।

"ਠਾਣੇਦਾਰ ਨੇ ਤਾਂ ਆਪਣੀ ਡਿਊਟੀ ਨਿਭਾਉਣੀ ਸੀ! ਪਹਿਲਾਂ ਮੁੰਡਿਆਂ ਦੀ ਸੂਹ ਨਾ ਦਿੰਦਾ ਇਹ!" ਭਜਨ ਸਿੰਘ ਅਜੇ ਵੀ ਆਪਣੀ ਗੱਲ 'ਤੇ ਕਾਇਮ ਸੀ।

"ਕੋਈ ਨਹੀਂ; ਉਹਨੇ ਵੀ ਆਪਣੀ ਡਿਊਟੀ ਨਿਭਾ ਦਿੱਤੀ ਆ।"

ਭਜਨ ਸਿੰਘ ਦੇ ਮੋਢੇ 'ਤੇ ਕਿਸੇ ਨੇ ਹੱਥ ਰੱਖਿਆ।

ਇਹ ਪਿੱਛੇ ਆ ਖਲੋਤਾ ਅਰਜਨ ਸਿੰਘ ਦਾ ਮੁੰਡਾ ਜਗਜੀਤ ਸਿੰਘ ਸੀ ਜਿਹੜਾ ਕਿਸੇ ਦੁਕਾਨ ਤੋਂ ਹਾਦਸੇ ਦੀ ਖ਼ਬਰ ਸੁਣਕੇ ਭੱਜਾ ਆਇਆ ਸੀ।

ਜਗਜੀਤ ਕਾਹਲੀ ਨਾਲ ਖ਼ੂਨ ਵਿਚ ਲਿੱਬੜੇ ਬਾਪੂ ਦੀ ਲਾਸ਼ ਵੱਲ ਵਧਿਆ। ਲਹੂ ਦਾ ਛੱਪੜ ਲੱਗਾ ਹੋਇਆ ਸੀ। ਛਾਤੀ ਗੋਲੀਆਂ ਨਾਲ ਛਲਣੀ ਹੋਈ ਪਈ ਸੀ। ਤੇ ਛਾਤੀ ਦੇ ਨਾਲ ਹੀ ਖੱਬੇ ਪਾਸੇ ਉਸਦੀ ਮੁੱਠ ਵਿਚ ਘੁੱਟੀ ਉਹਦੇ ਬਾਬੇ ਦੀ ਕਿਰਪਾਨ ਪਈ ਸੀ।

ਚੜ੍ਹਦੇ ਸੂਰਜ ਦੀਆਂ ਕਿਰਨਾਂ ਦੇ ਸੁਨਹਿਰੀ ਚਾਨਣ ਵਿਚ ਅਰਜਨ ਸਿੰਘ ਦੀ ਚਿੱਟੀ ਦਾੜ੍ਹੀ ਲਿਸ਼ ਲਿਸ਼ ਕਰ ਰਹੀ ਸੀ।

(waryamsandhu@gmail.com)



# ਲੇਜ਼ਰ ਸ਼ੋਅ

## ਤਲਵਿੰਦਰ ਸਿੰਘ

ਟਾਈ ਦੀ ਨਾੱਟ ਕੱਸਦਿਆਂ ਉਹ ਆਪਣੀ ਧੀ ਮਾਇਆ ਨੂੰ ਆਵਾਜ਼ ਲਾਉਂਦਾ ਹੈ, 'ਬੇਟੇ ਕਿੰਨਾ ਕੁ ਵਕਤ ਲੱਗਣਾ ਹੈ ਤਿਆਰ ਹੋਣ ਵਿਚ ਹਾਲੇ?'

'ਬਸ ਪਾਪਾ ਆਈ ਕਿ ਆਈ।' ਉਹ ਦੂਜੇ ਕਮਰੇ 'ਚੋਂ ਬੋਲਦੀ ਹੈ। ਕੋਹਲੀ ਨੂੰ ਉਹਦੇ ਬੋਲਣ ਤੋਂ ਅੰਦਾਜ਼ਾ ਹੋ ਜਾਂਦਾ ਹੈ ਕਿ ਉਹ ਡਰੈਸਿੰਗ ਟੇਬਲ ਦੇ ਸਾਹਮਣੇ ਹੈ ਤੇ ਲਿਪਸਟਿਕ ਲਾ ਰਹੀ ਹੈ। ਉਹ ਕੋਟ ਪੈਂਟ ਪਾ, ਬੂਟਾਂ ਦੇ ਤਸਮੇ ਬੰਨ੍ਹ ਕੇ ਲਾਬੀ ਵਿਚ ਬੇਵਜ੍ਹਾ ਟਹਿਲਣ ਲੱਗਦਾ ਹੈ। ਫਿਰ ਅਚਾਨਕ ਆਪਣੀ ਪਤਨੀ ਦਾ ਖ਼ਿਆਲ ਆਉਣ 'ਤੇ ਉਹ ਉਸਦੇ ਕਮਰੇ ਵਿਚ ਜਾਂਦਾ ਹੈ। ਉਹ ਹੇਠ ਉਪਰ ਰੱਖੇ ਤਿੰਨ ਸਿਰਹਾਣਿਆਂ 'ਤੇ ਸਿਰ ਟਿਕਾਈ ਕਵਾਸੀ ਜਿਹੀ ਲੇਟੀ ਹੈ। ਗੁੰਮ ਤੇ ਖ਼ਾਮੋਸ਼ ਕਮਰੇ ਵਿਚ ਖਾਲੀ ਖਾਲੀ ਤੱਕਦੀ। ਉਸਦੀ ਕਮਰੇ ਵਿਚ ਆਮਦ ਨੂੰ ਸਿਰਫ਼ ਪੁਤਲੀਆਂ ਘੁਮਾ ਕੇ ਮਹਿਸੂਸ ਕਰਦੀ ਹੈ। ਉਹ ਚੁੱਪ ਨੂੰ ਤੋੜਨ ਖਾਤਰ ਪੁੱਛਦਾ ਹੈ, 'ਕਿਵੇਂ ਹੈਂ ਸ਼ਾਰਦਾ?'

ਉਹਨੂੰ ਪਤਾ ਹੈ ਸ਼ਾਰਦਾ ਨੇ ਕੁਝ ਨਹੀਂ ਕਹਿਣਾ। ਜ਼ੁਬਾਨ ਚੱਲੇ ਤਾਂ ਕੁਝ ਜੁਆਬ ਦਏ। ਅਧਰੰਗ ਦੀ ਨਾਮੁਰਾਦ ਅਲਾਮਤ ਨੇ ਉਸਨੂੰ ਮੰਜੇ 'ਤੇ ਪਾਇਆ ਸੁ ਪਾਇਆ, ਉਹਦੀ ਆਵਾਜ਼ ਵੀ ਖੋਹ ਲਈ ਹੈ। ਉਹ ਏਨੀ ਲਾਚਾਰ ਹੈ ਕਿ ਤੁਰ ਕੇ ਬਾਥਰੂਮ ਤਕ ਜਾਣਾ ਤਾਂ ਦੂਰ ਉੱਠ ਬਹਿ ਵੀ ਨਹੀਂ ਸਕਦੀ। ਇਹ ਤਾਂ ਉਹਦੀ ਥੋੜ੍ਹੀ ਬਹੁਤੀ ਆਰਥਿਕ ਵੁੱਕਤ ਕਰਕੇ ਹੈ ਕਿ ਹੋਲ ਟਾਈਮਰ ਸਰਵੈਂਟ ਰੱਖੀ ਹੋਈ ਹੈ ਜੋ ਸ਼ਾਰਦਾ ਨੂੰ ਚੁੱਕਦੀ ਥੱਲਦੀ, ਨਹਾਉਂਦੀ-ਧੁਆਉਂਦੀ, ਸਾਫ਼-ਸਫ਼ਾਈ ਕਰਦੀ ਹੈ, ਵਰਨਾ ਅਜਿਹੀ ਹਾਲਤ ਵਿਚ ਬੜੀ ਮੁਸੀਬਤ ਹੋ ਜਾਂਦੀ। ਮਾਇਆ ਕਾਲਿਜ ਜਾਂਦੀ, ਪੜ੍ਹਦੀ ਜਾਂ ਮਾਂ ਦਾ ਖਿਆਲ ਰੱਖਦੀ? ਉਹ ਆਪ ਦਫ਼ਤਰ ਜਾਂਦਾ, ਅੰਦਰ ਬਾਹਰ ਦੇ ਕੰਮ ਵੇਖਦਾ ਜਾਂ ਸੇਵਾ ਭਾਵਨਾ ਲੈ ਕੇ ਪਤਨੀ ਦੇ ਗੋਡੇ ਮੁੱਢ ਬਹਿੰਦਾ। ਬੜੀ ਉਲਝੀ ਤੰਦ ਤਾਣੀ ਹੈ। ਕੰਮਾਂ ਤੇ ਰੁਝੇਵਿਆਂ ਦੀ ਭਰਮਾਰ ਹੈ। ਸ਼ਾਰਦਾ ਤਾਂ ਹੁਣ ਜੀਵਨ ਦੇ ਬਾਕੀ ਬਚੇ ਸੁਆਸ ਪੂਰੇ ਕਰਦੀ ਪਈ ਹੈ। ਉਹਦਾ ਧਿਆਨ ਕਮਰੇ ਵਿਚ ਸੁਨਹਿਰੀ ਫਰੇਮ ਜੜੀ ਜੁਆਨੀ ਵਾਰੇ ਦੀ ਤਸਵੀਰ ਵੱਲ ਜਾਂਦਾ ਹੈ, ਜੋ ਪਹਿਲਾਂ ਬਲੈਕ ਐਂਡ ਵ੍ਹਾਈਟ ਸੀ ਤੇ ਬਾਅਦ ਵਿਚ ਵੱਡੀ ਕਰਾਉਣ ਵੇਲੇ ਚਮਨ ਫੋਟੋਗਰਾਫ਼ਰ ਨੇ ਮਨਮਰਜ਼ੀ ਦੇ ਰੰਗ ਭਰ ਕੇ ਇਸਦੀ ਕਾਇਆ ਕਲਪ ਕਰ ਦਿੱਤੀ ਸੀ। ਨਿੰਮ੍ਹਾ ਨਿੰਮ੍ਹਾ ਮੁਸਕਰਾ ਰਹੀ ਸ਼ਾਰਦਾ। ਭਰਿਆ ਜਿਸਮ ਤੇ ਨੂਰਾਨੀ ਚਿਹਰਾ। ਉਹ ਆਪ ਵੀ ਕਿਹੜਾ ਘੱਟ ਸੀ ਉਦੋਂ? ਪਿੰਡ ਹੁੰਦਾ ਸੀ ਤਾਂ ਯਾਰ ਬਾਸ਼ ਆਖਦੇ, 'ਸੰਦੀਪ ਬੰਬੇ ਚਲਾ ਜਾ। ਐਕਟਰ ਬਣ। ਤੇਰੀ ਦਿੱਖ ਜਤਿੰਦਰ ਵਰਗੀ ਆ।' ਉਹ ਹੱਸ ਕੇ ਗੱਲ ਟਾਲੇ ਪਾ ਦਿੰਦਾ ਸੀ। ਉਂਝ ਕਦੇ ਕਦੇ ਸੋਚਦਾ ਵੀ ਸੀ ਕਿ ਬੰਬਈ ਸ਼ਹਿਰ ਦੇ ਸੁਪਨਈ ਸੰਸਾਰ ਵਿਚ ਜਾ ਵੜੇ ਪਰ ਵਕਤ ਨੇ ਉਧਰ ਮੁਹਾਣ ਹੀ ਨਾ ਮੋੜੀ। ਤਸਵੀਰ ਵਿਚ ਉਹਦੀ ਤੇ ਸ਼ਾਰਦਾ ਦੀ ਜੋੜੀ ਫੱਬਦੀ ਹੈ। 'ਹੰਸਾਂ ਦੀ ਜੋੜੀ' ਉਹਦੀਆਂ ਮਾਸੀਆਂ ਫੁੱਫੀਆਂ ਆਖਦੀਆਂ ਤੇ 'ਲਵ ਬਰਡਜ਼' ਉਹਦੇ ਯਾਰ ਬੇਲੀ ਤੇ ਸ਼ਾਰਦਾ ਦੀਆਂ ਸਹੇਲੀਆਂ ਆਖਦੇ। ਪਰ ਇਹ ਵਕਤ ਸਾਲਾ ਕੁੱਤੇ ਦਾ ਬੀਅ ਕੀ ਤੋਂ ਕੀ ਕਰ ਕੇ ਰੱਖ ਦਿੰਦਾ। ਹੁਣ ਢਿਲਕ ਰਹੀਆਂ ਗੱਲ੍ਹਾਂ ਤੇ ਬੱਗੇ ਹੋ ਰਹੇ ਵਾਲਾਂ ਨੂੰ ਕਰੀਮਾਂ ਡਾਈਆਂ ਲਾ ਕੇ ਠੁੰਮ੍ਹਣੇ ਦੇ ਰਿਹਾ। ਸ਼ਾਰਦਾ ਵਿਚਾਰੀ ਤਾਂ ਜਿਹੀ ਹੋਈ ਤਿਹੀ ਨਾ ਹੋਈ। ਐਵੇਂ ਲਮਕਾ ਰਹੀ ਏ ਹਯਾਤੀ ਦੀ ਤੰਦ। ਡਾ. ਜੋਸ਼ੀ ਨੂੰ ਇਕ ਵਾਰ ਉਹਨੇ ਪੁੱਛ ਲਿਆ ਸੀ, 'ਯਾਰ ਡਾਕਟਰ, ਮੈਡੀਕਲ ਸਾਇੰਸ ਮਰਸੀ ਡੈੱਥ ਰਿਕਮੈਂਡ ਨਹੀਂ ਕਰਦੀ?' ਜੋਸ਼ੀ ਉਹਦੀਆਂ ਅੱਖਾਂ ਵਿਚ ਡੂੰਘਾ ਝਾਕਦਾ ਬੋਲਿਆ ਸੀ, 'ਅਸੀਂ ਮਰੀਜ਼ ਨੂੰ ਆਖਰੀ ਦਮ ਤਕ ਬਚਾਉਣ ਦਾ ਉਪਰਾਲਾ ਕਰਦੇ ਆਂ। ਮੈਡੀਕਲ ਸਾਇੰਸ ਦਾ ਮਤਲਬ ਮੌਤ ਨਾਲ ਲੜਾਈ ਆ।' ਉਹ ਕਹਿਣਾ ਚਾਹੁੰਦਾ ਸੀ, ਸ਼ਾਰਦਾ ਦਾ ਦੁੱਖ ਮੇਰੇ ਕੋਲੋਂ ਵੇਖਿਆ ਨਹੀਂ ਜਾਂਦਾ। ਉਹ

ਖ਼ਾਹਮਖ਼ਾਹ ਦਾ ਬੋਝ ਬਣ ਗਈ ਹੈ। ਉਨ੍ਹਾਂ ਦੀ ਫੈਮਲੀ ਲਾਈਫ਼ ਤਬਾਹ ਹੋ ਗਈ ਹੈ। ਪਰ ਉ
ਰਿਹਾ ਸੀ। ਡਾਕਟਰ ਉਹਦੇ ਮਨ ਵਿਚ ਟੁੱਟਦੇ ਬਣਦੇ ਗਰਾਫ਼ ਨੂੰ ਪੜ੍ਹਦਾ ਉਹਦੇ ਮੋਢੇ ਹੱਥ ਰੱਖ
'ਬੀ ਪੇਸ਼ੈਂਟ, ਸਭ ਠੀਕ ਹੋ ਜਾਏਗਾ, ਰੀਲੈਕਸ...।' ਕਹਿੰਦਿਆਂ ਚਲਾ ਗਿਆ ਸੀ। ਸ਼ਾਰਦਾ
ਬੋਲੇ? ਉਹਦੀ ਤਾਂ ਜ਼ੁਬਾਨ ਜਿਵੇਂ ਢਿੱਡ ਵਿਚ ਜਾ ਵੜੀ ਹੈ। ਸਾਹ ਦੀ ਤਰਜ਼ 'ਤੇ ਹੇਠ ਉਪਰ ਹੁੰ
ਹੈ ਜਿਸਦਾ ਅਰਥ ਇਹੋ ਨਿਕਲਦਾ ਕਿ ਉਹ ਜਿਊਂਦੀ ਹੈ। ਉਹਦੀਆਂ ਨਜ਼ਰਾਂ ਵਿਚ ਨਾ ਤਰਲਾ ਹੈ
ਨਾ ਕਰੁਣਾ, ਨਾ ਕੋਈ ਮਕਸਦ, ਨਾ ਕੋਈ ਉਤਸ਼ਾਹ।

ਉਹਦੇ ਗੋਡਿਆਂ ਤਕ ਪਿਆ ਕੰਬਲ ਸਰਕਾ ਕੇ ਹਿੱਕ ਤਕ ਕਰਦਾ ਉਹ ਸਹਿਜ ਨਾ
ਉਹਦਾ ਮੱਥਾ ਪਲੋਸਦਾ ਹੈ। ਉਹ ਅੱਖਾਂ ਦੀਆਂ ਪੁਤਲੀਆਂ ਹਿਲਾਉਂਦੀ ਹੈ, ਜਿਵੇਂ ਪੁੱਛ ਰਹੀ ਹੋਵੇ
ਕਿੱਧਰ ਜਾਣਾ ਹੈ? ਕਦੋਂ ਮੁੜਨਾ ਹੈ? ਜ਼ਿਆਦਾ ਸ਼ਰਾਬ ਨਾ ਪੀਵਿਓ...।' ਉਹਦੀਆਂ ਨਜ਼ਰਾਂ ਵਿ
ਲਟਕਦੇ ਸੁਆਲ ਪੜ੍ਹ ਕੇ ਉਹ ਕਹਿੰਦਾ ਹੈ, 'ਛੇਤੀ ਮੁੜ ਆਵਾਂਗਾ।' ਫਿਰ ਉਹ ਪੋਲੇ ਜਿਹੇ ਕਮਰੇ ਤੋਂ
ਬਾਹਰ ਪੈਰ ਪਾਉਂਦਾ ਆਹਿਸਤਾ ਜਿਹੇ ਦਰਵਾਜ਼ਾ ਭੀੜ ਦਿੰਦਾ ਹੈ। ਰਸੋਈ ਵਿਚ ਕੰਮ ਲੱਗੀ
ਨੌਕਰਾਣੀ ਨੂੰ ਪੁੱਛਦਾ ਹੈ ਕਿ ਉਸਨੇ ਸ਼ਾਰਦਾ ਨੂੰ ਸ਼ਾਮ ਵੇਲੇ ਦੇਣ ਵਾਲੀ ਦਵਾਈ ਦੇ ਦਿੱਤੀ ਹੈ ਜ
ਨਹੀਂ, ਬਾਥਰੂਮ ਦੀ ਹਾਜਤ ਬਾਰੇ ਪੁੱਛ ਲਿਆ ਹੈ ਜਾਂ ਨਹੀਂ, ਜਾਂ ਕੋਈ ਹੋਰ ਅਜਿਹੀ ਜ਼ਰੂਰੀ ਗੱਲ
ਉਹ ਹੱਥਲਾ ਕੰਮ ਰੋਕ ਕੇ ਕਹਿੰਦੀ ਹੈ, 'ਸਾਹਿਬ ਜੀ ਸਭ ਠੀਕ ਹੈ, ਤੁਸੀਂ ਚਿੰਤਾ ਨਾ ਕਰੋ।' ਉ
ਲਾਬੀ ਵਿਚ ਲੱਗੇ ਵਾਸ਼ ਬੇਸਿਨ ਤੋਂ ਬਿਨਾਂ ਲੋੜ ਹੱਥ ਧੋਂਦਾ ਤੇ ਸ਼ੀਸ਼ੇ ਵਿਚ ਚਿਹਰੇ ਦੇ ਇਕ ਦੋ ਪੋਜ਼
ਬਣਾ ਕੇ ਵੇਖਦਾ ਹੈ। ਅੱਖਾਂ ਹੇਠ ਪਸਰ ਰਹੀਆਂ ਸਿਆਹੀਆਂ ਨੂੰ ਪੋਟਿਆਂ ਨਾਲ ਮਿਟਾਉਣ ਦੀ
ਕੋਸ਼ਿਸ਼ ਕਰਦਾ ਹੈ। ਫਿਰ ਆਵਾਜ਼ ਦਿੰਦਾ ਹੈ, 'ਮਾਇਆ ਬੇਟੇ, ਕਿੰਨੀ ਕੁ ਦੇਰ ਹੈ?'

ਮਾਇਆ ਦਾ ਜੁਆਬ ਨਾ ਪਾ ਕੇ ਉਹ ਸੋਚਦਾ ਹੈ ਸ਼ਾਇਦ ਡਰੈਸਿੰਗ ਰੂਮ ਵਿਚ ਕਪੜੇ
ਵਗੈਰਾ ਚੇਂਜ ਕਰਦੀ ਹੋਵੇ। ਇੰਝ ਹੀ ਸ਼ਾਰਦਾ ਕਰਦੀ ਹੁੰਦੀ ਸੀ। ਦੋ ਦੋ ਘੰਟੇ ਤਿਆਰ ਹੋਣ 'ਤੇ ਲ
ਦਿੰਦੀ। ਦੁਨੀਆ ਭਰ ਦੇ ਕਾਸਮੈਟਿਕ ਚਿਹਰੇ 'ਤੇ ਥੱਪ ਲੈਂਦੀ। ਉਹਦੀ ਲੇਟ ਲਤੀਫ਼ੀ 'ਤੇ ਉਹ
ਖਿਝਦਾ ਵੀ ਤੇ ਖੁਸ਼ ਵੀ ਹੁੰਦਾ ਸੀ। ਉਹਦੀ ਮਹਿਕ ਨੇੜੇ ਹੋ ਹੋ ਸੁੰਘਦਾ। ਮੂੰਹ ਨੇੜੇ ਕਰਦਾ ਤਾਂ ਉਹ
ਨਜ਼ਾਕਤ ਨਾਲ ਮਰੋੜਾ ਮਾਰਦੀ ਪਿੱਛੇ ਹਟਦੀ ਤੇ ਘੁਰਕਦੀ 'ਮੇਰਾ ਮੇਕਅੱਪ ਨਾ ਵਿਗਾੜ ਦਿਓ।
ਖ਼ਾਹਮਖ਼ਾਹ ਮਗਰ ਮਗਰ ਫਿਰਦੇ ਰਹਿੰਦੇ ਨੇ। ਚਲੋ ਬੈਠੋ, ਮੈਂ ਪੰਜ ਮਿੰਟ ਵਿਚ ਆਈ।'

'ਤੇਰੇ ਪੰਜ ਮਿੰਟ ਵੀ ਘੰਟੇ ਬਰਾਬਰ ਨੇ।' ਉਹ ਛਿੱਥਾ ਪੈ ਕੇ ਪਿੱਛੇ ਹਟਦਾ ਤੇ ਬੋਰੀਅਤ
ਤੋੜਨ ਲਈ ਟੀ.ਵੀ. ਲਾ ਕੇ ਬਹਿ ਜਾਂਦਾ। ਸ਼ਾਰਦਾ ਦੀ ਆਦਤ ਤੋਂ ਵਾਕਫ਼ ਸੀ ਏਸੇ ਲਈ ਕਿਤੇ
ਜਾਣਾ ਹੁੰਦਾ ਤਾਂ ਘੰਟਾ ਦੋ ਘੰਟੇ ਪਹਿਲਾਂ ਦਾ ਪ੍ਰੋਗਰਾਮ ਦੱਸਦਾ। ਤੁਰਦੀ ਤੁਰਦੀ ਵੀ ਉਹ ਅੱਧਾ ਘੰਟਾ
ਖਾ ਜਾਂਦੀ। ਉਹ ਕਾਹਲ਼ਾ ਪੈਂਦਾ ਵੀ ਅਡਜਸਟ ਕਰਦਾ। ਹੁਣ ਏਹੀ ਕਸਬ ਮਾਇਆ ਦਾ ਹੈ।
ਇੱਕੀਆਂ ਨੂੰ ਪਾਰ ਕਰਦੀ ਮਾਇਆ ਫਿਜ਼ਿਕਸ ਵਿਚ ਮਾਸਟਰਜ਼ ਕਰ ਰਹੀ ਹੈ। ਉਹਦਾ ਸੁਪਨਾ ਸੀ
ਮਾਇਆ ਅੰਗਰੇਜ਼ੀ ਵਿਚ ਆਨਰਜ਼ ਕਰਦੀ ਜਾਂ ਜਨਰਲਿਜ਼ਮ ਦੇ ਫੀਲਡ ਵਿਚ ਜਾਂਦੀ। ਕਿਸੇ
ਚੈਨਲ ਜਾਂ ਅਖ਼ਬਾਰ ਵਿਚ ਆਪਣੀ ਪ੍ਰਤਿਭਾ ਉਭਾਰਦੀ। ਲੀਡਰਾਂ ਬਿਊਰੋਕਰੈਟਾਂ ਦੇ ਬਖ਼ੀਏ
ਉਧੇੜਦੀ। ਪਰ ਪੜ੍ਹਾਈ ਉਹਨੂੰ ਸਾਇੰਸ ਵੱਲ ਲੈ ਗਈ ਤੇ ਰੁਚੀਆਂ ਮਾਡਲਿੰਗ ਵੱਲ। ਉਹ ਬੇਹੱਦ
ਡਾਈਟ ਕਾਂਸ਼ਿਅਸ ਬਣ ਗਈ। ਸਜਣ ਸੰਵਰਨ ਦੀ ਬੇਹੱਦ ਸ਼ੌਕੀਨ ਹੋ ਗਈ। ਵੰਨ ਸੁਵੰਨੇ
ਕੱਪੜਿਆਂ ਦੀ ਦੀਵਾਨੀ। ਉਹਨੂੰ ਤਸੱਲੀ ਹੈ ਕਿ ਮਾਇਆ ਹਰ ਗੱਲ ਵਿਚ ਇਕ ਸੰਤੁਲਨ ਬਣਾ ਕੇ
ਰੱਖਦੀ ਹੈ। ਕਿਸੇ ਇਕ ਪਾਸੇ ਵਹਿ ਹੀ ਨਹੀਂ ਜਾਂਦੀ। ਉਹ ਆਪਣੀ ਜਨਰੇਸ਼ਨ ਦੇ ਤਕਾਜ਼ਿਆਂ ਨੂੰ
ਸਮਝਦੀ ਹੈ। ਇਸ ਲਈ ਉਹ ਮਾਇਆ ਦੇ ਮਸਲਿਆਂ ਨੂੰ ਬਹੁਤਾ ਦੂਰ ਤਕ ਨਹੀਂ ਸੋਚਦਾ।

ਸਟੈਫ਼ੀ ਲਾਬੀ ਦੀਆਂ ਪੌੜੀਆਂ ਉਤਰ ਉਹਦੇ ਪੈਰਾਂ ਕੋਲ ਆ ਲਿਟਦੀ ਹੈ। ਉਹਨੇ
ਆਪਣੇ ਮਿੱਤਰ ਮੇਜਰ ਸਨਿਆਲ ਦੀ ਕੋਠੀ ਦਾ ਨਕਸ਼ਾ ਜਦੋਂ ਪਾਸ ਕੀਤਾ ਸੀ ਤਾਂ ਮਸਾਂ ਬੰਦ ਮੁੱਠੀ
ਜਿੱਡੀ ਸੀ ਇਹ। ਉਸਨੇ ਤੇ ਮਾਇਆ ਨੇ ਬੜੇ ਇਹਤਿਆਤ ਨਾਲ ਇਸਨੂੰ ਪਾਲਿਆ ਸੀ। ਬੋਤਲ



ਨਾਲ ਦੁੱਧ ਪਿਆ ਪਿਆ। ਇਹ ਏਨੀ ਮੋਹਖ਼ੋਰੀ ਹੈ ਕਿ ਮਾਇਆ ਦਾ ਖਹਿੜਾ ਹੀ ਨਹੀਂ ਛੱਡਦੀ। ਉਹਦੇ ਅੱਗੇ ਪਿੱਛੇ ਘੁੰਮਦੀ ਤਵੱਜੋ ਮੰਗਦੀ ਹੈ। ਸਵੇਰੇ ਗੇਟ ਲਾਗੋਂ ਅਖ਼ਬਾਰ ਚੁੱਕ ਮਾਇਆ ਦੇ ਸਿਰਹਾਣੇ ਜਾ ਕੇ ਘੁਰ ਘੁਰ ਕਰਦੀ ਹੈ। ਮਾਇਆ ਘਰੋਂ ਜਾਂਦੀ ਹੈ ਤਾਂ ਗੇਟ ਕੋਲ ਬਹਿ ਕੇ ਉਹਨੂੰ ਉਡੀਕਦੀ ਹੈ। ਉਹਦੇ ਵਾਪਸ ਘਰ ਪਹੁੰਚਣ ਤਕ ਕੁਝ ਖਾਂਦੀ ਪੀਂਦੀ ਨਹੀਂ। ਜਾਨਵਰਾਂ ਦੀ ਅਜਿਹੀ ਸੰਵੇਦਨਸ਼ੀਲ ਤਬੀਅਤ ਉਪਰ ਉਹ ਹੈਰਾਨ ਹੁੰਦਾ। ਕੁਝ ਮਹੀਨੇ ਪਹਿਲਾਂ ਸਟੈਫੀ ਬਹਾਰ 'ਤੇ ਆਈ ਤਾਂ ਇਹਨੇ ਅਸਮਾਨ ਸਿਰ 'ਤੇ ਚੁੱਕ ਲਿਆ ਸੀ। ਘਰ ਵਿਚ ਉਹ ਸ਼ੋਰੂ ਪਾਇਆ ਕਿ ਰਹੇ ਰੱਬ ਦਾ ਨਾਂ। ਡਾਕਟਰ ਦੀ ਸਲਾਹ ਲਈ ਤਾਂ ਪਤਾ ਲੱਗਾ ਦਸ ਕੁ ਦਿਨ ਦਾ ਪੀਰੀਅਡ ਹੈ। ਫਿਰ ਸ਼ਾਂਤ ਹੋ ਜਾਏਗੀ। ਕੋਠੀ ਦੇ ਗੇਟ ਕੋਲ ਸੜਕ ਦੇ ਅਵਾਰਾ ਦੇਸੀ ਕੁੱਤਿਆਂ ਦੀ ਵਹੀਰ ਨੇ ਜੀਣਾ ਹਰਾਮ ਕਰ ਦਿੱਤਾ। ਗੇਟ ਦੀਆਂ ਵਿਰਲਾਂ ਵਿਚੋਂ ਬੂਥੀਆਂ ਘੁਸਾ ਘੁਸਾ ਭੌਂਕਦੇ। ਉਸਨੂੰ ਮਾਇਆ ਦੀ ਸ਼ਰਮ ਮਾਰੇ ਤੇ ਮਾਇਆ ਨੂੰ ਪਾਪਾ ਦੀ। ਦੋਵੇਂ ਇਕ ਦੂਜੇ ਤੋਂ ਲੁਕਦੇ ਫਿਰਨ। ਸੰਗਲੀ ਖਿੱਚ ਖਿੱਚ ਕੇ ਸਟੈਫੀ ਨੇ ਧੌਣ ਲਹੂ ਲੁਹਾਣ ਕਰ ਲਈ। ਮਾਇਆ ਦੁੱਧ ਰੱਖਣ ਗਈ ਤਾਂ ਉਹਨੂੰ ਦੰਦੀਆਂ ਕੱਢ ਕੇ ਪੈ ਗਈ। ਉਹ ਚੀਕਾਂ ਮਾਰਦੀ ਪਿਛਾਂਹ ਦੌੜੀ। ਇਕ ਵਾਰ ਉਹ ਫਿਰ ਜਾਨਵਰਾਂ ਦੀ ਇਸ ਮਨੋਬਿਰਤੀ 'ਤੇ ਹੈਰਾਨ ਹੋਇਆ। ਉਹਦੇ ਰਵੱਈਏ ਤੋਂ ਖ਼ੌਫ਼ਜ਼ਦਾ ਹੋਈ ਮਾਇਆ ਕਹੇ 'ਪਾਪਾ ਇਸ ਨੂੰ ਘਰੋਂ ਕੱਢ ਦਿਓ ਜਾਂ ਕਿਸੇ ਨੂੰ ਦੇ ਦਿਓ, ਅਸਾਂ ਨਹੀਂ ਰੱਖਣੀ ਇਹ।' ਛੇਤੀ ਹੀ ਸਟੈਫ਼ੀ ਜੰਗ ਹਾਰ ਗਈ। ਹੰਭ ਗਈ ਤੇ ਅੰਤ ਠੰਡੀ ਪੈ ਗਈ। ਮਾਇਆ ਦੇ ਮਨੋਂ ਉਹਦਾ ਗੁੱਸਾ ਨਾ ਲੱਥਾ। ਉਸਨੇ ਸਮਝਾਇਆ, 'ਜਾਨਵਰ ਹੈ ਆਖ਼ਰ, ਇਸਨੂੰ ਭਲੇ ਬੁਰੇ ਦੀ ਕੀ ਪਛਾਣ?' ਸਟੈਫੀ ਨੇ ਵੀ ਜਿਵੇਂ ਮੁਆਫ਼ੀ ਮੰਗ ਲਈ। ਜਿੰਨੇ ਦਿਨ ਮਾਇਆ ਨੇ ਹੱਥੀਂ ਨਾ ਖੁਆਇਆ, ਪੱਕਾ ਵਰਤ ਰੱਖ ਛੱਡਿਆ। ਅਖ਼ੀਰ ਮਾਇਆ ਨੇ ਉਹਦਾ ਸਿਰ ਪਲੋਸਿਆ। ਖਾਣ ਲਈ ਉਹਦੇ ਅੱਗੇ ਪਲੇਟ ਰੱਖੀ ਤਾਂ ਸਥਿਤੀ ਆਮ ਵਰਗੀ ਹੋਈ ਸੀ।

ਉਹ ਆਵਾਜ਼ ਲਾਉਂਦਾ ਹੈ, 'ਮਾਇਆ ਪੁੱਤਰ, ਹੁਣ ਤਾਂ ਅੱਠ ਵੱਜ ਗਏ।'

'ਤਾਂ ਕੀ ਹੋਇਆ ਪਾਪਾ।' ਮਾਇਆ ਅੰਦਰੋਂ ਨਿਕਲਦੀ ਕਹਿੰਦੀ ਹੈ। 'ਇਹ ਮੈਟਰੋ ਲਾਈਫ਼ ਹੈ। ਇਟ ਇਜ਼ ਟੂ ਅਰਲੀ ਯੈਟ। ਜ਼ਿੰਦਗੀ ਤਾਂ ਰਾਤ ਦਸ ਵਜੇ ਸਟਾਰਟ ਹੁੰਦੀ ਹੈ।' ਫਿਰ ਉਹ ਨੌਕਰਾਣੀ ਨੂੰ ਆਵਾਜ਼ ਦੇਂਦੀ ਹੈ, 'ਨਿਸ਼ਾ ਦੀਦੀ, ਜ਼ਰਾ ਮੇਰੀ ਡਰੈੱਸ ਪ੍ਰੈੱਸ ਕਰ ਦਿਓ।'

'ਜੀ ਮਾਇਆ ਜੀ।' ਉਹ ਰਸੋਈ ਵਿਚੋਂ ਬੋਲਦੀ ਹੈ।

'ਇਕ ਤਾਂ ਪਾਪਾ ਮੈਨੂੰ ਆਪਣੇ ਨਾਂ ਤੋਂ ਅਲਰਜੀ ਹੈ, ਕੈਸਾ ਨਾਂ ਧਰਿਆ ਤੁਸਾਂ ਮਾਇਆ।' ਉਹ ਕੌੜਾ ਜਿਹਾ ਮੂੰਹ ਬਣਾਉਂਦੀ ਹੈ। 'ਮੇਰੇ ਨਾਲੋਂ ਤਾਂ ਨਿਸ਼ਾ ਨਾਂ ਚੰਗਾ ਹੈ। ਕੋਈ ਹੋਰ ਨਾਂ ਰੱਖਦੇ ਮਾਡਰਨ ਜਿਹਾ।'

'ਜਿਵੇਂ?' ਉਹ ਪੁੱਛਦਾ ਹੈ।

'ਜਿਵੇਂ...ਜਿਵੇਂ...।' ਕਹਿੰਦੀ ਉਹ ਅੰਦਰ ਵੜ ਜਾਂਦੀ ਹੈ।

ਉਹ ਨਾਂ ਦੇ ਮਨੋਵਿਗਿਆਨ ਉਪਰ ਮਾਇਆ ਨਾਲ ਚਰਚਾ ਛੇੜਨਾ ਚਾਹੁੰਦਾ ਸੀ, ਜਿਵੇਂ ਅਮੂਮਨ ਹੋ ਜਾਂਦਾ ਸੀ ਪਰ ਇਹ ਢੁਕਵਾਂ ਵੇਲਾ ਨਹੀਂ ਸੀ। ਉਹ ਕਾਹਲਾ ਪੈਂਦਾ ਕਹਿ ਰਿਹਾ ਸੀ, 'ਤੂੰ ਕੰਮ ਮੁਕਾ ਆਪਣਾ। ਪਤਾ ਹੈ ਕਾਰਡ ਉੱਪਰ ਸੱਤ ਵਜੇ ਦਾ ਟਾਇਮ ਹੈ। ਜੇ ਇਨੈਗੁਰੇਸ਼ਨ ਪਹਿਲਾਂ ਹੋ ਗਿਆ ਤਾਂ ਫਿਰ ਕੀ ਫ਼ਾਇਦਾ...?' ਉਹ ਤਾਂ ਸ਼ੁਰੂ ਤੋਂ ਹੀ ਵਕਤ ਦੀ ਪਾਬੰਦੀ ਪਾਲਣ ਵਾਲਾ ਇਨਸਾਨ ਸੀ। ਸ਼ਾਰਦਾ ਨੂੰ ਵਿਆਹੁਣ ਗਿਆ ਤਾਂ ਮਿਥੇ ਸਮੇਂ ਤੋਂ ਪੰਜ ਮਿੰਟ ਵੀ ਲੇਟ ਨਹੀਂ ਸੀ। ਦੂਜੇ ਬੰਨੇ ਕੋਈ ਤਿਆਰੀ ਹੀ ਨਹੀਂ ਸੀ। ਇਸ ਗੱਲ ਉੱਤੇ ਸ਼ਾਰਦਾ ਹਮੇਸ਼ਾ ਉਸ ਨਾਲ ਮਜ਼ਾਕ ਕਰਦੀ ਕਹਿੰਦੀ ਰਹੀ, 'ਤੁਹਾਡਾ ਵੱਸ ਚਲਦਾ ਤਾਂ ਅੱਧੀ ਰਾਤ ਹੀ ਆ ਧਮਕਦੇ।' ਉਹ ਵੀ ਥੋੜ੍ਹਾ ਸਹਿਜ ਹੋਣ ਦੀ ਕੋਸ਼ਿਸ਼ ਕਰਦਾ ਪਰ ਇੰਝ ਕਰ ਨਾ ਪਾਉਂਦਾ। ਵਕਤ ਉਹਨੂੰ ਖਿੱਚਾਂ ਮਾਰਦਾ, ਝੰਜੋੜਦਾ, ਜਗਾਉਂਦਾ।

ਉਹ ਸਟੈਫ਼ੀ ਦੇ ਨਰਮ ਕੂਲੇ ਵਾਲਾਂ 'ਤੇ ਹੱਥ ਫੇਰਦਾ ਹੈ ਤੇ ਉਹ ਟਪੂਸੀਆਂ ਮਾਰ ਉਹਦਾ ਖਹਿੜਾ ਕਰਨ ਲੱਗਦੀ ਹੈ। ਉਹ ਕੋਟ ਪੈਂਟ 'ਤੇ ਕੋਈ ਘਾਸੀ ਪੈਣੋ ਡਰਦਾ ਉਹਨੂੰ ਪ ਧੱਕਦਾ ਹੈ। ਉਹ ਖਿਝਦਾ ਕਿ ਕਿਉਂ ਲੋਕ ਕਾਰਡਾਂ ਉਤੇ ਸਮਾਂ ਕੁਝ ਹੋਰ ਲਿਖਦੇ ਨੇ ਤੇ ਕੰਮ ਕਿ ਹੋਰ ਵੇਲੇ ਸ਼ੁਰੂ ਕਰਦੇ ਨੇ। ਉਹਨੂੰ ਲੱਗਦਾ ਹੈ ਸ਼ਾਇਦ ਏਸੇ ਲਈ ਮੁਲਕ ਪਿੱਛੇ ਰਹਿ ਰਿਹਾ ਹੈ। ਪ ਨਹੀਂ, ਪਿੱਛੇ ਕਿੱਥੇ ਹੈ? ਅਖ਼ਬਾਰ ਪੜ੍ਹੋ, ਟੀ.ਵੀ. ਵੇਖੋ। ਤਰੱਕੀ ਦੀਆਂ ਬੁਲੰਦੀਆਂ ਛੋਹ ਰਿਹਾ ਦੇਸ਼। ਹੁਣ ਇਸ ਆਪਣੇ ਸ਼ਹਿਰ ਵੱਲ ਵੇਖੋ। ਵੱਡੇ ਸ਼ਹਿਰਾਂ ਵਾਲੀਆਂ ਸਿਫ਼ਤਾਂ ਦਾ ਮਾਲਕ ਗਿਆ। ਅੱਜ ਤੋਂ ਦਹਾਕਾ ਪਹਿਲਾਂ ਦੇ ਮਾਹੌਲ ਬਾਰੇ ਉਹ ਸੋਚਦਾ ਹੈ। ਕਿਸੇ ਕਦੇ ਕਲਪਨਾ ਵ ਨਹੀਂ ਸੀ ਕੀਤੀ ਖੁੰਬਾਂ ਵਾਂਗ ਉੱਗ ਆਉਣ ਵਾਲੇ ਇਹੋ ਜਿਹੇ ਪਲਾਜ਼ਿਆਂ ਦੀ। ਏਡੇ ਏਡੇ ਉ ਮਾਲ। ਉਸਨੇ ਤਾਂ ਆਪ ਨਹੀਂ ਸੀ ਸੋਚਿਆ ਕਿ ਇਕ ਦਿਨ ਢਾਈ ਏਕੜਾਂ ਵਿਚ ਉਸਰੇ ਇ ਤੇਰਾਂ ਮੰਜ਼ਲੇ ਉੱਚੇ ਸੁਪਰ ਮਾਲ ਦੇ ਨਕਸ਼ੇ 'ਤੇ ਉਹਦੇ ਦਸਤਖ਼ਤ ਵੀ ਹੋਣਗੇ। ਜਯੋਤੀ ਸੁਪਰ ਮਾਲ ਐਗਜ਼ੀਕਿਊਟਿਵ ਡਾਇਰੈਕਟਰ ਸੁਮਨ ਸ਼ਰਮਾ ਨੇ ਆਪਣੀ ਪਤਨੀ ਦੇ ਨਾਂ 'ਤੇ ਮਾਲ ਦਾ ਨਾਮਕਰ ਕੀਤਾ ਹੈ। ਇਹ ਜਾਣ ਕੇ ਉਹ ਹੱਸਿਆ ਸੀ ਇਹ ਲੋਕ ਕਿਹੜੇ ਮੁਗ਼ਲ ਸ਼ਹਿਨਸ਼ਾਹ ਸ਼ਾਹ ਜਹਾਨ ਜ ਅੰਬਾਨੀਆਂ ਟਾਟਿਆਂ ਤੋਂ ਘੱਟ ਨੇ। ਹੁਣ ਸ਼ਹਿਰ ਦੇ ਸਭ ਤੋਂ ਉੱਚੇ ਥਾਂ ਉੱਤੇ ਸਾਂਵਲੀ ਤੇ ਮੋਟੇ ਨੂੰ ਨੈਣ ਨਕਸ਼ਾਂ ਵਾਲੀ ਜਯੋਤੀ ਦਾ ਨਾਂ ਜਗੇਗਾ। ਉਸਨੂੰ ਖਿਆਲ ਆਇਆ ਕਿ ਉਹ ਆਪਣੇ ਖ਼ੂਬਸੂਰਤ ਤੇ ਜ਼ਹੀਨ ਪਤਨੀ ਸ਼ਾਰਦਾ ਲਈ ਕੁਝ ਵੀ ਨਹੀਂ ਕਰ ਸਕਿਆ। ਢਾਈ ਸੌ ਗਜ਼ ਦੀ ਮੰਜ਼ਲਾ ਕੋਠੀ ਜਿਸਨੂੰ ਬਣਾਉਣ ਵਿਚ ਉਹਦੇ ਵੱਟ ਨਿਕਲ ਗਏ ਸਨ, ਜਯੋਤੀ ਸੁਪਰ ਮਾਲ ਸਾਹਮ ਤੁੱਛ ਵੀ ਨਹੀਂ ਸੀ। ਆਪਣੇ ਵੇਲੇ ਦੀ ਵੱਡੀ ਤੇ ਲੰਮੀ ਕਾਰ ਜਯੋਤੀ ਮਾਲ ਦੇ ਮਾਲਕਾਂ ਦੀਆਂ ਕਾਰ ਸਾਹਮਣੇ ਹੀਣੀ ਤੋਂ ਵੀ ਨੀਵੀਂ ਸੀ। ਆਪਣੇ ਰਿਸ਼ਤੇਦਾਰਾਂ ਵਿਚ 'ਖਾਂਦੇ ਪੀਂਦੇ' ਲੋਕਾਂ ਵਿਚ ਸ਼ੁਮਾ ਹੋਣ ਵਾਲਾ ਕੋਹਲੀ ਇਨ੍ਹਾਂ ਲੋਕਾਂ ਵਿਚ ਕੀੜੀ ਤੁੱਲ ਵੀ ਨਹੀਂ ਸੀ। ਫਿਰ ਵੀ ਕਿੰਨੀ ਗ਼ਨੀਮਤ ਸ ਉਸ ਨੂੰ ਮਾਲ ਦੇ ਉਦਘਾਟਨੀ ਪ੍ਰੋਗਰਾਮ ਦਾ ਸੱਦਾ ਮਿਲਿਆ ਸੀ। ਇਕ ਕਾਰਡ 'ਵੈਲਿਡ ਫਾਰ ਟੂ ਵੇਖ ਕੇ ਮਾਇਆ ਨੇ ਆਖਿਆ ਸੀ, 'ਪਾਪਾ ਮੈਂ ਨਾਲ ਜਾਵਾਂਗੀ।'

ਉਹਨੇ ਆਪਣੇ ਐਸੋਸੀਏਟ ਚੌਧਰੀ ਸਾਹਿਬ ਨੂੰ ਪੁੱਛਿਆ ਸੀ ਕਿ ਉਨ੍ਹਾਂ ਨਾਲ ਕੌਣ ਜਾਏਗਾ ਤਾਂ ਉਨ੍ਹਾਂ ਕਿਹਾ ਸੀ ਮੇਰੇ ਨਾਲ ਤਾਂ ਮੇਰੀ ਬੀਵੀ ਜਾਏਗੀ। ਹੁਣ ਕੋਹਲੀ ਦਾ ਤਾਂ ਬੜ ਵਾਜਬ ਧਰਮ ਸੰਕਟ ਸੀ। ਸ਼ਾਰਦਾ ਤਾਂ ਜਿਹੀ ਹੋਈ ਤਿਹੀ ਨਾ ਹੋਈ। ਸੱਤਾਂ ਸਾਲਾਂ ਤੋਂ ਨਰਕ ਪਈ ਭੋਗਦੀ ਹੈ। ਪਤਾ ਨਹੀਂ ਰੱਬ ਕਿਸ ਗੁਨਾਹ ਦਾ ਹਿਸਾਬ ਕਰ ਰਿਹਾ? ਕਿਸ ਖ਼ਾਤਰ ਸਾਹਾਂ ਦੀ ਤੰਦ ਖਿੱਚੀ ਜਾ ਰਿਹਾ? ਏਸੇ ਲਾਬੀ ਦੀਆਂ ਇਨ੍ਹਾਂ ਪੌੜੀਆਂ ਦੇ ਆਹ ਆਖ਼ਰੀ ਸਟੈੱਪ ਤੋਂ ਪੈਰ ਸਲਿੱਪ ਕੀਤਾ ਸੀ ਸ਼ਾਰਦਾ ਦਾ। ਖੌਰੇ ਕੀ ਕਰਨ ਗਈ ਸੀ ਉਪਰ। ਕੱਪੜੇ ਸੁੱਕਣੇ ਪਾਉਣ, ਸੁੱਕੇ ਹੋਏ ਥੱਲੇ ਲਾਹੁਣ ਜਾਂ ਕਿਸੇ ਹੋਰ ਕੰਮ। ਨਿੱਤ ਚੜ੍ਹਦੀ ਉਤਰਦੀ ਸੀ। ਚੁਸਤ ਚਾਲ ਵਿਚ, ਛੱਪ ਛੱਪ ਕਰਦੀ। ਪਰ ਕੋਈ ਵੇਲਾ ਘੜੀ ਹੁੰਦਾ। ਆਖ਼ਰੀ ਸਟੈੱਪ ਤੋਂ ਅੱਡੀ ਤਿਲਕ ਕੇ ਥੱਲੇ ਆ ਪਈ ਤੇ ਲੱਕ ਪਿੱਛੋ ਦੂਜੇ ਜਾਂ ਤੀਜੇ ਸਟੈੱਪ ਦੀ ਅੱਸੀ ਨਾਲ ਵੱਜਾ। ਘਰ ਕੋਈ ਵੀ ਨਹੀਂ ਸੀ। ਮਾਇਆ ਸਕੂਲ ਤੇ ਉਹ ਦਫ਼ਤਰ। ਉਸ ਵੇਲੇ ਤਾਂ ਇਹ ਤੱਤੀ ਤੱਤੀ ਉੱਠ ਪਈ। ਉਸ ਨੂੰ ਫ਼ੋਨ 'ਤੇ ਦੱਸਿਆ। ਆਪ ਅੰਦਰ ਪਲੰਘ 'ਤੇ ਜਾ ਲੇਟੀ। ਉਹ ਆਇਆ ਤਾਂ ਹਸਪਤਾਲ ਗਏ। ਡਾਕਟਰਾਂ ਜਾਂਚਿਆ ਪਰਖਿਆ। ਐਂਟੀ ਇਨਫਲਾਮੇਟਰੀ ਡੋਜ਼ ਦੇ ਕੇ ਤੋਰ ਦਿੱਤਾ। ਕਿਹਾ ਕਿ ਮਾਮੂਲੀ ਸੱਟ ਹੈ।ਡਿਸਕ ਨੂੰ ਮਾੜੀ ਜਿਹੀ ਦੱਬ ਆਈ ਹੈ। ਕੁਝ ਦਿਨਾਂ ਤਕ ਠੀਕ ਹੋ ਜਾਣਗੇ। ਉਹ ਰਾਤ ਨਿਕਲੀ ਤਾਂ ਅਗਲੀ ਸਵੇਰੇ ਸ਼ਾਰਦਾ ਦੀ ਨਾ ਹਿੱਲਜੁਲ ਨਾ ਆਵਾਜ਼। ਚੁੱਕ ਕੇ ਕਾਰ ਵਿਚ ਪਾਇਆ ਫਿਰ ਹਸਪਤਾਲ ਵੱਲ ਦੌੜਿਆ। ਇਸ ਵਾਰ ਸਪਾਈਨਲ ਇੰਜੁਰੀ ਬਾਰੇ ਪਤਾ ਲੱਗਾ। ਪੈਰਾਲਿਸਸ ਦਾ ਨਾਂ ਸੁਣ ਕੇ ਉਹ ਸੁੰਨ ਹੋ ਗਿਆ। ਮਾਇਆ ਰੋਣ ਲੱਗੀ। ਬਿੱਟ ਬਿੱਟ ਝਾਕਦੀ ਮਾਂ ਨਾਲ ਲੱਗ ਕੇ 'ਮੰਮਾ ਮੰਮਾ' ਕਰਨ ਲੱਗੀ। ਮੰਮਾ ਨਾ ਹੱਥ ਹਿਲਾਵੇ ਨਾ ਮੂੰਹੋਂ ਕੁਝ ਬੋਲੇ। ਫਿਰ ਇਹ ਹਟਕੋਰੇ ਕੁਝ ਦਿਨਾਂ ਬਾਅਦ ਘਟ



ਗਏ ਤੇ ਫਿਰ ਹੌਲੀ ਹੌਲੀ ਬੰਦ ਹੋ ਗਏ। ਫਿਰ ਇਕ ਰੁਟੀਨ ਬਣ ਗਿਆ। ਛੱਤੀ ਸਾਲ ਦੀ ਭਰੀ ਪੂਰੀ ਔਰਤ ਨਿਹੱਥੀ ਨਿਤਾਣੀ ਹੋ ਕੇ ਪੈ ਗਈ। ਜਵਾਨ ਹੁੰਦੀ ਬੇਟੀ ਦਾ ਕੌਣ ਖਿਆਲ ਰੱਖੇ? ਉਹਦੀਆਂ ਲੋੜਾਂ ਥੋੜਾਂ ਬਾਰੇ ਕੌਣ ਸੋਚੇ? ਕੁਝ ਚਿਰ ਪਿੰਡ ਤੋਂ ਉਹਦੀ ਮਾਂ ਰਹਿ ਕੇ ਗਈ ਸੀ। ਮਾਂ ਦਾ ਤਾਂ ਇਸ ਕੋਠੀ ਵਿਚ ਦਮ ਘੁੱਟਦਾ ਸੀ। ਉਹ ਸ਼ਾਰਦਾ ਪ੍ਰਤੀ ਵੀ ਕੁਝ ਉਦਾਸੀਨ ਵਿਹਾਰ ਰੱਖਦੀ ਸੀ। ਮਾਇਆ ਨੂੰ ਵੀ ਉਹਦੇ ਕੋਲੋਂ ਅਜੀਬ ਹਮਕਾਰ ਆਉਂਦੀ ਸੀ। ਉਸਨੇ ਵੀ ਸੋਚਿਆ, ਇਹਦੇ ਨਾਲੋਂ ਸਾ-ਦਿਹਾੜੀ ਨੌਕਰ ਰੱਖਦੇ ਆਂ। ਮਾਂ ਨੂੰ ਕਾਹਨੂੰ ਅਵਾਜ਼ਾਰ ਕਰਨਾ? ਨਾਲੇ ਆਪਣੇ ਆਪਣੇ ਘਰਾਂ ਦੇ ਹਿਸਾਬ ਹੁੰਦੇ ਨੇ।

ਨਿਸ਼ਾ ਇਸ ਘਰ ਵਿਚ ਰਚੀ ਮਿਚੀ ਹੈ। ਉਹ ਘਰ ਦੇ ਕੰਮ ਧੰਦੇ ਸਮੇਟਦੀ ਬੇਖਟਕੇ ਕਮਰਿਆਂ ਵਿਚ ਘੁੰਮਦੀ ਫਿਰਦੀ ਹੈ। ਨੀਅਤ ਦੀ ਸਾਫ਼ ਤੇ ਕੰਮ ਵਿਚ ਸਚਿਆਰੀ। ਸ਼ਾਰਦਾ ਦੀ ਲਾਚਾਰੀ ਤੇ ਅਵਾਜ਼ਾਰੀ ਉਹਨੂੰ ਕਦੇ ਕਦੇ ਉਹਦੇ ਬਾਰੇ ਸੋਚਣੇ ਲਾ ਦਿੰਦੀ ਹੈ। ਕੰਮ ਕਰਨ ਵੇਲੇ ਉਹ ਸ਼ਾਲ ਦੁਪੱਟਾ ਲਾਹ ਕੇ ਇਕ ਪਾਸੇ ਰੱਖ ਦਿੰਦੀ ਹੈ। ਉਹਦਾ ਤਾਂਬੇ ਵਰਗਾ ਭਖ਼ਦਾ ਰੰਗ ਤੇ ਗਦਰਾਇਆ ਜਿਸਮ ਉਹਦੇ ਅੰਦਰ ਧੂਹ ਪਾਉਂਦਾ ਹੈ। ਪਿੰਡੇ ਨਾਲ ਕੱਸ ਕੇ ਜੁੜੀ ਕਮੀਜ਼ ਦੇ ਫੁੱਲ ਜਿਵੇਂ ਸੈਨਤਾਂ ਮਾਰਨ ਲੱਗਦੇ ਨੇ। ਉਹਦਾ ਸਾਹ ਫੁੱਲਦਾ ਤੇ ਲਹੂ ਗਰਮਾਉਂਦਾ ਹੈ ਪਰ ਜਵਾਨ ਧੀ ਦੀ ਹਾਜ਼ਰੀ ਤੇ ਆਪਣੀ ਪੱਧਰ ਦਾ ਅਹਿਸਾਸ ਉਹਨੂੰ ਜ਼ਾਬਤੇ ਵਿਚ ਰਹਿਣ ਲਈ ਕਹਿੰਦਾ ਹੈ। ਉਹ ਉਠਦੇ ਲਹਿੰਦੇ ਜਜ਼ਬਿਆਂ ਤੇ ਜ਼ਾਬਤਿਆਂ ਦੇ ਪੁੜਾਂ ਵਿਚ ਪਿਸਦਾ ਹੈ। ਰਾਤਾਂ ਨੂੰ ਉਹ ਅਜੀਬ ਕਿਸਮ ਦੀਆਂ ਪ੍ਰੇਸ਼ਾਨੀਆਂ ਝਾਗਦਾ ਹੈ। ਘਰ ਦੀਆਂ ਵਲਗਣਾਂ ਤੋਂ ਪਾਰ ਨਵੀਆਂ ਉਸਰਦੀਆਂ ਕੋਠੀਆਂ ਦੀ ਸਪੌਟ ਇਨਸਪੈਕਸ਼ਨ ਕਈ ਵਾਰ ਸੁਖਾਂਤਕ ਮੌਕੇ ਮੁਹੱਈਆ ਕਰ ਦਿੰਦੀ ਹੈ। ਨਿੱਕੀ ਮੋਟੀ ਅਡਜਸਟਮੈਂਟ ਨਾਲ ਉਹ ਮਨ ਇੱਛਿਤ ਰਾਹ ਲੱਭ ਲੈਂਦਾ ਹੈ। ਕੁਝ ਚਿਰ ਅਜਿਹੇ ਸੰਬੰਧ ਨਿਭਦੇ ਨੇ, ਫਿਰ ਪੇਤਲੇ ਪੈਂਦੇ ਤੇ ਕੁਝ ਹੋਰ ਨਵੇਂ ਸਿਰ ਚੁੱਕ ਲੈਂਦੇ ਨੇ।

'ਚਲੋ ਪਾਪਾ।' ਮਾਇਆ ਉਹਦੇ ਸਾਹਮਣੇ ਖੜ੍ਹੀ ਬੋਲਦੀ ਹੈ। ਤੱਕ ਕੇ ਉਹ ਅਵਾਕ ਰਹਿ ਜਾਂਦਾ ਹੈ। ਲਗਰ ਦੀ ਲਗਰ। ਜਿਵੇਂ ਕੋਈ ਹਾਈ ਫਾਈ ਮਾਡਲ ਹੋਵੇ। ਅਜੀਬ ਪਰ ਕਮਾਲ ਦਾ ਡਰੈੱਸ। ਮਾਇਆ ਉਹਦੇ ਸਾਹਮਣੇ ਇੰਝ ਖਲੋਤੀ ਹੈ ਜਿਵੇ ਰੈਂਪ 'ਤੇ ਕੈਟ-ਵਾਕ ਕਰਨ ਲੱਗੀ ਹੋਵੇ। ਯਾ ਖ਼ੁਦਾਇਆ, ਇਹ ਧੀਆਂ...। ਉਹ ਨਜ਼ਰ ਨੀਵੀਂ ਕਰ ਲੈਂਦਾ ਹੈ। ਦਿਲ ਬੜਾ ਬੇਸੁਆਦਾ ਜਿਹਾ ਹੋ ਕੇ ਧੜਕਦਾ ਹੈ ਤੇ ਉਹ ਰੀਮੋਟ ਦਾ ਬਟਨ ਦੱਬ ਕੇ ਟੀ.ਵੀ ਔਫ ਕਰਦਾ ਤੇ ਕੁਰਸੀ ਦੀਆਂ ਬਾਹੀਆਂ 'ਤੇ ਜ਼ੋਰ ਦਿੰਦਾ ਉੱਠਦਾ ਕਹਿੰਦਾ ਹੈ, 'ਚਲੋ ਬੇਟਾ।'

'ਨਿਸ਼ਾ ਦੀਦੀ, ਅਸੀਂ ਜਾ ਰਹੇ ਆਂ।' ਮਾਇਆ ਨੌਕਰਾਣੀ ਨੂੰ ਆਵਾਜ਼ ਲਾਉਂਦੀ ਹੈ।

'ਜੀ ਮਾਇਆ ਜੀ।' ਉਹ ਬੋਲਦੀ ਹੈ।

ਉਹ ਟੀ.ਵੀ 'ਤੇ ਪਈ ਚਾਬੀ ਚੁੱਕ ਕੇ ਕਾਰ ਵਿਚ ਆ ਬਹਿੰਦਾ ਹੈ। ਨਾਲ ਵਾਲੀ ਸੀਟ 'ਤੇ ਮਾਇਆ ਆ ਬੈਠਦੀ ਹੈ। ਉਨ੍ਹਾਂ ਦੇ ਨਿਕਲਣ 'ਤੇ ਨਿਸ਼ਾ ਗੇਟ ਬੰਦ ਕਰਦੀ ਹੈ। ਕਲੋਨੀ ਦਾ ਮੋੜ ਮੁੜ ਕੇ ਕਾਰ ਮੇਨ ਰੋਡ 'ਤੇ ਜਾ ਚੜ੍ਹਦੀ ਹੈ। ਦਸੰਬਰ ਮਹੀਨੇ ਦੇ ਠੰਢੇ ਯੱਖ ਮੌਸਮ ਵਿਚ ਕਾਰ ਵਿਚਲਾ ਇਹ ਸੁਖਦ ਮਾਹੌਲ ਉਸ ਨੂੰ ਚੰਗਾ ਲੱਗਦਾ ਹੈ। ਭਿੰਨੀ ਭਿੰਨੀ ਖ਼ੁਸ਼ਬੋ ਫੈਲਦੀ ਹੈ। ਪਤਾ ਨਹੀਂ ਇਹ ਕਾਰ ਵਿਚ ਪਏ ਸੈਂਟ ਦੀ ਮਹਿਕ ਹੈ ਜਾਂ ਮਾਇਆ ਦੇ ਕਾਸਮੈਟਿਕ ਦੀ। ਉਸਦੇ ਨੱਕ ਵਿਚ ਜਲੂਣ ਹੋਣ ਲੱਗਦੀ ਹੈ। ਇਕ ਵਾਰ ਤਾਂ ਜੀਅ ਕਰਦਾ ਹੈ ਕਿ ਕਾਰ ਦਾ ਥੋੜ੍ਹਾ ਜਿਹਾ ਸ਼ੀਸ਼ਾ ਖੋਲ੍ਹ ਦੇਵੇ ਤੇ ਕੁਝ ਕੁਦਰਤੀ ਹਵਾ ਅੰਦਰ ਆਉਣ ਦੇਵੇ ਪਰ ਬਾਹਰ ਦੇ ਮੌਸਮ ਤੇ ਮਾਇਆ ਦੀ ਕੋਮਲ ਮਿਜ਼ਾਜੀ ਦਾ ਖਿਆਲ ਕਰਦਿਆਂ ਉਹ ਕਾਰ ਚਲਾਈ ਜਾਂਦਾ ਹੈ। ਠੀਕ ਹੀ ਕਹਿੰਦੀ ਹੈ ਮਾਇਆ ਕਿ ਸਾਡਾ ਸ਼ਹਿਰ ਵੀ ਵੱਡੇ ਸ਼ਹਿਰਾਂ ਵਿਚ ਸ਼ੁਮਾਰ ਹੋਣ ਲੱਗਾ ਹੈ। ਏਹੀ ਸ਼ਹਿਰ ਸੀ ਅੱਤਵਾਦ ਦੇ ਦਿਨੀਂ ਸ਼ਾਮੀ ਪੰਜ ਵਜੇ ਬੰਦ ਹੋ ਜਾਂਦਾ ਸੀ। ਹੁਣ ਅੱਠ ਵਜੇ ਅੰਗੜਾਈਆਂ ਭਰਨ ਲੱਗਦਾ ਹੈ। ਉਂਝ ਹਾਲੇ ਵੀ ਦਿੱਲੀ, ਕਲਕੱਤੇ, ਬੰਬੇ ਤੋਂ ਪਿੱਛੇ ਹੈ। ਤੇ ਉਹ ਟੋਕੀਓ, ਨਿਊਯਾਰਕ,

ਲੰਡਨ ਤੋਂ ਪਛੜੇ ਹੋਣਗੇ। ਅਜੀਬ ਖੇਡਾਂ ਨੇ ਇਹ ਅੱਗੇ ਤੇ ਪਿੱਛੇ ਹੋਣ ਦੀਆਂ ਵੀ। ਜਦੋਂ ਪਿੰਡ ਹੁੰ ਸੀ ਤਾਂ ਨਿੱਕੇ ਦਰਮਿਆਨੇ ਕਸਬੇ ਵੀ ਵੱਡੇ ਸ਼ਹਿਰ ਜਾਪਦੇ ਸਨ। ਹੁਣ ਸੋਚ ਨਾਲ ਕਿੰਨਾ ਕੁਝ ਬਦ ਗਿਆ ਹੈ। ਇਸ ਮਾਲ ਰੋਡ 'ਤੇ ਉਸਰੇ ਪਲਾਜ਼ਿਆਂ ਲਾਗੇ ਚਾਰ ਪੰਜ ਮੰਜ਼ਲੇ ਮਕਾਨ ਗ਼ਰੀਬ ਹੋ ਗ ਨੇ। ਵਿਦੇਸ਼ੀ ਰੋਸ਼ਨੀਆਂ ਅੱਗੇ ਟਿਊਬਾਂ ਬਲਬਾਂ ਦਾ ਰੰਗ ਫਿੱਕਾ ਪੈ ਗਿਆ ਹੈ। ਜਦੋਂ ਪਹਿਲੀ ਵ ਪਿੰਡ ਵਾਲੇ ਘਰ ਬਿਜਲੀ ਦਾ ਕੁਨੈਕਸ਼ਨ ਲੱਗਾ ਸੀ ਤਾਂ ਸਾਰਾ ਟੱਬਰ ਰਾਤ ਜਾਗਦਾ ਰਿਹਾ ਸੀ ਨਿਆਣੇ ਧਮੱਚੜ ਪਾਉਂਦੇ ਰਹੇ ਸਨ। ਘਰ ਵਿਚ ਰੇਡੀਓ ਆਇਆ ਤਾਂ ਜਿਵੇਂ ਇਨਕਲਾਬ ਹੀ ਅ ਗਿਆ। ਉਨ੍ਹਾਂ ਦਾ ਦਾਦਾ ਤਵਿਆਂ 'ਤੇ ਵੱਜਣ ਵਾਲੇ ਗਾਣਿਆਂ ਦੇ ਬੜਾ ਖ਼ਿਲਾਫ਼ ਸੀ। ਡਾਂਗ ਚੁੱਕ ਵੱਜਦੇ ਰੇਡੀਓ ਲਾਗੇ ਬੈਠੇ ਜਵਾਕਾਂ ਦੇ ਮਗਰ ਚੜ੍ਹਦਾ ਸੀ, 'ਸਹੁਰੀ ਦੇ ਨਾ ਹੋਣ ਤਾਂ, ਯੱਦੇ ਗਾਣਿ ਦੇ, ਤੋੜ ਦੂੰ ਮੈਂ ਇਹ ਡੱਬਾ ਜਿਹਾ।' ਦਾਦਾ ਜੀ ਬਾਰੇ ਸੋਚਦਿਆਂ ਉਹ ਨਿੰਮ੍ਹਾ ਜਿਹਾ ਹੱਸਦਾ ਹੈ। ਉ ਬਹਿਸ਼ਤੀ ਦਾਦਾ ਜੀ ਕੀ ਜਾਣਨ ਕਿ ਹੁਣ ਉਨ੍ਹਾਂ ਦੇ ਘਰੀਂ ਕਿਹੜੇ ਕਿਹੜੇ ਡੱਬੇ ਆ ਵੜੇ ਨੇ? ਉ ਤਾਂ ਐਡਾ ਜ਼ਹਿਰੀ ਸੀ ਕਿ ਕਿਸੇ ਵਿਆਹ ਢੰਗ 'ਤੇ ਜ਼ਨਾਨੀਆਂ ਨੂੰ ਗਿੱਧਾ ਨਹੀਂ ਸੀ ਪਾਉਣ ਦਿੰਦਾ ਫਿਰ ਵੀ ਜਦੋਂ ਮਾਸੀਆਂ ਫੁੱਫੀਆਂ 'ਕੱਠੀਆਂ ਹੁੰਦੀਆਂ ਤਾਂ ਪਿੜ ਲਾ ਹੀ ਲੈਂਦੀਆਂ। ਦਾਦਾ ਜੀ ਦੇ ਅੜਬ ਤਬੀਅਤ ਨੂੰ ਝਟਕਾ ਮਾਰਨ ਦੀ ਨੀਅਤ ਨਾਲ ਕੋਈ ਸਿਆਣੀ ਉਮਰ ਦੀ ਤੀਵੀਂ ਜਦੋਂ ਸਿਰ ਦੇ ਉੱਤੋਂ ਦੀ ਗਿੱਧਾ ਪਾਉਂਦੀ ਬਾਪੂ ਨੂੰ ਸੁਣਾ ਕੇ ਬੋਲੀ ਪਾਉਂਦੀ, 'ਹੋਕਾ ਦੇ ਦਿਓ ਨੀ, ਕੁੜ ਖ਼ਰਾਸੇ ਜੋਣਾ...।' ਤਾਂ ਦਾਦਾ ਜੀ ਮਿੱਠੀ ਮਿੱਠੀ ਵਿਸ ਘੋਲਦੇ, ਅੰਦਰੇ ਅੰਦਰ ਖ਼ੁਸ਼ ਵੀ ਹੁੰਦੇ ਸੰਘਣੀਆਂ ਚਿੱਟੀਆਂ ਮੁੱਛਾਂ ਵਿਚ ਮੁਸਕਰਾਉਂਦੇ ਬੁੜਬੁੜਾਉਂਦੇ, 'ਸਹੁਰੀ ਦੀਏ, ਮੈਂ ਤੇ ਕਦੋਂ ਦ ਕਹਿੰਨਾ, ਜੋਅ ਮਿੰਨੂ ਖ਼ਰਾਸੇ। ਇਕੋ ਗੇੜੇ ਨਾਲ ਸਾਰੇ ਦਾਣੇ ਨਾ ਪੀਹ 'ਤੇ ਤਾਂ ਹਜ਼ਾਰਾ ਸੁੰਹ ਫੱਟੇ ਚੱ ਨਾ ਆਖੀਂ।'

ਜ਼ਨਾਨੀਆਂ ਲੁੱਚੀਆਂ ਬੋਲੀਆਂ ਤੋਂ ਗੁਰੇਜ਼ ਨਾ ਕਰਦੀਆਂ। ਬੰਦੇ ਆਪ ਹੀ ਅਗਾਂ ਪਿਛਾਂਹ ਹੋ ਜਾਂਦੇ। ਨਿਆਣੇ ਕੰਨ ਲਾ ਲਾ ਸੁਣਦੇ। ਨਿੱਕੀ ਮਾਸੀ ਵੱਡੇ ਮਾਸੜ ਨੂੰ ਸੁਣਾ ਸੁਣਾ ਵਧਦੀ ਤੇ ਵੱਡੀ ਭੂਆ ਨਿੱਕੇ ਫੁੱਫੜ ਦੀਆਂ ਨਕਲਾਂ ਲਾਹੁੰਦੀ। ਗਿੱਧੇ ਦੇ ਪਿੜ ਜੰਮ ਕੇ ਲੱਗਦੇ ਤੇ ਹੇਠਲ ਉੱਤੇ ਹੋ ਜਾਂਦੀ। ਨਕਲਾਂ ਲਾਹੁਣ ਦੇ ਮੁਕਾਬਲੇ ਹੁੰਦੇ ਤੇ ਹਾਸਿਆਂ ਦੇ ਅੰਬਾਰ ਲੱਗ ਜਾਂਦੇ। ਫਿਰ ਕਈ ਕਈ ਦਿਨ ਗੱਲਾਂ ਹੁੰਦੀਆਂ। ਜ਼ਨਾਨੀਆਂ ਮੂੰਹ ਜੋੜ ਜੋੜ ਘੁਸਰ ਮੁਸਰ ਕਰਦੀਆਂ, 'ਅੜੀਏ, ਸ਼ਿੰਦਰ ਉਸ ਰਾਤ ਤਾਰੇ ਦੀ ਰਜਾਈ ਵਿਚ ਜਾ ਵੜੀ। ਪਤਾ ਨੀ ਲੱਗਾ ਚਰਨੀ ਤੇ ਮੇਵਾ ਕਿਧਰ ਖਿਸਕ ਗਏ।'ਚੱਲ ਛੱਡ ਭੈਣਾਂ, ਅਸੀਂ ਐਵੇਂ ਜ਼ੁਬਾਨ ਦਾ ਸੁਆਦ ਕਰਾਰਾ ਪਈਆਂ ਕਰਦੀਆਂ। ਖ਼ੌਰੇ ਕੋਈ ਹੋਰ ਈ ਗੱਲ ਹੋਵੇ।' ਦੂਜੀ ਤੀਜੀ ਨੂੰ ਆਖਦੀ।

'ਪਾਪਾ ਰਾਈਟ ਟਰਨ ਕਰੋ।' ਮਾਇਆ ਆਖਦੀ ਹੈ। ਸਾਹਮਣੇ ਜਯੋਤੀ ਸੁਪਰ ਮਾਲ ਦੀ ਤੇਰਾਂ ਮੰਜ਼ਲਾ ਬਿਲਡਿੰਗ ਡਲ੍ਹਕਾਂ ਮਾਰ ਰਹੀ ਹੈ। ਅੱਧ ਅਸਮਾਨ ਤਕ ਰੋਸ਼ਨੀਆਂ ਨੇ ਝੁਰਮਟ ਪਾਇਆ ਹੋਇਆ ਹੈ। ਸਾਹਮਣੇ ਬੋਰਡ ਲੱਗਾ ਹੈ, ਏਟੀ ਪਰਸੈਂਟ ਸਪੇਸ ਲੀਜ਼ਡ ਆਊਟ। ਫੁਹਾਰਿਆਂ ਦੇ ਰੰਗਾਂ ਤੇ ਰੋਸ਼ਨੀਆਂ ਨਾਲ ਮਿਲੇ ਪਾਣੀ ਨੇ ਸਤਰੰਗੀ ਪੀਂਘ ਨੂੰ ਜ਼ਮੀਨ 'ਤੇ ਲੈ ਆਂਦਾ ਹੈ। ਜੁਗਨੂੰਆਂ ਵਾਂਗ ਜਗਦੇ ਬੁਝਦੇ ਨਿੱਕੇ ਨਿੱਕੇ ਬਲਬਾਂ ਨੇ ਬੂਟਿਆਂ ਦੀਆਂ ਟਹਿਣੀਆਂ ਪੱਤਿਆਂ ਨੂੰ ਨਿਵੇਕਲੀ ਰੰਗਤ ਦੇ ਦਿੱਤੀ ਹੈ। ਸਕਿਉਰਿਟੀ ਵਾਲੇ ਬੜੇ ਕਰੀਨੇ ਨਾਲ ਕਾਰਾਂ ਪਾਰਕ ਕਰਵਾ ਰਹੇ ਹਨ। ਉਹ ਇਕ ਸਾਈਡ 'ਤੇ ਖਾਲੀ ਥਾਂ ਲੱਭਦਾ ਕਾਰ ਖਲਿਹਾਰਦਾ ਹੈ। ਚਾਬੀ ਜੇਬ ਵਿਚ ਪਾ ਕੇ ਜ਼ਮੀਨ ਤੋਂ ਸਿਖ਼ਰ ਤਕ ਝਾਕਦਾ ਹੈ। ਇਕ ਵਾਰ ਫ਼ਖ਼ਰ ਮਹਿਸੂਸ ਕਰਦਾ ਹੈ ਕਿ ਏਡੇ ਵੱਡੇ ਪ੍ਰਾਜੈਕਟ ਦੇ ਨਕਸ਼ੇ ਉਪਰ ਉਸਦੇ ਦਸਤਖ਼ਤ ਹੋਏ? ਕਿੰਨਾ ਹੀ ਸਮਾਂ ਉਹ ਇਕ ਔਸਤ ਦਰਜੇ ਦਾ ਮੁਲਾਜ਼ਮ ਰਿਹਾ ਸੀ। ਸ਼ਹਿਰ ਦੇ ਨਕਸ਼ਾ ਨਵੀਸ ਬੜੀ ਕੰਜੂਸੀ ਨਾਲ ਕਾਰਪੋਰੇਸ਼ਨ ਦਾ ਹਿੱਸਾ ਪੱਤੀ ਕੱਢਦੇ। ਉਹ ਹਿੱਸਾ ਪੱਤੀ ਹੇਠ ਉਪਰ ਵੰਡ ਵੰਡਾ ਜਾਂਦਾ। ਕੁਝ ਸਮੇਂ ਤੋਂ ਹਾਲਾਤ ਕੁਝ ਬਦਲੇ ਸਨ। ਵੱਡੇ ਲੋਕ ਦਿਲ ਖੋਲ੍ਹ ਕੇ ਉਨ੍ਹਾਂ ਨੂੰ ਨਿਵਾਜਦੇ ਨੇ। ਉਹ ਆਪਣੇ ਆਪ ਨੂੰ ਵੱਡੇ ਲੋਕਾਂ ਦੀ ਨਗਰੀ ਦਾ



ਵਾਸੀ ਸਮਝਣ ਲੱਗਦਾ ਹੈ। ਹਿੱਕ ਚੌੜੀ ਕਰਕੇ ਸਾਹ ਭਰਦਾ ਹੈ। ਟਾਈ ਦੀ ਨੱਟ ਸੁਆਰਦਾ ਹੈ। ਕੋਟ ਦੇ ਕਾਲਰ ਨੂੰ ਹਲਕੇ ਜਿਹੇ ਸਹਿਲਾਉਂਦਾ ਹੈ।

ਪੋਲੇ ਪੋਲੇ ਪੱਬ ਧਰਦੀ ਮਾਇਆ ਉਹਦੇ ਨਾਲ ਸੁਪਰ ਮਾਲ ਦੀ ਐਂਟਰੈਂਸ 'ਤੇ ਪਹੁੰਚਦੀ ਹੈ। ਰਿਸੈਪਸ਼ਨ 'ਤੇ ਖਲੋਤੀਆਂ ਕੁੜੀਆਂ ਬੜੇ ਅਦਬ ਨਾਲ ਸਿਰ ਝੁਕਾ ਕੇ 'ਵੈੱਲ ਕਮ' ਕਰਦੀਆਂ ਹਨ। ਉਹ ਜੇਬ 'ਚੋਂ ਕੱਢ ਕੇ ਕਾਰਡ ਉਨ੍ਹਾਂ ਨੂੰ ਦਿਖਾਉਂਦਾ ਹੈ। ਉਹ 'ਓ.ਕੇ' ਕਹਿੰਦੀਆਂ ਹਨ। ਗਰਾਊਂਡ ਫਲੋਰ 'ਤੇ ਖੁੱਲ੍ਹੇ ਮੋਕਲੇ ਥਾਂ 'ਤੇ ਸਟੇਜ ਸਜਾਈ ਹੋਈ ਹੈ। ਸਾਹਮਣੇ ਕੁਰਸੀਆਂ ਦੀਆਂ ਕਤਾਰਾਂ ਲੱਗੀਆਂ ਹਨ। ਸਟੇਜ 'ਤੇ ਹਵਨ ਲਈ ਤਿਆਰੀ ਚੱਲ ਰਹੀ ਹੈ। ਇਕ ਪ੍ਰਬੰਧਕ ਉਨ੍ਹਾਂ ਨੂੰ ਕੁਰਸੀਆਂ 'ਤੇ ਬੈਠਾ ਦਿੰਦਾ ਹੈ। ਉਹ ਆਸੇ ਪਾਸੇ ਨਜ਼ਰ ਫੈਲਾਉਂਦਾ ਹੈ। ਕੋਈ ਵਾਕਫ਼ਕਾਰ ਨਜ਼ਰ ਨਹੀਂ ਆਉਂਦਾ। ਫਿਰ ਵੀ ਉਹ ਕਈ ਚਿਹਰਿਆਂ ਨੂੰ ਨਿਹਾਰਦਾ ਹੈ। ਮਾਇਆ ਨੂੰ ਕਿਸੇ ਜਾਣਕਾਰ ਕੁੜੀ ਨੇ ਗੱਲੀਂ ਲਾ ਲਿਆ ਹੈ। ਕੋਈ ਓਬੜ ਲੱਗਦੀ ਹੈ। ਮਾਇਆ ਵਾਂਗ ਹੀ ਸਜੀ ਸੰਵਰੀ। ਉਹ ਬਹੁਤਾ ਖਿਆਲ ਨਹੀਂ ਕਰਦਾ। ਬੈਰਾ ਟਰੇਅ ਵਿਚ ਕੋਲਡ ਡਰਿੰਕ ਲੈ ਆਉਂਦਾ ਹੈ। ਇਕ ਗਿਲਾਸੀ ਫੜਦਾ ਉਹ ਮਨ ਹੀ ਮਨ ਹੱਸਦਾ ਹੈ। ਦਸੰਬਰ ਦਾ ਮਹੀਨਾ ਤੇ ਕੋਲਡ ਡਰਿੰਕ। ਦਾਦਾ ਜੀ ਹੁੰਦੇ ਤਾਂ ਉਨ੍ਹਾਂ ਡਾਂਗ ਚੁੱਕ ਲੈਣੀ ਸੀ, 'ਯੱਦੇ ਨਾ ਹੋਣ ਬੱਤਿਆਂ ਦੇ, ਪੋਹ ਮਾਘ ਦਾ ਮ੍ਹੀਨਾ, ਉੱਤੋਂ ਕੱਕਰ ਪੈਣ ਡਿਹਾ ਤੇ ਇਹ...।' ਉਹ ਵੇਖਦੇ ਕਿ ਏਥੇ ਕਿੱਥੇ ਹੈ ਦਸੰਬਰ? ਅੰਦਰ ਏਨਾ ਨਿੱਘਾ ਤੇ ਕੂਲਾ ਹੈ। ਉਹ ਸਿੱਪ ਸਿੱਪ ਕਰਦਾ ਪੀਣ ਲੱਗਦਾ ਹੈ। ਹਿੱਕ ਵਿਚ ਠੰਢੀ ਸੀਤ ਲਹਿਰ ਘੁੰਮਦੀ ਹੈ। ਪੰਜ ਸੱਤ ਘੁੱਟਾਂ ਭਰ ਕੇ ਉਹ ਗਿਲਾਸੀ ਵੇਸਟ ਬਾਸਕਟ ਵਿਚ ਸੁੱਟ ਕੇ ਟਹਿਲਣ ਲੱਗਦਾ ਹੈ। ਇਕ ਜਾਣਕਾਰ ਬੰਦਾ ਆਖਰ ਲੱਭ ਹੀ ਜਾਂਦਾ ਹੈ ਜੋ ਉਹਦੇ ਨਾਲ ਆ ਹੱਥ ਮਿਲਾਉਂਦਾ ਹੈ। ਉਹ ਇਕੱਲਤਾ ਭਰਨ ਖਾਤਰ ਉਹਦੇ ਨਾਲ ਗੱਲਾਂ ਕਰਨ ਲੱਗਦਾ ਹੈ। ਉਹ ਹੁੱਬ ਕੇ ਦੱਸਦਾ ਹੈ ਕਿ ਉਹਦਾ ਨਾਂ ਸੰਦੀਪ ਕੋਹਲੀ ਹੈ ਤੇ ਉਹ ਟਾਊਨ ਪਲੈਨਰ ਹੈ। ਦੂਜਾ ਸ਼ਖ਼ਸ ਆਪਣੇ ਆਪ ਨੂੰ ਠੇਕੇਦਾਰ ਐੱਸ.ਐੱਸ. ਜੌਹਲ ਦੱਸਦਾ ਹੈ। ਉਹ ਦੋਵੇਂ ਟਹਿਲਦੇ ਇਕ ਦੂਜੇ ਦੇ ਕੋਟ ਕਾਲਰਾਂ ਵੇਖਦੇ ਥਰਡ ਫਲੋਰ 'ਤੇ ਚਲੇ ਜਾਂਦੇ ਹਨ। ਸਾਹਮਣੇ ਇਕ ਮਲਟੀਨੈਸ਼ਨਲ ਕੰਪਨੀ ਦਾ ਸ਼ੋਅ ਰੂਮ ਡਲ੍ਹਕਾਂ ਮਾਰ ਰਿਹਾ ਹੈ। ਸ਼ੀਸ਼ਿਆਂ ਦੀਆਂ ਕੰਧਾਂ ਨੇ ਅੰਦਰਲੇ ਦ੍ਰਿਸ਼ਾਂ ਦਾ ਅਸੀਮ ਲੰਬਾਈ-ਚੌੜਾਈ ਦਾ ਭਰਮ ਸਿਰਜ ਦਿੱਤਾ ਹੈ। ਵੰਨ ਸੁਵੰਨੀਆਂ ਜਾਕਟਾਂ, ਕਮੀਜ਼ਾਂ, ਮਫ਼ਲਰਾਂ, ਟਾਈਆਂ ਦਾ ਅਮੁੱਕ ਭੰਡਾਰ। ਇਕ ਕੋਣੇ ਤੋਂ ਦੂਜੇ ਤਕ ਫਾਈਬਰ ਦੇ ਮਾਡਲਾਂ ਦੀ ਲੰਮੀ ਕਤਾਰ। ਤਕੜੀ ਡੀਲ ਡੌਲ ਵਾਲੇ ਮਾਡਲ। ਸਿਰਫ਼ ਧੜ, ਧੜਾਂ 'ਤੇ ਸਜ ਰਹੇ ਮਹਿੰਗੇ ਤੇ ਅਨਮੋਲ ਵਸਤਰ। ਜੌਹਲ ਦੱਸਣ ਲੱਗਦਾ ਹੈ- 'ਏਥੇ ਗਾਹਕ ਨੂੰ ਸਿਰ ਨਹੀਂ ਲੱਭਣਗੇ। ਉਨ੍ਹਾਂ ਨੂੰ ਵੀ ਸਿਰ ਨਾਲ ਲਿਆਉਣ ਦੀ ਲੋੜ ਨਹੀਂ।'

'ਫਿਰ ਵੀ ਬਾਕਮਾਲ ਹੈ।' ਕੋਹਲੀ ਹਾਮੀ ਭਰਦਾ ਹੈ।

'ਕਿਉਂ ਨਹੀਂ। ਏਨਾ ਸਰਮਾਇਆ ਲਾ ਕੇ ਜੇ ਕਮਾਲ ਨਾ ਹੋਈ ਤਾਂ ਕੀ ਹੋਇਆ? ਉਂਝ ਸੋਚੋ, ਏਨੇ ਸਰਮਾਏ ਨਾਲ ਕਿੰਨਾ ਕੁਝ ਹੋਰ ਕੀਤਾ ਜਾ ਸਕਦਾ। ਕਿੰਨੇ ਘਰਾਂ ਦੀ ਉਸਾਰੀ, ਕਿੰਨੀ ਬਿਜਲੀ, ਕਿੰਨੀਆਂ ਬੇਸਿਕ ਲੋੜਾਂ...' ਜੌਹਲ ਤੇਜ਼ ਨਜ਼ਰਾਂ ਨਾਲ ਚਾਨਣ ਦਾ ਮੀਂਹ ਵਰ੍ਹਾਉਂਦੀਆਂ ਤਿੱਖੀਆਂ ਰੋਸ਼ਨੀਆਂ ਨੂੰ ਘੂਰਨ ਲੱਗਦਾ ਹੈ। ਇਕ ਸ਼ੀਸ਼ੇ ਸਾਹਮਣਿਓਂ ਲੰਘਦਾ ਸਹਿਵਨ ਹੀ ਪੱਗ ਦੇ ਪੇਚ ਸੁਆਰਦਾ ਹੈ। ਕੋਹਲੀ ਸੋਚਦਾ ਹੈ, ਠੀਕ ਹੈ ਪਰ ਇਹ ਵਿਆਹ ਵਿਚ ਬੀਅ ਦਾ ਲੇਖਾ ਹੈ। ਬੇਸੁਆਦੀ ਜਿਹੀ ਗੱਲ ਹੈ। ਉਹ ਆਸੇ ਪਾਸੇ ਨੂੰ ਵੇਖਦਾ ਮਨ ਹੀ ਮਨ ਵਿਚ ਵਾਹ ਵਾਹ ਕਰੀ ਜਾਂਦਾ ਹੈ। ਭੀੜ ਵਧਣ ਲੱਗੀ ਹੈ। ਬੇਪਛਾਣ ਚਿਹਰਿਆਂ ਦੀ ਤਾਦਾਦ ਵਿਚ ਇਜ਼ਾਫ਼ਾ ਹੋਣ ਲੱਗਾ ਹੈ। ਇਕ ਹੋਰ ਵਾਕਫ਼ਕਾਰ ਅਨਿਲ ਗੁਲ੍ਹਾਟੀ ਵੀ ਆ ਰਿਹਾ ਹੈ। ਨਾਲ ਕੋਈ ਹੋਰ ਵਾਕਫ਼ਕਾਰ ਹੈ। ਉਸ ਵਾਕਫ਼ਕਾਰ ਨੂੰ ਅਗਾਂਹ ਹੋਰ ਜਾਣਕਾਰ ਹੱਥ ਮਿਲਾ ਰਿਹਾ ਹੈ। ਇੰਝ ਜਾਣਕਾਰਾਂ ਦੀ ਇਕ ਚੇਨ ਬਣ ਰਹੀ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਕਿ ਹਰ ਕੋਈ ਅਗਾਂਹ ਕਿਸੇ ਨੂੰ ਜਾਣਦਾ ਹੈ। ਉਹ ਆਪਣੀ

ਗੱਲ 'ਤੇ ਆਪ ਹੀ ਹੱਸਦਾ ਹੈ। ਕੈਸੀ ਊਟਪਟਾਂਗ ਸੋਚ ਹੈ। ਫਿਰ ਸੋਚਦਾ ਹੈ, ਇਹ ਊਟਪਟਾਂਗ ਸੋ
ਦਾ ਹੀ ਤਾਂ ਜ਼ਮਾਨਾ ਹੈ। ਅੱਗੇ ਇਕ ਵੱਡਾ ਸਕਰੀਨ ਚੱਲ ਰਿਹਾ ਹੈ। ਹਵਨ ਦਾ ਦ੍ਰਿਸ਼ ਨਜ਼ਰ ਅ
ਰਿਹਾ। ਰੌਣਕ ਕਾਫ਼ੀ ਵਧ ਗਈ ਹੈ।ਖਾਣ ਪੀਣ ਦੇ ਸ਼ੌਕੀਨ ਸ਼ੌਪਸ 'ਤੇ ਝੁਰਮਟ ਪਾਈ ਖਲੋ
ਨੇ।ਕਰਿਆਨਾ ਮੁਨਿਆਰੀ ਕਿਤਾਬਾਂ ਪੈਨਸਿਲਾਂ ਤੋਂ ਲੈ ਕੇ ਮਹਿੰਗੇ ਤੋਂ ਮਹਿੰਗੇ ਡੈਕੋਰੇਸ਼ਨ ਪੀਸਜ਼
ਸਾਜ਼ੋ ਸਮਾਨ ਤਕ ਵਿਕ ਰਿਹਾ। ਪਿਕ ਐਂਡ ਥਰੋ ਕਲਚਰ। ਪੈੱਨ ਲਓ, ਸਾਈਨ ਕਰੋ
ਡਸਟਬਿਨ ਦੇ ਹਵਾਲੇ ਕਰ ਦਿਓ। ਮਿਲੋ, ਹੱਥ ਮਿਲਾਓ, ਮੁਸਕਰਾਓ ਤੇ ਭੁੱਲ ਜਾਓ। ਕਿਸੇ ਸ਼ੈ
ਨਾਲ ਮੋਹ ਪਾਲਣ ਦੀ ਲੋੜ ਨਹੀਂ।

'ਉਪਰ ਚਲੋ, ਹੋਰ ਉਪਰ, ਜਿੰਨਾ ਉਪਰ ਚਾਹੋ ਜਾ ਸਕਦੇ ਓ। ਇਸ ਮਾਲ ਵਿਚ ਪੰ
ਲਿਫਟਾਂ ਨੇ। ਹਰ ਇਕ ਦੀ ਸੇਵਾ ਲਈ ਤਿਆਰ ਬਰ ਤਿਆਰ। ਬਟਨ ਦੱਬੋ ਤੇ ਬਿਨ ਪੈਰ ਹਿਲਾ
ਅੱਧ ਅਸਮਾਨੇ ਜਾਂ ਹੇਠਾਂ ਪਤਾਲ ਵਿਚ।' ਕੋਈ ਕਿਸੇ ਨੂੰ ਕਹਿ ਦੱਸ ਰਿਹਾ ਹੈ। ਲਿਫਟ ਵਿ
ਸੁਰੀਲੀ ਆਵਾਜ਼ ਨਿਕਲਦੀ ਹੈ, 'ਦਿਸ ਇਜ਼ ਸੈਵਨਥ ਫਲੋਰ।' ਕਿਹੜੀ ਮੰਜ਼ਲ, ਕਿਹੜ
ਦਫ਼ਤਰ, ਕਿਹੜਾ ਕਾਉਂਟਰ। ਹਰ ਚੀਜ਼ ਆਪ ਬੋਲਦੀ ਹੈ। ਅਜਬ ਨਗਰੀ ਹੈ। ਆਪਣੀ ਵੀ ਤੇ
ਬੇਗਾਨੀ ਵੀ। ਇਹ ਕਲਚਰ ਕੋਹਲੀ ਵਾਸਤੇ ਨਵਾਂ ਹੈ। ਬੇਸ਼ੱਕ ਉਹ ਆਪ ਏਨਾ ਪੁਰਾਣਾ ਨਹੀਂ
ਜ਼ਮਾਨੇ ਨਾਲ ਤੁਰਨ ਦਾ ਯਤਨ ਕਰਦਾ ਹੈ।ਦਫ਼ਤਰ ਵਿਚ ਕੰਪਿਊਟਰ ਵਰਤਦਾ ਹੈ। ਇੰਟਰਨੈੱ
ਤੋਂ ਵੰਨ ਸੁਵੰਨੀ ਜਾਣਕਾਰੀ ਇਕੱਠੀ ਕਰਦਾ ਹੈ। ਹਵਾ ਵਿਚ ਤਰਦੀ ਅਸੀਮ ਦੁਨੀਆ ਵਿ
ਵਿਚਰਦਾ ਹੈ। ਵਿਹਲੇ ਤੇ ਫ਼ੁਰਸਤ ਦੇ ਪਲਾਂ ਵਿਚ ਮੌਜ ਮਸਤੀ ਵੀ ਕਰਦਾ ਹੈ। ਜਿਸਮਾਂ ਦ
ਨੁਮਾਇਸ਼ ਲਗਾਉਂਦੀਆਂ ਸੁੰਦਰੀਆਂ ਦਾ ਸੰਸਾਰ ਖੋਜਦਾ ਹੈ। ਹਰ ਇਕ ਚੀਜ਼ ਵਿਕ ਰਹੀ। ਨਾ
ਲੱਗੀਆਂ ਮੁੱਲ ਦਰਸਾਉਂਦੀਆਂ ਸਲਿੱਪਾਂ ਪੜ੍ਹਦਾ ਹੈ। ਕਿਤੇ ਖੁਸ਼ ਹੁੰਦਾ ਹੈ, ਕਿਧਰੇ ਨਿਰਾਸ਼। ਕ
ਆਪਣਾ ਆਪ ਭਰਿਆ ਪੂਰਾ ਲੱਗਦਾ ਹੈ, ਕਦੇ ਬੌਣਾ, ਖਾਲਮ ਖਾਲੀ ਤੇ ਖਿੰਡਿਆ ਖਿੱਲਰਿਆ।

ਉਸ ਨੂੰ ਯਾਦ ਆਉਂਦਾ ਹੈ ਕੁਝ ਸਾਲ ਪਹਿਲਾਂ ਉਹ ਇਕ ਸਰਕਾਰੀ ਦੌਰੇ 'ਤੇ ਦਿੱਲ
ਗਿਆ ਸੀ। ਐਵੇਂ ਤਜਰਬੇ ਖਾਤਰ ਨਾਲ ਦੇ ਸਾਥੀ ਨਾਲ ਜੀ.ਬੀ. ਰੋਡ ਦੇ ਗੇੜੇ 'ਤੇ ਨਿਕਲ ਗਿਆ
ਸੀ। ਉਸਨੇ ਜਿਸਮਾਂ ਦੀ ਮੰਡੀ ਬਾਰੇ ਸੁਣਿਆ ਤਾਂ ਬਹੁਤ ਸੀ ਪਰ ਹੂ-ਬ-ਹੂ ਵੇਖਣ ਦਾ ਤਜਰਬ
ਨਹੀਂ ਸੀ। ਉਥੇ ਘੁੰਮਦਿਆਂ ਇਕ ਪੁਲਿਸ ਵਾਲੇ ਨਾਲ ਗੱਲੀਂ ਜੁਟ ਗਿਆ। ਪੁਲਿਸ ਵਾਲਾ ਰੋਣੇ ਰੋ
ਲੱਗਾ, 'ਪਹਿਲਾਂ ਗਾਹਕ ਆਉਂਦੇ ਸੀ, ਚਾਰ ਪੈਸੇ ਝਾੜ ਲਈਦੇ ਸਨ। ਹੁਣ ਤਾਂ ਇਹ ਇਲਾਕਾ
ਵੀਰਾਨ ਹੋ ਗਿਆ ਹੈ। ਚਕਲੇ ਘਰੋ ਘਰੀ ਚਲੇ ਗਏ। ਮੰਡੀ ਖਿੱਲਰ ਗਈ। ਵੇਸਵਾਵਾਂ ਦਾ ਕੰਮ
ਸੁਆਣੀਆਂ ਨੇ ਸਾਂਭ ਲਿਆ ਹੈ। ਹੁਣ 'ਤੇ ਪਛਾਣ ਈ ਨਹੀਂ ਰਹੀ ਭਾਈ ਸਾਹਿਬ ਕਿ ਕੌਣ ਕਿਹੜੀ
ਹਸਤੀ ਦਾ ਮਾਲਕ ਹੈ। ਕਿਹਨੂੰ ਫੜੀਏ ਤੇ ਕਿਹਦੇ ਕੋਲੋਂ ਕੁਝ ਝਾੜੀਏ?'

ਗਰਾਉਂਡ ਫਲੋਰ 'ਤੇ ਹਵਨ ਚੱਲ ਰਿਹਾ ਹੈ। ਹਵਨ ਕੁੰਡ ਵਿਚ ਭਸਮ ਹੋ ਰਹੀ ਸਮੱਗਰੀ ਦੀ ਭਿੰਨੀ ਭਿੰਨੀ ਖ਼ੁਸ਼ਬੋਈ ਆ ਰਹੀ ਹੈ। ਉਸਨੂੰ ਅਚਾਨਕ ਮਾਇਆ ਦਾ ਖ਼ਿਆਲ ਆਉਂਦਾ ਹੈ। ਉਹ ਨਾਲ ਵਾਲੇ ਸਾਥੀਆਂ ਨਾਲ ਮਸਤੀ ਵਿਚ ਪੌੜੀਆਂ ਉਤਰਦਾ ਹੈ। ਉਹਦੀਆਂ ਨਜ਼ਰਾਂ ਵਿਚ ਅਜੀਬ ਨਸ਼ਾ ਤਰਦਾ ਹੈ। ਸਾਹਮਣੇ ਸਟੇਜ 'ਤੇ ਹਵਨ ਚੱਲ ਰਿਹਾ ਹੈ। ਮੰਤਰੀ ਜੀ ਤੇ ਪਤਵੰਤੇ ਬੈਠੇ ਨੇ। ਸ਼ਹਿਰ ਦਾ ਮੇਅਰ ਤੇ ਕਮਿਸ਼ਨਰ, ਡਿਪਟੀ ਕਮਿਸ਼ਨਰ ਵੀ ਨੇ। ਹੋਰ ਵੀ ਸ਼ਹਿਰ ਦੀਆਂ ਨਾਮਵਰ ਹਸਤੀਆਂ। ਅਮੀਰ ਤਰੀਨ ਤੇ ਸਰਦੇ ਪੁਜਦੇ ਲੋਕਾਂ ਦਾ ਹੜ੍ਹ ਹੈ। ਪੰਡਤ ਜੀ ਲਾਗੇ ਮਾਲਕ ਡਾਇਰੈਕਟਰ ਸੁਮਨ ਸ਼ਰਮਾ ਤੇ ਉਨ੍ਹਾਂ ਦੇ ਲਾਗੇ ਜਯੋਤੀ ਜੀ ਬੈਠੇ ਨੇ। ਕੁਝ ਹੋਰ ਵੀ ਬੜੀ ਸ਼ਰਧਾ ਅਕੀਦਤ ਨਾਲ ਜੁੜੇ ਹੋਏ ਨੇ। ਚੰਦਨ ਦੀਆਂ ਲੱਕੜੀਆਂ ਦਾ ਖ਼ੁਸ਼ਬੂਦਾਰ ਧੂੰਆਂ ਫੈਲ ਰਿਹਾ ਹੈ। ਸ਼ਲੋਕਾਂ ਦਾ ਉਚਾਰਣ ਜਾਰੀ ਹੈ ਜੋ ਏਧਰ ਉਧਰ ਦੀਆਂ ਆਵਾਜ਼ਾਂ ਵਿਚ ਖਲਤ ਮਲਤ ਹੋ ਰਿਹਾ ਹੈ।

ਉਹ ਟਹਿਲਦਾ ਟਹਿਲਦਾ ਬਾਹਰ ਖੁੱਲ੍ਹੇ ਮੋਕਲੇ ਵਿਹੜੇ ਵਿਚ ਨਿਕਲਦਾ ਹੈ ਜਿੱਧਰ ਵੱਖਰੀ ਤਰ੍ਹਾਂ ਦੀ ਗਹਿਮਾ ਗਹਿਮੀ ਹੈ। ਵਿਆਹ ਵਰਗਾ ਮਾਹੌਲ ਹੈ। ਇਕ ਪਾਸੇ ਖਾਣ ਪੀਣ ਦੇ



ਬੇਹਿਸਾਬ ਸਟਾਲ ਲੱਗੇ ਹਨ। ਸਾਹਮਣੇ ਉੱਚੇ ਸਟੇਜ 'ਤੇ ਖਲੋਤਾ ਇਕ ਬਹੁਰੰਗੀ ਸੂਟ ਪਾਈ ਨੌਜਵਾਨ ਮਾਈਕ ਫੜੀ ਕੁਝ ਬੋਲ ਰਿਹਾ ਹੈ। ਉਹ ਰੋਸ਼ਨੀਆਂ ਤੇ ਆਵਾਜ਼ਾਂ ਤੋਂ ਨਿਰਲੇਪ ਮਾਇਆ ਨੂੰ ਵੇਖਦਾ ਹੈ। ਉਹ ਸਾਹਮਣੇ ਹੀ ਖਲੋਤੀ ਹੈ। ਸਟਾਲ ਲਾਗੇ ਕੁਝ ਖਾ ਰਹੀ ਏ। ਕੋਲ ਕੋਈ ਨੌਜਵਾਨ ਖਲੋਤਾ ਹੈ। ਪਤਾ ਨਹੀਂ ਉਹਦੇ ਨਾਲ ਗੱਲੀਂ ਲੱਗਾ ਹੈ ਜਾਂ ਉਂਝ ਸਹਿਵਨ ਹੀ ਨੇੜੇ ਹੈ। ਉਹ ਖ਼ਾਹਮਖ਼ਾਹ ਦੀ ਦਿਲਚਸਪੀ ਤੋਂ ਗੁਰੇਜ਼ ਕਰਦਾ ਹੈ। ਮਾਇਆ ਸਮਝਦਾਰ ਤੇ ਚੇਤੰਨ ਹੈ। ਹਰ ਚੀਜ਼ ਪ੍ਰਤੀ ਬਾਰੀਕ ਨਜ਼ਰ ਰੱਖਦੀ ਹੈ। ਜਾਦੂਗਰਾਂ ਵਰਗਾ ਡਰੈੱਸ ਪਾਈ ਉਹ ਗੋਗੀਆ ਪਾਸ਼ਾ ਜਿਹਾ ਐਂਕਰ ਮਦਾਰੀਆਂ ਵਾਂਗ ਜਸ਼ਨਾਂ ਦਾ ਝੋਲ਼ਾ ਫਰੋਲਦਾ ਸਟੇਜ 'ਤੇ ਟਪੂਸੀਆਂ ਮਾਰਦਾ ਐਲਾਨ ਕਰ ਰਿਹਾ ਹੈ ਅੰਗਰੇਜ਼ੀ, ਪੰਜਾਬੀ, ਹਿੰਦੀ ਦਾ ਮਿਲਗੋਭਾ ਬੋਲਦਾ। ਮਾਇਆ ਇਸ ਖਿਚੜੀ ਬੋਲੀ ਨੂੰ ਜੰਕ ਭਾਸ਼ਾ ਦਾ ਨਾਂ ਦਿੰਦੀ ਹੈ। ਰਲੀਆਂ ਮਿਲੀਆਂ ਤੇ ਬਚੀਆਂ ਖੁਚੀਆਂ ਖਾਣ ਵਾਲੀਆਂ ਸ਼ੈਵਾਂ ਦੇ ਮਿਕਸਚਰ ਨੂੰ ਜੰਕ ਫੂਡ ਆਖਦੀ ਹੈ। ਰੰਗ ਬਰੰਗੀਆਂ ਟਾਕੀਆਂ ਵਾਲੇ ਕੱਪੜਿਆਂ ਨੂੰ ਜੰਕ ਡਰੈੱਸ ਕਹਿੰਦੀ ਹੈ। ਉਹ ਊਲ ਜਲੂਲ ਤੇ ਵਕਤੀ ਸੰਬੰਧਾਂ ਨੂੰ ਜੰਕ ਰਿਸ਼ਤੇ ਕਹਿੰਦਾ ਹੈ। ਜੰਕ...ਜੰਕ...ਜੰਕ...ਕਿੰਨਾ ਨੇੜੇ ਆ ਰਿਹਾ ਹੈ ਇਹ ਲਫ਼ਜ਼।

'ਇਸ ਸਟੇਜ ਉਪਰ ਹੋਏਗਾ ਗਰੁੱਪ ਡਾਂਸ ਤੇ ਫੈਸ਼ਨ ਸ਼ੋਅ...ਮਿਸਟਰ ਐਂਡ ਮਿਸ ਸਿਟੀ...ਬੇਬੀ ਸ਼ੋਅ...ਬਿਊਟੀ ਕੰਪੀਟੀਸ਼ਨ...ਬੈੱਸਟ ਫਿੱਗਰ...ਬੈੱਸਟ ਕਪਲ...ਬੈੱਸਟ ਸਿੰਗਰ...ਬੈੱਸਟ...ਬੈੱਸਟ...ਬੈੱਸਟ...ਯੂ ਕੈਨ ਈਟ ਐਂਡ ਡਰਿੰਕ...ਡਰਿੰਕ ਐਂਡ ਡਾਂਸ...ਡਾਂਸ ਐਂਡ ਇੰਨਜੋਏ...।' ਉਹ ਜੰਕ ਕਿਸਮ ਦਾ ਬੰਦਾ ਐਲਾਨ ਕਰ ਰਿਹਾ ਹੈ।

ਸਟੇਜ 'ਤੇ ਲੱਗਾ ਸੰਗੀਤ ਦਾ ਸਾਜ਼ੋ ਸਾਮਾਨ ਤਮਾਮ ਸੁਰਾਂ ਲੈ ਕੇ ਗੂੰਜ ਉੱਠਦਾ ਹੈ। ਪੌਪ ਗਾਇਕ ਜੋੜੀ ਆਉਂਦਿਆਂ ਸਾਰ ਗੀਤਾਂ ਦੀ ਝੜੀ ਲਾ ਦਿੰਦੀ ਹੈ। ਚੁਸਤ ਸਮਾਰਟ ਬ੍ਹੈਰੇ ਪਾਸੋਂ ਉਹ ਸਕਾਚ ਦਾ ਪੈੱਗ ਲੈਂਦਾ ਹੈ। ਦੂਜੀ ਟਰੇਅ ਵਿਚੋਂ ਮੱਛੀ ਦੇ ਟੋਟੇ ਚੁੱਕਦਾ ਹੈ। ਸਿੱਪ ਕਰਨ ਤੋਂ ਪਹਿਲਾਂ ਇਕ ਵਾਰ ਫਿਰ ਮਾਇਆ ਵੱਲ ਨਜ਼ਰ ਮਾਰਦਾ ਹੈ। ਉਹ ਥੋੜ੍ਹੀ ਦੂਰ ਖਲੋਤੀ ਸੱਜੇ ਹੱਥ ਦੀਆਂ ਉਂਗਲਾਂ ਹਿਲਾ ਕੇ ਉਸ ਨੂੰ ਨਿਸ਼ਚਿੰਤ ਰਹਿਣ ਦਾ ਇਸ਼ਾਰਾ ਕਰਦੀ ਹੈ। ਚਲੋ ਚੰਗਾ ਹੈ ਉਹਨੇ ਕੰਪਨੀ ਲੱਭ ਲਈ ਹੈ ਤੇ ਇੰਨਜੋਏ ਕਰ ਰਹੀ ਹੈ। ਚੌਧਰੀ, ਜੌਹਲ, ਵਰਮਾ, ਗੁਲਾਟੀ, ਸੰਧੂ, ਭਿੰਡਰ ਤੇ ਹੋਰ ਬਹੁਤ ਸਾਰੇ ਉਸਦੇ ਵਾਕਫ਼ਕਾਰ ਬਣ ਗਏ ਨੇ ਤੇ ਸਾਰੇ ਇਕ ਦੂਜੇ ਨਾਲ ਧਰਮ, ਸਿਆਸਤ, ਸਮਾਜ, ਅਮੀਰੀ, ਮਹਿੰਗਾਈ, ਲੁੱਟਾਂ, ਮਿਜ਼ਾਈਲਾਂ, ਤੂਫ਼ਾਨਾਂ, ਪਾਣੀਆਂ ਜਿਹੇ ਭਖ਼ਦੇ ਮੁੱਦਿਆਂ ਉੱਤੇ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਪੀਣ ਲੱਗੇ ਨੇ। ਉਹ ਨੋਟ ਕਰਦਾ ਹੈ ਕੁਝ ਔਰਤਾਂ ਨੈਪਕਿਨਾਂ ਵਿਚ ਗਿਲਾਸ ਲਪੇਟੀ ਪੀਣ ਦਾ ਸ਼ੌਕ ਫੁਰਮਾ ਰਹੀਆਂ ਨੇ। ਉਹ ਵੱਡਾ ਸਾਰਾ ਘੁੱਟ ਭਰਦਾ ਸੋਚਦਾ ਹੈ, ਇਹ ਕਿਹੜਾ ਕੋਈ ਨਵਾਂ ਕਾਰਨਾਮਾ ਹੈ? ਉਸਦੇ ਤਾਏ ਦੇ ਪੁੱਤਰ ਜੰਗੀ ਦੇ ਵਿਆਹ 'ਤੇ ਵੱਡੀ ਭੂਆ ਪ੍ਰੀਤੋ ਗਿਲਾਸ ਭਰ ਕੇ ਨੀਟ ਲਾਹਣ ਪੀ ਗਈ ਸੀ। ਉਹ ਭਾਵੇਂ ਉਦੋਂ ਨਿਆਣਾ ਸੀ ਪਰ ਉਹਨੂੰ ਅਜੇ ਵੀ ਚੇਤੇ ਹੈ। ਭਾਵੇਂ ਤੀਹ ਪੈਂਤੀ ਸਾਲ ਪੁਰਾਣੀ ਗੱਲ ਹੈ ਪਰ ਭੂਆ ਦਾ ਉਹ ਰੂਪ ਉਹਨੂੰ ਨਹੀਂ ਸੀ ਭੁੱਲਿਆ। ਉਹਨੇ ਸਾਰੀ ਰਾਤ ਰੱਜ ਕੇ ਸ਼ੋਰੂ ਪਾਇਆ ਸੀ। ਪਾਗਲਾਂ ਵਾਂਗ ਨੱਚੀ ਸੀ। ਅਸਮਾਨ ਸਿਰ 'ਤੇ ਚੁੱਕ ਲਿਆ ਸੀ। ਤੀਵੀਆਂ ਦਾ ਦਾਰੂ ਪੀਣਾ ਕਿਹੜੀ ਨਵੀਂ ਗੱਲ ਹੈ। ਨਾਲੇ ਇਹ ਸੁਸਾਇਟੀ, ਇਹ ਕਲਚਰ...ਇਹ ਮੈਟਰੋ ਲਾਈਫ਼!

'ਜੱਗ ਜਿਊਂਦਿਆਂ ਦੇ ਮੇਲੇ...।' ਗਾਇਕ ਬਾਹਾਂ ਉਲਾਰ ਉਲਾਰ ਚੀਕ ਰਿਹਾ ਹੈ। ਸਾਜ਼ ਨੇ ਹਨ੍ਹੇਰੀ ਲਿਆਂਦੀ ਹੋਈ ਹੈ। ਗਿਲਾਸੀ ਨਾਲ ਗਿਲਾਸੀ ਖੜਕ ਰਹੀ ਹੈ। ਪੈੱਗ 'ਤੇ ਪੈੱਗ ਖਾਲੀ ਹੋ ਰਿਹਾ ਹੈ। ਅੰਨ੍ਹਾ-ਧੁੰਦ ਦਾਰੂ, ਬੇ-ਬਹਾ ਨੌਨ-ਵੈੱਜ, ਬੇਪਨਾਹ ਸ਼ੋਰ, ਦਸੰਬਰ ਦੀ ਠੰਢੀ ਯੱਖ ਰਾਤ ਦਾ ਨਿੱਘ, ਹੁੰਮਸ, ਪਸੀਨਾ ਤੇ ਬਦਬੋ...। ਉਹ ਸੋਚਦਾ ਹੈ, ਇਹ ਵਾਕਿਆ ਹੀ ਠੀਕ ਕਹਿ ਰਿਹੈ, ਏਹੀ ਮੇਲਾ ਹੈ, ਜਿਊਂਦਿਆਂ ਦਾ, ਜਿਊਂਦਿਆਂ ਦੇ ਰੰਗ ਗੂੜ੍ਹੇ, ਫਿੱਕੇ, ਕਿਰਮਚੀ, ਸ਼ੋਖ਼, ਗੁਲਾਬੀ, ਉਨ੍ਹਾਬੀ। ਉਸਦੀਆਂ ਅੱਖਾਂ ਵਿਚ ਨਸ਼ਾ ਉਤਰਨ ਲੱਗਦਾ ਹੈ। ਨਜ਼ਰਾਂ ਵਿਚ ਰੰਗਾਂ ਦੀਆਂ ਕਹਿਕਸ਼ਾਵਾਂ

ਫੈਲਣ ਲਗਦੀਆਂ ਹਨ।

ਸਟੇਜ 'ਤੇ ਕਪਲ ਡਾਂਸ ਚੱਲਣ ਲੱਗਦਾ ਹੈ। ਇਹ ਜੁੱਟ ਪਹਿਲਾਂ ਬਣੇ ਸਨ ਜਾਂ ਐ ਮੌਕੇ 'ਤੇ ਬਣਦੇ ਹਨ, ਕੋਹਲੀ ਨੂੰ ਕੋਈ ਪਤਾ ਨਹੀਂ ਲੱਗਦਾ। ਹੇਠ ਉਪਰ ਪੀਤੇ ਪੈੱਗ ਆਪਣਾ ਰੰ ਵਿਖਾਉਣ ਲੱਗਦੇ ਹਨ। ਫ਼ਿਲਮੀ ਸੰਗੀਤ ਦੀਆਂ ਤੇਜ਼ ਧੁਨਾਂ 'ਤੇ ਥਰਕਦੇ ਨੱਚਦੇ ਜੁਆਨ ਜੋੜੇ ਸਟੇਜ 'ਤੇ ਜਲਵੇ ਖਿਲਾਰਦੇ ਹਨ। ਉਹ ਅੱਖਾਂ ਪੁੱਟ ਕੇ ਵੇਖਦਾ ਹੈ। ਮਾਇਆ ਕਦੋਂ ਸਟੇਜ ਉਪ ਪਹੁੰਚ ਗਈ? ਸਭ ਤੋਂ ਵਧੀਆ ਡਾਂਸ ਮਾਇਆ ਕਰ ਰਹੀ ਹੈ। ਉਹਦੇ ਨਾਲ ਉਹੀ ਨੌਜਵਾਨ ਹੈ ਜਿਸਨੂੰ ਕੁਝ ਚਿਰ ਪਹਿਲਾਂ ਉਸ ਮਾਇਆ ਲਾਗੇ ਖਲੋਤੇ ਵੇਖਿਆ ਸੀ। ਮਾਇਆ ਸਕੂਲ ਦੇ ਸਮੇਂ ਤੋਂ ਡਾਂਸ ਦੀ ਮਾਹਰ ਹੈ। ਘਰ ਟੀ.ਵੀ. ਸਾਹਮਣੇ ਨੱਚਦਿਆਂ ਉਹ ਵੇਖਣ ਵਾਲੇ ਨੂੰ ਹੈਰਾਨ ਕਰ ਸੁਟਦੀ ਸੀ। ਕਿੱਥੋਂ ਸਿੱਖਦੀ ਰਹੀ ਮਾਇਆ ਏਨੀ ਕਮਾਲ ਦੀ ਥਿਰਕਨ? ਲੱਕ ਨੂੰ ਵਲੇਵੇਂ ਦਿੰਦੀ ਬਾਹਾਂ ਦੇ ਪੋਜ਼ ਸਿਰਜਦੀ। ਧੌਣ ਨੂੰ ਜੁੰਬਸ਼ ਦਿੰਦਿਆਂ ਉਹ ਆਪਣੀ ਟਰਮ ਸਿਖ਼ਰ 'ਤੇ ਲਿਆਉਂਦੀ ਹੈ ਤਾਂ ਆਸਾ ਪਾਸਾ ਤਾੜੀਆਂ ਨਾਲ ਗੂੰਜ ਉੱਠਦਾ ਹੈ। ਰੋਸ਼ਨੀਆਂ ਦੇ ਦਾਇਰੇ ਉਹਦੀ ਦਿੱਖ ਵਿਚ ਹਜ਼ਾਰਾਂ ਰੰਗ ਘੋਲਦੇ ਹਨ। ਮਾਈਕ 'ਤੇ ਜਿਸ ਜੋੜੀ ਦਾ ਪਹਿਲਾ ਇਨਾਮ ਐਲਾਨਿਆ ਜਾਂਦਾ ਹੈ ਉਹ ਵਿਸ਼ਾਲ ਤੇ ਮਾਇਆ ਹਨ। 'ਮੈਨੂੰ ਤਾਂ ਪੱਕ ਪਤਾ ਸੀ ਮੇਰੀ ਧੀ ਫਸਟ ਆਏਗੀ।' ਗਿਲਾਸੀ ਵਿਚ ਬਚੀ ਦਾਰੂ ਇਕੋ ਡੀਕੇ ਸੰਘੋਂ ਹੇਠਾਂ ਸੁੱਟਦਿਆਂ ਉਹ ਨਾਲ ਬੈਠੇ ਬੰਦੇ ਨੂੰ ਕਹਿਣਾ ਚਾਹੁੰਦਾ ਹੈ ਪਰ ਕੁਝ ਸੋਚ ਕੇ ਚੁੱਪ ਹੀ ਧਾਰੀ ਰੱਖਦਾ ਹੈ।

ਫ਼ੈਸ਼ਨ ਪਰੇਡ ਕਰਦਿਆਂ ਮਾਇਆ ਨੇ ਡਰੈੱਸ ਕਿੱਥੋਂ ਚੇਂਜ ਕਰ ਲਿਆ? ਉਹ ਇਕ ਵਾਰ ਫਿਰ ਪਾਟਦੀਆਂ ਨਜ਼ਰਾਂ ਨਾਲ ਸਟੇਜ ਉਪਰ ਮਾਇਆ ਨੂੰ ਵੇਖਦਾ ਹੈ। ਸਿਤਾਰਿਆਂ ਜੜੀ ਪੁਸ਼ਾਕ ਵਿਚ ਤਾਂ ਉਹ ਪਛਾਣ ਹੀ ਨਹੀਂ ਕਰ ਪਾਉਂਦਾ ਉਹਦੀ। ਚਿਹਰੇ 'ਤੇ ਪੈਂਦੀਆਂ ਤੇਜ਼ ਕਿਰਨਾਂ ਨੇ ਉਸਦੇ ਮੇਕਅੱਪ ਨੂੰ ਕਿਸੇ ਹੋਰ ਸੰਸਾਰ ਦੀ ਪਰੀ ਬਣਾ ਕੇ ਪੇਸ਼ ਕਰ ਦਿੱਤਾ ਹੈ। ਮਾਇਆ ਵਰਗੀਆਂ ਕੁੜੀਆਂ ਗੇੜੇ ਲਾਉਂਦੀਆਂ ਹਨ। ਇਕ ਵਾਰ ਫੇਰ ਤਾੜੀਆਂ ਨੇ ਸ਼ੋਰ ਮਚਾ ਦਿੱਤਾ ਹੈ। ਜੋਕਰਾਂ ਵਰਗੇ ਪਹਿਰਾਵੇ ਵਾਲਾ ਗੋਗੀਆ ਪਾਸ਼ਾ ਇਕ ਵਾਰ ਫਿਰ ਮਾਇਆ ਦੇ ਨਾਂ ਦਾ ਐਲਾਨ ਕਰਦਾ ਹੈ। ਹਰ ਪਾਸੇ ਹੋ ਹੱਲਾ ਮਚਦਾ ਹੈ। ਮਾਇਆ ਦੀ ਕਲਾ ਦੇ ਚਰਚੇ ਕਰਦੇ ਲੋਕ। ਉਹਦੇ ਬਾਰੇ ਜਾਣਨਾ ਚਾਹੁੰਦੇ। ਉਹਦੇ ਪਤੇ ਟਿਕਾਣੇ ਦੇ ਕਿਆਫ਼ੇ ਲਾਉਂਦੇ। ਘੁਸਰ ਮੁਸਰ ਕਰਦੇ। ਉਸਨੂੰ ਕੁਝ ਸੁਖਾਵਾਂ ਲੱਗਦਾ ਹੈ, ਕੁਝ ਅਣਸੁਖਾਵਾਂ।

ਉਹਨੂੰ ਪੇਸ਼ਾਬ ਦੀ ਹਾਜਤ ਹੁੰਦੀ ਹੈ। ਉਠ ਕੇ ਅੰਦਰ ਵਾਸ਼ਰੂਮ ਵਿਚ ਜਾਂਦਾ ਹੈ। ਇਹ ਕਿਸ ਡਿਜ਼ਾਈਨਰ ਦਾ ਕਮਾਲ ਹੈ ਜਿਸਨੇ ਯੂਰਿਨ ਫਰੰਟ 'ਤੇ ਛੋਟੇ ਟੀ.ਵੀ. ਸਕਰੀਨ ਲਗਾ ਦਿੱਤੇ ਨੇ? ਪਿਸ਼ਾਬ ਕਰਦਿਆਂ ਉਹਦਾ ਧਿਆਨ ਸਕਰੀਨ 'ਤੇ ਪੈਂਦਾ ਹੈ। ਰੈਂਪ 'ਤੇ ਕੈਟਵਾਕ ਕਰਦੀਆਂ ਫੈਸ਼ਨ ਚੈਨਲ ਦੀਆਂ ਸੁੰਦਰੀਆਂ ਦੀ ਕਤਾਰ ਵੇਖ ਕੇ ਉਹ ਝੁਣਝੁਣੀ ਖਾ ਜਾਂਦਾ ਹੈ। ਲੋਕ ਨਿਸੰਗ ਉਨ੍ਹਾਂ ਪਰੀਆਂ ਵਰਗੀਆਂ ਕੁੜੀਆਂ ਉਪਰ ਪੇਸ਼ਾਬ ਕਰੀ ਜਾਂ ਰਹੇ ਹਨ। ਦੂਜਿਆਂ ਵੱਲ ਵੇਖਦਾ ਉਹ ਬੇਧਿਆਨੀ ਅਖਤਿਆਰ ਕਰਨ ਦੀ ਕੋਸ਼ਿਸ਼ ਵਿਚ ਫਾਰਗ ਹੁੰਦਾ ਹੈ। ਆਟੋਮੈਟਿਕ ਸਿਸਟਮ ਵਿਚ ਖਲੋਤਾ ਆਸੇ ਪਾਸੇ ਨੂੰ ਨਿਹਾਰਦਾ ਹੈ। ਸੋਚਦਾ ਹੈ, ਪੇਸ਼ਾਬ ਕਰਨ ਨੂੰ ਵੀ ਸੈਲੀਬਰੇਟ ਕੀਤਾ ਜਾ ਰਿਹਾ ਹੈ। ਉਹ ਹੱਸਣਾ ਚਾਹੁੰਦਾ ਹੈ ਪਰ ਹਾਸੇ ਦਾ ਦਮ ਭਰਨ ਲਈ ਕੋਈ ਰੇਖਾ ਉਹਦੇ ਚਿਹਰੇ 'ਤੇ ਨਹੀਂ ਉਭਰਦੀ। ਉਹ ਹੱਥ ਧੋ ਕੇ ਗਰਮ ਹਵਾ ਵਿਚ ਸੁਕਾਉਂਦਾ ਹੈ। ਰੁਮਾਲ ਕੱਢ ਕੇ ਬੁੱਲ੍ਹ ਪੂੰਝਦਾ ਬਾਹਰ ਨਿਕਲਦਾ ਤੇ ਮੁੜ ਸਟੇਜ ਦੀਆਂ ਰੰਗੀਨੀਆਂ ਵਿਚ ਪਰਤ ਆਉਂਦਾ ਹੈ। ਓਲਡ ਕਪਲ, ਨਿਊਲੀ ਮੈਰਿਡ, ਸਿਲਵਰ ਜੁਬਲੀ ਕਪਲ, ਹਾਸਾ ਮਸ਼ਗੂਲਾ, ਚੁਟਕਲੇਬਾਜ਼ੀ, ਨਸ਼ਾ, ਸੰਗੀਤ, ਸ਼ੋਰ, ਹੁਲਾਸ...। ਪ੍ਰੋਗਰਾਮ ਆਪਣੇ ਸਿਖ਼ਰ 'ਤੇ ਹੈ। ਉਸਨੂੰ ਉਕਤਾਹਟ ਜਿਹੀ ਹੋਣ ਲੱਗਦੀ ਹੈ। ਉਹ ਸੋਚਦਾ ਹੈ, ਕਿਉਂ ਨਾ ਹੁਣ ਚੱਲਿਆ ਹੀ ਜਾਏ।

ਦਸ ਵੱਜ ਕੇ ਪੱਚੀ ਮਿੰਟ...ਜੋਕਰ ਟਾਈਪ ਐਂਕਰ ਅਸਮਾਨ 'ਤੇ ਫੈਲਣ ਵਾਲੀਆਂ



ਰੋਸ਼ਨੀਆਂ ਬਾਰੇ ਦੱਸਦਾ ਐਲਾਨ ਕਰਦਾ ਹੈ, 'ਅੱਧੇ ਘੰਟੇ ਲਈ ਲੇਜ਼ਰ ਸ਼ੋਅ ਚੱਲੇਗਾ...। ਮੰਤਰੀ ਜੀ ਤੇਰ੍ਹਵੀਂ ਮੰਜ਼ਲ ਦੀ ਛੱਤ 'ਤੇ ਲੱਗੇ ਲੇਜ਼ਰਾਂ ਨੂੰ ਔਨ ਕਰਨਗੇ...।' ਆਸੇ ਪਾਸੇ ਪ੍ਰੈੱਸ ਤੇ ਪਬਲਿਕ ਦਾ ਹੜ੍ਹ ਹੈ। ਮਾਲ ਰੋਡ ਭਰੀ ਪਈ ਹੈ। ਪਤਾ ਨਹੀਂ ਕਿਹੜੇ ਰੰਗ ਖਿਲਾਰਨਗੀਆਂ ਇਹ ਲੇਜ਼ਰ ਕਿਰਨਾਂ? ਉਹ ਅੱਖਾਂ ਵਿਚ ਨੱਚਦੇ ਨਸ਼ੇ ਦੇ ਡੋਰੇ ਨੂੰ ਸੂਤ ਕਰਦਾ ਏਧਰ ਉਧਰ ਵੇਖਦਾ ਹੈ। ਉਸਨੂੰ ਜਾਪਦਾ ਹੈ ਲੋਕਾਂ ਦੀਆਂ ਸ਼ਕਲਾਂ ਬਦਲ ਗਈਆਂ ਹਨ। ਐਲਾਨ ਜਾਰੀ ਹੈ, 'ਅੱਧੇ ਘੰਟੇ ਲਈ ਤੁਸੀਂ ਰੰਗਾਂ ਤੇ ਰੋਸ਼ਨੀਆਂ ਵਿਚ ਗੁਆਚ ਜਾਓਗੇ...। ਵੱਨ, ਟੂ, ਥਰੀ...। ਲੇਜ਼ਰ ਸ਼ੋ ਇਜ਼ ਔਨ...ਪਲੀਜ਼ ਇੰਨਜੋਏ ਦ ਨਿਊ ਇਲੈਕਟਰੋਨਿਕ ਟੈਕਨੋਲੋਜੀ...।' ਉਹ ਉੱਠ ਕੇ ਕਾਊਂਟਰ ਤੋਂ ਗਿਲਾਸ ਚੁੱਕ ਕੇ ਇਕੋ ਡੀਕੇ ਚਾੜ੍ਹਦਾ ਹੈ। ਨਸ਼ਈ ਨਜ਼ਰਾਂ ਨਾਲ ਅਸਮਾਨ ਵੱਲ ਤੱਕਦਾ ਹੈ। ਤਿੱਖੀਆਂ ਤੇਜ਼ ਬੇਸ਼ੁਮਾਰ ਕਿਰਨਾਂ ਆਪਸ ਵਿਚ ਭਿੜ ਰਹੀਆਂ ਹਨ। ਉਹ ਸਿਰ ਚੁੱਕ ਕੇ ਇਸ ਅਲੌਕਿਕ ਨਜ਼ਾਰੇ ਨੂੰ ਵੇਖਦਾ ਹੈ। ਤਾਰੇ ਕਿਧਰੇ ਨਜ਼ਰ ਨਹੀਂ ਆ ਰਹੇ। ਕਿਰਨਾਂ ਦੇ ਸੰਗਮ ਨੇ ਇਕ ਵਿਸ਼ਾਲ ਫ਼ੁਹਾਰਾ ਚਲਾ ਦਿੱਤਾ ਹੈ। ਰੰਗ ਬੇਰੰਗੇ ਘੁੰਮਦੇ ਦਾਇਰੇ, ਤਿਕੋਣਾਂ, ਚਕੋਰਾਂ, ਇਕ ਦੂਜੀ ਨੂੰ ਕੱਟਦੀਆਂ ਰੇਖਾਵਾਂ। ਫੈਲਦੀਆਂ ਤੇ ਸੁੰਗੜਦੀਆਂ। ਚਾਨਣ ਦਾ ਮੀਂਹ ਵਰ੍ਹਾਉਂਦੀਆਂ। ਉਨ੍ਹਾਂ ਇਕ ਚਾਦਰ ਫੈਲਾ ਦਿੱਤੀ ਹੈ। ਸਿਨਮੇ ਦੀ ਸਕਰੀਨ ਵਾਂਗ। ਪਤਲੀਆਂ ਲੇਜ਼ਰ ਕਿਰਨਾਂ ਉਸ ਉਪਰ ਵੰਨ ਸੁਵੰਨੇ ਨਕਸ਼ ਵਾਹੁਣ ਲੱਗੀਆਂ ਹਨ। ਜਿਵੇਂ ਕੋਈ ਜਾਨਵਰ ਦੌੜ ਰਿਹਾ ਹੋਵੇ। ਬਾਂਦਰ ਜਿਹੀ ਲੰਮੀ ਪੂਛ। ਕਿਰਨਾਂ ਉਸਨੂੰ ਦੌੜਾ ਰਹੀਆਂ। ਤੇਜ਼ ਹੋਰ ਤੇਜ਼। ਪੂਛ ਨਿੱਕੀ ਹੁੰਦੀ ਹੈ ਤੇ ਅਗਲੇ ਪੈਰ ਚੁੱਕੇ ਜਾਂਦੇ ਹਨ। ਮੂੰਹ ਪੱਧਰਾ ਹੁੰਦਾ ਤੇ ਲੱਕ ਸਿੱਧਾ ਹੁੰਦਾ ਹੁੰਦਾ ਇਨਸਾਨੀ ਰੂਪ ਗ੍ਰਹਿਣ ਕਰਦਾ ਹੈ। ਦੋ ਪੈਰਾਂ 'ਤੇ ਦੌੜ ਰਿਹਾ ਬੰਦਾ। ਤੇਜ਼ ਹੋਰ ਤੇਜ਼। ਫਿਰ ਬਾਹਾਂ ਪੰਛੀ ਦੇ ਪਰਾਂ ਵਾਂਗ ਫੈਲ ਜਾਂਦੀਆਂ ਹਨ ਤੇ ਉਹ ਆਕ੍ਰਿਤੀ ਜਹਾਜ਼ ਵਾਂਗ ਉੱਡਣ ਲੱਗਦੀ ਹੈ। ਕਿਰਨਾਂ ਤੇਜ਼ੀ ਨਾਲ ਦ੍ਰਿਸ਼ ਬਣਾਉਂਦੀਆਂ ਜਹਾਜ਼ ਨੂੰ ਉਡਾਉਂਦੀਆਂ ਮਾਨੋ ਅਸਮਾਨ ਦੇ ਸਿਰੇ ਵੱਲ ਲਿਜਾ ਰਹੀਆਂ ਹੋਣ। ਜਹਾਜ਼ ਨਿੱਕਾ ਹੁੰਦਾ, ਬਿੰਦੂ ਬਣਦਾ, ਵਿਸ਼ਾਲ ਸਕਰੀਨ ਦੇ ਕੇਂਦਰ ਵਿਚ ਜਾ ਗੁੰਮਦਾ ਹੈ।

ਉਹ ਥੱਕਦੀ ਜਾਂਦੀ ਧੌਣ ਨੂੰ ਸਿੱਧਿਆਂ ਕਰਨ ਲਈ ਆਸੇ ਪਾਸੇ ਨਜ਼ਰ ਮਾਰਦਾ ਹੈ। ਲੋਕ ਧੌਣਾਂ ਮੋੜੀ ਤੇ ਸਿਰ ਚੁੱਕੀ ਅਸਮਾਨ ਵਿਚ ਜਯੋਤੀ ਸੁਪਰ ਮਾਲ ਵੱਲੋਂ ਮਨਾਈ ਜਾ ਰਹੀ ਦੀਵਾਲੀ ਨੂੰ ਮਾਣਨ ਵਿਚ ਮਸਤ ਹਨ। ਹੱਥ ਚੁੱਕ ਚੁੱਕ ਵਾਹ ਵਾਹ ਕਰ ਰਹੇ। ਟਰੈਫਿਕ ਰੁਕੀ ਪਈ ਹੈ। ਲੋਕਾਂ ਦਾ ਹੜ੍ਹ ਉਮਡਿਆ ਪਿਆ ਹੈ। ਸ਼ੋਰ ਦਾ ਦਰਿਆ ਵਹਿ ਰਿਹਾ। ਰੰਗਾਂ ਦੀ ਬਰਸਾਤ ਹੋ ਰਹੀ। ਤੇਰ੍ਹਵੀਂ ਮੰਜ਼ਲ ਉੱਤੋਂ ਛੱਡੀਆਂ ਜਾ ਰਹੀਆਂ ਕਿਰਨਾਂ ਨੇ ਸ਼ਹਿਰ ਦਾ ਪੁਰਾਣਾ ਅਧਿਆਏ ਹੀ ਬਦਲ ਦਿੱਤਾ ਹੈ। ਪੁਰਾਣੀ ਦੀਵਾਲੀ ਦਾ ਜਲਵਾ ਲੋਕਾਂ ਨੂੰ ਬੀਤੇ ਦੀ ਕਹਾਣੀ ਲੱਗਣ ਲੱਗਾ ਹੈ। ਉਹਦੀ ਨਜ਼ਰ ਜਿਵੇਂ ਇਨ੍ਹਾਂ ਨਜ਼ਾਰਿਆਂ 'ਤੇ ਜੰਮ ਹੀ ਗਈ ਹੈ। ਲੋਕ ਇਸ ਅਲੋਕਾਰੀ ਚਮਤਕਾਰ ਦੇ ਨਜ਼ਾਰੇ ਅੱਖਾਂ ਵਿਚ ਭਰਨ ਲਈ ਇਧਰ ਉਧਰ ਆ ਜਾ ਰਹੇ ਨੇ। ਮੇਲਾ ਭਰ ਜੋਬਨ 'ਤੇ ਹੈ। ਭੀੜ ਸਿਖ਼ਰ 'ਤੇ ਹੈ। ਅਸਮਾਨ ਲਿਸ਼ ਲਿਸ਼ ਕਰ ਰਿਹਾ ਹੈ। ਦਿਨ ਰਾਤ ਦਾ ਭੇਤ ਖਤਮ ਹੋ ਗਿਆ ਲੱਗਦਾ ਹੈ। ਉਹ ਸੋਚਦਾ ਹੈ, ਜਦੋਂ ਯੁਗ ਬਦਲਦਾ ਹੈ ਸ਼ਾਇਦ ਇੰਝ ਦਾ ਹੀ ਕੁਝ ਵਾਪਰਦਾ ਹੈ।

ਅਚਾਨਕ ਉਹ ਪਲਟ ਕੇ ਇਧਰ ਉਧਰ ਵੇਖਦਾ ਹੈ। ਸਟੇਜ ਤੋਂ ਇਨਾਮ ਵੰਡੇ ਜਾ ਚੁੱਕੇ ਹਨ। ਮਾਇਆ ਕਿਧਰ ਹੈ? ਉਹ ਪੰਜ ਦਸ ਕਦਮ ਅਗਾਂਹ ਪਿਛਾਂਹ ਪੈਰ ਪੁੱਟਦਾ ਹੈ। ਹੋਰ ਅੱਗੇ ਜਾਂਦਾ ਤੇ ਹੋਰ ਪਿੱਛੇ ਮੁੜਦਾ ਹੈ। ਲੋਕਾਂ ਦੀ ਨੱਸਦੀ ਭੱਜਦੀ ਭੀੜ ਵਿਚੋਂ ਮਾਇਆ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਹਫੜਾ ਦਫੜੀ ਵਿਚ ਏਧਰ ਉਧਰ ਭੌਂਦੇ ਲੋਕਾਂ ਵਿਚ ਮਾਇਆ ਨੂੰ ਤਲਾਸ਼ਦਾ ਹੈ? ਉਹ ਉੱਚੀ ਆਵਾਜ਼ ਲਾਉਂਦਾ ਹੈ, 'ਮਾਇਆ...।' ਉਹਦੀ ਚੀਕ ਵਰਗੀ ਆਵਾਜ਼ ਸੁਣ ਕੇ ਕੁਝ ਚਿਹਰੇ ਉਹਦੇ ਵੱਲ ਤੱਕਦੇ ਹਨ। ਉਹ ਸਟੇਜ ਦੇ ਅੱਗੇ ਪਿੱਛੇ ਵੇਖਦਾ ਹੈ। ਕਾਹਲੀ ਨਾਲ ਜੇਬ 'ਚੋਂ ਮੋਬਾਈਲ ਕੱਢ ਕੇ ਮਾਇਆ ਦਾ ਨੰਬਰ ਲਾਉਂਦਾ ਹੈ। ਅੱਗੋਂ ਆਵਾਜ਼ ਸੁਣਦੀ ਹੈ, 'ਨੰਬਰ ਯੂ ਆਰ ਡਾਇਲਿੰਗ ਇਜ਼ ਆਊਟ ਆਫ਼ ਰੀਚ।' ਫਿਰ ਕੋਸ਼ਿਸ਼ ਕਰਦਾ ਹੈ, ਫਿਰ ਉਹੀ ਸੁਣਦਾ ਹੈ। ਉਹਦਾ

ਦਿਲ ਭਾਂਤ ਭਾਂਤ ਦੇ ਵਿਸਵਿਸਿਆਂ ਵਿਚ ਡੁੱਬਣ ਲੱਗਦਾ ਹੈ। ਮੋਬਾਈਲ ਜੇਬ ਵਿਚ ਪਾ ਉਹ ਏਧ ਉਧਰ ਨਜ਼ਰਾਂ ਫੇਰਦਾ ਹੈ। ਉਹ ਨਵੇਂ ਨਵੇਂ ਬਣੇ ਵਾਕਫ਼ਕਾਰ ਵੀ ਕਿਧਰੇ ਨਹੀਂ ਦਿਸਦੇ। ਨਾ ਉ ਜੌਹਲ, ਨਾ ਉਹ ਵਰਮਾ, ਨਾ ਉਹ ਸ਼ਰਮਾ, ਨਾ ਉਹ ਸੰਧੂ ਤੇ ਨਾ ਕੋਈ ਹੋਰ । ਕਿੱਥੇ ਗਏ ਸ ਕੰਬਖ਼ਤ? ਉਹਦੀਆਂ ਲੱਤਾਂ ਕੰਬਣ ਲੱਗਦੀਆਂ ਹਨ। ਨਸ਼ਾ ਹਰਨ ਹੋ ਜਾਂਦਾ ਹੈ। ਉਹ ਚੀਕਦਾ ਹੈ 'ਮਾਇਆ...ਮਾਇਆ...ਮਾਇਆ...।'

'ਉਹ ਕਿੱਥੇ ਹੈ ਜੋ ਫਸਟ ਆਈ ਸੀ, ਹਰ ਆਈਟਮ ਚੋਂ ਪਹਿਲੇ ਨੰਬਰ 'ਤੇ...ਮੇਰ ਬੇਟੀ ਮਾਇਆ...ਤੁਸਾਂ ਵੇਖੀ? ਹਾਲੇ ਹੁਣੇ ਤਾਂ ਏਥੇ ਸੀ। ਕੋਈ ਦੱਸੋ ਭਾਈ, ਅਸੀਂ ਘਰ ਵ ਜਾਣਾ...।'

ਕਿਤੋਂ ਆਵਾਜ਼ ਸੁਣਦੀ ਹੈ, 'ਅੰਦਰ ਫੋਟੋ ਸੈਸ਼ਨ ਚੱਲ ਰਿਹਾ, ਪ੍ਰੈੱਸ ਇੰਟਰਵਿਊ ਕ ਰਹੀ...। ਸ਼ਾਇਦ ਉਥੇ...।'

ਉਹ ਅੰਦਰ ਵੱਲ ਦੌੜਦਾ ਹੈ। ਧਾਹ ਕੇ ਲਿਫਟ ਵੱਲ ਅਹੁਲਦਾ ਹੈ। ਪਾਗਲਾਂ ਵਾਂ ਬਟਨ ਨੱਪੀ ਜਾਂਦਾ ਹੈ। ਲਿਫਟ ਦਾ ਦਰਵਾਜ਼ਾ ਖੁੱਲ੍ਹਦਾ ਹੈ ਤਾਂ ਅੰਦਰਲੀ ਭੀੜ ਵਿਚ ਘੁਸਰਨ ਦੀ ਕੋਸ਼ਿਸ਼ ਕਰਦਾ ਹੈ। ਲਿਫਟ ਆਪਰੇਟਰ ਉਹਨੂੰ ਪਰੇ ਧੱਕ ਕੇ ਦਰਵਾਜ਼ਾ ਭੀੜਦਾ ਤੇ ਲਿਫਟ ਉਪ ਲੈ ਜਾਂਦਾ ਹੈ। ਉਹ ਹੜਬੜਾ ਕੇ ਪੌੜੀਆਂ ਚੜ੍ਹਨ ਲੱਗਦਾ ਹੈ। ਦੂਜੀ ਮੰਜ਼ਲ, ਤੀਜੀ ਮੰਜ਼ਲ, ਚੌਥੀ ਮੰਜ਼ਲ...। ਮਾਇਆ ਕਿਧਰੇ ਨਹੀਂ ਦਿਸਦੀ। ਕੋਈ ਉਹਦੇ ਬਾਰੇ ਹੁੰਗਾਰਾ ਵੀ ਨਹੀਂ ਭਰਦਾ। ਉ ਇਕ ਸਿਰੇ ਤੋਂ ਦੂਜੇ ਤਕ ਜਾਂਦਾ ਹੈ। ਇਧਰ ਉਧਰ ਟਹਿਲਦੇ ਲੋਕ ਇਕ ਨਜ਼ਰ ਉਹਦੇ ਵੱਲ ਵੇਖਦੇ ਫਿਰ ਆਪਣੇ ਧਿਆਨ ਹੋ ਜਾਂਦੇ ਹਨ। ਪੌੜੀ ਦਰ ਪੌੜੀ। ਮੰਜ਼ਲ ਦਰ ਮੰਜ਼ਲ। ਲੰਮੇ ਕਾਰੀਡੋਰਾਂ ਦੇ ਸਿਰਿਆਂ ਤਕ ਮਾਇਆ ਦਾ ਕੋਈ ਖ਼ੁਰਾ ਖੋਜ ਨਹੀਂ। ਉਹਦੇ ਸੰਘ ਦੀ ਘਿੱਗੀ ਬੱਝਣ ਲੱਗਦੀ ਹੈ। ਮੂੰਹੋਂ ਆਵਾਜ਼ ਨਿਕਲਣੀ ਬੰਦ ਹੋਣ ਲੱਗਦੀ ਹੈ। ਅੱਖਾਂ ਅੱਗੇ ਰੰਗਾਂ ਦੀ ਖੇਡ ਕਾਲ਼ੀ ਰਾਤ ਦੇ ਸੰਘਣੇ ਹਨੇਰੇ ਵਿਚ ਵਟਣ ਲੱਗਦੀ ਹੈ। ਉਹ ਕਿਹੜੇ ਮੂੰਹ ਘਰ ਜਾਏਗਾ? ਕਿਹੜੇ ਮੂੰਹ ਸ਼ਾਰਦਾ ਨੂੰ ਦੱਸੇਗਾ ਨਹੀਂ, ਮਾਇਆ ਹੁਣੇ ਉਹਦੇ ਸਾਹਮਣੇ ਹੋਵੇਗੀ, ਹੁਣੇ ਬੱਸ। ਉਹ ਤਾਕਤ ਦੀ ਸਾਰੀ ਪੂੰਜੀ ਇਕੱਠੀ ਕਰਕੇ ਉਹਨੂੰ ਪੁਕਾਰਦਾ ਹੈ। ਹੁਣੇ ਮਾਇਆ ਉਹਨੂੰ ਮਿਲ ਪਵੇਗੀ, ਇੱਥੇ ਹੀ ਕਿਤੇ ਹੋਵੇਗੀ। ਸ਼ਾਇਦ ਉਥੇ ਬਾਹਰ ਖੁੱਲ੍ਹੇ ਕੰਪਾਊਂਡ ਵਿਚ ਕਿਧਰੇ ਖਲੋਤੀ ਉਹਨੂੰ ਹੀ ਲੱਭ ਰਹੀ ਹੋਵੇ। ਉਹ ਡੁੱਬਦੇ ਮਨ ਨਾਲ ਆਪਣੇ ਆਪ ਨੂੰ ਧੀਰਜ ਬੰਨ੍ਹਾਉਂਦਾ ਹੈ। ਕੰਬਦੇ ਦਿਲ ਨਾਲ ਟੁੱਟ ਰਹੀਆਂ ਸੋਚਾਂ ਦੇ ਸਿਰੇ ਜੋੜਦਾ ਹੈ। ਉਹ ਪੌੜੀ ਦੇ ਦੋ ਦੋ ਸਟੈੱਪ ਇਕੱਠੇ ਉਤਰਨੇ ਸ਼ੁਰੂ ਕਰਦਾ ਹੈ। ਡੇਲੇ ਪਾੜ ਪਾੜ ਲੋਕਾਂ ਦੀ ਭੀੜ ਨੂੰ ਛਾਣਦਾ, ਪੁਣਦਾ, ਪਰਖਦਾ ਅੰਦਰਲੇ ਘੜਮੱਸ ਵਿਚ ਬੇਪਛਾਣ ਹੋਣ ਲੱਗਦਾ ਹੈ। ਹੋਣੀਆਂ ਅਣਹੋਣੀਆਂ ਤੇ ਚੰਗੀਆਂ ਮੰਦੀਆਂ ਨੂੰ ਰਿੜਕੀ ਜਾਂਦਾ ਹੈ। ਮਾਇਆ ਮਾਇਆ ਦੀ ਘਗਿਆਈ ਆਵਾਜ਼ ਕੱਢਦਾ ਹੈ। ਪਾਟਦੀਆਂ ਨਜ਼ਰਾਂ ਨਾਲ ਬੇਪਛਾਣ ਭੀੜ ਨੂੰ ਚੀਰਦਾ ਹੈ। ਗਰਾਊਂਡ ਫਲੋਰ ਦੇ ਐਨ ਆਖਰੀ ਸਟੈੱਪ 'ਤੇ ਆ ਕੇ ਉਹਦੀ ਅੱਡੀ ਅਗਾਂਹ ਜਾ ਨਿਕਲਦੀ ਹੈ। ਪੈਰ ਤਿਲਕਦਾ ਤਿਲਕਦਾ ਅਗਾਂਹ ਨਿਕਲ ਜਾਂਦਾ ਹੈ ਤੇ ਉਹ ਚੌਫ਼ਾਲ ਫਰਸ਼ 'ਤੇ ਆ ਢਹਿੰਦਾ ਹੈ। ਪੌੜੀ ਦੀ ਤਿੱਖੀ ਨੁੱਕਰ ਨਾਲ ਉਹਦੀ ਰੀੜ੍ਹ ਦੀ ਹੱਡੀ ਜ਼ੋਰ ਨਾਲ ਵੱਜਦੀ ਹੈ। ਆਪਣੇ ਮੂੰਹੋਂ ਨਿਕਲੀ ਚੀਕ ਉਹਨੂੰ ਆਪ ਨੂੰ ਵੀ ਨਹੀਂ ਸੁਣਦੀ ਤੇ ਰੰਗਾਂ ਦੇ ਬੋਝ ਨਾਲ ਭਾਰੀਆਂ ਅੱਖਾਂ ਅੱਗੇ ਘੜੀਆਂ ਛਿਣਾਂ ਵਿਚ ਹਨੇਰੇ ਦੇ ਗਲੋਟੇ ਖੁੱਲ੍ਹਦੇ ਖੁੱਲ੍ਹਦੇ ਹਰ ਪਾਸੇ ਦੂਰ ਦੂਰ ਤਕ ਫੈਲ ਜਾਂਦੇ ਹਨ।

**(61, ਫਰੈਂਡਜ਼ ਕਲੋਨੀ, ਮਜੀਠਾ ਰੋਡ, ਅਮ੍ਰਿਤਸਰ)**



# ਮਰੀਆਂ ਹੋਈਆਂ ਮਛਲੀਆਂ

## ਤ੍ਰਿਪਤਾ ਕ. ਸਿੰਘ

*(ਤ੍ਰਿਪਤਾ ਕ. ਸਿੰਘ ਦੀ 'ਸਿਰਜਣਾ' ਵਿਚ ਛਪ ਰਹੀ ਇਹ ਦੂਜੀ ਕਹਾਣੀ ਹੈ। ਪ੍ਰਾਪਤ ਸਮਾਜਕ ਆਰਥਿਕ ਪਰਿਵੇਸ਼ ਵਿਚ ਔਰਤ ਦੇ ਸਰੀਰਕ ਮਾਨਸਿਕ ਸ਼ੋਸ਼ਨ ਦੇ ਸੰਵੇਦਨਸ਼ੀਲ ਵਿਸ਼ੇ ਨੂੰ ਮਾਨਵੀ ਹਮਦਰਦੀ ਦੀ ਭਾਵਨਾ ਤੇ ਸਹਿਜ ਕਲਾਤਮਕਤਾ ਸਹਿਤ ਜਿਵੇਂ ਇਸ ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ,ਉਸ ਤੋਂ ਇਸ ਨਵੀਂ ਕਲਮ ਦੀ ਸਮਰੱਥਾ ਦਾ ਚੰਗੀ ਤਰ੍ਹਾਂ ਪਤਾ ਲਗਦਾ ਹੈ।ਤ੍ਰਿਪਤਾ ਕ. ਸਿੰਘ ਦੇ ਇਕ ਪ੍ਰਤਿਭਾਸ਼ੀਲ ਕਹਾਣੀਕਾਰ ਵਜੋਂ ਉਭਰਨ ਦੀ ਭਰਪੂਰ ਸੰਭਾਵਨਾ ਵੇਖਦਿਆਂ ਹੋਇਆਂ ਪ੍ਰੌਢ ਕਹਾਣੀਕਾਰਾਂ ਦੇ ਸੰਗ- ਸਾਥ ਉਸਦੀ ਰਚਨਾ ਪ੍ਰਕਾਸ਼ਤ ਕਰਕੇ ਸਾਨੂੰ ਬਹੁਤ ਸੰਤੁਸ਼ਟਤਾ ਅਨੁਭਵ ਹੋ ਰਹੀ ਹੈ। -ਸੰਪਾਦਕ )*

ਮੈਂ ਬੈੱਡ 'ਤੇ ਟੇਢਾ ਲੰਮਾ ਪਿਆ ਟੀ.ਵੀ. ਦੇ ਚੈਨਲ ਬਦਲ ਰਿਹਾ ਹਾਂ ।ਕਿਸੇ ਵੀ ਚੈਨਲ 'ਤੇ ਮੇਰਾ ਮਨ ਨਹੀਂ ਟਿਕ ਰਿਹਾ। ਰਿਅਲਟੀ ਸ਼ੋਅ, ਸੱਸ ਨੂੰਹ ਦੇ ਸੀਰੀਅਲ, ਵੱਡਿਆਂ ਘਰਾਣਿਆਂ ਦੀਆਂ ਆਪਸੀ ਰੰਜਿਸ਼ਾਂ, ਰਿਸ਼ਤਿਆਂ ਦੀ ਖਿੱਚੋਤਾਣ ਦੇ ਡਰਾਮੇ ਮੈਨੂੰ ਉੱਕਾ ਚੰਗੇ ਨੀ ਲਗਦੇ। ਹੁਣ ਤਾਂ ਜਾਨਵਰ ਵੇਖ ਵੇਖ ਕੇ ਡਿਸਕਵਰੀ ਤੇ ਨੈਸ਼ਨਲ ਜੁਗਰਾਫਿਕ ਚੈਨਲ ਤੋਂ ਵੀ ਮਨ ਭਰ ਗਿਆ। ਕੁਝ ਵੀ ਤਾਂ ਚੰਗਾ ਨੀ ਲਗਦਾ ਅੱਜਕਲ।ਖਬਰਾਂ ਵੀ ਨੀ ।

ਜੱਸੀ ਕਪੜੇ ਬਦਲ ਰਹੀ ਹੈ ।ਅੱਜ ਉਸ ਦੀ ਨਾਈਟ ਡਿਊਟੀ ਹੈ ।ਬੱਚੇ ਟਿਊਸ਼ਨ ਪੜ੍ਹਨ ਗਏ ਹਨ। ਅਚਾਨਕ ਚੈਨਲ ਬਦਲਦਿਆਂ ਮੇਰੀ ਉਂਗਲੀ ਰੁਕ ਗਈ। ਫੈਸ਼ਨ ਚੈਨਲ 'ਤੇ ਮਾਡਲ ਕੁੜੀਆਂ ਰੈਂਪ ਵਾਕ ਕਰ ਰਹੀਆਂ। ਮੈਂ ਚੋਰ ਅੱਖ ਨਾਲ ਜੱਸੀ ਵੱਲ ਵੇਖਦਾਂ। ਵੈਸੇ ਤਾਂ ਜੱਸੀ ਮੇਰੀ ਪਤਨੀ ਹੈ ਪਰ ਚੋਰ ਅੱਖ ਨਾਲ ਤਾਂ ਕਹਿ ਰਿਹਾਂ ਕਿ ਉਸ ਨੂੰ ਬਿਨਾਂ ਕਪੜਿਆਂ ਤੋਂ ਦੇਖਣ ਨੂੰ ਮੇਰਾ ਜੀਅ ਈ ਨੀ ਕਰਦਾ ।ਉਹਦੇ ਫੁੱਲੇ ਹੋਏ ਪੇਟ ਤੇ ਸਿਜ਼ੇਰਿਅਨ ਆਪ੍ਰੇਸ਼ਨ ਦੇ ਟਾਂਕੇ ਤੇ ਸਾਂਭ ਸੰਭਾਲ ਤੋਂ ਸੱਖਣੀ ਢਿਲਕੀ ਛਾਤੀ।ਮੈਂ ਐਵੇਂ ਹੀ ਰੈਂਪ 'ਤੇ ਤੁਰਦੀਆਂ ਪਤਲੀਆਂ ਲੰਮ ਸਲੰਮੀਆਂ ਕੁੜੀਆਂ ਨਾਲ ਉਸ ਦੀ ਤੁਲਨਾ ਕਰਨ ਲੱਗ ਪਿਆ ।

"ਯਾਰ ਕਪੜੇ ਸਟੋਰ 'ਚ ਜਾ ਕੇ ਪਾਇਆ ਕਰ, ਜੇ ਕੋਈ ਉੱਤੋਂ ਆ ਗਿਆ ਤਾਂ", ਮੈਂ ਹਲਕੀ ਖਿਝ ਭਰੀ ਆਵਾਜ਼ 'ਚ ਕਿਹਾ ।

"ਲੈ ਇੱਥੇ ਤੁਹਾਡੇ ਤੇ ਮੇਰੇ ਤੋਂ ਇਲਾਵਾ ਹੋਰ ਕੌਣ ਆਂ", ਜੱਸੀ ਲਾਪ੍ਰਵਾਹੀ ਨਾਲ ਆਪਣੀ ਬਰਾ ਦੀ ਹੁੱਕ ਬੰਦ ਕਰਦਿਆਂ ਬੋਲੀ ।

ਸਾਰਾ ਦਿਨ ਹਸਪਤਾਲ 'ਚ ਕੰਮ ਕਰਦਿਆਂ ਸਿਸਟਰ ਸਿਸਟਰ ਅਖਵਾਉਂਦੀ ਜੱਸੀ ਮੇਰੀ ਵੀ 'ਸਿਸਟਰ' ਹੀ ਬਣ ਗਈ ਸੀ ।ਉਹ ਨਹਾ ਧੋ ਕੇ ਵੀ ਨਾਲ ਪੈਂਦੀ ਤਾਂ ਮੈਨੂੰ ਉਹਦੇ ਕੋਲੋਂ ਹਸਪਤਾਲ ਦੀ ਹਵਾੜ ਆਉਂਦੀ ਰਹਿੰਦੀ।

ਹਸਪਤਾਲ, ਘਰ ਤੇ ਬੱਚਿਆਂ 'ਚ ਉਲਝੀ ਜੱਸੀ ਬਿਸਤਰ 'ਤੇ ਆਉਣ ਤੋਂ ਦਸ ਮਿੰਟ ਬਾਅਦ ਹੀ ਸਭ ਕਾਸੇ ਤੋਂ ਸੁਰਖ਼ਰੂ ਹੋ ਕੇ ਘੁਰਾੜੇ ਮਾਰਨ ਲੱਗ ਪੈਂਦੀ ।ਤੇ ਜੇ ਕਦੇ ਭੁੱਲ ਭੁਲੇਖੇ ਮੇਰੇ 'ਤੇ ਮਿਹਰਬਾਨ ਹੋ ਵੀ ਜਾਂਦੀ ਤਾਂ ਇੰਝ ਜਾਪਦਾ ਜਿਵੇਂ ਪੱਥਰ ਵੀ ਉਹਦੇ ਸਾਹਮਣੇ ਨਰਮ ਹੋਵੇ ਤੇ ਬਰਫ ਸ਼ਾਇਦ ਗਰਮ।ਮੈਨੂੰ ਇੰਝ ਜਾਪਦਾ ਜਿਵੇਂ ਮੈਂ ਕੋਈ ਅਪਰਾਧ ਕਰ ਰਿਹਾ ਹੋਵਾਂ ਜਾਂ ਜੱਸੀ ਮੇਰੇ 'ਤੇ ਕੋਈ ਅਹਿਸਾਨ ਕਰ ਰਹੀ ਹੋਵੇ ।

ਤੇ ਫਿਰ ਕਈ ਕਈ ਦਿਨ ਇੰਝ ਹੀ ਨਿਕਲ ਜਾਂਦੇ ।ਨਾ ਕੋਈ ਲੜਾਈ, ਨਾ ਝਗੜਾ, ਨਾ

ਗਿਲਾ, ਨਾ ਸ਼ਿਕਵਾ । ਸਭ ਕੁਝ ਰੁੱਖਾ-ਰੁੱਖਾ ਤੇ ਫਿੱਕਾ-ਫਿੱਕਾ ਜਿਹਾ ।

ਅਚਾਨਕ ਇਕ ਦਿਨ ਚੱਕਰ ਜਿਹਾ ਆ ਗਿਆ । ਜੱਸੀ ਨੇ ਬੀ.ਪੀ. ਚੈੱਕ ਕੀ
ਉਪਰਲਾ ਇਕ ਸੌ ਨੱਬੇ ਤੇ ਹੇਠਲਾ ਇਕ ਸੌ ਦਸ ਸੀ। ਜੱਸੀ ਮੈਨੂੰ ਡਾ. ਸੰਧੂ ਕੋਲ ਲੈ ਗਈ। ਰੋਜ਼ਾਨਾ
ਵਾਲੀ ਇਕ ਗੋਲੀ, ਸੈਰ ਤੇ ਖੁਰਾਕ ਸੰਬੰਧੀ ਕਈ ਹਦਾਇਤਾਂ ਡਾਕਟਰ ਸੰਧੂ ਨੇ ਮੈਨੂੰ ਦਿੱਤੀਆਂ

"ਟੈਨਸ਼ਨ ਨਈਂ ਲੈਣੀ ਕੋਈ ਵੀ", ਡਾਕਟਰ ਸੰਧੂ ਮੁਸਕਰਾ ਕੇ ਬੋਲਿਆ ।

"ਟੈਨਸ਼ਨ ਤਾਂ ਜੀ ਕੋਈ ਨਹੀਂ, ਸਭ ਕੁਝ ਠੀਕ ਠਾਕ ਈ ਆ", ਡਾਕਟਰ ਨੂੰ ਕੀ ਦੱ
ਪਈ ਮੈਨੂੰ ਕਾਹਦੀ ਟੈਨਸ਼ਨ ਆ ।

"ਬਈ ਸਿਸਟਰ ਖਿਆਲ ਰੱਖਿਆ ਕਰੋ ਸਰਦਾਰ ਸਾਹਿਬ ਦਾ", ਡਾ. ਜੱਸੀ ਨੂੰ ਮੁਖਾਤਬ

"ਇਹਨੂੰ ਵੀ ਕੋਈ ਮੱਤ ਦੇ ਦਿਓ ਡਾਕਟਰ ਸਾਹਿਬ", ਮੈ ਚਾਹ ਕੇ ਵੀ ਕਹਿ ਨਾ ਸਕਿ

ਅਸੀ ਘਰ ਪਹੁੰਚੇ ਤਾਂ ਚੰਦਰ ਪ੍ਰਕਾਸ਼ ਤੇ ਉਸ ਦੀ ਪਤਨੀ ਸਾਡੇ ਘਰ ਮੂਹਰੇ ਖੜ੍ਹੇ ਸਾ
ਇੰਤਜ਼ਾਰ ਕਰ ਰਹੇ ਸਨ । ਚੰਦਰ ਪ੍ਰਕਾਸ਼ ਮੇਰੇ ਦਫ਼ਤਰ ਵਿਚ ਮਾਲੀ-ਕਮ-ਪਿਅਨ ਦੀ ਪੋਸਟ 'ਤੇ
'ਤੇ ਰੱਖਿਆ ਹੋਇਆ ਸੀ। ਹਿਮਾਚਲ ਦੇ ਊਨਾ ਸ਼ਹਿਰ ਲਾਗੇ ਉਸ ਦਾ ਪਿੰਡ ਸੀ। ਪੰਜ ਸਾਲ ਹੋ ਗਏ
ਵਿਆਹ ਨੂੰ ਪਰ ਬੱਚਾ ਅਜੇ ਤਕ ਕੋਈ ਨਹੀਂ ਸੀ । ਹੁਣ ਉਹ ਆਪਣੀ ਪਤਨੀ ਨੂੰ ਆਪਣੇ ਕੋਲ ਰੱਖ
ਚਾਹੁੰਦਾ ਸੀ। ਪਹਿਲਾਂ ਤਾਂ ਨਹੀਂ ਸੀ ਲਿਆਉਂਦਾ ਕਿ ਥੋੜ੍ਹੀ ਜਿਹੀ ਤਨਖਾਹ 'ਚ ਉਸ ਦਾ ਆਪ
ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਸੀ ਤੇ ਫਿਰ ਥੋੜ੍ਹੇ ਬਹੁਤ ਪੈਸੇ ਘਰ ਵੀ ਭੇਜਣੇ ਪੈਂਦੇ। ਮਾਂ-ਪਿਓ
ਇਲਾਵਾ ਦੋ ਛੋਟੀਆਂ ਭੈਣਾਂ ਸਨ । ਕਮਾਉਣ ਵਾਲਾ ਉਹ ਇਕੱਲਾ ਸੀ ।

ਉਹ ਛੁੱਟੀ ਜਾਣ ਤੋਂ ਪਹਿਲਾਂ ਮੇਰੇ ਨਾਲ ਗੱਲ ਕਰਕੇ ਗਿਆ ਸੀ। ਮੈਂ ਜੱਸੀ ਨਾਲ ਸਲ
ਕਰਕੇ ਆਪਣੇ ਪੁਰਾਣੇ ਘਰ, ਜਿਹੜਾ ਕਿ ਸਾਡੇ ਨਵੇਂ ਘਰ ਦੇ ਨਾਲ ਹੀ ਸੀ, ਵਿਚ ਇਨ੍ਹਾਂ ਨੂੰ ਰਹਿ
ਲਈ ਕਹਿ ਦਿੱਤਾ ਸੀ । ਉਸ ਪੁਰਾਣੇ ਘਰ ਵਿਚ ਪੁਰਾਣਾ ਸਰਾਣਾ ਸਾਮਾਨ, ਇਕ ਪੁਰਾਣਾ ਬੈੱਡ, ਇ
ਲੋਹੇ ਦਾ ਸੰਦੂਕ ਤੇ ਹੋਰ ਨਿਕ-ਸੁਕ ਪਿਆ ਸੀ ।

ਇਨ੍ਹਾਂ ਦੇ ਉੱਧਰ ਰਹਿਣ ਨਾਲ ਸਫਾਈ ਵੀ ਹੁੰਦੀ ਰਹੇਗੀ ਤੇ ਚੰਦਰ ਦੀ ਵਹੁਟੀ ਜੱਸੀ
ਕੰਮ-ਕਾਰ ਵਿਚ ਮਦਦ ਵੀ ਕਰ ਦਿਆ ਕਰੇਗੀ, ਇਹ ਸੋਚ ਕੇ ਮੈਂ ਚੰਦਰ ਨੂੰ ਹਾਂ ਕਰ ਦਿੱਤੀ ਸੀ ।

ਚੰਦਰ ਤੇ ਉਹਦੀ ਪਤਨੀ ਨੂੰ ਜੱਸੀ ਨੇ ਚਾਹ ਪਾਣੀ ਪਿਆਇਆ ਤੇ ਫਿਰ ਉਹ ਦੋਵੇਂ ਜੀ
ਸਾਫ਼-ਸਫਾਈ 'ਚ ਜੁਟ ਗਏ । ਪੁਰਾਣੇ ਸਾਮਾਨ ਵਿਚੋਂ ਜਿਹੜਾ ਉਹਨਾਂ ਦੇ ਕੰਮ ਆ ਸਕਦਾ ਸੀ ਉ
ਉਨ੍ਹਾਂ ਨੇ ਝਾੜ ਪੂੰਝ ਕੇ ਸੈੱਟ ਕਰ ਲਿਆ ਸੀ ਤੇ ਬਾਕੀ ਉਰਾ-ਪਰਾ ਇਕੱਠਾ ਕਰਕੇ ਪੌੜੀ ਥੱਲੇ ਬਣੇ ਸਟੋ
'ਚ ਰੱਖ ਦਿੱਤਾ ਸੀ । ਬੈੱਡ ਦੀਆਂ ਵੀ ਚੂਲਾਂ ਹਿੱਲੀਆਂ ਪਈਆਂ ਸਨ । ਪਰ ਉਨ੍ਹਾਂ ਨੇ ਉਹ ਸੈੱਟ ਸੁ
ਕਰਕੇ ਕਮਰੇ ਨੂੰ ਬੈੱਡ ਰੂਮ ਦੀ ਸ਼ਕਲ ਦੇ ਦਿੱਤੀ ਸੀ। ਤੇ ਉਨ੍ਹਾਂ ਦੇ ਇਸ ਬੈੱਡ ਰੂਮ ਦੀ ਇਕ ਖਿੜਕੀ ਸਾ
ਨਵੇਂ ਘਰ ਦੀ ਲਾਬੀ ਵਿਚ ਖੁੱਲ੍ਹਦੀ ਸੀ । ਇਹ ਖਿੜਕੀ ਜੱਸੀ ਨੇ ਬੰਦ ਨਹੀਂ ਸੀ ਕਰਵਾਉਣ ਦਿੱਤੀ
ਸ਼ਾਇਦ ਉਹ ਪੁਰਾਣੇ ਮਕਾਨ ਨਾਲ ਕੋਈ ਸਾਂਝ ਰੱਖਣਾ ਚਾਹੁੰਦੀ ਸੀ। ਮੈਂ ਉਸ ਖਿੜਕੀ ਅੱਗੇ ਪਰਦ
ਤਾਣ ਕੇ ਆਪਣਾ ਕੰਪਿਊਟਰ ਟੇਬਲ ਲਾ ਰੱਖਿਆ ਸੀ ਤੇ ਇਥੇ ਬੈਠ ਕੇ ਮੈਂ ਕਈ-ਕਈ ਘੰਟੇ ਦਫ਼ਤ
ਦਾ ਕੰਮ ਕਰਦਾ ਰਹਿੰਦਾ ਸੀ ।

ਹਲਕਾ ਹਲਕਾ ਹਨੇਰਾ ਉੱਤਰ ਆਇਆ ਸੀ। ਜੱਸੀ ਨੇ ਆਲੂ ਗੋਭੀ ਦੀ ਸਬਜ਼ੀ ਬਣਾ
ਦਾਲ ਢਾਬੇ ਤੋਂ ਮੰਗਵਾ ਲਈ ਸੀ। ਰੋਟੀ ਬਣਾ ਕੇ ਉਸ ਨੇ ਚੰਦਰ ਹੁਰਾਂ ਨੂੰ ਬੁਲਾ ਲਿਆ ਸੀ
ਦੋਵੇਂ ਜੀਅ ਨਹਾ ਧੋ ਕੇ ਸੁਰਤ ਸਿਰ ਹੋ ਗਏ ਸਨ । ਦੋਵੇਂ ਬਾਹਰ ਵਰਾਂਡੇ ਵਿਚ ਡੱਠੇ ਫੋਲਡਿੰਗ ਬੈੱਡ 'ਤੇ
ਸੁੰਗੜੇ ਸਿਮਟੇ ਜਿਹੇ ਬੈਠ ਗਏ । ਮੈਨੂੰ ਲਾਬੀ ਵਿਚ ਬੈਠੇ ਨੂੰ ਉਹ ਸਾਫ਼ ਵਿਖਾਈ ਦੇ ਰਹੇ ਸਨ । ਮੈਂ ਗ
ਨਾਲ ਚੰਦਰ ਦੀ ਵਹੁਟੀ ਨੂੰ ਤੱਕਿਆ। ਉਹ ਛੋਟੇ ਕੱਦ, ਗੱਠਵੇਂ ਸਰੀਰ ਦੀ ਅਠਾਈ-ਤੀਹ ਸਾਲ ਦੀ
ਔਸਤ ਜਿਹੇ ਨੈਣ ਨਕਸ਼ਾ ਵਾਲੀ ਗੋਰੇ ਰੰਗ ਦੀ ਸਾਧਾਰਣ ਜਿਹੀ ਤੀਵੀਂ ਸੀ । ਗੱਲ ਕਰਦੀ ਤਾਂ ਉ



ਦੀ ਪਹਾੜੀ ਭਾਸ਼ਾ ਕੰਨਾਂ ਨੂੰ ਚੰਗੀ ਲਗਦੀ। ਚੰਦਰ ਤਾਂ ਕਈ ਸਾਲਾਂ ਤੋਂ ਪੰਜਾਬ ਵਿਚ ਰਹਿੰਦਾ ਹੋਣ ਕਰਕੇ ਚੰਗੀ ਤਰ੍ਹਾਂ ਪੰਜਾਬੀ ਬੋਲ ਲੈਂਦਾ ਸੀ ।

ਜੱਸੀ ਨੇ ਉਥੇ ਹੀ ਦੋਵਾਂ ਨੂੰ ਰੋਟੀ ਖੁਆ ਦਿੱਤੀ ਸੀ । ਜੱਸੀ ਭਾਂਡੇ ਚੁੱਕਣ ਲੱਗੀ ਤਾਂ ਚੰਦਰ ਦੀ ਵਹੁਟੀ ਨੇ ਆਪ ਹੀ ਭਾਂਡੇ ਚੁੱਕੇ ਤੇ ਰਸੋਈ ਵੱਲ ਨੂੰ ਹੋ ਗਈ। ਜੱਸੀ ਨੇ ਵੀ ਉਹਨੂੰ ਨਾਂਹ ਨਾ ਕੀਤੀ।

"ਵੇ ਚੰਦਰ ਮੈਂ ਤਾਂ ਤੇਰੀ ਵਹੁਟੀ ਦਾ ਨਾਂ ਪੁੱਛਣਾ ਈ ਭੁੱਲ ਗਈ", ਜੱਸੀ ਮੁਸਕਰਾ ਕੇ ਬੋਲੀ।

"ਬੀਬੀ ਜੀ ਇਹਦਾ ਨਾਂ ਸਿਤਾਰਾ ਏ, ਸਿਤਾਰਾ ਦੇਵੀ", ਚੰਦਰ ਆਪਣੀ ਵਹੁਟੀ ਵੱਲ ਵੇਖ ਕੇ ਹਲਕਾ ਜਿਹਾ ਮੁਸਕਰਾਇਆ ਤਾਂ ਸਿਤਾਰਾ ਨੇ ਵੀ ਹੱਸ ਕੇ ਨੀਵੀਂ ਪਾ ਲਈ ।

"ਬਹੁਤ ਸੋਹਣਾ ਨਾਂ ਏ ਤੇਰਾ", ਜੱਸੀ ਦੇ ਆਖਣ 'ਤੇ ਸਿਤਾਰਾ ਦੀਆਂ ਅੱਖਾਂ ਵਿਚ ਚਮਕ ਆ ਗਈ ਸੀ ।

"ਚਲੋ ਹੁਣ ਤੁਸੀਂ ਆਰਾਮ ਕਰੋ, ਮੈ ਵੀ ਸਵੇਰੇ ਡਿਊਟੀ 'ਤੇ ਜਾਣਾਂ, ਬਾਕੀ ਸਵੇਰੇ ਵੇਖਾਂਗੇ", ਆਖ ਕੇ ਜੱਸੀ ਆਪਣੇ ਅੰਦਰ ਨੂੰ ਆ ਗਈ ਤੇ ਚੰਦਰ ਅਤੇ ਉਸ ਦੀ ਵਹੁਟੀ ਵਿਚਕਾਰਲੇ ਸਾਂਝੇ ਗੇਟ ਥਾਣੀਂ ਆਪਣੇ ਘਰ ਨੂੰ ਚਲੇ ਗਏ।

ਦੋ ਮਹੀਨੇ ਲੰਘ ਗਏ। ਚੰਦਰ ਤੇ ਸਿਤਾਰਾ ਦੀ ਗ੍ਰਹਿਸਥੀ ਦੀ ਗੱਡੀ ਪਟੜੀ 'ਤੇ ਆ ਗਈ ਸੀ। ਸਿਤਾਰਾ ਵੀ ਹੁਣ ਥੋੜ੍ਹਾ ਬਹੁਤ ਘੁਲ ਮਿਲ ਗਈ ਸੀ । ਬੱਚੇ ਵੀ ਉਹਦੀ ਪਹਾੜੀ ਬੋਲੀ ਸੁਣ ਕੇ ਖੁਸ਼ ਹੁੰਦੇ ਤੇ ਉਹਦੇ ਪਿੱਛੋਂ ਉਹਦੀਆਂ ਰੀਸਾਂ ਲਾ-ਲਾ ਖੁਸ਼ ਹੁੰਦੇ ।

ਜੱਸੀ ਦੀ ਡਿਊਟੀ ਕਦੇ ਸਵੇਰ ਦੀ, ਕਦੀ ਸ਼ਾਮ ਦੀ ਤੇ ਕਦੇ ਰਾਤ ਦੀ ਹੁੰਦੀ । ਸਿਤਾਰਾ ਜੱਸੀ ਦੀ ਹਾਜ਼ਰੀ ਵਿਚ ਵੀ ਤੇ ਉਸ ਦੀ ਗ਼ੈਰ ਹਾਜ਼ਰੀ ਵਿਚ ਵੀ ਸਾਡੇ ਘਰ ਆ ਜਾਂਦੀ ਤੇ ਰੋਟੀ ਪਾਣੀ ਬਣਾ ਕੇ ਹੋਰ ਨਿੱਕੇ ਮੋਟੇ ਕੰਮ ਕਰ ਜਾਂਦੀ । ਉਹ ਬੁਲਾਇਆਂ ਤੋਂ ਹੀ ਬੋਲਦੀ ਸੀ, ਉਹ ਵੀ ਬਰੀਕ ਬਰੀਕ ਜਿਹਾ, ਗੁਜ਼ਾਰੇ ਜੋਗਾ ।

ਤੇ ਫਿਰ ਕਿਸੇ ਇਕ ਦਿਨ ਜੱਸੀ ਦੀ ਨਾਈਟ ਡਿਊਟੀ ਸੀ। ਬੱਚੇ ਸੌਂ ਚੁੱਕੇ ਸਨ। ਸਿਤਾਰਾ ਮੇਰੇ ਲਈ ਰੋਟੀ ਬਣਾ ਕੇ ਕਦੋਂ ਦੀ ਜਾ ਚੁੱਕੀ ਸੀ ਤੇ ਮੈਂ ਕੰਪਿਊਟਰ 'ਤੇ ਕੰਮ ਕਰ ਰਿਹਾ ਸੀ । ਕੰਮ ਕਰਦੇ-ਕਰਦੇ ਮੈਂ ਦੋਵੇਂ ਬਾਹਾਂ ਉੱਪਰ ਨੂੰ ਕਰ ਆਕੜ ਜਿਹੀ ਲਈ ਤੇ ਫਿਰ ਸਰੀਰ ਨੂੰ ਢਿੱਲਾ ਛੱਡਿਆ ਤਾਂ ਫਿਰ ਜਦੋਂ ਮੈਂ ਉੱਠਣ ਨੂੰ ਕੁਰਸੀ ਪਿਛਾਂਹ ਖਿਸਕਾਈ ਤਾਂ ਮੈਨੂੰ ਹਲਕੀਆਂ ਜਿਹੀਆਂ ਆਵਾਜ਼ਾਂ ਸੁਣਾਈ ਦਿੱਤੀਆਂ । ਮੈਂ ਆਪਣੀ ਕੁਰਸੀ 'ਤੇ ਨਿੱਠ ਕੇ ਬੈਠ ਗਿਆ। ਫਿਰ ਉਨ੍ਹਾਂ ਆਵਾਜ਼ਾਂ ਨੂੰ ਸੁਣਨ ਲੱਗਾ। ਇਹ ਆਵਾਜ਼ਾਂ ਪਰਦੇ ਪਿਛਲੀ ਖਿੜਕੀ ਵਿਚੋਂ ਆ ਰਹੀਆਂ ਸਨ। ਮੈਂ ਉਤਸੁਕਤਾ ਵਸ ਹੋਰ ਜ਼ਿਆਦਾ ਧਿਆਨ ਨਾਲ ਉਨ੍ਹਾਂ ਆਵਾਜ਼ਾਂ ਨੂੰ ਸੁਣਨ ਲੱਗਾ। ਜਿਵੇਂ ਕੋਈ ਫੁਸਫੁਸਾਹਟ ਹੋ ਰਹੀ ਹੋਵੇ ਜਾਂ ਜਿਵੇਂ ਕੋਈ ਕਿਸੇ ਦੇ ਕੰਨਾਂ ਵਿਚ ਸਰਗੋਸ਼ੀਆਂ ਜਿਹੀਆਂ ਕਰ ਰਿਹਾ ਹੋਵੇ। ਹੁਣ ਇਨ੍ਹਾਂ ਫੁਸਫੁਸਾਹਟ ਭਰੀਆਂ ਸਰਗੋਸ਼ੀਆਂ ਵਿਚ ਚੂਲਾਂ ਹਿੱਲੇ ਬੈੱਡ ਦੀ ਚੀਂ ਚੀਂ ਦੀਆਂ ਆਵਾਜ਼ਾਂ ਵੀ ਰਲ ਗਈਆਂ ਸਨ। ਹੁਣ ਮੈਂ ਸਾਹ ਰੋਕ ਕੇ ਕੁਰਸੀ 'ਤੇ ਬੈਠਾ ਰਿਹਾ ਤੇ ਕੁਝ ਦੇਰ ਹੋਰ ਉਹ ਆਵਾਜ਼ਾਂ ਸੁਣਦਾ ਰਿਹਾ । ਹੁਣ ਮੇਰੇ ਅੰਦਰ ਇਕ ਕਮੀਨਗੀ ਨੇ ਸਿਰ ਚੁੱਕਿਆ ਤਾਂ ਮੈ ਹੌਲੀ-ਹੌਲੀ ਪਰਦਾ ਪਰੇ ਖਿਸਕਾਇਆ ਪਰ ਦੂਜੇ ਪਾਸੇ ਲੱਕੜ ਦੀ ਖਿੜਕੀ ਬੰਦ ਸੀ। ਮੈਂ ਗਰਿੱਲ ਨਾਲ ਆਪਣਾ ਮੂੰਹ ਲਗਾ ਕੇ ਖਿੜਕੀ ਦੀ ਝੀਥ ਵਿਚੋਂ ਦੂਸਰੇ ਪਾਸੇ ਵੇਖਣ ਦਾ ਯਤਨ ਕੀਤਾ। ਪਰ ਦੂਜੇ ਪਾਸੇ ਹਨੇਰਾ ਸੀ। ਮੇਰੇ ਪੱਲੇ ਕੁਝ ਨਾ ਪਿਆ। ਪਰ ਰਾਤ ਦੇ ਉਸ ਹਨੇਰੇ ਵਿਚ ਜੋ ਕੁਝ ਮੈਨੂੰ ਸੁਣਾਈ ਦੇ ਰਿਹਾ ਸੀ- ਬੈੱਡ ਦੀ ਚੀਂ ਚੀਂ, ਸਿਤਾਰਾ ਦੇ ਮੂੰਹੋਂ ਨਿਕਲਣ ਵਾਲੀਆਂ ਆਵਾਜ਼ਾਂ ਤੇ ਕੁਝ ਸਰਗੋਸ਼ੀਆਂ ਨੇ ਕਮਰੇ ਵਿਚ ਇਕ ਖੂਬਸੂਰਤ ਸੰਗੀਤ ਦੀ ਮਹਿਫਲ ਸਿਰਜ ਦਿੱਤੀ ਸੀ।

ਸਿਤਾਰਾ ਦੇ ਤੇਜ਼ ਚਲਦੇ ਸਾਹਾਂ ਨੇ ਮੇਰੇ ਸਾਰੇ ਪਿੰਡੇ ਵਿਚ ਜਲੂਣ ਜਿਹੀ ਛੇੜ ਦਿੱਤੀ ਸੀ।

"ਇਹਨੂੰ ਕਹਿੰਦੇ ਆ ਤੀਵੀਂ", ਮੇਰੇ ਅੰਦਰੋਂ ਹੂਕ ਜਿਹੀ ਨਿਕਲੀ ।

ਥੋੜ੍ਹੇ ਸਮੇਂ ਮਗਰੋਂ ਦੂਜੇ ਪਾਸੇ ਬਿਲਕੁਲ ਸ਼ਾਂਤੀ ਹੋ ਗਈ ਸੀ। ਪਰ ਮੇਰੇ ਅੰਦਰ ਜਿਵੇਂ ਚਿਣਗਾਂ ਫੁੱਟਣ ਲੱਗ ਪਈਆਂ ਸਨ। ਮੈਨੂੰ ਇਕ ਅੱਚਵੀ ਜਿਹੀ ਲੱਗ ਗਈ । ਮੈਂ ਰਸੋਈ 'ਚ ਜਾ ਕੇ ਪਾਣੀ ਪੀਤਾ ਤੇ ਕੁਝ ਸਮੇਂ ਬਾਅਦ ਆਪਣੇ ਆਪੇ ਵਿਚ ਪਰਤ ਆਇਆ। ਰੋਟੀ ਖਾਣ ਨੂੰ ਮੇਰਾ ਜੀਅ ਨਾ ਕੀਤਾ ਤੇ ਮੈਂ ਆ ਕੇ ਬੈੱਡ 'ਤੇ ਲੰਮਾ ਪੈ ਗਿਆ। ਸਾਰੀ ਰਾਤ ਮੈਨੂੰ ਸਿਤਾਰਾ ਦੇ ਖਿਆਲ ਆਉਂਦੇ ਰਹੇ।

ਸਵੇਰੇ ਜੱਸੀ ਦੇ ਆਉਣ ਤਕ ਵੀ ਮੈਂ ਉਠਿਆਂ ਨਹੀਂ ਸਾਂ ।

"ਕੀ ਗੱਲ ਤੁਹਾਡੀ ਤਬੀਅਤ ਤਾਂ ਠੀਕ ਹੈ ਨਾ ?" ਜੱਸੀ ਨੇ ਫਿਕਰ ਜਿਹੇ ਨਾਲ ਪੁੱਛਿਆ।

"ਹਾਂ, ਰਾਤੀਂ ਦੇਰ ਤਕ ਕੰਮ ਕਰਦਾ ਰਿਹਾ ਸਾਂ, ਇਕ ਰਿਪੋਰਟ ਤਿਆਰ ਕਰਨੀ ਸੀ", ਮੈਂ ਸਹਿਜ ਨਾਲ ਜੁਆਬ ਦਿੱਤਾ ।

ਜੱਸੀ ਰਸੋਈ 'ਚ ਚਾਹ ਬਣਾਉਣ ਚਲੀ ਗਈ ।

ਕਿੰਨੇ ਹੀ ਦਿਨ ਬੀਤ ਗਏ । ਸਿਤਾਰਾ ਉਵੇਂ ਹੀ ਸਾਡੇ ਘਰ ਆਉਂਦੀ, ਕੰਮ ਕਰਦੀ ਪਰ ਹੁਣ ਉਹ ਮੈਨੂੰ ਸਾਧਾਰਣ ਔਰਤ ਨਾ ਜਾਪਦੀ। ਹੁਣ ਉਹਨੂੰ ਵੇਖ ਕੇ ਮੇਰੇ ਅੰਦਰ ਘੰਟੀਆਂ ਜਿਹੀਆਂ ਵੱਜਣ ਲੱਗ ਪੈਂਦੀਆਂ। ਤੇ ਲੂਹਰੀਆਂ ਜਿਹੀਆਂ ਉੱਠਦੀਆਂ ।

ਇਕ ਦਿਨ ਸਿਤਾਰਾ ਆਪਣੀ ਚੁੰਨੀ ਲੱਕ ਨਾਲ ਬੰਨ੍ਹ ਕੇ ਆਟਾ ਗੁੰਨ੍ਹ ਰਹੀ ਸੀ। ਮੈਂ ਰਸੋਈ 'ਚ ਗਿਆ ਤਾਂ ਮੇਰਾ ਜੀਅ ਕੀਤਾ ਕਿ ਇਸ ਕਸੀ ਹੋਈ ਸਿਤਾਰਾ ਦੀਆਂ ਤਾਰਾਂ ਨੂੰ ਆਪਣੀਆਂ ਉਂਗਲੀਆਂ ਦੇ ਪੋਟਿਆਂ ਨਾਲ ਛੂਹ ਲਵਾਂ ਤੇ ਇਸ ਵਿਚੋਂ ਨਿਕਲਦੇ ਮਧੁਰ ਸੰਗੀਤ ਦਾ ਆਨੰਦ ਮਾਣਾਂ। ਪਰ ਮੈਂ ਉਵੇਂ ਹੀ ਆਪਣੇ ਕਮਰੇ ਵਿਚ ਵਾਪਸ ਪਰਤ ਆਇਆ।

ਮੇਰੀ ਰੀੜ੍ਹ ਦੀ ਹੱਡੀ ਵਿਚ ਕੀੜੀਆਂ ਜਿਹੀਆਂ ਚੱਲਣ ਲੱਗੀਆਂ ।

ਮੈਂ ਨਹਾਉਣ ਲਈ ਬਾਥਰੂਮ 'ਚ ਵੜਦਾ ਤਾਂ ਦਰਵਾਜ਼ੇ ਪਿੱਛੇ ਲੱਗੇ ਆਦਮ ਕੱਦ ਸ਼ੀਸ਼ੇ ਵਿਚ ਆਪਣੇ ਜਿਸਮ ਨੂੰ ਵੇਖਦਾ, ਆਪਣੇ ਪੱਟਾਂ 'ਤੇ ਪੈਂਦੀਆਂ ਮਛਲੀਆਂ ਵੇਖ ਮੈਨੂੰ ਆਪਣੇ ਆਪ 'ਤੇ ਰਸ਼ਕ ਜਿਹਾ ਹੁੰਦਾ ।

ਹਾਏ ਸਿਤਾਰਾ! ਜੇ ਤੂੰ ਮੈਨੂੰ ਕਿਤੇ ਇੰਝ ਵੇਖ ਲਵੇਂ ਤਾਂ, ਫਿਰ ਤੇਰੇ ਸਾਹਾਂ ਦਾ ਸੰਗੀਤ ਸਿਰਫ਼ ਮੇਰੇ ਲਈ ਹੀ ਗੂੰਜੇਗਾ ।

ਹੁਣ ਮੈਂ ਕਿਸੇ ਸਹੀ ਮੌਕੇ ਦੀ ਭਾਲ ਵਿਚ ਸਾਂ। ਤੇ ਕਿਸਮਤ ਨਾਲ ਇਹ ਮੌਕਾ ਮੈਨੂੰ ਜਲਦੀ ਹੀ ਮਿਲ ਗਿਆ। ਚੰਦਰ ਪ੍ਰਕਾਸ਼ ਤੇ ਉਹਦੇ ਨਾਲ ਦੇ ਚਾਰ ਬੰਦੇ ਹੋਰ ਜਿਹੜੇ ਠੇਕੇ 'ਤੇ ਰੱਖੇ ਹੋਏ ਸਨ, ਨੂੰ ਪੱਕਿਆਂ ਕਰਨ ਲਈ ਸਰਕਾਰ ਨੇ ਕੇਸ ਮੰਗਵਾਏ ਸਨ। ਦੋ ਬੰਦੇ ਪੱਕੇ ਕਰਨੇ ਸਨ । ਤੇ ਇਹ ਕਾਫ਼ੀ ਹੱਦ ਤਕ ਮੇਰੇ ਹੱਥ ਵਸ ਸੀ ।

ਇਕ ਦਿਨ ਜਦ ਮੈਂ ਲਾਬੀ 'ਚ ਡੱਠੇ ਬੈੱਡ 'ਤੇ ਲੰਮਾ ਪਿਆ ਸਾਂ, ਤਾਂ ਸਿਤਾਰਾ ਰੋਟੀ ਬਣਾ ਕੇ ਵਾਪਸ ਜਾਣ ਲੱਗੀ, ਜਾਂਦੀ ਜਾਂਦੀ ਰੁਕ ਗਈ ਸੀ।

"ਸਾਹਿਬ ਜੀ, ਇਕ ਗੱਲ ਕਰਨੀ ਸੀ ਤੁਹਾਡੇ ਨਾਲ", ਸਿਤਾਰਾ ਆਪਣੇ ਆਪ 'ਚ ਕੱਠੀ ਜਿਹੀ ਹੁੰਦੀ ਬੋਲੀ ।

"ਹਾਂ ਦੱਸ" ? ਮੈਂ ਕੁਝ ਸਮਝਦਿਆਂ ਤੇ ਕੁਝ ਨਾ ਸਮਝਦਿਆਂ ਕਿਹਾ।

"ਉਹ ਸਾਡੇ ਇਨ੍ਹਾਂ ਦਾ ਖਿਆਲ ਰੱਖਣਾ ਜ਼ਰਾ" ।

"ਕੀ ਮਤਲਬ?" ਮੈਂ ਜਾਣ ਕੇ ਅਣਜਾਣ ਬਣਦਿਆਂ ਕਿਹਾ ।

"ਤੁਹਾਨੂੰ ਤਾਂ ਸਾਰਾ ਪਤਾ ਏ ਜੀ, ਜੇ ਇਨ੍ਹਾਂ ਦੀ ਨੌਕਰੀ ਪੱਕੀ ਹੋ ਜਾਵੇ ਤਾਂ ਘਰ ਦੇ ਹਾਲਾਤ ਕੁਝ ਚੰਗੇ ਹੋ ਜਾਣਗੇ", ਸਿਤਾਰਾ ਬਰੀਕ ਜਿਹੀ ਆਵਾਜ਼ ਵਿਚ ਬੋਲੀ ।

"ਉਹ ਤਾਂ ਠੀਕ ਹੈ, ਪਰ ਮੈਂ ਇਹਦੇ ਵਿਚ ਕੀ ਕਰ ਸਕਦਾਂ?"

"ਤੁਸੀਂ ਚਾਹੋ ਤਾਂ ਬਹੁਤ ਕੁਝ ਕਰ ਸਕਦੇ ਹੋ।"



"ਮੇਰੀ ਛੱਡ ਪਰ ਆਪਣੇ ਘਰ ਵਾਲੇ ਦੀ ਨੌਕਰੀ ਪੱਕੀ ਕਰਨ ਲਈ ਤੂੰ ਬਹੁਤ ਕੁਝ ਕਰ ਸਕਦੀ ਏਂ।" ਮੈਂ ਆਪਣੀ ਕਮੀਨਗੀ 'ਤੇ ਉੱਤਰ ਆਇਆ ਸਾਂ ।

ਦੱਸਣ ਦੀ ਲੋੜ ਨਹੀਂ ਕਿ ਸਿਤਾਰਾ ਨੂੰ ਮੈਂ ਆਪਣੇ ਜਾਲ 'ਚ ਕਿੰਝ ਉਲਝਾ ਲਿਆ ਸੀ।

ਇਸ ਗੱਲ ਤੋਂ ਵੀਹ ਕੁ ਦਿਨ ਬਾਅਦ ਮੈਂ ਮੌਕਾ ਦੇਖ ਕੇ ਸਿਤਾਰਾ ਨੂੰ ਆਪਣੇ ਬੈੱਡ ਰੂਮ ਵਿਚ ਬੁਲਾ ਲਿਆ ਸੀ। ਉਸਦੇ ਆਉਂਦਿਆਂ ਹੀ ਮੇਰਾ ਰੋਮ-ਰੋਮ ਨਸ਼ਿਆ ਗਿਆ ਸੀ। ਮੇਰੇ ਅੰਦਰ ਮਧੁਰ ਮਿੱਠਾ-ਮਿੱਠਾ ਸੰਗੀਤ ਵੱਜਣ ਲੱਗ ਪਿਆ ਸੀ ।

ਪੰਜ ਦਸ ਮਿੰਟ ਵਿਚ ਹੀ ਉਸਦਾ ਫਿਰੋਜ਼ੀ ਰੰਗ ਦਾ ਸੂਟ ਤੇ ਹਲਕੀ ਪੀਲੀ ਭਾਅ ਮਾਰਦੀ ਉਸ ਦੀ ਸਫੇਦ ਅੰਗੀ ਬੈੱਡ ਦੇ ਨਾਲ ਲਗਦੇ ਸੋਫੇ 'ਤੇ ਪਏ ਸਨ । ਉਹ ਮੇਰੇ ਸਾਹਵੇਂ ਪੂਰੀ ਰਵਾਨੀ 'ਚ ਵਗਦੀ ਨਦੀ ਵਾਂਗ ਪਈ ਸੀ । ਅਗਲੇ ਪਲ ਮੇਰਾ ਕੁਰਤਾ ਪਜਾਮਾ ਵੀ ਉਹਦੇ ਸੂਟ ਦੇ ਬਰਾਬਰ ਸੋਫੇ 'ਤੇ ਪਿਆ ਸੀ। ਮੇਰਾ ਸਬਰ ਸਾਰੇ ਹੱਦਾਂ ਬੰਨੇ ਟੱਪ ਕੇ ਕਿਸੇ ਅਗਿਆਤ ਵਹਿਣ 'ਚ ਵਹਿ ਤੁਰਿਆ ਸੀ। ਕੁਝ ਚਿਰ ਮੈਂ ਉਸ ਨਦੀ ਦੇ ਵਗਦੇ ਪਾਣੀਆਂ 'ਚ ਅਠਖੇਲੀਆਂ ਕਰਦਾ ਰਿਹਾ ਤੇ ਫਿਰ ਅਛੋਪਲੇ ਜਿਹੇ ਉਸ ਵਿਚ ਉਤਰ ਕੇ ਸੀਤ ਜਲ ਦੀਆਂ ਘੁੱਟਾਂ ਭਰਨ ਲੱਗਾ ਤੇ ਫਿਰ ਅੱਖਾਂ ਮੀਟੀ ਇਕ ਕੁਸ਼ਲ ਤੈਰਾਕ ਵਾਂਗ ਹੱਥ ਪੈਰ ਮਾਰਦਾ ਮੈਂ ਉਸ ਨਦੀ ਵਿਚ ਤਾਰੀਆਂ ਲਾਉਂਦਾ ਉਹਦੇ ਅੰਦਰ ਲੱਥ ਗਿਆ ਸਾਂ ।

ਅੱਖਾਂ ਮੀਟੀ ਮੈਂ ਕਿੰਨਾ ਚਿਰ ਕਿਸੇ ਅਲੋਕਾਰ ਸੰਸਾਰ ਵਿਚ ਵਿਚਰਦਾ ਰਿਹਾ। ਮੇਰੇ ਕੰਨ ਕਨਸੋਆਂ ਲੈਂਦੇ ਉਸ ਦੇ ਤੇਜ਼ ਚਲਦੇ ਸਾਹਾਂ ਦਾ ਸੰਗੀਤ ਸੁਣਨ ਲਈ ਬੇਚੈਨ ਸਨ ਤੇ ਮੇਰਾ ਮਨ ਉਹਦੇ ਸਾਹਾਂ ਦੀ ਖੁਸ਼ਬੂ ਵਿਚ ਸਰਸ਼ਾਰ ਹੋਣਾ ਸੋਚ ਰਿਹਾ ਸੀ ।

ਕਮਰੇ ਵਿਚ ਏਨੀ ਸ਼ਾਂਤੀ ਸੀ ਕਿ ਸੂਈ ਵੀ ਡਿਗਦੀ ਤਾਂ ਖੜਕਾ ਹੋਣਾ ਸੀ। ਕੁਝ ਚਿਰ ਬਾਅਦ ਮੈਂ ਉਹਦੇ ਚਿਹਰੇ ਵੱਲ ਗਹੁ ਨਾਲ ਤੱਕਿਆ। ਉਹਦਾ ਚਿਹਰਾ ਇਕਦਮ ਸਪਾਟ ਤੇ ਭਾਵ ਰਹਿਤ ਸੀ । ਉਸ ਦੀਆਂ ਅੱਖਾਂ ਖੁਲ੍ਹੀਆਂ ਤੇ ਬੇਚੈਨ ਸਨ ਤੇ ਬੁੱਲ੍ਹ ਇੰਝ ਮੀਟੇ ਹੋਏ ਸਨ ਜਿਵੇਂ ਗੂੰਦ ਲਾ ਕੇ ਚਿਪਕਾਏ ਹੋਣ ।

"ਕੁਝ ਕਹੇਂਗੀ ਨੀ", ਮੈਂ ਉਹਦੇ ਕੰਨ ਕੋਲ ਜਾ ਕੇ ਹੌਲੀ ਜਿਹੀ ਫੁਸਫੁਸਾਇਆ ਤੇ ਉਹਦੇ ਕੰਨ ਦੀ ਕੌਂਪਲ ਨੂੰ ਪੋਲੇ ਜਿਹੇ ਆਪਣੇ ਦੰਦਾਂ ਵਿਚ ਦਬਾ ਲਿਆ ।

"ਊਂਅ... ਜਲਦੀ ਕਰੋ", ਉਹਦਾ ਸਪਾਟ ਜਿਹਾ ਜਵਾਬ ਸੁਣ ਕੇ ਮੇਰੇ ਅੰਦਰ ਕੁਝ ਤਿੜਕ ਜਿਹਾ ਗਿਆ ਸੀ। ਕਿੰਨੀ ਦੇਰ ਬਾਅਦ ਮੈਨੂੰ ਇਹ ਅਹਿਸਾਸ ਹੋਇਆ ਕਿ ਮੈਂ ਤਾਂ ਕਿਸੇ ਬਰਫੀਲੀ ਝੀਲ ਦੀ ਸਤਹ 'ਤੇ ਹੀ ਤੁਰਿਆ ਫਿਰ ਰਿਹਾ ਸਾਂ। ਉਸ ਦੀ ਗਹਿਰਾਈ ਦਾ ਪਤਾ ਤਾਂ ਕੀ ਲਾਉਣਾ ਸੀ, ਮੈਂ ਤਾਂ ਉਸ ਦੇ ਅੰਦਰ ਇਕ ਕਦਮ ਵੀ ਗਹਿਰਾ ਨਹੀਂ ਸਾਂ ਲੱਥ ਸਕਿਆ।

ਉਹ ਪਲ ਜਿਨ੍ਹਾਂ ਨੂੰ ਜਿਉਣ ਦੀ ਸਿੱਕ ਮੈਂ ਪਿਛਲੇ ਕਿੰਨੇ ਸਮੇਂ ਤੋਂ ਆਪਣੇ ਅੰਦਰ ਪਾਲੀ ਬੈਠਾ ਸਾਂ, ਉਹ ਪਲ ਤਾਂ ਇਕ ਨਿਤਾ ਪ੍ਰਤੀ ਦੇ ਕੰਮ ਵਾਂਗੂੰ ਨਿਬੜ ਕੇ ਬੀਤ ਗਏ ਸਨ । ਇਹ ਇਕ ਕਰਮ ਸੀ ਜਿਹੜਾ ਸੰਪੂਰਨ ਮਰਦ ਹੋਣ ਦਾ ਭਰਮ ਹੋਣ ਕਰਕੇ ਮੈਂ ਪੂਰਾ ਕਰ ਲਿਆ ਸੀ ।

ਕਿੰਨੀ ਦੇਰ ਬਾਅਦ ਮੈਂ ਉਠਿਆ। ਸਿਤਾਰਾ ਕਦੋਂ ਦੀ ਜਾ ਚੁੱਕੀ ਸੀ। ਮੈਂ ਉੱਠ ਕੇ ਸੋਫੇ ਤੋਂ ਆਪਣਾ ਪਜਾਮਾ ਚੁੱਕਿਆ ਤਾਂ ਮੇਰੀ ਨਜ਼ਰ ਸਾਹਮਣੇ ਡਰੈਸਿੰਗ ਟੇਬਲ 'ਤੇ ਜਾ ਪਈ। ਸ਼ੀਸ਼ੇ ਵਿਚ ਮੈਨੂੰ ਆਪਣਾ ਅਕਸ ਵਿਖਾਈ ਦਿੱਤਾ । ਮੇਰਾ ਹੱਥ ਅਚਾਨਕ ਆਪਣੇ ਪੱਟਾਂ 'ਤੇ ਆ ਪਿਆ ਤਾਂ ਮੈਨੂੰ ਇੰਝ ਜਾਪਿਆ ਜਿਵੇਂ ਮੇਰੇ ਪੱਟਾਂ ਦੀਆਂ ਸਾਰੀਆਂ ਮਛਲੀਆਂ ਮਰ ਚੁੱਕੀਆਂ ਹੋਣ।

tripta_k_singh@yahoo.com

# ਹਿੰਦੂ ਮਿਥਿਆਸ

## ਸੁਰਜੀਤ ਹਾਂਸ

ਫ਼ਿਲਾਸਫ਼ਰਾਂ ਲਈ Hindu Philosophy ਦਾ ਮਤਲਬ ਹਿੰਦੂਤਵ ਨਹੀਂ; ਉਹ ਇ ਭਾਰਤੀ ਦਰਸ਼ਨ ਦੇ ਅਰਥਾਂ 'ਚ ਲੈਂਦੇ ਹਨ; ਉਹਨਾਂ ਲਈ ਹਿੰਦੂ ਦੇ ਸੰਪਰਦਾਯੀ ਅਰਥ ਨਹੀਂ। ਮੈਂ ਹਿੰਦੂ ਮਿਥਿਆਸ ਨੂੰ ਅ-ਸੰਪਰਦਾਯੀ ਮਹਿਨਿਆਂ 'ਚ ਲੈਂਦਾ ਹਾਂ।

ਹਿੰਦੂ ਮਿਥਿਆਸ ਦੀ ਪ੍ਰਥਮ ਮੁਸ਼ਕਿਲ ਸ੍ਰਿਸ਼ਟੀ ਦੀ ਉਤਪਤੀ ਨੂੰ ਸਮਝਣ ਦੀ ਹੈ। ਉਤਪ ਤੋਂ ਪਹਿਲਾਂ ਕਿਸੇ ਕਾਰਨ ਦੀ ਕਲਪਨਾ ਅਯੋਗ ਹੈ। ਬ੍ਰਿਹ ਦਾ ਮਤਲਬ ਵਧਣਾ ਹੈ। ਕੋਈ ਭਵ (ਹੋ ਦੀ ਵੰਡ, ਭੂ-ਵੰਡ, (category) ਵਧਕੇ ਸ੍ਰਿਸ਼ਟੀ ਹੋ ਗਈ ਜਿਸਦਾ ਦੂਸਰਾ ਰੂਪ ਬ੍ਰਹਮਾ, ਇਹ ਰਚੈਤਾ ਹੋ ਗਿਆ।

ਦੂਸਰੀ ਮਹੱਤਵਪੂਰਨ ਗੱਲ ਹੈ ਕਿ ਸ੍ਰਿਸ਼ਟੀ-ਰਚਨਾ ਦਾ ਆਸਨ ਉੱਤਾਨਪਦ ਹੈ, ਉ ਵਧੇਰੇ; ਤਾਣ-ਫੈਲਾਉਣਾ;ਪਦ-ਪੈਰ; ਜਿਹੜਾ ਸ਼ਿਸ਼ੂ-ਜਨਮਨ ਸਮੇਂ ਨਾਰੀ ਦਾ ਅੰਗ-ਧਾਰਨ ਹੈ-ਸਿ ਮੂੰਹ, ਪੈਰ ਪਸਾਰ ਕੇ ਪਏ ਹੋਣਾ। ਆਰਯਾ ਗਣ ਦੇ ਭਾਰਤ 'ਚ ਆਉਣ ਤੋਂ 3500 ਸਾਲ ਪਹਿਲ ਅਨਾਤੋਲਿਆ (ਦੱਖਣੀ ਤੁਰਕੀ) 'ਚ ਚਿੱਤਰ ਮਿਲਦਾ ਹੈ ਜਦੋਂ ਦੇਵੀ ਬਲਦਾਂ ਦੇ ਸਿੰਙਾਂ ਨੂੰ ਜਨਮ ਰਹੀ ਹੈ ਜਿਹੜੀ ਬੈਠੀ ਹੈ ਪਰ ਪੈਰ ਬਹੁਤ ਪਸਾਰੇ ਹੋਏ ਹਨ। **The Birth of the Gods and th Origins of Agriculture**, Jacques Couvin, C.U.P., 2007, ਚਿਤਰ 9, ਪੰਨਾ 30

ਹਿੰਦੂ ਪ੍ਰਕਿਰਤੀ ਨੂੰ ਇਸਤਰੀ ਲਿੰਗ ਦਾ ਅਨੁਰੂਪ ਸਮਝਦੇ, ਇਹਨੂੰ ਮਾਯਾ ਦੇ ਬਰਾ ਮੰਨਦੇ ਹਨ; ਜਾਂ ਇਹ ਸ਼ਕਤੀ, ਅਰਥਾਤ ਦੇਵਤਿਆਂ ਦੀ ਇਸਤਰੀ ਸ਼ਕਤੀ ਹੈ **Hindu Mytholog and Religion**, John Dowson, Rupa, 1982, 240

ਰਿਗਵੇਦ ਅਨੁਸਾਰ[1] "ਦਕਸ਼ ਅਦਿਤਿ 'ਚੋਂ ਪੈਦਾ ਹੋਇਆ, ਅਤੇ ਅਦਿਤੀ ਦਕਸ਼ 'ਚੋਂ ਯਾਸਕ (ਨਿਰੁਕਤ ਦਾ ਕਰਤਾ, ਪਾਣਿਨੀ ਤੋਂ ਪਹਿਲਾਂ ਹੋਇਆ) ਲਿਖਦਾ ਹੈ – "ਇਹ ਕਿਵੇਂ ਸੰਭਵ ਹੈ ਉਹਨਾਂ ਦਾ ਮੂਲ ਇਕੋ ਹੋ ਸਕਦਾ ਹੈ; ਜਾਂ ਦੇਵਤਿਆਂ ਦੇ ਸੁਭਾਉ ਅਨੁਸਾਰ, ਹੋ ਸਕਦਾ ਹੈ ਕਿ ਉਹ ਇ ਦੂਸਰੇ ਤੋਂ ਪੈਦਾ ਹੋਏ ਹੋਣ, ਜਾਂ ਆਪਣਾ ਦ੍ਰੱਵ (substance) ਇਕ ਦੂਸਰੇ ਤੋਂ ਲਿਆ ਹੋਵੇ।" ਯਾਸ ਨੇ ਸਮੱਸਿਆ ਨੂੰ ਭਾਵੇਂ ਖੋਲ੍ਹ ਕੇ ਦੱਸਿਆ ਹੈ ਪਰ ਇਹਦਾ ਸਮਾਧਾਨ ਨਹੀਂ ਹੋਇਆ।

ਸ੍ਰਿਸ਼ਟੀ ਦਾ ਮਾਡਲ ਪ੍ਰਜਣਨ (procreation) ਹੈ, ਜਿਸ ਦਾ ਨਤੀਜਾ ਹੈ ਕਿ ਹਰ ਕਿ ਦਾ ਜਨਮ ਕਿਸੇ ਵੇਲੇ, ਕਿਸੇ ਤਰ੍ਹਾਂ ਅਤੇ ਕਿਤੇ ਵੀ ਹੋ ਸਕਦਾ। **ਵਾਮਦੇਵ**, ਜਨਮ ਤੋਂ ਨਹੀਂ, ਗਰਭ ਤੋ ਹੀ ਰਿਸ਼ੀ ਸੀ। *(ਕਿਸੇ ਨਾਉਂ ਦੀ ਬਲੈਕ ਛਪਾਈ ਦਾ ਮਤਲਬ ਹੈ ਕਿ ਇਹਦੀ ਡਾਓਸਨ 'ਚ ਐਂਟਰੀ ਅੰਦਰਾਜ ਹੈ)*। ਉਹ ਆਪਣੀ ਮਾਤਾ ਨੂੰ ਕਹਿੰਦਾ ਮੈਂ ਤਾਂ 'ਆਨ ਵਾਟ' ਜਾਣਾ ਹੈ, ਵੱਖੀ 'ਚੋਂ ਪੈਦਾ ਹੋਣਾ ਹੈ। ਮਾਤਾ ਨੇ ਅਦਿਤਿ ਨੂੰ ਆਰਾਧਿਆ ਜਿਹੜੀ ਆਪਣੇ ਪੁੱਤਰ ਇੰਦਰ ਨਾਲ ਆ ਗਈ। ਇੰਦਰ ਨੇ ਭਰੂਣ ਨੂੰ ਸਮਝਾਇਆ। ਵਾਮਦੇਵ ਰਿਗਵੇਦ ਵਿਚ ਕਿਸੇ ਹੋਰ ਰਿਚਾ ਵਿਚ ਕਹਿੰਦਾ ਹੈ ਕਿ ਉਹ ਬਾਜ਼ ਦੀ ਉਡਾਰੀ ਵਾਂਗ ਬਾਹਰ ਆ ਗਿਆ।

**ਪ੍ਰਮਲੋਚਾ** ਅਪਸਰਾ ਸੀ ਜਿਹੜੀ ਕੰਦੂ ਰਿਸ਼ੀ ਦਾ ਤਪ ਭੰਗ ਕਰਨ ਆਈ ਸੀ। ਪ੍ਰਮਲੋਚਾ ਕੰਦੂ ਰਿਸ਼ੀ ਨਾਲ ਕਈ ਸੌ ਸਾਲ ਰਹੀ ਜਿਹੜੇ ਉਹਨੂੰ ਇਕ ਦਿਨ ਬਰਾਬਰ ਲੱਗੇ। ਕੰਦੂ ਨੇ ਪ੍ਰਮਲੋਚਾ ਤਿਆਗ ਦਿੱਤੀ। ਗਰਭਵਤੀ ਪ੍ਰਮਲੋਚਾ ਵੀ ਉੱਡ ਗਈ। ਉੱਡੀ ਜਾਂਦੀ ਦਾ ਪਸੀਨਾ ਬਿਰਛਾਂ ਦੇ ਪੱਤਿਆਂ 'ਤੇ ਡਿੱਗਦਾ ਰਿਹਾ ਜਿਹੜੇ ਉਹਦੇ ਗਰਭ ਦਾ ਹੀ ਰੂਪ ਸੀ। ਬਿਰਛਾਂ ਨੇ ਪਸੀਨਾ 'ਕੱਠਾ ਕਰ ਲਿਆ ਅਤੇ ਸੋਮ ਨੇ ਆਪਣੀਆਂ ਰਿਸ਼ਮਾਂ ਦੀ ਸਹਾਇਤਾ ਨਾਲ **ਮਾਰੀਸ਼ਾ** ਦੀ ਉਪਜ ਕੀਤੀ। ਮਾਰੀਸ਼ਾ ਪਹਿਲੇ ਜਨਮ ਵਿਚ ਕਿਸੇ ਬਾਦਸ਼ਾਹ ਦੀ ਰਾਣੀ ਸੀ ਜਿਸਦੀ ਔਲਾਦ ਨਹੀਂ ਸੀ। ਉਹਨੇ ਭਗਤੀ ਭਾਵ



ਨਾਲ ਵਿਸ਼ਨੂੰ ਤੋਂ ਵਰ ਲੈ ਲਿਆ ਕਿ ਅਗਲੇ ਜਨਮ ਵਿਚ ਉਹਦਾ ਅਦਭੁਤ ਸੁੰਦਰ ਜਨਮ ਹੋਵੇਗਾ। ਦਸ ਖ਼ਾਵੰਦ ਹੋਣਗੇ, ਇਕ ਪੁੱਤਰ (ਦਕਸ਼) ਪ੍ਰਜਾਪਤੀ ਹੋਵੇਗਾ ਜਿਸ ਦੀ ਸੰਤਾਨ ਸਾਰੀ ਦੁਨੀਆਂ 'ਚ ਫੈਲ ਜਾਣੀ ਹੈ।

**ਕੁੰਤੀ** ਨੇ ਦੁਰਵਾਸਾ ਰਿਸ਼ੀ ਦੀ ਅਜਿਹੀ ਸੇਵਾ ਕੀਤੀ ਕਿ ਉਹਨੇ ਕੰਨਯਾ ਨੂੰ ਅਜਿਹਾ ਮੰਤਰ ਦੱਸਿਆ ਜਿਸ ਦੇ ਸਦਕੇ ਮਰਜ਼ੀ ਦੇ ਦੇਵਤਾ ਤੋਂ ਆਪਣਾ ਪੁੱਤਰ ਜਨਮਾ ਲਵੇ। ਉਹਦੇ ਕਰਣ ਪੁੱਤਰ ਜਨਮਿਆ ਜਿਹੜਾ ਸੂਰਜ ਦੇਵਤੇ ਦੀ ਔਲਾਦ ਸੀ। ਨਾਲੇ ਜਨਮ ਸਮੇਂ ਹੀ ਸ਼ਸ਼ਤਰਧਾਰੀ ਸੀ। ਪਰ ਉਹਦੀ ਕੰਨਯਤਾ (virginity) ਨੂੰ ਕੋਈ ਆਂਚ ਨਹੀਂ ਆਈ। ਫੇਰ ਕੁੰਤੀ ਨੇ ਸਵਯੰਬਰ ਵਿਚ ਪਾਂਡੂ ਨਾਲ ਵਿਆਹ ਕਰ ਲਿਆ ਜਿਸ ਦੇ ਤਿੰਨ ਪੁੱਤਰ ਹੋਏ, ਯੁੱਧਿਸ਼ਟਰ (ਅਸਲ ਵਿਚ ਧਰਮ ਦਾ), ਭੀਮ (ਵਾਯੂ ਦਾ) ਅਤੇ ਅਰਜੁਨ (ਇੰਦਰ ਦਾ)।

**ਭਾਰਦਵਾਜ** ਰਿਸ਼ੀ ਦਾ ਨਾਂਉਂ ਕਿਵੇਂ ਪਿਆ? ਪਤੀ ਉੱਤਥਯਾ ਸਦਕੇ ਭਾਰਦਵਾਜ ਦੀ ਮਾਂ ਨੇ ਦੀਰਘ-ਤਮਸ ਨੂੰ ਜਨਮ ਦਿੱਤਾ ਸੀ। ਫੇਰ ਉਹ ਉੱਤਥਯਾ-ਬ੍ਰਿਹਸਪਤੀ ਨੇ ਗਰਭਵਤੀ ਕੀਤੀ। ਦੀਰਘ-ਤਮਸ ਨੇ ਆਪਣੇ ਅਰਧ-ਭ੍ਰਾਤਾ ਭਾਰਦਵਾਜ ਦੇ ਲੱਤ ਮਾਰੀ ਜਦੋਂ ਉਹ ਅਜੇ ਮਮਤਾ ਮਾਂ ਦੇ ਪੇਟ ਵਿਚ ਹੀ ਸੀ ਅਤੇ ਉਸਦਾ ਜਨਮ-ਪਾਤ ਹੋ ਗਿਆ। ਤਾਂ ਬ੍ਰਿਹਸਪਤੀ ਨੇ ਮਮਤਾ ਨੂੰ ਕਿਹਾ, "ਭਰ-ਦਵਾ-ਜਮ" ਦੋ ਪਿਤਾਵਾਂ ਦੇ ਸ਼ਿਸ਼ੂ ਨੂੰ ਲਾਡ ਨਾਲ ਪਾਲ।

ਬ੍ਰਿਹਸਪਤੀ ਦੇਵਤਿਆਂ ਦਾ ਪੁਰੋਹਿਤ ਸੀ; ਅਰਥਾਤ ਉਹ ਵੀ ਯੱਗ ਕਰਦੇ ਸਨ। ਇਕ ਵਾਰ **ਬ੍ਰਿਹਸਪਤੀ** ਦੀ ਦਾਰਾ ਤਾਰਾ ਨੂੰ ਸੋਮ ਚੱਕਕੇ ਲੈ ਗਿਆ। ਫੇਰ ਤਾਰਕ-ਮਾਯਾ ਨਾਮੀ ਯੁੱਧ ਛਿੜ ਪਿਆ ਅਤੇ ਧਰਤੀ ਡਾਵਾਂਡੋਲ ਹੋ ਗਈ। ਸੋਮ ਦੀ ਮਦਦ 'ਤੇ ਰੁਦਰ, ਦੈਂਤ, ਦਾਨਵ ਉੱਤਰੇ; ਇੰਦਰ ਨਾਲ ਦੇ ਦੇਵਤੇ ਬ੍ਰਿਹਸਪਤੀ ਦੇ ਇਮਦਾਦੀ ਸੀ। ਅੰਤ ਬ੍ਰਹਮਾ ਨੇ ਵਿਚ ਪੈ ਕੇ ਤਾਰਾ ਬ੍ਰਿਹਸਪਤੀ ਨੂੰ ਬਹਾਲ ਕਰਵਾ ਦਿੱਤੀ।

**ਦੈਤਯ** (ਦੈਂਤ) ਦਿਤਿ-ਕਸ਼ੱਪ ਦੀ ਔਲਾਦ ਹਨ; ਦਿਤਿ ਆਦਿਤਿ ਦਾ ਪ੍ਰਤਿਕੂਲ ਜਾਂ ਪੂਰਕ ਹੈ।

ਰਾਜਾ ਵੇਣ ਦੇਵਤਿਆਂ ਦੀ ਥਾਂਉਂ ਯੱਗ-ਪਤੀ ਹੋਣਾ ਚਾਹੁੰਦਾ ਸੀ। ਰਿਸ਼ੀਆਂ ਨੇ ਉਹਨੂੰ ਘਾਹ ਦੀਆਂ ਤਿੜਾਂ ਨਾਲ ਮਾਰ ਦਿੱਤਾ। ਵੇਣ ਔਤ ਸੀ। ਰਿਸ਼ੀਆਂ ਨੇ ਰਾਜ-ਕਾਰਜ ਲਈ ਉਹਦੇ 'ਚੋਂ ਪੁੱਤਰ ਲੱਭਣਾ ਸ਼ੁਰੂ ਕੀਤਾ। ਰਿਸ਼ੀਆਂ ਉਹਦਾ ਪੱਟ ਮਲਿਆ ਤਾਂ ਦਗਧ ਲੱਕੜ ਜਿਹਾ ਬੰਦਾ ਨਿੱਕਲਿਆ। ਰਿਸ਼ੀਆਂ ਨੇ ਉਹਨੂੰ ਬਹਿ ਜਾ (ਨਸ਼ੀਦ) ਕਿਹਾ ਜਿਸ ਤੋਂ ਨਿਸ਼ਾਦ ਗਣ ਦੀ ਉੱਤਪਤੀ ਹੋਈ। ਫੇਰ ਬ੍ਰਾਹਮਣਾਂ ਨੇ ਉਹਦਾ ਸੱਜਾ ਹੱਥ ਮਲਿਆ ਜਿਸ 'ਚੋਂ ਅਗਨੀ ਵਾਂਗੂੰ ਸ਼ਾਨਦਾਰ ਚਮਕਦਾ ਪ੍ਰਿਥੁ ਨਿਕਲਿਆ।

**ਦਕਸ਼** ਨੇ ਆਪਣੀਆਂ ਦਸ ਧੀਆਂ ਧਰਮ ਨੂੰ ਦਿੱਤੀਆਂ, 13 ਕੱਸ਼ਯਪ ਨੂੰ ਦਿੱਤੀਆਂ ਜਿਹੜੀਆਂ ਦੇਵਤਿਆਂ, ਦੈਂਤਾਂ, ਬੰਦਿਆਂ, ਸੱਪਾਂ ਅਤੇ ਸੱਭੇ ਜੀਂਦੀਆਂ ਸ਼ੈਆਂ ਦੀਆਂ ਮਾਤਾਵਾਂ ਹੋਈਆਂ। ਨਾਲੇ ਉਹਨੇ 27 ਧੀਆਂ ਸੋਮ ਨੂੰ ਦਿੱਤੀਆਂ ਸੀ।

**ਕਾਲਕਾ** ਨੂੰ ਜਨਮ-ਪੀੜਾ ਤੋਂ ਬਿਨਾਂ ਜਨਮ ਦੇਣ ਦਾ ਵਰ ਮਿਲਿਆ ਸੀ।

**ਜਰਾਸੰਧ** ਬ੍ਰਿਹਦ-ਰਥ ਦਾ ਪੁੱਤਰ ਸੀ। ਉਹਦੀਆਂ ਦੋ ਰਾਣੀਆਂ ਸਨ, ਪਰ ਸੀ ਬਾਂਝ। ਬੜੀ ਦੇਰ ਬਾਅਦ ਉਹਨਾਂ ਦੇ ਅੱਧੇ ਅੱਧੇ ਪੁੱਤਰ ਜੰਮੇ। ਰਾਣੀਆਂ ਨੇ ਇਹਨੂੰ ਅਪਸ਼ਗਨ ਸਮਝਿਆ ਅਤੇ ਦੋਵੇਂ ਗਰਭਪਾਤ ਜੰਗਲ ਵਿਚ ਸੁੱਟ ਦਿੱਤੇ। ਇਹ ਆਦਮਖੋਰ ਜਰਾ ਰਾਖਸ਼ਣੀ ਨੇ ਚੱਕ ਕੇ ਜੋੜ ਲਏ। ਜੁੜਨ 'ਤੇ ਕੀ ਹੋਇਆ ਕਿ ਬਾਲ ਜ਼ੋਰੋ ਜ਼ੋਰ ਰੋਣ ਲੱਗਿਆ ਜਿਸ ਕਰਕੇ ਰਾਜੇ ਰਾਣੀਆਂ ਨੂੰ ਉਹਦੇ ਕੋਲ ਪਹੁੰਚਣਾ ਪਿਆ। ਜਰਾਸੰਧ ਸ਼ਿਵ ਦਾ ਭਗਤ ਅਤੇ ਕਰਨੀ ਵਾਲਾ ਰਾਜਾ ਹੋਇਆ ਜਿਸ ਨੇ ਕ੍ਰਿਸ਼ਨ

ਨਾਲ 18 ਵਾਰ ਯੁੱਧ ਮਚਾਇਆ।

**ਗਾਯਤਰੀ** ਰਿਗਵੇਦ ਦੀ ਪਾਵਨ-ਤਮ ਪੰਗਤੀ ਹੈ। ਇਹ ਸੂਰਯ ਸਾਵਿਤ੍ਰ ਦਾ ਆਵਾਹਨ ਕਰਦੀ ਹੈ ਜਿਹੜਾ ਸਭ ਦਾ ਨਿਰਮਾਤਾ ਹੈ, ਜਿਸ ਕਰਕੇ ਇਹਨੂੰ ਸਾਵਿਤ੍ਰੀ ਕਹਿੰਦੇ ਹਨ। ਵਿਅਕਤੀਕਰਨ (Personification) ਸਦਕੇ ਇਹ ਦੇਵੀ ਹੈ, ਬ੍ਰਹਮਾ ਦੀ ਦਾਰਾ, ਚਾਰੇ ਵੇਦਾਂ ਦੀ ਮਾਂ, ਨਾਲੇ ਤਿੰਨ ਜਾਤੀਆਂ ਦੇ ਦਵਿਜਾਂ ਦੀ। ਇੰਨੇ ਤੋਂ ਹੀ ਸਾਫ ਹੋ ਜਾਂਦਾ ਹੈ ਕਿ ਹਿੰਦੂ ਮਿਥਿਆਸ ਦੀ ਭਾਖਾ ਸਿੱਧੀ ਪੱਧਰੀ ਏਕਾਰਥੀ ਨਹੀਂ ਸਗੋਂ ਇਹਦੀ ਸ਼ਬਦਾਵਲੀ ਵਿਚ ਅਨੇਕਾਰਥੀ ਗੁਹਜ ਹੈ। ਇਸ ਗੱਲ ਵਿਚ ਇਹਦੀ **The Birth of the Gods** ਦੇ ਹਵਾਲੇ ਵਾਲੇ ਚਿਤਰ ਨਾਲ ਸਾਂਝ ਹੈ।[2]

**ਏਕਪਰਣਾ**, ਏਕ-ਪਾਟਲਾ ਭੈਣਾਂ ਦੀ ਤੀਸਰੀ ਭੈਣ ਅਪਰਣਾ ਸੀ। ਜਿਹੜੀਆਂ ਹਿਮਵਤ ਮੇਨਾ ਦੀ ਔਲਾਦ ਸਨ। ਉਹਨਾਂ ਅਜਿਹਾ ਤਪ ਕੀਤਾ ਕਿ ਦਾਨਵ ਦੇਵਤੇ ਹੈਰਾਨ ਰਹਿ ਗਏ ਅਤੇ ਤ੍ਰਿਲੋਕੀ 'ਚ ਤਰਥੱਲੀ ਮੱਚ ਗਈ। ਏਕਪਰਣਾ ਕੇਵਲ ਇਕ ਪੱਤਾ ਖਾਕੇ ਨਿਰਬਾਹ ਕਰਦੀ ਸੀ, ਏਕਪਾਟਲਾ (Bignonia ਵੇਲ) ਦੇ ਪੱਤੇ 'ਤੇ ਗੁਜ਼ਾਰਾ ਕਰਦੀ ਸੀ। ਅਪਰਣਾ ਇਕ ਪੱਤਾ ਵੀ ਨਹੀਂ ਖਾਂਦੀ ਸੀ। ਉਹਦੀ ਮਾਂ ਉਹਦੇ ਪਰਹੇਜ਼ 'ਤੇ ਦੁਖੀ ਹੋਈ ਉੱਚੀ ਬੋਲ ਪਈ 'ਓ ਮਾ' = ਓ ਨਾ, ਜਿਹੜੀ ਸੌਂਦਰਯ ਦੇਵੀ ਵਾਂਗੂੰ ਪ੍ਰਗਟ ਹੋਈ ਅਤੇ ਸ਼ਿਵ ਜੀ ਮਹਾਰਾਜ ਦੀ ਅਹਿਲੀਆ ਹੋਈ।

ਉਤਪਤੀ ਦਾ ਮੁਆਮਲਾ ਹੱਲ ਨਹੀਂ ਹੋਇਆ ਪਰ ਮਿਥਿਆਸ ਥਾਂਉ ਪ੍ਰਥਾਂਉ ਉਤਪਤੀ ਦਾ ਵਰਣਨ ਕਰਕੇ ਸਮੱਸਿਆ ਨੂੰ ਸੁਲਝਾਉਂਦਾ ਪ੍ਰਤੀਤ ਹੁੰਦਾ ਹੈ। ਜੇ ਪ੍ਰਾਥਮਿਕ ਉਤਪਤੀ ਦੀ ਸਮਝ ਨਹੀਂ ਲੱਗੀ ਤਾਂ ਸੈਆਂ, ਸਹਿਸਰ ਉਤਪਤੀਆਂ ਦਾ ਦੁਹਰਾਉ ਬਿਲ-ਜ਼ਰੂਰ ਸਮਾਧਾਨ ਨਹੀਂ ਹੈ।

ਅਦਿਤਿ ਦਕਸ਼ ਦੇ ਪ੍ਰਤਿਵਾਚ (paradox) ਦਾ ਰਿਗਵੇਦ 'ਚ ਹੀ ਦੁਹਰਾਉ ਹੈ। "ਪੁਰਸ਼ ਤੋਂ ਵਿਰਾਜ ਉਪਜਿਆ, ਵਿਰਾਜ ਤੋਂ ਪੁਰਸ਼"। ਬ੍ਰਹਮਾ ਦਾ ਨਰ ਵਿਰਾਜ ਸੱਭੇ ਨਰ ਜੀਵਾਂ ਦਾ ਮਾਡਲ ਹੈ; ਮਦੀਨ ਸ਼ਤ-ਰੂਪਾ ਮਦੀਨ ਜੀਵਾਂ ਦਾ ਨਕਸ਼ਾ ਹੈ।

**ਹਿਰਣਯ-ਗਰਭ** ਵਿਚ ਬ੍ਰਹਮਾ ਸਾਲ ਭਰ ਪਿਆ ਰਹਿੰਦਾ ਹੈ ਅਤੇ ਸੰਕਲਪ ਨਾਲ ਹੀ ਆਪਣੇ ਦੋ ਹਿੱਸੇ ਕਰ ਲੈਂਦਾ ਹੈ ਜਿਹਨਾਂ ਨਾਲ ਧਰਤੀ ਅਤੇ ਸੁਰਗ ਬਣ ਜਾਂਦੇ ਹਨ, ਵਿਚਕਾਰ ਆਸਮਾਨ, ਨਾਲੇ ਅੱਠ ਖੰਡ, ਜਲ ਥਲ।

ਉਪਰੋਕਤ ਦਾ ਕੇਵਲ ਅਮੂਰਤ (abstract) ਵਰਣਨ ਵੀ ਬਹੁਤਾ ਸਹਾਈ ਨਹੀਂ ਹੁੰਦਾ।[3]

ਪ੍ਰਾਚੀਨ ਕਨੌਜ ਦੇ ਕੁਸ਼ਨਾਭ ਰਾਜੇ ਦੀਆਂ ਕਨਯਾਕੁਬਜ 100 ਧੀਆਂ ਸਨ। ਵਾਯੂ ਨੇ ਉਹਨਾਂ ਨੂੰ ਵਿਲਾਸ ਦਾ ਸਵਾਲ ਪਾਇਆ। ਉਹਨਾਂ ਦੇ ਜਵਾਬ ਦੇਣ 'ਤੇ ਵਾਯੂ ਨੇ ਸਭ ਨੂੰ ਕੁੱਬੀਆਂ ਕਰ ਦਿੱਤਾ।

**ਕਪਿਲ** ਰਿਸ਼ੀ ਨੇ ਸਗਰ ਦੇ ਇਕ ਲੱਖ ਪੁੱਤਰ ਆਪਣੀ ਨਜ਼ਰ ਦੇ ਤੇਜ਼ ਨਾਲ ਹੀ ਜਲਾ ਦਿੱਤੇ।

**ਕਾਰਤੱਕੇਯ** ਜਾਂ ਸਕੰਦ ਯੁੱਧ ਦੇਵਤਾ ਹੈ। ਜਿਸਦੀ ਕੋਈ ਮਾਂ ਨਹੀਂ ਸੀ। ਇਕ ਵਾਰ ਸ਼ਿਵ ਨੇ ਆਪਣਾ ਵੀਰਯ ਅੱਗ ਵਿਚ ਸੁੱਟ ਦਿੱਤਾ, ਮਗਰੋਂ ਗੰਗਾ ਵਿਚ ਜਾ ਪਿਆ ਜਿੱਥੇ ਕਾਰਤੱਕੇਯ ਦਾ ਜਨਮ ਹੋਇਆ। ਇਸੇ ਕਰਕੇ ਇਹਨੂੰ ਅਗਨੀ-ਭੂ ਅਤੇ ਗੰਗਾ-ਜ ਕਹਿੰਦੇ ਹਨ। ਇਹਨੂੰ ਛੇ ਤਾਰਿਆਂ ਦੇ ਜੁੱਟ ਕ੍ਰਿੱਤਕਾ (Pleiades) ਨੇ ਪਾਲਿਆ ਜਿਸ ਕਰਕੇ ਇਹਦੇ ਛੇ ਸਿਰ ਹਨ।

ਕ੍ਰਤੁ ਦੀ ਘਰਵਾਲੀ ਸਮਨਤਿ ਨੇ 60,000 ਠਿਗਣੇ ਰਿਸ਼ੀ ਉਪਜੇ ਜਿਹਨਾਂ ਦਾ ਕੱਦ ਗੂਠੇ ਦੇ ਜੋੜ ਜਿੰਨਾ ਸੀ।

**ਧ੍ਰਿਤਰਾਸ਼ਟਰ** ਦੇ 100 ਪੁੱਤਰ ਸੀ।

**ਧੂਮਰ-ਵਰਣ** ਸੱਪਾਂ ਦੇ ਰਾਜੇ ਨੇ ਆਪਣੀਆਂ ਪੰਜ ਧੀਆਂ ਯਦੁ (ਯਾਦਵਾਂ ਦੇ ਬਾਨੀ) ਨੂੰ ਵਿਆਹ ਦਿੱਤੀਆਂ।

**ਦਿਤਿ** ਆਦਿਤਿ ਦੀ ਪੂਰਕ ਜਾਂ ਪ੍ਰਤਿਭਾਵ ਹੈ ਜਿਸ ਦਾ ਕੱਸ਼ਪ ਰਿਸ਼ੀ ਨਾਲ ਵਿਆਹ



ਹੋਇਆ ਅਤੇ ਦੈਂਤਾਂ ਨੂੰ ਜਨਮ ਦਿੱਤਾ।

**ਧੁੰਧੂ** ਰਾਖਸ਼ ਉੱਤੰਕ ਰਿਸ਼ੀ ਦੇ ਤਪ 'ਚ ਭੰਗ ਪਾਉਂਦਾ ਸੀ। ਰਾਜੇ ਕੁਵਲਯਾਸ਼ਵ ਨੇ ਉਹਦਾ ਪਿੱਛਾ ਕੀਤਾ ਪਰ ਉਹ ਸਮੁੰਦਰ ਵਿਚ ਲੁਕ ਗਿਆ, ਨਾਲੇ ਲਾਟਾਂ ਕੱਢੇ। ਕੁਵਲਯਾਸ਼ਵ ਧੁੰਧੂ ਨੂੰ ਮਾਰਨ ਵਿਚ ਸਫਲ ਹੋ ਗਿਆ ਪਰ ਚੜ੍ਹਾਈ ਵਿਚ ਉਹਦੇ 21,000 ਸਹਾਈ ਪੁੱਤਰਾਂ ਵਿਚੋਂ ਕੇਵਲ ਤਿੰਨ ਹੀ ਬਚੇ।

**ਅਗਸਤਯ**। ਮਿਤਰ ਵਰੁਣ ਦੇਵਤੇ ਤਾਂ ਦੋ ਹਨ ਪਰ ਇਕੱਠਿਆਂ ਦਾ ਇਕ ਵਾਂਗੂੰ ਵਰਣਨ ਹੁੰਦਾ ਹੈ। ਮਿਤਰ-ਵਰੁਣ ਦਾ ਉਰਵਸ਼ੀ ਨੂੰ ਵੇਖਕੇ ਵੀਰਯ-ਪਾਤ ਹੋ ਗਿਆ, ਤੇ ਅਗਸਤਯ ਅਤੇ ਵਸ਼ਿਸ਼ਠ ਦਾ ਜਨਮ ਹੋਇਆ। ਅਗਸਤਯ ਨੇ ਆਪਣੇ ਪੁਰਬਜ ਪੁੱਠੇ ਲਟਕਦੇ ਵੇਖੇ ਕਿਉਂਜੁ ਉਹਨਾਂ ਦੇ ਪੁੱਤਰ ਨਹੀਂ ਸਨ। ਉਹਨਾਂ ਕਿਹਾ ਕਿ ਉਹਨਾਂ ਦੀ ਮੁਕਤੀ ਤਾਂ ਹੀ ਹੋ ਸਕਦੀ ਹੈ ਜੇ ਉਹਦੇ (ਅਗਸਤਯ ਦੇ) ਪੁੱਤਰ ਹੋਵੇ। ਅਗਸਤਯ ਨੇ ਵੱਖੋ-ਵੱਖਰੇ ਜਾਨਵਰਾਂ ਦੇ ਅੰਗ ਜੋੜਕੇ ਲੋਪਮੁਦਰਾ ਯੁਵਤੀ ਬਣਾਈ। ਜਾਨਵਰਾਂ ਦੇ ਅੰਗਾਂ ਦੇ ਘਾਟੇ (ਲੋਪ) ਨਾਲ ਲੋਪਮੁਦਰਾ ਬਣੀ।

**ਔਰਵ** ਰਿਸ਼ੀ ਉਰੁ (ਪੱਟ) 'ਚੋਂ ਪੈਦਾ ਹੋਇਆ। ਇਕ ਵਾਰ ਕਸ਼ੱਤਰੀ ਭ੍ਰਿਗੁਵੰਸ਼ ਨੂੰ ਮਾਰਨ ਲੱਗੇ। ਕਿਸੇ ਔਰਤ ਨੇ ਅਣਜੰਮਿਆ ਪੁੱਤਰ ਆਪਣੇ ਪੱਟ ਵਿਚ ਲੁਕਾ ਲਿਆ ਸੀ।

ਔਰਵ ਨੇ ਰਾਜੇ ਬਾਹੁ ਦੀ ਰਾਣੀ ਨੂੰ ਪਤੀ ਨਾਲ ਜਲਨ ਤੋਂ ਰੋਕ ਲਿਆ ਕਿਉਂਕਿ ਉਹ ਪਿਛਲੇ ਸੱਤ ਸਾਲਾਂ ਤੋਂ ਗਰਭਵਤੀ ਸੀ। ਫੇਰ ਸਗਰ ਜਨਮਿਆ।

**ਗਾਂਦਿਨੀ** ਆਪਣੀ ਮਾਂ ਦੇ ਪੇਟ ਵਿਚ 12 ਸਾਲਾਂ ਤੋਂ ਬੈਠੀ ਸੀ। ਪਿਤਾ ਨੇ ਉਹਨੂੰ ਬਾਹਰ ਆਉਣ ਨੂੰ ਕਿਹਾ। ਤਾਂ ਭਰੂਣ ਨੇ ਜਵਾਬ ਦਿੱਤਾ ਕਿ ਤਿੰਨ ਸਾਲ, ਹਰ ਰੋਜ਼ ਬ੍ਰਾਹਮਣ ਨੂੰ ਗਾਂ ਪੁੰਨ ਕਰਿਆ ਕਰੋ, ਮੈਂ ਫੇਰ ਬਾਹਰ ਆਊਂਗੀ। ਇਸੇ ਕਰਕੇ ਗਾਂ-ਦਿਨੀ ਨਾਉਂ ਪਿਆ।

**ਗਰੁੜ** ਅੱਧਾ ਪੁਰਖ ਤੇ ਅੱਧਾ ਪੰਛੀ ਸੀ ਜਿਹੜਾ ਵਿਨਤਾ (ਦਕਸ਼ ਦੀ ਧੀ) ਅਤੇ ਕੱਸ਼ਯਪ ਦੀ ਔਲਾਦ ਸੀ।

ਅਪਸਰਾ **ਘ੍ਰਿਤਾਚੀ** ਅਤੇ ਰੌਦ੍ਰਾਸ਼ਵ ਦੇ ਦਸ ਧੀਆਂ ਅਤੇ ਦਸ ਪੁੱਤਰ ਸਨ।

ਪਿਤਾਮਹ ਦਕਸ਼ ਦੇ 5,000 **ਹਰਯਾਸਵ** ਪੁੱਤਰ ਸੀ ਤਾਂ ਜੋ ਧਰਤੀ ਵਸਦੀ ਹੋਵੇ।

**ਇਕਸ਼ਵਾਕੁ**, ਰਾਮ ਚੰਦਰ ਦਾ ਪੂਰਵਜ, ਮਨੂ ਦੇ ਛਿੱਕ ਮਾਰਨ ਕਰਕੇ ਨੱਕ 'ਚੋਂ ਨਿਕਲਿਆ ਸੀ।

**ਆਕੂਟੀ** ਮਨੁ ਸਵੈਂਭੂ ਅਤੇ ਸ਼ਤ-ਰੂਪ ਦੀ ਧੀ ਸੀ। ਉਹਦੇ ਯਮ ਅਤੇ ਦਕਸ਼ਿਣਾ ਜੌੜੇ ਹੋਏ ਜਿਹੜੇ ਵੱਡੇ ਹੋਕੇ ਪਤੀ ਪਤਨੀ ਹੋਏ। ਫੇਰ ਇਹਨਾਂ ਦੇ ਬਾਰਾਂ ਪੁੱਤਰ ਹੋਏ ਜਿਹੜੇ ਯਮ ਕਹਾਉਂਦੇ ਹਨ।

ਯਵਨ ਮਿਥਿਆਸ ਵਿਚ ਜ਼ੂਸ Zeus Hera ਹੀਰਾ ਦਾ ਇਹੀ ਸੰਬੰਧ ਸੀ।

ਯੁਵਨਾਸ਼ਵ ਦਾ ਪੁੱਤਰ **ਮਾਂਧਾਤ੍ਰਿ** ਸੀ ਜਿਸ ਦੀ ਰਿਗਵੇਦ ਵਿਚ ਰਿਚਾ ਵੀ ਹੈ। ਯੁਵਨਾਸ਼ਵ ਦੇ ਔਲਾਦ ਨਹੀਂ ਹੁੰਦੀ ਸੀ। ਉਹਨੇ ਰਿਸ਼ੀ ਬੁਲਾਕੇ ਯੱਗ ਕੀਤਾ। ਰਾਤੀਂ ਪੂਤ-ਕ੍ਰਿਤ ਜਲ ਵੇਦੀ 'ਤੇ ਪਿਆ ਰਿਹਾ ਜਿਹੜਾ ਸ਼ਕਤੀਮਾਨ ਹੋ ਗਿਆ। ਰਾਤੀਂ ਪਿਆਸਾ ਯੁਵਨਾਸ਼ਵ ਯੱਗ ਵਾਲਾ ਪਾਣੀ ਪੀ ਗਿਆ। ਉਹਦੇ ਗਰਭ ਹੋ ਗਿਆ, ਨਾਲੇ ਉਹਦੇ ਸੱਜੇ ਪਾਸਿਉਂ ਸ਼ਿਸ਼ੂ ਨਿੱਕਲ ਆਇਆ। ਰਿਸ਼ੀ ਪੁੱਛਣ ਇਹਨੂੰ ਦੁੱਧ ਕੌਣ ਪਿਆਊਗਾ? ਤਾਂ ਇੰਦਰ ਪ੍ਰਗਟ ਹੋਇਆ; ਉਹਨੇ ਆਪਣੀ ਉੱਗਲ ਸ਼ਿਸ਼ੂ ਦੇ ਮੂੰਹ ਵਿਚ ਚੁੰਘਣ ਲਈ ਪਾ ਦਿੱਤੀ। "ਇਹ ਮੈਨੂੰ ਚੁੰਘੇਗਾ" ਮਾਮ ਅਯਮ ਧਾਸਯਤਿ। ਇਹਨਾਂ ਸ਼ਬਦਾਂ ਤੋਂ ਉਹਦਾ ਨਾਉਂ ਮਾਂਧਾਤਿਰ ਪੈ ਗਿਆ।

ਮਾਂਧਾਤ੍ਰਿ ਵੱਡਾ ਹੋਇਆ। ਉਹਦੇ ਤਿੰਨ ਪੁੱਤਰ ਅਤੇ ਪੰਜਾਹ ਧੀਆਂ ਸਨ। ਬਿਰਧ ਰਿਸ਼ੀ ਸੌਭਿਰ ਰਾਜੇ ਤੋਂ ਇਕ ਧੀ ਮੰਗਣ ਗਿਆ ਤਾਂ ਜੁ ਉਹਨੂੰ ਦਾਰਾ ਕਰ ਲਵੇ। ਮਾਂਧਾਤਿਰ ਸੁੱਕੜ ਰਿਸ਼ੀ ਨੂੰ ਵੇਖ ਹਿਚਕਿਚਾਉਂਦਾ ਸੀ। ਅੰਤ ਗੱਲ ਕੁੜੀਆਂ 'ਤੇ ਛੱਡੀ। ਸੌਭਿਰ ਸੁਹਣੀ ਸੁਨੱਖੀ ਸ਼ਕਲ ਕਰਕੇ ਆਇਆ ਤਾਂ ਕੁੜੀਆਂ 'ਚ ਅਜਿਹਾ ਗ਼ਲਗਲਾ ਪਿਆ ਕਿ ਉਹਨੂੰ 50 ਹੀ ਵਿਆਹੁਣੀਆਂ ਪਈਆਂ।

ਜਲ-ਪਰਲੋ ਮਗਰੋਂ ਸੱਤਵਾਂ ਮਨੂ ਵੈਵਸਵਤ ਰਹਿ ਗਿਆ। ਉਹਨੇ ਪੁੱਤਰ-ਹਿੱਤ ਯੱਗ ਕੀਤਾ। ਵਿਚੋਂ ਸੁੰਦਰੀ ਨਿਕਲੀ ਜਿਹੜੀ ਉਹਨੂੰ ਕਹਿੰਦੀ ਕਿ ਮੈਂ ਤੇਰੀ ਧੀ ਹਾਂ। ਉਹ ਦੋਵੇਂ ਰਲਕੇ ਕਸ਼ਟ ਭਰੇ ਯੱਗ ਆਦਿ ਸ਼ਰਧਾ ਦੇ ਕਾਰਜ ਕਰਦੇ ਰਹੇ। ਫੇਰ ਉਹਨਾਂ ਦੇ ਸੰਤਾਨ ਉਪਜੀ।

ਡਾਓਸਨ ਅਤੇ **Hindu World** ਦਾ ਸੰਪਾਦਕ Benjamin Walker ਹਿੰਦੂਆਂ ਨੂੰ ਹਰ ਮੌਕੇ ਕੁਮੌਕੇ ਲੁੱਚੇ ਆਚਰਣਹੀਣ ਕਹਿੰਦੇ ਹਨ। ਸ਼ੰਕਰ-ਮੇਲ, ਮਿਸ਼ਰਨ-ਹੈ। ਭੋਗ-ਸ਼ੰਕਰ (ਵਰਣ-ਸ਼ੰਕਰ ਵਾਂਗ) ਟੱਬਰ ਦੀ ਸੰਸਥਾ ਦਾ ਪੜਾਉ ਹੈ। ਇਹ ਤਾਂ ਮਿਥਿਹਾਸ ਦੀ ਗੱਲ ਹੈ। ਸੀਜ਼ਰ (100-44 ਪੂਰਵ ਈਸਾ) ਸਮਕਾਲੀ ਵਲਾਇਤ ਬਾਰੇ ਲਿਖਦਾ ਹੈ ਕਿ ਇਥੇ ਬਾਪੂ ਅਤੇ ਪੁੱਤਰਾਂ ਦੀ ਵਹੁਟੀਆਂ ਦੀ ਸਾਂਝ ਹੈ।[1]

ਪ੍ਰਜਣਨ ਕਾਲ ਦੇ ਦੇਵਤੇ ਹਥਿਆਰਬੰਦ ਹਨ। ਇੰਦਰ ਦਾ ਵਜਰ, ਬ੍ਰਹਮਾ ਦਾ ਪਰਿਵੀਤ ਧਨੁੱਖ, ਸ਼ਿਵ ਦਾ ਪਿਨਾਕ ਤ੍ਰਿਸ਼ੂਲ ਅਤੇ ਵਿਸ਼ਨੂ ਦਾ ਸੁਦਰਸ਼ਨ ਚੱਕਰ। ਈਕੌਨ (Icon) ਜਾਂ ਚਿੰਨ੍ਹ ਚਿੱਤਰ ਦੇਵਤੇ ਦੇ ਭਵ ਦੇ ਅਨਿਵਾਰਯ ਅੰਗ ਹਨ। ਕੀ ਸੁਰ ਤੇ ਕੀ ਅਸੁਰ ਯੱਗ, ਤਪ, ਧਿਆਨ ਨਾਲ ਅਜਿਹੀ ਸ਼ਕਤੀ ਗ੍ਰਹਣ ਕਰਨੀ ਚਾਹੁੰਦਾ ਹੈ ਕਿ ਇੰਦਰ ਦਾ ਸਿੰਘਾਸਨ ਹਿੱਲ ਜਾਂਦਾ ਹੈ। ਨਾਲੇ ਆਤਮਾ ਜੇਹੀ ਚੀਜ਼ ਅਮੂਰਤ ਨਹੀਂ ਸਗੋਂ ਸਥੂਲ ਹੈ ਜਿਹੜੀ ਵੰਡੀ ਜਾ ਸਕਦੀ ਹੈ। ਦਸਰਥ ਨੂੰ ਯੱਗ ਕਰਨ 'ਤੇ ਵਿਸ਼ਨੂ ਵੱਲੋਂ ਅਮ੍ਰਿਤ-ਕਲਸ ਮਿਲਿਆ। ਉਹਨੇ ਅੱਧਾ ਅਮ੍ਰਿਤ ਕੌਸ਼ਲਯਾ ਨੂੰ ਦੇ ਦਿੱਤਾ, ਰਾਮ ਦਾ ਅੱਧਾ ਤੱਤਵ ਦੈਵੀ ਸੀ; ਚੌਥਾ ਹਿੱਸਾ ਕੈਕੇਯੀ ਨੂੰ, ਤੇ ਭਰਤ ਪੁੱਤਰ ਚੌਥਾ ਹਿੱਸਾ ਦੇਵਰੂਪ ਸੀ; ਬਚਦਾ ਚੌਥਾ ਹਿੱਸਾ ਸੁਮਿਤ੍ਰਾ ਨੂੰ , ਜਿਸ ਕਰਕੇ ਲਕਸ਼ਮਣ ਸ਼ਤਰੂਘਨ ਦਾ ਅੱਠਵਾਂ ਅੱਠਵਾਂ ਹਿੱਸਾ ਦੈਵੀ ਸੀ। ਹੋਰ ਤਾਂ ਹੋਰ ਸ਼ਾਪ ਅਤੇ ਪੌਰਖ ਦਾ ਬਦਲ ਸਦਲ ਹੋ ਜਾਂਦਾ ਹੈ। ਪੁਰੂ ਨੇ ਆਪਣੇ ਪਿਤਾ ਯਯਾਤੀ ਦਾ ਸ਼ਾਪ ਲੈ ਲਿਆ ਅਤੇ ਆਪਣਾ ਪੌਰੁਖ(virility) ਉਹਨੂੰ ਦੇ ਦਿੱਤਾ। ਦੱਤਾਤ੍ਰੇਯ ਵਿਚ ਬ੍ਰਹਮਾ, ਵਿਸ਼ਨੂ, ਸ਼ਿਵ, ਤਿੰਨੇ ਆਂਸ਼ਿਕ ਰੂਪ ਵਿਚ ਅਵਤਰੇ ਸਨ ਅਤੇ ਉਹਨੇ ਆਪਣਾ ਕੁਝ ਕੁ ਦੈਵੀ ਤੱਤ ਦੁਰਵਾਸਾ ਪੁੱਤ੍ਰ ਨੂੰ ਦੇ ਦਿੱਤਾ ਸੀ ।

ਯੱਗ-ਤਪ-ਧਿਆਨ ਦੈਵੀ ਸ਼ਕਤੀ ਗ੍ਰਹਿਣ ਕਰਨ ਦੇ ਸਾਧਨ ਹਨ ਜਿਸ ਵਿਚ ਆਚਾਰ, ਨੀਤੀ (morality) ਦਾ ਬਹੁਤਾ ਦਖਲ ਨਹੀਂ। ਨਾਲੇ ਠੀਕ ਹੈ ਜੇ ਦੈਂਤਾਂ-ਦੇਵਤਿਆਂ, ਰਾਜੇ ਰਾਜਿਆਂ ਦਾ ਉਦੇਸ਼ ਹੀ ਲੜਾਈ ਹੈ ਤਾਂ ਆਚਾਰ ਲਈ ਬਹੁਤਾ ਵਕਤ ਨਹੀਂ ਰਹਿੰਦਾ । ਰੋਮਨ ਸੈਨੇਟਰ, ਲਿਖਾਰੀ ਸਿਸਰੋ (Cicero) ਅਨੁਸਾਰ 'ਯੁੱਧ ਸਮੇਂ ਕਾਨੂੰਨ ਚੁੱਪ ਕਰ ਜਾਂਦਾ ਹੈ।' ਵਿਸ਼ਨੂ ਨੇ ਆਪ ਢਾਈ ਕਰਮਾਂ ਵਿਚ ਦੈਂਤ ਪਰ ਨੇਕ ਬਲੀ ਰਾਜੇ ਨਾਲ ਧੋਖਾ ਕੀਤਾ। ਦੋ ਅਵਤਾਰ ਪਰਸੁਰਾਮ ਅਤੇ ਰਾਮ ਖਹਿਬੜਦੇ ਹਨ । ਮਹਾਂ ਰਿਸ਼ੀਆਂ ਵਿਸ਼ਵਾਮਿੱਤਰ ਅਤੇ ਵਸ਼ਿਸ਼ਟ ਦਾ ਵੈਰ ਬੜੀ ਦੇਰ ਬਾਅਦ ਮੁੱਕਿਆ।

**ਵਸ਼ਿਸ਼ਟ** ਤਿੰਨ ਦਿਨਾਂ ਵਰਤ ਮਗਰੋਂ ਭੁੱਖਾ ਸੀ। ਉਹ ਰਾਤੀਂ ਵਰੁਣ ਦੇ ਘਰ ਜਾ ਵੜਿਆ। ਉਹਨੂੰ ਭੌਂਕਦੇ ਕੁੱਤੇ 'ਘਰਪਾਲ' ਨੂੰ ਚੁੱਪ ਕਰਾਉਣ ਲਈ ਮੰਤ੍ਰ ਪੜ੍ਹਨਾ ਪਿਆ (ਰਿਗ IV. 121) ਜਿਸਨੂੰ ਸੁਣਕੇ ਉਹ ਸ਼ਾਂਤ ਹੋ ਸੌਂ ਗਿਆ। ਵਿਆਖਿਆਕਾਰਾਂ ਅਨੁਸਾਰ ਚੋਰਾਂ, ਸੰਨ੍ਹਮਾਰਾਂ ਨੂੰ ਵੀ ਅਜਿਹੇ ਮੌਕੇ ਇਹ ਮੰਤ੍ਰ ਪੜ੍ਹਨਾ ਚਾਹੀਦਾ ਹੈ।

"(ਦੇਵਤਿਆਂ ਨੇ) ਰਾਖਸ਼ਾਂ ਤੋਂ ਉੱਤੇ ਹੋਣ ਲਈ ਸੱਚ ਬੋਲਣਾ ਆਰੰਭ ਕਰ ਦਿੱਤਾ । ਜਦ ਇਹ ਘੱਟ ਝੂਠ ਬੋਲਣ ਲੱਗ ਪਏ ਤਾਂ ਰਾਖਸ਼ ਵਧੀਕ ਝੂਠੇ ਹੋ ਗਏ । ਅੰਤ ਵਿਚ ਦੇਵਤੇ ਰਾਖਸ਼ਾਂ ਕੋਲੋਂ ਉੱਚ ਪਦਵੀ ਨੂੰ ਪ੍ਰਾਪਤ ਹੋਏ।" ਵੇਖੋ ਵੈਦਿਕ ਦੇਵਤੇ ਮ. ਕ.

ਹਿੰਦੂ ਮਿਥਿਆਸ ਵਿਚ ਕ੍ਰਿਸ਼ੀ ਦੇ ਆਰੰਭ ਦਾ ਸਰੋਤ ਮਿਲ ਜਾਂਦਾ ਹੈ। ਅਥਰਵ ਵੇਦ ਵਿਚ ਲਿਖਿਆ ਹੈ "(ਵਿਰਾਜ) ਸਤ੍ਰੀ ਚੜ੍ਹੀ: ਉਹ ਬੰਦਿਆਂ ਕੋਲੋਂ ਆ ਜਾਂਦੀ। ਬੰਦੇ ਉਹਨੂੰ ਆਪਣੇ ਕੋਲ ਸੱਦ ਲੈਂਦੇ ਹਨ, ਕਹਿੰਦੇ, 'ਆ ਇਰਾਵਤੀ'। ਮਨੁ ਵੈਵਸੁਵਤ ਉਹਦਾ ਵੱਛਾ ਸੀ, ਪ੍ਰਿਥਵੀ ਭਾਂਡਾ । **ਪ੍ਰਥੀਵੈਣਯ**



ਨੇ ਉਹ ਚੋਈ; ਉਹਨੇ ਉਹਦੇ 'ਚੋਂ ਕ੍ਰਿਸ਼ੀ ਅਤੇ ਅਨਾਜ ਚੋਇਆ । ਬੰਦੇ ਕ੍ਰਿਸ਼ੀ ਅਤੇ ਅੰਨ 'ਤੇ ਪਲਦੇ ਹਨ।"

ਰੈਵਤ ਰਾਜੇ ਦੀ ਲੜਕੀ ਰੇਵਤੀ ਇੰਨੀ ਸੋਹਣੀ ਸੀ ਕਿ ਉਹਦੇ ਲਾਇਕ ਵਰ ਨਹੀਂ ਲੱਭਦਾ ਸੀ । ਰੈਵਤ ਹਾਰਕੇ ਬ੍ਰਹਮਾ ਕੋਲ ਪਹੁੰਚਆ ਜੋ ਕੋਈ ਯੋਗ ਵਰ ਦੱਸੇ। ਅੱਗੇ ਬ੍ਰਹਮਾ ਗੰਧਰਵਾਂ ਦਾ ਰਾਗ ਸੁਣ ਰਿਹਾ ਸੀ । ਰਾਗ ਸੁਣਦਿਆਂ ਯੁਗ ਬੀਤ ਗਿਆ । ਬ੍ਰਹਮਾ ਨੇ ਦੱਸ ਪਾਈ ਕਿ ਰੇਵਤੀ ਨੂੰ ਕ੍ਰਿਸ਼ਨ ਦੇ ਵੱਡੇ ਭਾਈ ਬਲਰਾਮ ਨਾਲ ਵਿਆਹ ਦਿਉ । ਯੁਗ ਬੀਤਣ 'ਤੇ ਲੋਕ ਕੱਦ ਵਿਚ ਛੋਟੇ ਹੋ ਗਏ, ਬਲਹੀਨ...। ਬਲਰਾਮ ਨੇ ਰੇਵਤੀ ਨੂੰ ਆਪਣੇ ਨਾਲੋਂ ਬਹੁਤੀ ਲੰਮੀ ਵੇਖਕੇ ਉਹਦੇ ਮੋਢੇ 'ਤੇ ਆਪਣਾ (ਧਵਜ ਵਾਲਾ) ਹਲ ਰੱਖ ਦਿੱਤਾ ਅਤੇ ਜ਼ੋਰ ਨਾਲ ਦੱਬਕੇ ਉਹਨੂੰ ਆਪਣੇ ਬਰਾਬਰ ਦੀ ਕਰ ਲਿਆ। ਇਹ ਹਲ ਦੀ ਕਰਨੀ ਹੈ ਕਿ ਪੁਰਸ਼ ਨੇ ਇਸਤਰੀ ਨੂੰ ਦੱਬਕੇ ਆਪਣੇ ਮੇਚ ਦੀ ਕਰ ਲਿਆ ਹੈ।

**ਸ਼ੇਸ਼** ਨਾਗ ਦੀ ਚਿੰਨ੍ਹਚਿਤਰ ਕਲਾ iconography ਵਿਚ ਕ੍ਰਿਸ਼ੀ ਦਾ ਜ਼ੋਰਦਾਰ ਵਰਣਨ ਹੈ। ਸ਼ੇਸ਼ ਨੂੰ ਨੇਤਾ ਬਣਾ ਕੇ ਸਾਗਰ ਮੰਥਨ ਹੋਇਆ। ਪਰਲੋਂ ਤੋਂ ਮਗਰੋਂ ਨਵੀਂ ਸ੍ਰਿਸ਼ਟੀ ਦੇ ਸਾਜਣ ਤਕ ਵਿਸ਼ਨੂੰ ਸ਼ੇਸ਼ਨਾਗ ਦੀ ਸਹਿਸ-ਸਿਰ ਪੀਠ 'ਤੇ ਸੌਂਦਾ ਹੈ। ਉਹਦੇ ਵਸਤਰ ਲਾਲ, ਚਿੱਟਾ ਹਾਰ ਹੈ। ਇਕ ਹੱਥ ਵਿਚ ਹਲ ਅਤੇ ਦੂਜੇ ਵਿਚ ਮੋਹਲਾ ਹੈ (ਜਿਹੜਾ ਧਾਨ ਕੁੱਟਣ ਦੇ ਕੰਮ ਆਉਂਦਾ ਸੀ) ।

ਕ੍ਰਿਸ਼ੀ ਆਧਾਰਿਤ ਜੱਗ ਦਾ ਭਾਰ ਚੱਕਣ ਵਾਲਾ ਸ਼ੇਸ਼ ਹੈ।

ਪੁਰਾਤੱਤਵ ਵਿਗਿਆਨੀਆਂ archaeologists ਦਾ ਖ਼ਿਆਲ ਹੈ ਕ੍ਰਿਸ਼ੀ ਦੇ ਆਉਣ ਨਾਲ ਆਬਾਦੀ ਵਧ ਗਈ , ਖਾਦਯ ਸਮੱਗਰੀ ਦੀ ਵੰਨਗੀ ਬਹੁਤ ਘਟ ਗਈ (ਜੋ ਜੀਵ ਸਾਹਮਣੇ ਆਇਆ, ਜੋ ਬਨਸਪਤੀ ਲੱਭੀ ਵਾਲੀ ਗੱਲ ਗਈ ਆਈ। ਅਤੇ ਇਸਤਰੀ ਦਾ ਸਥਾਨ ਥੱਲੇ ਚਲਿਆ ਗਿਆ । ਇਸਤਰੀ ਦੀ ਨੀਵ-ਸਥਿਤੀ ਦਾ ਦੋ ਗੱਲਾਂ ਤੋਂ ਪਤਾ ਲੱਗ ਜਾਂਦਾ ਹੈ। ਦੂਸਰੇ ਇਹਦੀ ਭਾਸ਼ਾਈ ਗਵਾਹੀ ਹੈ। ਮੋਨੀਅਰ ਵਿਲੀਅਮਜ਼ ਦੀ **ਸੰਸਕ੍ਰਿਤ-ਅੰਗਰੇਜ਼ੀ ਡਿਕਸ਼ਨਰੀ** ਅਨੁਸਾਰ ਕਸ਼ੇਤ੍ਰ ਦਾ ਮਤਲਬ ਹੈ 'ਉਪਜਾਊ ਗਰਭ', 'ਘ੍ਰੀਣੀ' । ਕਸ਼ੇਤ੍ਰਕ ਪਤੀ ਹੈ, ਕਸ਼ੇਤ੍ਰਿਯ, ਉਹ ਆਦਮੀ ਜਿਹੜਾ ਦੂਸਰਿਆਂ ਦੀਆਂ ਔਰਤਾਂ ਨੂੰ ਵਰਗਲਾਉਂਦਾ ਫਿਰਦਾ ਹੈ। ਰਹਿੰਦੀ ਕਸਰ ਬਾਪ 'ਬੀਜਣ ਵਾਲਾ' (ਮ. ਕ. 854) ਨੇ ਕੱਢ ਦਿੱਤੀ। ਜਮਾਈ (ਜਾ-ਮਾਤ੍ਰਿ maker of ਜਾ new off spring M.W. 419) ਨੇ ਧੀ ਨੂੰ ਲੋਪ ਕਰ ਦਿੱਤਾ।

ਪਹਿਲੀ ਸਦੀ ਪੂਰਵ ਈਸਾ ਵਿਚ ਜਰਮਨ ਕ੍ਰਿਸ਼ੀ ਦੀ ਕਾਢ ਦਾ ਵਿਰੋਧ ਕਰਦੇ ਹਨ। ਇਕੋ ਥਾਂਉ ਰਹਿੰਦਿਆਂ ਬੰਦਿਆਂ ਨੇ ਯੋਧੀ ਸਾਹਸ ਗੁਆ ਲੈਣਾ ਹੈ, ਤੇ ਕ੍ਰਿਸ਼ੀ ਅਪਨਾ ਲੈਣੀ । ਲੰਬੀ ਚੌੜੀ ਮਾਲਕੀ ਸਦਕੇ ਤਕੜਿਆਂ ਨੇ ਮਾੜੇ ਬੇ-ਮਾਲਕ ਕਰ ਦੇਣੇ ਹਨ। ਇਹਨਾਂ ਠੰਢ ਗਰਮੀ ਤੋਂ ਬਚਣ ਲਈ ਘਰ ਬਣਾਉਣ ਲੱਗ ਜਾਣੇ ਹਨ। ਬਹੁਤੀ ਅਮੀਰੀ ਆਪਸੀ ਫੁੱਟ ਅਤੇ ਝਗੜੇ ਦਾ ਕਾਰਨ ਹੁੰਦੀ ਹੈ ; ਲੋਕ ਉੱਨਾ ਚਿਰ ਖੁਸ਼ ਰਹਿੰਦੇ ਹਨ ਜਦੋਂ ਤਕ ਸ਼ਕਤੀਮਾਨ ਦਾ ਜੀਵਨ ਵੀ ਉਹਨਾਂ ਨਾਲੋਂ ਕੋਈ ਚੰਗੇਰਾ ਨਹੀਂ ਹੁੰਦਾ । ਜਰਮਨਾਂ ਦੀ ਸਾਰੀ ਉਮਰ ਸ਼ਿਕਾਰ ਅਤੇ ਜੰਗੀ ਵਿਹਾਰ 'ਚ ਲੰਘ ਜਾਂਦੀ ਹੈ। ਬਚਪਨ ਤੋਂ ਹੀ ਸਖ਼ਤ-ਜਾਨ ਅਤੇ ਮੁਸ਼ੱਕਤੀ ਹੋਣਾ ਸ਼ੁਰੂ ਕਰ ਦਿੰਦੇ ਹਨ। ਉਹ ਲੈਂਗੀ ਤੱਥਾਂ ਦਾ ਕੋਈ ਪਰਦਾ ਨਹੀਂ ਰਖਦੇ ਭਾਵੇਂ ਕਿਸੇ ਕਿਸਮ ਦੇ ਹੋਣ: ਮਰਦ ਤ੍ਰੀਮਤ ਦਰਿਆਵਾਂ 'ਚ ਇਕੱਠੇ ਨਹਾਉਂਦੇ ਹਨ। (Caesar, **The Conquest of Gaul** 144,143)

ਹਿੰਦੂ ਮਿਥਿਆਸ ਦਾ ਅਗਲਾ ਪੜਾਉ ਭੋਗਸ਼ੰਕਰ ਨੂੰ ਛੱਡਕੇ ਸਤਿਵਰਤਾ ਹੋਣ ਦਾ ਹੈ। "ਸ਼ਵੇਤਕੇਤੁ ਉਦਾਲਕ ਰਿਖੀ ਦਾ ਪੁੱਤਰ। ਇਕ ਵਾਰ (ਕੋਈ) ਬ੍ਰਾਹਮਣ ਸ਼ਵੇਤਕੇਤੁ ਦੀ ਮਾਂ ਨੂੰ ਭੋਗ ਵਾਸਤੇ ਲੈ ਤੁਰਿਆ, ਸ਼ਵੇਤਕੇਤੁ ਨੂੰ ਵੱਡਾ ਗੁੱਸਾ ਆਇਆ । ਉਦਾਲਕ ਨੇ ਸਮਝਾਇਆ ਕਿ ਬੇਟਾ! ਕਿਉਂ ਵਰਜਦੇ ਹੋ। ਇਹ ਪਰੰਪਰਾ ਦਾ ਧਰਮ ਹੈ ...ਇਸਤਰੀ ਆਪਣੇ ਪਤੀ ਤੋਂ ਛੁੱਟ ਕਿਸੇ ਹੋਰ ਨਾਲ ਸੰਬੰਧ ਨਾ ਕਰੇ, ਇਹ ਨੇਮ ਸਵੇਤਕੇਤੁ (ਮ. ਕ.) ਨੇ ਹੀ ਥਾਪਿਆ ਹੈ।"

"ਤੁਲਸੀ ਸੰਖਚੂੜ ਰਾਖਸ਼ ਨਾਲ ਵਿਆਹੀ ਗਈ ।ਸੰਖਚੂੜ ਨੂੰ ਵਰ ਮਿਲਿਆ ਸੀ ਕਿ ਜਦ ਤੀਕ ਉਸ ਦੀ ਇਸਤਰੀ ਦਾ ਸਤਿ ਭੰਗ ਨਹੀਂ ਹੁੰਦਾ , ਉਦੋਂ ਤਕ ਉਸ ਨੂੰ ਕੋਈ ਜਿੱਤ ਨਹੀਂ ਸਕੇਗਾ। ਸੰਖਚੂੜ ਨੇ ਸਾਰੇ ਦੇਵਤੇ ਜਿੱਤ ਲਏ ਅਰ ਤਿੰਨ ਲੋਕਾਂ ਦਾ ਮਾਲਕ ਬਣ ਗਿਆ । ਦੇਵਤਿਆਂ ਨੇ ਵਿਸ਼ਨੂ ਦੀ ਸ਼ਰਨ ਲਈ... ਵਿਸ਼ਨੂ ਨੇ ਸੰਖਚੂੜ ਦਾ ਭੇਸ ਧਾਰ ਕੇ **ਤੁਲਸੀ** ਦਾ ਸਤਿ ਭੰਗ ਕੀਤਾ" (ਮ.ਕ.)

ਕਿੱਥੇ ਕਰਣ ਦੇ ਜਨਮ ਮਗਰੋਂ ਕੁੰਤੀ ਦੀ ਕੰਜਕਤਾ ਨੂੰ ਆਂਚ ਨਹੀਂ ਸੀ ਆਈ, ਕਿੱਥੇ ਤੁਲਸੀ ਦੇ ਸਤਿ ਭੰਗ ਹੋਣ ਨਾਲ ਸੰਖਚੂੜ ਪ੍ਰਾਜਯ ਹੋ ਗਿਆ ।

ਵਸੋਂ ਦੇ ਵਾਧੇ ਕਾਰਨ ਹਿੰਦੂ ਮਿਥਿਆਸ ਵਿਚ ਪ੍ਰਜਣਨ ਦੇ ਗਤੀਮਾਨ (motif) ਦੀ ਲੋੜ ਨਾ ਰਹੀ ।ਏਕ ਈਸ਼ਵਰੀ ਧਰਮ ਨੇ ਮਨੋਵਿਗਿਆਨ ਬਦਲ ਦਿੱਤਾ ।ਲਾਮ ਦੀ ਥਾਂਉਂ ਸ਼ਾਂਤੀ ਜੀਵਨ ਦਾ ਆਧਾਰ, ਆਦਰਸ਼ ਹੋ ਗਈ ਤੇ ਫੇਰ ਸ਼ਾਂਤ ਰਸ ਵੀ ਉੱਤਮ ਰਸ ਹੋ ਗਿਆ । ਸਹਿਜ ਵਸਦਿਆਂ ਜੇਡ ਨਾ ਭਲਾ ਕੋਈ, ਬੁਰਾ ਨਹੀਂ ਜੋ ਕੰਮ ਫਤੂਰ ਜੇਹਾ (ਹੀਰ ਵਾਰਿਸ-119)

ਬਲ ਦੀ ਥਾਂਉਂ ਸ਼ਾਂਤ ਮਨ ਮਨੁੱਖੀ ਵਡਿਆਈ ਦਾ ਸਿਖਰ ਸੀ ।ਭੋਗ-ਸ਼ੰਕਰ ਦੀ ਥਾਂਉਂ ਸਵੈ ਨਿਯੰਤਰਣ ਨੇ ਲੈ ਲਈ ।ਰਾਖਸ਼ਾਂ ਦੀ ਥਾਂਉਂ ਕਾਮ ਕ੍ਰੋਧ ਆ ਗਏ। ਦਿਲਚਸਪ ਗੱਲ ਹੈ ਕਿ ਪੰਜ ਪਾਪਾਂ ਦਾ ਮੋਢੀ ਕਾਮ ਹੈ। ਕਲਾ ਵਿਚ ਲੋਚਾ, ਪ੍ਰਤੀਕਸ਼ਾ ਆਪਣੀ ਸੀਮਾ ਲੰਘਕੇ ਵਿਲਾਸ ਤਕ ਪਹੁੰਚਣੋਂ ਹਟ ਗਏ। ਕਿੱਥੇ ਕੰਦੂ ਨੂੰ ਕਈ ਸੌ ਸਾਲਾਂ ਦਾ ਇਕ ਦਿਨ ਲਗਦਾ ਸੀ ।ਫੇਰ ਈਸ਼ਵਰ ਦੇ ਪਾਰ-ਗਮਨ (transcendence) ਨੇ ਸ੍ਰਿਸ਼ਟੀ ਦੀ ਉਪਜ ਨੂੰ ਸਮੱਸਿਆ ਨਾ ਰਹਿਣ ਦਿੱਤਾ ਅਤੇ ਪ੍ਰਕਿਰਤੀ ਦੀ ਭਿੰਨਤਾ ਕਾਲਪਨਿਕ ਵੰਗਾਰ ਨਾ ਰਹੀ ।

ਇਸਤਰੀਵਾਦ (Feminism) ਲਈ ਹਿੰਦੂ ਮਿਥਿਆਸ ਪ੍ਰੇਰਨਾ ਅਤੇ ਵੰਗਾਰ ਹੈ ਜਿਹੜੀ ਇਸਤਰੀ ਚਿੰਤਕਾਂ ਨੂੰ ਇਤਿਹਾਸ ਦੀ ਵਿਡੰਬਨਾ ਬਾਰੇ ਜ਼ਰੂਰ ਸੋਚਣ ਲਾਉਂਦੀ ਹੈ। ਇਤਿਹਾਸਕ ਦੁੱਖ ਜਲਦੀ ਸਾਧਣ ਦੇ ਨਹੀਂ ਹੁੰਦੇ ; ਰਾਸ਼ਟਰੀ ਸਵਤੰਤਰਤਾ ਦੀ ਮਿਸਾਲ ਹੈ। ਈਸ਼ਵਰੀ ਧਰਮ ਨੇ ਮਨੁੱਖਾਂ ਤੋਂ ਜ਼ਿਆਦਾ ਇਸਤਰੀਆਂ ਨੂੰ ਕਾਮ ਦੇ ਹਊਏ ਨਾਲ ਡਰਾਇਆ ਹੈ। ਨਾਲੇ ਮੰਦੇ ਭਾਗ ਦਾ ਸਿਹਰਾ ਈਸਾਈ ਧਰਮ ਨੂੰ ਜਾਂਦਾ ਹੈ ਜਿਸ ਨੇ ਔਰਤ ਨੂੰ ਹੀ ਸ਼ੈਤਾਨ ਬਣਾ ਦਿੱਤਾ। ਭਾਵੇਂ ਪ੍ਰਜਣਨ ਦਾ ਯੁਗ ਨਹੀਂ ਰਿਹਾ ਪਰ ਜਣਨ ਤਾਂ ਕਾਇਮ ਹੈ। ਇਸਤਰੀਵਾਦੀ ਕਲਾਕਾਰ ਹੀ ਲੋਚਾ, ਵਿਲਾਸ, ਜਣਨ ਦਾ ਚੱਕਰ ਪੂਰਾ ਕਰ ਸਕਦੇ ਹਨ।

ਹਿੰਦੂ ਮਿਥਿਆਸ ਵਾਲੇ ਯੁਗ ਦਾ ਇਹ ਅਸਰ ਹੈ ਕਿ ਸਾਡੀ ਭਾਸ਼ਾ ਵੀ ਆ-ਲਿੰਗ-ਤ (sexualize) ਹੋ ਗਈ ਹੈ। ਅੰਗਰੇਜ਼ੀ ਸੰਸਕ੍ਰਿਤ ਜਿੰਨੀ ਆਦੀ-ਮੂਲਕ ਨਹੀਂ ।ਇਸੇ ਕਰਕੇ ਅੰਗਰੇਜ਼ੀ ਸੰਸਕ੍ਰਿਤ ਭਾਸ਼ਾਈ ਆਲੰਗਣ ਦਾ ਅਨੁਪਾਤ 7.4 ਅਤੇ 65 (ਪੰਨਾ 42 'ਤੇ 6319/43 ਦੀ ਦੁਰ-ਛਪਾਈ ਹੈ ਜਿਹੜੀ 6319/47 ਚਾਹੀਦੀ ਸੀ (**ਸਾਡਾ ਸਾਹਿਤ ਅਤੇ ਧਰਮ**, 2006, ਅੰਮ੍ਰਿਤਸਰ) ਸਾਡੀਆਂ ਗਾਹਲਾਂ ਵੀ ਲੈਂਗੀ ਹਨ। ਪਹਿਲਾਂ ਪਹਿਲਾਂ ਮੈਨੂੰ ਫਿਕਰ ਲੱਗਿਆ ਰਿਹਾ ਕਿ ਅੰਗਰੇਜ਼ਾਂ ਦਾ ਲੈਂਗੀ ਗਾਹਲਾਂ ਤੋਂ ਬਿਨਾਂ ਕਿਵੇਂ ਗੁਜ਼ਾਰਾ ਹੁੰਦਾ ਹੈ। ਅਸੀਂ ਐਵੇਂ ਯਭਕਦੇ ਫਿਰਦੇ ਹਾਂ। ਨਾਲੇ ਯਭਲਾਂ ਨੂੰ ਪਤਾ ਨਹੀਂ ਕਿ ਯਭ ਤਾਂ ਮੈਥੁਨ (ਮ. ਕ. 2006) ਹੁੰਦਾ ਹੈ।

ਸਾਡੀ ਭਾਸ਼ਾ ਦੀ ਅਦਭੁਤ ਖ਼ੂਬੀ ਹੈ ਕਿ ਕਈ ਸ਼ਬਦਾਂ ਦੇ ਵਿਰੋਧੀ ਅਰਥ ਹਨ ।ਮੈਂ 'ਦ੍ਰੋਪਦੀ ਵੇਣੀ ਸੰਹਾਰ' ਪੜ੍ਹਨ ਲੱਗਾ ਤਾਂ ਹੈਰਾਨੀ ਹੋਈ ਕਿ ਇਹ ਪੱਟੀਆਂ ਦਾ 'ਵਿਨਾਸ਼' ਨਹੀਂ ਸਗੋਂ ਕੇਸ਼-ਰਚਨਾ ਅਰਥਾਤ ਪੱਟੀਆਂ ਦੇ 'ਸਮੇਟਣ' (ਮ. ਕ. 236) ਦੀ ਗੱਲ ਹੋ ਰਹੀ ਸੀ । ਖਾਦ ਸ਼ਬਦ ਲਿਖਦਿਆਂ ਬੜੀ ਮੁਸ਼ਕਲ ਆਉਂਦੀ ਹੈ (ਮ. ਕ. 372) ਜੋ ਪਾਠਕ ਖਾਣ ਵਾਲੀ ਚੀਜ਼ ਨੂੰ ਰੇਹ ਨਾ ਸਮਝ ਲਵੇ। ਲੇਖ ਵਿਚ ਮੈਨੂੰ ਮਜਬੂਰਨ ਖਾਦਯ ਲਿਖਣਾ ਪਿਆ ਹੈ। ਰਾਧ (ਮ. ਕ. 1032) ਅਪਰਾਧ ਗੁਨਾਹ ਦੇ ਨਾਲ ਨਾਲ ਪਕਾਉਣਾ ਉਪਾਸ਼ਨਾ ਕਰਨਾ ਵੀ ਹੈ। ਰਿਸ਼ਟ (ਮ. ਕ. 1038) ਭੁੱਨਿਆ ਹੋਇਆ ਅਤੇ ਨੇਕ, ਉੱਤਮ ਵੀ ਹੈ। ਮੋਨੀਅਰ ਵਿਲੀਅਮਜ਼ ਸੰਸਕ੍ਰਿਤ-ਅੰਗਰੇਜ਼ੀ ਡਿਕਸ਼ਨਰੀ ਵਿਚ



(223) ਰਿ to advance towards a foe, attack, invade ਨਾਲੇ surrender ਹੈ। ਵਰ (ਮ.ਕ. 1083) ਪਤੀ, ਬਾਲਕ

ਸ਼ਬਦ ਦੇ ਵਿਰੋਧੀ ਅਰਥਾਂ ਬਾਰੇ ਮੈਂ ਆਸਟਰੇਲੀਆ ਦੀ ਆਦਿ-ਵਾਸੀ ਭਾਸ਼ਾ ਦੇ ਕਿਸੇ ਵਰਣਨ ਤੋਂ ਸੁਚੇਤ ਹੋਇਆ ਸੀ।

ਮੇਰਾ ਅਨੁਮਾਨ ਇਹਨਾਂ ਦੋਵਾਂ ਗੱਲਾਂ ਨੂੰ ਹਿੰਦੂ ਮਿਥਿਆਸ ਦੇ ਮੁੱਢਲੇ ਵਿਰੋਧਾਰਥ ਨਾਲ ਜੋੜਦਾ ਹੈ ਜਦੋਂ ਦਕਸ਼ ਅਦਿਤਿ ਤੋਂ ਪੈਦਾ ਹੋਇਆ ਅਤੇ ਆਦਿਤਿ ਦਕਸ਼ ਤੋਂ। ਭਵ ਦੇ ਅਦਵੈਤ ਵਿਚ ਵਿਰੋਧ ਖਤਮ ਹੋ ਜਾਂਦੇ ਹਨ ਇੰਝ ਮੈਨੂੰ ਵੇਦਾਂਤ ਵੀ ਹਿੰਦੂ ਮਿਥਿਆਸ ਦੇ ਸਰਵ-ਸੰਮੇਲ (altogethery) ਦਾ ਤਾਰਕਿਕ ਰੂਪ ਲਗਦਾ ਹੈ ਜਦੋਂ ਕਿਸੇ ਚੀਜ਼ ਦੀ ਕਿਸੇ ਹੋਰ ਚੀਜ਼ ਨਾਲ ਮਾਯਾ ਤੋਂ ਬਿਨਾਂ ਕੋਈ ਸਾਂਝ ਨਹੀਂ। ਇਹ ਮੇਰੀ ਕਿਆਸ-ਆਰਾਈ (speculation) ਹੈ, ਦਲੀਲ ਨਹੀਂ।

ਜਦੋਂ ਸੰਖਚੂੜ ਵਰਗੇ ਰਾਖਸ਼ ਵੀ ਤ੍ਰਿਲੋਕੀ ਦੇ ਮਾਲਕ ਹੋ ਜਾਂਦੇ ਹਨ, ਰਾਵਣ ਦਾ ਛੋਟਾ ਭਾਈ ਇੰਦ੍ਰਾਜਿਤ ਤ੍ਰਿਲੋਕੀ ਦੇ ਮਾਲਕ ਇੰਦਰ ਨੂੰ ਜਿੱਤ ਲੈਂਦਾ, ਯੱਗ ਕਰਕੇ ਹਰੀਸ਼ਚੰਦਰ ਸ-ਦੇਹ ਸੁਰਗਾਂ ਨੂੰ ਜਾਣਾ ਚਾਹੁੰਦਾ ਹੈ, ਰਿਸ਼ੀ ਦੇਵਤਿਆਂ ਦੀ ਬਾਂਹ ਫੜਦੇ ਹਨ ...ਤਾਂ ਸਵੈਮੋਹ narcissism ਦੀ ਹੱਦਬੰਦੀ ਨਜ਼ਰ ਆਉਣ ਲੱਗ ਜਾਂਦੀ ਹੈ। **ਨਿਦਾਘ** (221) ਨੂੰ ਉਹਦੇ ਗੁਰੂ ਨੇ ਮੁਕਤੀ ਹਿੱਤ ਸਿਖਾਇਆ "to behold all things as the same with himself" ਤਾਂ ਭਾਰਤੀ ਅੰਤਰ-ਮੁਖਤਾ ਦੀ ਸਮਝ ਆ ਗਈ ਹੈ। ਹੁਣ ਲਗਦੈ ਸ਼ਾਇਦ ਉਪਰੋਕਤ ਵੀ ਕਿਆਸ-ਆਰਾਈ ਨਾ ਹੋਵੇ।

*Notes :*

1. "Daksh sprang from Aditi, and Aditi from Daksh" John Dowson 76
2. Thus, in surreal assemblages which bring evidence of the world of imagination, there are ideas of fertility, of materinity, of royalty and of being the mistress of wild animals. 29.
3. In the Rig Veda (x. 129) desire is said to have been the first movement that arose in One after it had come to life through the power of fervour or abstraction. Desire first arose in It which is the primal germ of mind; (and which) sages searching in their intellect, have discovered in their heart to be the bond which connects entity with non entity..."Dowson 146.
4. "Wives" are shared between group of ten or twelve men, especially between brothers and between fathers and sons, but the offspring of these unions are counted as the children of the man with whom a particular woman cohabited first" Caeser, **The Conquest of Gaul,** Penguin, Harmondsworth, 1984, 111.
5. "State of being in which the whole world, including other people, is experienced as a part of the self "128.

"attempt to reach the sine qua non of autonomy through the total introjection of the 'Other', the not-self". 87.

**The Inner World.** Sudhir Kakkar, OUP Delhi, 1982.

***[144, ਸੈਕਟਰ 65, ਫੇਜ਼ 11, ਐੱਸ. ਏ. ਐੱਸ. ਨਗਰ - 160 065]***

***(ਪੰਜਾਬ ਹਿਸਟਰੀ ਕਾਨਫਰੰਸ ਦੇ 42ਵੇਂ ਸੰਮੇਲਨ, ਪਟਿਆਲਾ ਮਾਰਚ 19-21, 2010 ਦਾ ਪ੍ਰਧਾਨਗੀ ਭਾਸ਼ਨ)***

# ਸੰਤ ਸਿੰਘ ਸੇਖੋਂ ਦੀ ਕਹਾਣੀ ਕਲਾ
## ਵਿਸ਼ੈਗਤ, ਦ੍ਰਿਸ਼ਟੀਗਤ ਤੇ ਕਲਾਗਤ ਪਾਸਾਰ

ਚੰਦਰ ਮੋਹਨ

ਸੰਤ ਸਿੰਘ ਸੇਖੋਂ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਯੁਗ ਪਰਿਵਰਤਕ ਮੰਨਿਆ ਗਿਆ ਹੈ। ਅਜਿਹੀ ਮਨੌਤ ਪਿੱਛੇ ਇਹ ਧਾਰਨਾ ਕੰਮ ਕਰਦੀ ਹੈ ਕਿ ਸੇਖੋਂ ਨੇ ਪੰਜਾਬੀ ਸਾਹਿਤ ਨੂੰ ਰੁਮਾਂਸਵਾਦੀ, ਸੁਧਾਰਵਾਦੀ ਇਤਿਆਦਿ ਸਾਹਿਤਕ ਘੇਰਿਆਂ ਵਿਚੋਂ ਕੱਢ ਕੇ ਸਿੱਧੇ ਤੌਰ ਉੱਤੇ ਜੀਵਨ-ਸੰਘਰਸ਼ ਦੇ ਪਿੜ ਲਈ ਤਿਆਰ ਕੀਤਾ। ਉਸਨੇ ਆਪਣੀਆਂ ਸਾਹਿਤਕ ਤੇ ਆਲੋਚਨਾਤਮਕ ਕਿਰਤਾਂ ਰਾਹੀਂ ਆਪਣੇ ਵੇਲੇ ਦੇ ਪ੍ਰਚੱਲਤ ਨਾਟਕ-ਨਾਵਲ-ਕਹਾਣੀ-ਆਲੋਚਨਾ ਜਿਹੇ ਸਾਹਿਤਕ ਰੂਪਾਂ ਦੇ ਵਿਸ਼ੈਗਤ, ਦ੍ਰਿਸ਼ਟੀਗਤ ਤੇ ਕਲਾਗਤ ਪਾਸਾਰਾਂ ਵਿਚ ਗੁਣਾਤਮਕ ਤਬਦੀਲੀ ਲਿਆ ਕੇ ਆਧੁਨਿਕ ਸੋਚ ਵਾਲੇ ਮੋਢੀ ਸਿਰਜਕ ਦੀ ਭੂਮਿਕਾ ਨਿਭਾਈ ਹੈ। ਉਸਦੀ ਲਿਆਂਦੀ ਗੁਣਾਤਮਕ ਤਬਦੀਲੀ ਦਾ ਆਧਾਰ ਉਸਦਾ ਵਿਗਿਆਨਕ ਚਿੰਤਨ ਬਣਦਾ ਹੈ ਜੋ ਵਿਭਿੰਨ ਵਿਚਾਰਧਾਰਕ ਸਰੋਤਾਂ ਤੋਂ ਸ਼ਕਤੀ ਗ੍ਰਹਿਣ ਕਰਦਾ ਹੋਇਆ ਮਾਰਕਸੀ ਚਿੰਤਨ ਨੂੰ ਪ੍ਰਧਾਨ ਰੂਪ ਵਾਲੀ ਧੁਨੀ ਵਜੋਂ ਉਭਾਰਦਾ ਹੈ ਪਰ ਡਾ. ਰਘਬੀਰ ਸਿੰਘ[1] ਦਾ ਮੰਨਣਾ ਹੈ ਕਿ ਉਹ ਆਪਣੇ ਆਪ ਨੂੰ ਮਾਰਕਸਵਾਦੀ ਚਿੰਤਕ ਦੀ ਥਾਂ ਇਤਿਹਾਸਕ ਪਦਾਰਥਵਾਦੀ ਚਿੰਤਕ ਗਰਦਾਨੇ ਜਾਣ ਦੇ ਵਧੇਰੇ ਹੱਕ ਵਿਚ ਸੀ। ਉਸ ਦੀ ਹਉਂ ਉਸਨੂੰ ਇਕ ਪਿਛਲੱਗ ਵਜੋਂ ਕਿਸੇ ਇਕ ਵਿਅਕਤੀ ਦੇ ਚਿੰਤਨ ਨਾਲ ਜੋੜਨ ਵੱਲ ਰੁਚਿਤ ਨਹੀਂ ਸੀ। ਉਸਦੇ ਸਮਾਜਕ ਸਾਂਸਕ੍ਰਿਤਕ ਪਿਛੋਕੜ ਦਾ ਦਖਲ ਉਸ ਨੂੰ ਸ਼ੁਧ ਮਾਰਕਸਵਾਦੀ ਬਣਨ ਤੋਂ ਹੋੜਦਾ ਸੀ। ਪੰਜਾਬ ਦੇ ਪ੍ਰਾਦੇਸ਼ਕ, ਧਾਰਮਿਕ ਤੇ ਜਾਤੀਗਤ ਸਰੋਕਾਰਾਂ ਦਾ ਉਸਦੇ ਚਿੰਤਨ ਵਿਚ ਵੀ ਤੇ ਵਿਹਾਰ ਵਿਚ ਵੀ ਉਨਾ ਹੀ ਦਖਲ ਸੀ ਜਿੰਨਾ ਇਤਿਹਾਸਕ ਪਦਾਰਥਵਾਦੀ ਫ਼ਲਸਫ਼ੇ ਨਾਲ ਉਸਦਾ ਲਗਾਉ।

ਸੰਤ ਸਿੰਘ ਸੇਖੋਂ ਨੇ ਇਤਿਹਾਸਕ ਪਦਾਰਥਵਾਦੀ ਫ਼ਲਸਫ਼ੇ ਨਾਲ ਲਗਾਉ ਰੱਖ ਕੇ ਹੀ ਵੀਹਵੀਂ ਸਦੀ ਦੇ ਲਗਪਗ ਪਹਿਲੇ ਅੱਧ ਦੇ ਪੰਜਾਬੀ ਜੀਵਨ, ਸਭਿਆਚਾਰ ਅਤੇ ਇਤਿਹਾਸ ਦੀ ਦਵੰਦਾਤਮਕ ਤੋਰ ਨੂੰ ਗਲਪ ਦੀ ਪੱਧਰ 'ਤੇ ਪਕੜਣ ਲਈ ਪੰਜ ਕਹਾਣੀ ਸੰਗ੍ਰਹਿਆਂ ਅਤੇ ਦੋ ਨਾਵਲਾਂ ਦੀ ਸਿਰਜਣਾ ਕੀਤੀ। 'ਸਮਾਚਾਰ', 'ਕਾਮੇ ਤੇ ਯੋਧੇ' ਅਤੇ 'ਅੱਧੀ ਵਾਟ' ਉਸਦੇ ਪਹਿਲੇ ਤਿੰਨ ਕਹਾਣੀ ਸੰਗ੍ਰਹਿ ਹਨ ਜਿਹਨਾਂ ਵਿਚ ਉਸ ਨੇ ਵਧੇਰੇ ਕਰਕੇ ਕਿਸਾਨੀ ਤੇ ਪੇਂਡੂ ਕੰਮੀਆਂ ਦੇ ਜੀਵਨ-ਯਥਾਰਥ ਨੂੰ ਪੇਸ਼ ਕੀਤਾ ਹੈ। 'ਤੀਜਾ ਪਹਿਰ' ਵਿਚ ਮੱਧ ਵਰਗੀ ਸ਼ਹਿਰੀ ਵਿਅਕਤੀਆਂ ਦੀ ਜੀਵਨ-ਨੁਹਾਰ ਨੂੰ ਵਿਸ਼ਾ-ਵਸਤ ਬਣਾਇਆ ਹੈ, ਜਦਕਿ ਆਖਰੀ ਸੰਗ੍ਰਹਿ 'ਸਿਆਣਪਾਂ' ਰਾਹੀਂ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਉੱਤੇ ਅਨੁਭਵੀ ਵਿਅਕਤੀ ਦੀ ਪਾਈ ਗਈ ਪੜਚੋਲਵੀਂ ਝਾਤ ਦੇ ਦਰਸ਼ਨ ਕਰਵਾਏ ਹਨ। ਇਹਨਾਂ ਪੰਜ ਸੰਗ੍ਰਹਿਆਂ ਨੂੰ 'ਕਥਾ ਪੰਧ' ਸਿਰਲੇਖ ਵਾਲੀ ਵਡ-ਆਕਾਰੀ ਪੁਸਤਕ ਵਿਚ ਇਕੱਤਰ ਕਰਕੇ ਡਾ. ਤੇਜਵੰਤ ਸਿੰਘ ਗਿੱਲ ਨੇ 'ਤਰਤੀਬ' ਸਿਰਲੇਖ ਦੇ ਅੰਤਰਗਤ ਇਹਨਾਂ ਦੇ ਕਲਾਗਤ ਵਿਕਾਸ ਬਾਰੇ ਕ੍ਰਮਵਾਰ ਇਹ ਸਥਾਪਨਾਵਾਂ ਬਣਾਈਆਂ ਹਨ; ਪੰਜਾਬੀ ਵਿਚ ਨਿੱਕੀ ਕਹਾਣੀ ਦਾ ਆਰੰਭ, ਇਸੇ 'ਆਰੰਭ' ਦਾ ਭਰਪੂਰ ਵਿਕਾਸ, ਨਵੇਂ ਮੋੜ ਦੀ ਕਹਾਣੀ ਕਲਾ, ਇਸੇ 'ਮੋੜ' ਨੂੰ ਸਾਰਥਿਕ ਬਣਾਉਣ ਵਿਚ ਹੋਰ ਨਿਖਾਰ, ਜੀਵਨ ਦਾ ਸਰਲ ਪਰ ਸਦੀਵੀ ਵਿਵੇਕ।

ਡਾ. ਗਿੱਲ ਦੀਆਂ ਉਪਰੋਕਤ ਸਥਾਪਨਾਵਾਂ ਦਾ ਵਸਤੂਗਤ ਆਧਾਰ ਉਸਦੇ ਇਹ ਸਮਾਜ-ਸ਼ਾਸਤਰੀ ਵਿਚਾਰ ਬਣੇ ਹਨ : 'ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਦੇ ਵਕਤ ਕਿਸੇ ਘਟਨਾ ਜਾਂ ਪਾਤਰ, ਅਨੁਭਵ ਜਾਂ ਸੰਬੰਧ ਨੂੰ ਸੂਖਮ ਤੇ ਸੰਖੇਪ ਰੂਪ ਵਿਚ ਪੇਸ਼ ਕਰਨਾ ਜ਼ਰੂਰੀ ਸੀ। ਜਿਸ ਕਾਰਨ ਨਿੱਕੀ ਕਹਾਣੀ ਕਹਾਣੀ-ਕਲਾ ਕਿਰਤ ਦੇ ਨਾਲ ਸਭਿਆਚਾਰਕ ਨਿਸ਼ਾਨੀ ਬਣਨਾ ਵੀ ਲੋੜਦੀ ਸੀ। ਦੇਸ਼ ਦੇ ਆਜ਼ਾਦ ਹੋ ਜਾਣ ਤੋਂ ਬਾਅਦ ਜਿਸ ਲੋਕਰਾਜ ਦੀ ਸਥਾਪਨਾ ਹੋਈ ਉਸ ਨਵੀਨ ਇਤਿਹਾਸਕ ਪੜਾਅ 'ਤੇ ਨਿੱਕੀ ਕਹਾਣੀ ਲਈ ਸੇਧ ਦਰਸਾਉਣਾ, ਆਸ ਬੰਨ੍ਹਾਉਣਾ ਤੇ ਧਰਵਾਸ ਜਤਾਉਣਾ ਬਹੁਤ ਜ਼ਰੂਰੀ



ਬਣ ਗਿਆ ਸੀ।[2] ...ਜੀਵਨ ਦਾ ਸਰਲ ਪਰ ਸਦੀਵੀ ਵਿਵੇਕ ਨਿਰੋਲ ਪਦਾਰਥਕ ਤੇ ਸਥੂਲ ਤਕ ਸੀਮਤ ਹੋ ਕੇ ਨਹੀਂ ਰਹਿ ਸਕਦਾ; ਉਹ ਸੂਖਮ ਤੇ ਜੀਵਨ-ਭਾਵੀ ਭਾਵਾਂ, ਮਨੋਭਾਵਾਂ ਤੇ ਗੱਲਾਂ ਦੇ ਪਾਸਾਰ ਲਈ ਵੀ ਤਾਂਘਦਾ ਹੈ।[3] ਇਸ ਲਈ ਸੇਖੋਂ ਦੀ ਕਹਾਣੀ ਕਲਾ ਜੀਵਨ ਦੀ ਅਜਿਹੀ ਤਾਂਘ ਨੂੰ ਦਰਸਾਉਂਦੀ ਹੈ। ਕਹਾਣੀਕਾਰ ਸੇਖੋਂ ਬਾਰੇ ਚਰਚਾ ਕਰਦਿਆਂ ਸੁਰਿੰਦਰ ਸਿੰਘ ਨਰੂਲਾ ਨੇ ਠੀਕ ਹੀ ਲਿਖਿਆ ਸੀ ਕਿ "ਸੰਤ ਸਿੰਘ ਸੇਖੋਂ ਦੀ ਪੰਜਾਬੀ ਕਹਾਣੀ ਦੇ ਪਿੜ ਵਿਚ ਇਕ ਪ੍ਰਕਾਰ ਨਾਲ ਸਰਦਾਰੀ ਹੈ ਅਤੇ ਉਸ ਦੀ ਪ੍ਰਾਪਤੀਆਂ ਦਾ ਸਦਕਾ ਪੰਜਾਬੀ ਕਹਾਣੀ ਨੂੰ ਦੂਜੀਆਂ ਭਾਰਤੀ ਬੋਲੀਆਂ ਵਿਚ ਵੀ ਮਾਣ ਪ੍ਰਤਿਸ਼ਠਾ ਪ੍ਰਾਪਤ ਹੈ। ਨਿੱਕੀ ਕਹਾਣੀ ਦੀ ਤਕਨੀਕ ਤੋਂ ਪੂਰੀ ਤਰ੍ਹਾਂ ਜਾਣੂ ...ਉਸ ਦੀਆਂ ਕਹਾਣੀਆਂ ਨਾ ਕੇਵਲ ਕਲਾਤਮਕ ਪੱਖ ਤੋਂ ਬਹੁਤ ਸਫਲ ਹਨ ਸਗੋਂ ਵਿਸ਼ੇ-ਚੋਣ ਵਿਚ ਵੀ ਉਸ ਨੇ ਅਸਾਧਾਰਣ ਸੂਝ ਬੂਝ ਦਾ ਸਬੂਤ ਦਿੱਤਾ ਹੈ।"[4]

ਕਹਾਣੀਕਾਰ ਦੇ ਤੌਰ 'ਤੇ ਸੰਤ ਸਿੰਘ ਸੇਖੋਂ ਨੇ ਆਧੁਨਿਕ ਨਿੱਕੀ ਕਹਾਣੀ ਦੀ ਸਿਰਜਣਾ ਤੋਂ ਬਿਨਾਂ ਪੰਜਾਬੀ ਕਹਾਣੀ ਸੰਬੰਧੀ ਸਿਧਾਂਤਕ ਧਾਰਨਾਵਾਂ ਨੂੰ ਘੜ ਕੇ ਵੀ ਪੰਜਾਬੀ ਕਹਾਣੀ-ਸ਼ਾਸਤਰ ਉਸਾਰਨ ਦਾ ਜਿਹੜਾ ਮੁੱਢਲਾ ਵਿਗਿਆਨਕ ਉਪਰਾਲਾ ਕੀਤਾ ਉਸਦੀ ਬਦੌਲਤ ਹੀ ਉਹ ਆਪਣੇ ਸਮਕਾਲੀ ਕਹਾਣੀ ਲੇਖਕਾਂ ਅਤੇ ਪਿੱਛੋਂ ਆਉਣ ਵਾਲਿਆਂ ਲਈ ਕਹਾਣੀ ਕਲਾ ਦੀ ਆਤਮਾ ਨੂੰ ਲੱਭਣ ਦਾ ਪ੍ਰੇਰਨਾ ਸਰੋਤ ਬਣਿਆ। ਕਹਾਣੀ ਕਲਾ ਦੀ ਆਤਮਾ (ਸਾਧਾਰਨ ਵਿਅਕਤੀ ਦੀ ਸਾਧਾਰਨਤਾ ਦੇ ਰਹੱਸ ਦੀ ਪੇਸ਼ਕਾਰੀ) ਨੂੰ ਲੱਭਣ ਲਈ ਉਸਨੇ ਆਪਣੀ ਕਹਾਣੀ ਕਲਾ ਰਾਹੀਂ ਕਰਜ਼ੇ ਦੇ ਸਮੱਸਿਆਕਾਰ, ਬਾਰ ਦੇ ਭੂਗੋਲਿਕ ਇਲਾਕੇ ਦੀ ਪ੍ਰਕਿਰਤੀ ਦੇ ਨਾਲ ਨਾਲ ਉਥੋਂ ਦੇ ਕਿਸਾਨੀ ਜੀਵਨ ਦੇ ਸਮਾਜਕ ਤੇ ਆਰਥਿਕ ਹਾਲਾਤ ਦੇ ਦ੍ਰਿਸ਼ਟਾਂਤਾਂ, ਇਕ ਕਿਸਾਨ ਨੂੰ ਫੌਜ ਦੀ ਨੌਕਰੀ ਕਰਨ ਦੇ ਜ਼ਿੰਮੇਵਾਰ ਸਮਾਜਕ ਤੇ ਆਰਥਿਕ ਕਾਰਨਾਂ, ਵਿਧਵਾ ਔਰਤ ਦੀ ਸੰਕਟਗ੍ਰਸਤ ਹੋਂਦ, ਪ੍ਰਚਲਤ ਇਤਿਹਾਸਕ ਤੇ ਰਾਜਨੀਤਕ ਵਿਚਾਰਾਂ ਅਥਵਾ ਘਟਨਾਵਾਂ ਦੀ ਪਰਖ-ਪੜਚੋਲ, ਗ਼ਰੀਬੀ-ਬੀਮਾਰੀ-ਮਹਿੰਗਾਈ ਤੇ ਬੇਰੁਜ਼ਗਾਰੀ ਵਰਗੀਆਂ ਪ੍ਰਕਿਰਤਕ ਤੇ ਸਮਾਜਕ ਲਾਹਣਤਾਂ ਦੀ ਦਵੰਦਮਈ ਨਿਸ਼ਾਨਦੇਹੀ ਜਿਹੀਆਂ ਵਿਸ਼ੈਗਤ ਇਕਾਈਆਂ ਨੂੰ ਵਿਗਿਆਨਕ ਦ੍ਰਿਸ਼ਟੀ ਅਤੇ ਨਵੀਆਂ ਕਲਾਤਮਕ ਜੁਗਤਾਂ ਨਾਲ ਪ੍ਰਸਤੁਤ ਕੀਤਾ। ਕਿਉਂਕਿ ਉਹ ਅੰਗਰੇਜ਼ੀ ਸਾਹਿਤ ਦੇ ਅਧਿਐਨ ਰਾਹੀਂ ਪੰਜਾਬੀ ਦੇ ਸਿਰਜਣਾਤਮਕ ਸਾਹਿਤ-ਜਗਤ ਵਿਚ ਆਇਆ ਸੀ, ਇਸ ਲਈ ਯੂਰਪੀ ਤੇ ਅਮਰੀਕਨ ਕਹਾਣੀਕਾਰਾਂ ਦੀ ਤਕਨੀਕ ਨੂੰ ਵਰਤਣਾ ਉਸ ਲਈ ਸਹਿਲ ਵੀ ਸੀ ਤੇ ਸੁਭਾਵਕ ਵੀ।

ਅਸੀਂ ਸਭ ਤੋਂ ਪਹਿਲਾਂ ਕਰਜ਼ੇ ਦੀ ਸਮੱਸਿਆ ਨਾਲ ਸੰਬੰਧਤ ਉਸ ਦੀਆਂ ਇਹਨਾਂ ਪ੍ਰਮੁੱਖ ਕਹਾਣੀਆਂ ਨੂੰ ਲੈਂਦੇ ਹਾਂ : 'ਏਹੁ ਨਿਦੋਸਾ ਮਾਰੀਐ', 'ਲੇਖੇ ਛੋਡ ਅਲੇਖੇ ਛੂਟਹਿ', 'ਇਕ ਯੋਧੇ ਦਾ ਚਲਾਣਾ', 'ਕੀਟਾਂ ਅੰਦਰ ਕੀਟ', 'ਸ਼ਾਮ ਲਾਲ ਵੇਦਾਂਤੀ' ਅਤੇ 'ਨਿਮਕ ਹਰਾਮ'।

'ਏਹੁ ਨਿਦੋਸਾ ਮਾਰੀਐ' ਕਹਾਣੀ ਕਰਜ਼ੇ ਦੇ ਸਵਾਲ ਨੂੰ ਇਸ ਇਤਿਹਾਸਕ ਤੇ ਰਾਜਨੀਤਕ ਪ੍ਰਕਰਣ ਵਿਚ ਰੱਖ ਕੇ ਵੇਖਦੀ ਹੈ। ਵੀਹਵੀਂ ਸਦੀ ਦੇ ਚੌਥੇ ਤੇ ਪੰਜਵੇਂ ਦਹਾਕਿਆਂ ਦੌਰਾਨ ਪੰਜਾਬ ਵਿਚ ਕਿਸਾਨ ਪੱਖੀ ਯੂਨੀਅਨਿਸਟ ਪਾਰਟੀ ਦੇ ਸਿਰਕੱਢ ਆਗੂ ਸਰ ਛੋਟੂ ਰਾਮ ਦੇ ਜਤਨਾਂ ਸਦਕਾ ਬਣਿਆ ਕਰਜ਼ੇ ਦਾ ਕਾਨੂੰਨ ਜੋ ਕੁਝ ਕਰਜ਼ਾਈਆਂ ਦੇ ਹੱਕ ਵਿਚ ਹੁੰਦਾ ਹੈ ਤਾਂ ਉਸ ਹੱਕੀ ਕਾਨੂੰਨ ਨੂੰ ਸੇਖੋਂ ਵਰਗਾ 'ਬੌਧਿਕ ਕਹਾਣੀਕਾਰ'[5] ਆਪਣੀ ਆਲੋਚਨਾਤਮਕ ਯਥਾਰਥਵਾਦੀ ਦ੍ਰਿਸ਼ਟੀ ਨਾਲ ਵੇਖ ਕੇ ਪਾਠਕਾਂ ਨੂੰ ਦਿਖਾਉਣ ਦਾ ਆਪਣੇ ਜ਼ਿੰਮੇ ਆਇਆ ਸਾਹਿਤਕ ਫਰਜ਼ ਇਸ ਕਹਾਣੀ ਨੂੰ ਰਚ ਕੇ ਨਿਭਾਉਂਦਾ ਹੈ। ਕਹਾਣੀ ਦੀ ਮੂਲ ਟੇਕ ਪੰਜਾਬੀ ਸਮਾਜ ਅੰਦਰ ਸ਼ਾਹੂਕਾਰਾ ਪ੍ਰਣਾਲੀ ਦੀ ਲੁੱਟ-ਖਸੁੱਟ ਬਣੀ ਹੈ। ਕਹਾਣੀ ਵਿਚ ਕਿਸਾਨੀ ਦੀਆਂ ਤਿੰਨ ਪੀਹੜੀਆਂ ਨੂੰ ਹੜੱਪਣ ਦਾ ਕਲਾਤਮਕ ਕਾਰਜ ਹੁੰਦਾ ਵਿਖਾਇਆ ਗਿਆ ਹੈ। ਪਹਿਲੀਆਂ ਦੋ ਪੀਹੜੀਆਂ ਇੰਦਰ ਸਿੰਘ ਤੇ ਉਸ ਦੇ ਪਿਉ ਵਾਲੀਆਂ ਹਨ ਜੋ ਸ਼ਾਹੂਕਾਰਾ ਲੁੱਟ ਦਾ ਪੂਰਨ ਭਾਂਤ ਸ਼ਿਕਾਰ ਹਨ। ਪਰ ਜਸਵੰਤ ਵਾਲੀ ਤੀਸਰੀ ਪੀਹੜੀ ਇਸ ਦੇ ਵਿਰੁੱਧ ਲਾਮਬੰਦ ਹੁੰਦੀ ਹੈ। ਇਸ ਦੀ ਵਿਰੋਧਤਾ ਦਾ ਮੂਲ ਕਾਰਨ ਸ਼ਾਹੂਕਾਰਾ ਅਥਵਾ ਮਹਾਜਨੀ ਸਿਸਟਮ ਵਿਰੁੱਧ

ਅੰਗਰੇਜ਼ੀ ਭਾਰਤ ਦੇ ਸਾਮਰਾਜੀ ਰਾਜਸੀ ਕਾਰਨਾਂ ਵਿਚੋਂ ਲੱਭਿਆ ਗਿਆ ਹੈ। ਭਾਗਵਾਦ ਜਾਂ ਪਿਤਰ-ਪੂਜਾ ਵਿਚ ਵਿਸ਼ਵਾਸ ਰੱਖਣ ਵਾਲੀ ਕਿਸਾਨੀ ਜਸਵੰਤ ਨਾਮੀ ਪਾਤਰ ਦੇ ਰੂਪ ਵਿਚ ਤਰਕਵਾਦੀ ਸਰੂਪ ਅਖਤਿਆਰ ਕਰਦੀ ਹੈ। ਜਸਵੰਤ ਸਿੰਘ ਆਪਣੇ ਪਿਤਰ-ਪੂਜ ਪਿਤਾ ਇੰਦਰ ਸਿੰਘ ਦੇ ਸਾਹਵੇਂ ਤਕਰਵਾਦੀ ਪੁੱਤਰ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਦੋਹਾਂ ਦੀਆਂ ਸੋਚਾਂ ਅਲੱਗ-ਅਲੱਗ ਹਨ। ਆਪਣੀ ਆਪਣੀ ਸੋਚ ਮੁਜਬ ਉਹ ਆਪਣੇ ਸਿਰ ਚੜ੍ਹੇ ਕਰਜ਼ੇ ਨੂੰ ਉਤਾਰਨਾ ਚਾਹੁੰਦੇ ਹਨ। ਇੰਦਰ ਸਿੰਘ ਆਪਣੇ ਪੁੱਤਰ ਜਸਵੰਤ ਨੂੰ ਪੜ੍ਹਾ ਲਿਖਾ ਕੇ ਉਸ ਕੋਲੋਂ ਆਸ ਰੱਖਦਾ ਹੈ ਕਿ ਪੁੱਤਰ ਸ਼ਾਹੂਕਾਰ ਦੇ ਉਸ ਸਿਰ ਚੜ੍ਹੇ ਕਰਜ਼ੇ ਨੂੰ ਲਾਹ ਦੇਵੇ। ਇੰਦਰ ਸਿੰਘ ਦਾ ਸੱਚ ਆਪਣੀ ਤਰ੍ਹਾਂ ਦਾ ਸੱਚ ਹੈ ਤੇ ਜਸਵੰਤ ਸਿੰਘ ਦਾ ਆਪਣੀ ਤਰ੍ਹਾਂ ਦਾ। ਅਸਲ 'ਚ ਇਹ ਦੋ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਦਾ ਸੱਚ ਹੈ। ਦੋਹਾਂ ਸੱਚਾਂ ਦਾ ਤਨਾਉ ਹੀ 'ਏਹੁ ਨਿਦੋਸਾ ਮਾਰੀਐ' ਕਹਾਣੀ ਦੇ ਬਿਰਤਾਂਤ ਤੇ ਵਿਚਾਰਧਾਰਾ ਨੂੰ ਆਪਸ ਵਿਚ ਜੋੜ ਕੇ ਇਸਨੂੰ ਕਲਾਤਮਕ ਸ਼ਕਤੀ ਪ੍ਰਦਾਨ ਕਰਦਾ ਹੈ।

'ਇਕ ਯੋਧੇ ਦਾ ਚਲਾਣਾ' ਕਹਾਣੀ ਵਿਚ ਦਰਸਾਇਆ ਗਿਆ ਹੈ ਕਿ ਕਿਸਾਨੀ ਦੀ ਆਰਥਿਕ ਮੰਦਹਾਲੀ ਦਾ ਹੱਲ ਵਿੱਦਿਆ ਪ੍ਰਾਪਤੀ ਵਿਚ ਹੈ। ਕਹਾਣੀ ਵਿਚ ਬਿਜੈ ਸਿੰਘ ਨਾਮੀ ਪਾਤਰ, ਜੋ ਸੇਖੋਂ ਦੀ ਨਜ਼ਰ ਵਿਚ ਇਕ ਯੋਧਾ ਹੈ, ਦਾ ਚਲਾਣਾ ਨਿਸਚਤ ਹੈ। ਜੀਵਨ ਤੇ ਮੌਤ ਉੱਤੇ ਪ੍ਰਕਿਰਤਕ ਨਿਯਮ ਲਾਗੂ ਹੁੰਦੇ ਹਨ। ਜਨਮ ਤੇ ਮੌਤ ਦਰਮਿਆਨ ਜੋ ਸਮਾਂ ਹੈ ਉਸਨੂੰ ਕਾਮਯਾਬੀ ਨਾਲ ਜਿਉਣਾ ਹੀ ਮਨੁੱਖ ਜੀਵਨ ਦਾ ਲਕਸ਼ ਹੈ। ਸੇਖੋਂ ਦੇ ਪਾਤਰ ਅਜਿਹੇ ਲਕਸ਼ ਨੂੰ ਪਾਠਕਾਂ ਸਾਹਵੇਂ ਰੱਖਦੇ ਹਨ ਜਿਵੇਂ ਬਿਜੈ ਸਿੰਘ ਆਰਥਿਕ ਕਦਰਾਂ-ਕੀਮਤਾਂ ਤੋਂ ਉਲਟ ਜਾ ਕੇ ਆਪਣੇ ਪੁੱਤਰ ਮਦਨ ਨੂੰ ਪੜ੍ਹਾਉਣ ਲਈ ਕਰਜ਼ੇ ਦਾ ਸਹਾਰਾ ਲੈਂਦਾ ਹੈ। ਕਰਜ਼ਾ ਚੁੱਕ ਕੇ ਉਸ ਨੂੰ ਪੜ੍ਹਾਉਂਦਾ ਹੈ। ਆਪਣੇ ਮਕਸਦ ਵਿਚ ਉਹ ਉਦੋਂ ਸਫਲ ਹੋਇਆ ਮਹਿਸੂਸਦਾ ਹੈ ਜਦੋਂ ਮਦਨ ਇਕ ਲਾਇਕ ਵਕੀਲ ਬਣ ਜਾਂਦਾ ਹੈ। ਪਰ ਉਸਦਾ ਲਾਇਕ ਵਕੀਲ ਪੁੱਤਰ ਇਹ ਸੱਧਰ ਪੂਰੀ ਨਹੀਂ ਕਰ ਪਾਉਂਦਾ ਕਿ ਮਰਨ ਤੋਂ ਪਹਿਲਾਂ ਬਿਜੈ ਸਿੰਘ ਕਰਜ਼ੇ ਤੋਂ ਮੁਕਤ ਹੋ ਜਾਵੇ। ਬਿਜੈ ਸਿੰਘ ਇਕ ਉਤਸ਼ਾਹੀ ਕਿਸਾਨ ਹੈ ਜੋ ਆਪਣੇ ਪੁੱਤਰ ਮਦਨ ਦੀ ਪੜ੍ਹਾਈ ਦੇ ਖਰਚ ਲਈ ਕਰਜ਼ਾ ਚੁੱਕ ਕੇ ਹੌਂਸਲਾ ਤੇ ਹਿੰਮਤ ਤਾਂ ਦਿਖਾਉਂਦਾ ਹੈ ਪਰ ਉਸਦਾ ਪੁੱਤਰ ਮਦਨ ਲਾਇਕ ਵਕੀਲ ਬਣਨ ਉਪਰੰਤ ਵੀ ਆਪਣੇ ਪਿਤਾ ਦਾ ਚੁੱਕਿਆ ਕਰਜ਼ਾ ਨਹੀਂ ਚੁਕਾ ਪਾਉਂਦਾ। ਮਦਨ ਸਮਝਣ ਲੱਗ ਪੈਂਦਾ ਹੈ ਕਿ ਉਸ ਨੂੰ ਪੜ੍ਹਾਉਣ ਦੀ ਕੀਤੀ ਬਿਜੈ ਸਿੰਘ ਦੀ ਉਮਰ ਭਰ ਦੀ ਮਿਹਨਤ ਦਾ ਫਲ ਉਸਨੂੰ ਤੁੱਛ ਰੂਪ 'ਚ ਮਿਲਿਆਹੈ। ਮਦਨ ਨੂੰ ਇਹ ਆਪਣੇ ਪਿਤਾ ਨਾਲ ਕੀਤੀ ਉਸ ਦੀ ਬੇ-ਇਨਸਾਫੀ ਮਾਲੂਮ ਹੁੰਦੀ ਹੈ। ਪਿਉ ਪੁੱਤਰ ਦਾ ਇਕ ਦੂਸਰੇ ਲਈ ਵਿਵਹਾਰ ਉਹਨਾਂ ਦੀ ਵਿਅਕਤੀਗਤ ਇਖ਼ਲਾਕੀ ਤੇ ਦਿਮਾਗੀ ਸੁਘੜਤਾ ਦੇ ਅੰਤਰ ਕਾਰਨ ਵਿਆਪਦਾ ਹੈ। ਇਹ ਅੰਤਰ ਹੀ ਦੋਹਾਂ ਪਾਤਰਾਂ ਵਿਚੋਂ ਇਕ ਨੂੰ ਯੋਧਾ (ਬਿਜੈ ਸਿੰਘ) ਤੇ ਦੂਸਰੇ ਨੂੰ ਪਹਿਲੇ ਦੇ ਯੋਧਾ ਬਣਾਉਣ ਦਾ ਕਾਰਨ ਬਣ ਜਾਂਦਾ ਹੈ।

ਐਪਰ 'ਲੇਖੈ ਛੋਡ ਅਲੇਖੈ ਛੂਟਹਿ' ਕਹਾਣੀ ਵਿਚਲਾ ਪਾਤਰ ਕਰਜ਼ੇ ਤੋਂ ਮੁਕਤ ਹੁੰਦਾ ਵਿਖਾਇਆ ਗਿਆ ਹੈ। ਇਸ ਕਹਾਣੀ ਵਿਚ ਇਕ ਮੁਸਲਮਾਨ ਕਿਸਾਨ 'ਰਮਜ਼ਾਨ' ਵੱਲੋਂ ਇਕ ਸਿੱਖ ਸ਼ਾਹੂਕਾਰ 'ਮਹਿੰਗਾ ਸਿੰਘ' ਕੋਲ ਆਪਣੇ ਪੁੱਤਰ ਜਲਾਲ ਦੀ ਸੁੰਨਤ ਲਈ ਕਰਜ਼ਾ ਲੈਣ ਦਾ ਮਸਲਾ ਸਾਹਵੇਂ ਆਉਂਦਾ ਹੈ। ਇਹ ਮਸਲਾ ਪੰਜਾਬ ਦੇ ਕਿਸਾਨੀ ਸਮਾਜ ਵਿਚ ਮੁਸਲਮਾਨ ਪੰਜਾਬੀ ਕਿਸਾਨੀ ਅਤੇ ਸਿੱਖ ਜੱਟ ਕਿਸਾਨੀ ਦੇ ਆਰਥਿਕ ਸੰਬੰਧਾਂ ਦੇ ਦਵੰਦਮਈ ਰੂਪ ਨੂੰ ਉਘਾੜਦਾ ਹੈ। ਕਿਸਾਨੀ ਦੇ ਇਹਨਾਂ ਦੋਹਾਂ ਜਾਤੀਗਤ ਰੂਪਾਂ ਦੇ ਦਵੰਦ ਤੋਂ ਪਤਾ ਚਲਦਾ ਹੈ ਕਿ ਪੰਜਾਬੀ ਦੀ ਨਿਮਨ ਕਿਸਾਨੀ ਹਮੇਸ਼ਾ ਸ਼ਾਹੂਕਾਰਾਂ ਦੇ ਕਰਜ਼ੇ ਹੇਠ ਦੱਬੀ ਰਹੀ ਹੈ। 'ਗੁਰੂ ਬਿਨਾਂ ਗਤ ਨਹੀਂ ਤੇ ਸ਼ਾਹ ਬਿਨਾਂ ਪਤ ਨਹੀਂ' ਵਾਲਾ ਲੋਕ ਕਥਨ ਆਪਣੇ ਬਦਲਵੇਂ ਰੂਪਾਂ ਸਹਿਤ ਕਿਸਾਨੀ ਸਮਾਜ ਉੱਪਰ ਹਮੇਸ਼ਾ ਹੀ ਲਾਗੂ ਰਿਹਾ ਹੈ। ਕਿਸਾਨੀ ਸਮਾਜ ਸਿਰੋਂ ਕਰਜ਼ੇ ਦੀ ਪੰਡ ਨੂੰ ਲਾਹੁਣ ਲਈ ਸਮੇਂ ਸਮੇਂ ਸਿਰ ਭਾਰਤ ਦੀ ਅੰਗਰੇਜ਼ੀ ਬਸਤੀਵਾਦੀ ਸਰਕਾਰ ਵੱਲੋਂ ਕਾਨੂੰਨ ਵੀ ਬਣਾਏ ਗਏ ਪਰ ਅਜਿਹੇ ਕਾਨੂੰਨ ਕਰਜ਼ੇ ਦੇ ਲੇਖਿਆਂ ਤੋਂ



ਵਿਹਾਰਕ ਰੂਪ ਵਿਚ ਕਿਸਾਨਾਂ ਦੀ ਖਲਾਸੀ ਕਰਵਾਉਣ ਲਈ ਨਾਕਾਫੀ ਸਨ। ਜੱਟਾਂ ਦੇ ਕਰਜ਼ਿਆਂ ਉੱਤੇ ਲੀਕ ਮਰਵਾਉਣ ਵਾਲੇ ਸਰ ਛੋਟੂ ਰਾਮ ਦੇ ਰਾਜਸੀ ਜਤਨ ਵੀ ਬਹੁਤੇ ਕਾਰਗਰ ਸਾਬਤ ਨਾ ਹੋ ਸਕੇ ਅਤੇ ਰਮਜ਼ਾਨ ਵਰਗੇ ਮੁਸਲਮਾਨ ਕਿਸਾਨਾਂ ਉੱਤੇ ਮਹਿੰਗਾ ਸਿੰਘ ਵਰਗੇ ਜੱਟ ਕਿਸਾਨੀ ਸਰੂਪ ਵਾਲੇ ਸ਼ਾਹੂਕਾਰਾਂ ਦਾ ਕਰਜ਼ਾ ਨਰਮ ਅਮਰ ਵੇਲ ਵਾਂਗ ਵੱਧਦਾ ਗਿਆ, ਜਿਸ ਤੋਂ ਛੁਟਕਾਰਾ ਪਾਉਣਾ ਰਮਜ਼ਾਨ ਵਰਗੇ ਕਿਸਾਨਾਂ ਲਈ ਨਾਮੁਮਕਿਨ ਹੋ ਗਿਆ। ਭਾਵੇਂ ਮਹਿੰਗਾ ਸਿੰਘ ਦਾ ਕਾਲਿਜ ਪੜ੍ਹਦਾ ਪੁੱਤਰ ਕਰਤਾਰ ਸਿੰਘ ਆਪਣੇ ਪਿਤਾ ਪਾਸੋਂ ਰਮਜ਼ਾਨ ਦੀ ਕਰਜ਼ੇ ਤੋਂ ਖਲਾਸੀ ਕਰਾਉਂਦਾ ਹੋਇਆ ਉਸਨੂੰ ਸਮਝਾਉਂਦਾ ਹੈ ਕਿ ਉਹ ਆਪਣੇ ਪੁੱਤਰ ਜਲਾਲ ਦੇ ਨਿਕਾਹ ਉੱਤੇ ਕੋਈ ਕਰਜ਼ ਨਾ ਲਵੇ ਪਰ ਰਮਜ਼ਾਨ 'ਹੋਰ ਕੇ ਕਰਸਾਂ, ਸਰਦਾਰ?' ਵਾਲਾ ਪ੍ਰਸ਼ਨ ਉਸ ਅੱਗੇ ਪਾ ਕੇ ਉਸਦੀ ਦਿੱਤੀ ਸਲਾਹ ਨੂੰ ਵੰਗਾਰ ਦਿੰਦਾ ਹੈ। ਅਜਿਹੀ ਵੰਗਾਰ ਨਿਮਨ ਕਿਸਾਨੀ ਦੀਆਂ ਸਮਾਜਕ ਤੇ ਆਰਥਿਕ ਸਥਿਤੀਆਂ ਦੇ ਦਵੰਦ ਵਿਚੋਂ ਪੈਦਾ ਹੁੰਦੀ ਹੈ ਤੇ ਜਿਸਨੂੰ ਸਮਝਣ ਲਈ ਕਿਸਾਨੀ ਸਮਾਜ ਅੰਦਰੋਂ ਹੀ ਕਰਤਾਰ ਸਿੰਘ ਵਰਗੇ ਇਨਕਲਾਬੀ ਵਿਅਕਤੀਆਂ ਦਾ ਜਨਮ ਹੁੰਦਾ ਹੈ। ਰਮਜ਼ਾਨ ਵਰਗੇ ਕਿਸਾਨਾਂ ਨੂੰ ਆਪਣੇ ਸਿਰ ਚੜ੍ਹੇ ਕਰਜ਼ੇ ਤੋਂ ਸੁਰਖ਼ਰੂ ਹੋਣ ਲਈ ਆਪਣੇ ਹੱਥੀਂ ਪਾਲ਼ੇ ਪਸ਼ੂਆਂ ਤੇ ਗਹਿਣਿਆਂ ਤੋਂ ਹੱਥ ਧੋਣੇ ਪੈਂਦੇ ਹਨ। ਵਿਡੰਬਨਾ ਇਹ ਹੈ ਕਿ ਇਨਕਲਾਬ ਦਾ ਝੰਡਾ ਕਰਤਾਰ ਸਿੰਘ ਵਰਗੇ ਪੜ੍ਹੇ-ਲਿਖੇ ਨੌਜਵਾਨ ਹੀ ਚੁੱਕਦੇ ਹਨ ਜੋ ਕਿ ਮਹਿੰਗਾ ਸਿੰਘ ਵਰਗੇ ਲੋਟੂ-ਸ਼੍ਰੇਣੀ ਦੇ ਘਰਾਂ ਦੇ ਜੰਮਪਲ ਹੁੰਦੇ ਹਨ। ਇਥੇ ਸੇਖੋਂ ਨੇ ਇਕ ਅਜਿਹੀ ਪਾਰਦਰਸ਼ੀ ਦ੍ਰਿਸ਼ਟੀ ਦਾ ਇਸਤੇਮਾਲ ਕੀਤਾ ਹੈ, ਜੋ ਮਨੁੱਖ ਮਨ ਅੰਦਰਲੇ ਆਪਸੀ ਰਿਸ਼ਤਿਆਂ ਦੇ ਜਟਿਲ ਤਾਣੇ-ਬਾਣੇ ਪਿੱਛੇ ਕੰਮ ਕਰ ਰਹੀਆਂ ਇਤਿਹਾਸਕ ਤੇ ਸਮਾਜਕ ਸ਼ਕਤੀਆਂ ਦਾ ਨਿਖੇੜ ਕਰ ਲੈਂਦੀ ਹੈ। ਅਜਿਹੀਆਂ ਸ਼ਕਤੀਆਂ ਦਾ ਗਲਪੀ ਨਿਤਾਰਾ ਸੇਖੋਂ ਨੇ 'ਨਿਮਕ ਹਰਾਮ', 'ਕਿਰਸਾਣ ਤੇ ਕਾਮਾ', 'ਕੀਟਾਂ ਅੰਦਰ ਕੀਟ' ਤੇ 'ਸ਼ਾਮ ਲਾਲ ਵੇਦਾਂਤੀ' ਨਾਮੀ ਕਹਾਣੀਆਂ ਵਿਚ ਵੀ ਕੀਤਾ ਹੈ।

'ਨਿਮਕ ਹਰਾਮ' ਵਿਚ ਸ਼ਹਿਰ ਤੇ ਪਿੰਡ ਦੇ ਆਰਥਿਕ ਅੰਤਰ-ਸੰਬੰਧਾਂ ਨੂੰ ਜਮਾਤੀ ਵੰਡ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਏਥੇ ਸੇਖੋਂ ਨੇ ਕਰਮ ਚੰਦ ਤੇ ਨਰਿੰਦਰ ਨਾਮੀ ਮਹਾਜਨੀ ਪਾਤਰਾਂ ਤੇ ਜੱਟ ਕਿਸਾਨਾਂ ਦੀ ਆਪਸੀ ਗੱਲਬਾਤ ਵਿਚੋਂ ਉੱਘੜਦੀ ਸੋਚ ਨੂੰ ਵਿਚਾਰਧਾਰਕ ਹਥਿਆਰ ਵਜੋਂ ਵਰਤਿਆ ਹੈ। ਉਹਨਾਂ ਦੀ ਗੱਲਬਾਤ ਵਿਚੋਂ ਪਤਾ ਲਗਦਾ ਹੈ ਕਿ ਸਰਕਾਰ ਨੂੰ ਖੱਤਰੀਆਂ ਤੇ ਮਹਾਜਨਾਂ ਦੀ ਕਦਰ ਹੈ। ਕਿਉਂਕਿ ਉਸਨੂੰ ਰਾਜਸੀ ਮੰਤਵ ਲਈ ਉਹਨਾਂ ਦੀ ਲੋੜ ਹੈ। ਜੱਟ ਕਿਸਾਨੀ ਨੂੰ ਜਾਪਦਾ ਹੈ ਕਿ ਮਾਮਲਾ ਲੈਣ ਵਾਲੀ ਸਰਕਾਰ ਵਿਆਜ ਲੈਣ ਵਾਲਾ ਆੜ੍ਹਤੀਆ ਹੀ ਹੈ। ਛੇ-ਛੇ ਮਹੀਨੇ ਫਸਲ ਮਗਰ ਦੇਹ ਗਾਲਦੇ ਜੱਟ ਆੜ੍ਹਤੀਆਂ ਦੇ ਖਜ਼ਾਨੇ ਭਰ ਕੇ ਢਿੱਲੇ ਮੂੰਹ ਮੰਡੀ 'ਚੋਂ ਆਪਣੇ ਘਰਾਂ ਵੱਲ ਨੂੰ ਤੁਰ ਆਉਂਦੇ ਨੇ। ਤੇ ਘਰ ਪਹੁੰਚ ਕੇ ਉਹ ਰੱਬ ਨੂੰ ਤਾਹਨਾ ਮਾਰਦੇ ਨੇ ਕਿ ਰੱਬਾ ਜੱਟ ਦੀ ਜੂਨ ਨਾ ਪਾਈਂ। ਵਿਅੰਗ ਇਹ ਹੈ ਕਿ ਜੱਟ ਤੋਂ ਬਿਨਾਂ ਦੁਨੀਆਂ ਭੁੱਖੀ ਮਰਦੀ ਹੈ। ਜੱਟ ਕਿਸਾਨੀ ਦੀ ਕੰਗਾਲੀ ਦਾ ਹੱਲ ਵਿੱਦਿਆ ਪ੍ਰਾਪਤੀ ਵਿਚੋਂ ਲੱਭਿਆ ਹੈ। ਆਰਥਿਕ ਸਮੱਸਿਆ ਦੀ ਸਮਝ ਵਿੱਦਿਆ ਹੀ ਦੇ ਸਕਦੀ ਹੈ। ਸ਼ਾਇਦ ਇਸੇ ਲਈ 'ਕਿਰਸਾਣ ਤੇ ਕਾਮਾ' ਕਹਾਣੀ ਵਿਚ ਰਾਮ ਸਿੰਘ ਵਰਗਾ ਜੱਟ ਕਿਸਾਨ ਆਪਣੇ ਬਾਰਾਂ ਵਰ੍ਹਿਆਂ ਦੇ ਪੁੱਤਰ ਨੂੰ ਸਮਝਾਉਣ ਲਈ ਕਹਿੰਦਾ ਹੈ ਕਿ "ਖੇਤੀ ਕਰਕੇ ਕਿਹੜੇ ਤੂੰ ਖਜ਼ਾਨੇ ਭਰ ਲਏਂਗਾ? ਐਵੇਂ ਖੇਤੀ ਖੇਤੀ ਨਾ ਕਰੀ ਜਾਇਆ ਕਰ। ਖੇਤੀ ਨਾਲ ਵੀ ਕਦੇ ਕੋਈ ਅਮੀਰ ਹੋਇਆ ਇ ਪੁੱਤ? ਆਪਣੇ ਪਿੰਡ 'ਚ ਈ ਦੇਖ ਲੈ, ਖੇਤੀ ਕਰਨ ਵਾਲਿਆਂ ਦੇ ਸਭ ਦੇ ਭੰਗ ਭੁਜਦੀ ਐ। ਨੌਕਰੀ ਵਾਲੇ ਕਰਦੇ ਨੇ ਐਸ਼ਾਂ। ਪੜ੍ਹ ਲੈ ਜੇ ਹੈ ਕਿਸਮਤ 'ਚ। ਪਿੱਛੇ ਨੀਤ ਨਾ ਰੱਖ। ਫੇਰ ਮੇਰਾ ਹੌਸਲਾ ਦੇਖ, ਮੈਂ ਹਲ ਦੀ ਹੱਥੀ ਨੂੰ ਬੀ ਤੇਰਾ ਹੱਥ ਲਵਾ ਕੇ ਰਾਜ਼ੀ ਨੀ।"[6] ਸੇਖੋਂ ਦੀਆਂ ਕਹਾਣੀਆਂ ਵਿਚੋਂ ਆਰਥਿਕ ਪੱਖੋਂ ਥੁੜੇ-ਟੁੱਟੇ ਪਾਤਰਾਂ ਦਾ ਸਮਾਜਕ ਯਥਾਰਥ ਵਿਗਿਆਨਕ ਗਲਪ-ਦ੍ਰਿਸ਼ਟੀ ਨਾਲ ਉਘੜਦਾ ਹੈ। ਮਿਸਾਲ ਦੇ ਤੌਰ 'ਤੇ 'ਕੀਟਾਂ ਅੰਦਰ ਕੀਟ' ਕਹਾਣੀ ਵਰਗਾਂ ਵਿਚ ਵੰਡੇ ਸਮਾਜ ਅੰਦਰ ਪਸਰੀ ਸ਼ੋਸ਼ਣੀ ਬਿਰਤੀ ਨੂੰ ਵਿਗਿਆਨਕ ਦ੍ਰਿਸ਼ਟੀ ਰਾਹੀਂ ਪਕੜਦੀ ਹੋਈ ਇਸ ਸੱਚਾਈ ਨੂੰ ਸਾਹਵੇਂ ਲਿਆਉਂਦੀ ਹੈ ਕਿ 'ਢਿੱਡ ਲਈ ਤਾਂ ਕਾਰ ਕਰਨੀ ਹੋਈ'। ਢਿੱਡ ਲਈ ਕਾਰ ਕਰਦੇ ਦਰਮਿਆਨੀ ਬਿਸਾਤ ਦੇ ਸ਼ਾਹੂਕਾਰ ਦੇ

ਪੁੱਤਰ ਬਾਬੂ ਨੰਦ ਲਾਲ ਨੂੰ ਸ਼ਹਿਰ ਵਿਚ ਵਕਾਲਤ ਕਰਦੇ ਦਿਖਾਇਆ ਹੈ। ਬਾਬੂ ਨੰਦ ਲਾਲ ਦੇ ਰੂਪ ਵਿਚ ਸ਼ਾਹੂਕਾਰਾ ਸ਼੍ਰੇਣੀ ਦੀ ਅਗਲੀ ਪੀਹੜੀ ਨੂੰ ਟੁੱਟੇ ਛਿੱਤਰ ਤੇ ਇਕ ਸੂਟ ਵਿਚ ਹੀ ਗੁਜ਼ਾਰਾ ਕਰਨਾ ਪੈ ਰਿਹਾ ਹੈ। ਨਿਰਮਲਾ ਦੇ ਰੂਪ ਵਿਚ ਉਹਨਾਂ ਦੀਆਂ ਪਤਨੀਆਂ ਨੂੰ ਉਹਨਾਂ ਦੀ ਅਜਿਹੀ ਆਰਥਿਕ ਦਸ਼ਾ ਬਦਲੇ ਆਪਣਾ ਅੰਦਰਲਾ ਆਪਾ ਢਹਿੰਦਾ ਢਹਿੰਦਾ ਜਾਪਦਾ ਹੈ। ਫਿਰ ਵੀ ਉਹ ਕੰਮ ਦੀ ਭਾਲ ਕਰਦੇ ਹਨ। ਨੰਦ ਲਾਲ ਦਾ ਮਿੱਤਰ ਤੇਜਾ ਸਿੰਘ ਹੈ। ਕਹਾਣੀ ਵਿਚ ਤੇਜਾ ਸਿੰਘ ਦਾ ਪ੍ਰਵੇਸ਼ ਅਜਿਹਾ ਕਲਾਗਤ ਪਾਸਾਰ ਹੈ ਜਿਸ ਰਾਹੀ ਸੇਖੋਂ ਨੇ ਕਹਾਣੀ ਦੇ ਬਿਰਤਾਂਤਕ ਵੇਗ ਨੂੰ ਆਪਣੀ ਦ੍ਰਿਸ਼ਟੀ ਮੁਤਾਬਕ ਮੋੜ ਲਿਆ ਹੈ।

ਤੇਜਾ ਸਿੰਘ ਤੇ ਦੁੱਲਾ ਬਾਈ ਦੇ ਆਪਸੀ ਸੰਬੰਧਾਂ ਰਾਹੀਂ ਦਸ ਘੁਮਾ ਜ਼ਮੀਨ ਦੇ ਮਾਲਕ (ਦੁੱਲਾ ਬਾਈ) ਦੀ ਆਰਥਿਕ ਹੈਸੀਅਤ ਸਾਕਾਰ ਹੁੰਦੀ ਹੈ। ਦੁੱਲਾ ਬਾਈ ਕਰਜ਼ੇ ਦੀ ਪੰਡ ਚੁੱਕਣ ਵਾਲਾ ਦਰਮਿਆਨਾ ਕਿਸਾਨ ਹੈ ਜੋ ਨਿਹਾਲਾ ਨਾਮੀ ਸ਼ਾਹੂਕਾਰ ਦੇ ਬੋਲਾਂ ਵਿਚਲੀ ਇਸ ਬੇਈਮਾਨੀ ਨੂੰ ਸਮਝਣੋਂ ਅਸਮਰੱਥ ਹੈ ਕਿ ਉਹ ਪੀਹੜੀ-ਦਰ-ਪੀਹੜੀ ਉਹਨਾਂ ਦੀ ਇੱਜ਼ਤ ਰੱਖਣ ਦੇ ਸਾਂਝੀਵਾਲ ਰਹੇ ਹਨ ਤੇ ਉਹਨਾਂ ਨੂੰ ਪੈਸਿਆਂ ਨਾਲ ਬਹੁਤਾ ਮੋਹ ਨਹੀਂ ਹੈ। ਸੇਖੋਂ ਨੇ ਰਲਾ ਤੇ ਮੱਲੋ ਨਾਂ ਦੇ ਕੰਮੀਂ ਪਾਤਰਾਂ ਨੂੰ ਵੀ ਕਹਾਣੀ ਦੇ ਬਿਰਤਾਂਤ ਵਿਚ ਪਰੋ ਦਿੱਤਾ ਹੈ। ਰਲਾ ਦੁੱਲੇ ਦਾ ਕਾਮਾ ਹੈ। ਇਸ ਖੇਤੀ ਕਾਮੇ ਦੀ ਲੋੜ ਨੂੰ ਪੂਰਾ ਕਰਨ ਲਈ ਦੁੱਲਾ ਬਾਈ ਕਰਜ਼ਾ ਚੁੱਕਦਾ ਹੈ। ਕਰਜ਼ਾ ਨਾ ਉਤਾਰਨ ਕਰਕੇ ਉਹ ਰਲੇ ਤੇ ਉਸਦੇ ਪੁੱਤਰ ਨੂੰ ਲਾਖੇ ਬਲਦਾਂ ਵਾਂਗ ਆਪਣੇ ਖੇਤਾਂ ਵਿਚ ਵਰਤਦਾ ਹੈ। ਵਿਆਹ ਕਰਵਾਉਣ ਉਪਰੰਤ ਰਲੇ ਦਾ ਵੱਡਾ ਪੁੱਤਰ ਰਲੇ ਨੂੰ ਛੱਡ ਜਾਂਦਾ ਹੈ। ਮਗਰੋਂ ਰਲੇ ਤੇ ਉਸਦੇ ਬਾਰਾਂ ਸਾਲਾਂ ਦੇ ਛੋਟੇ ਮੁੰਡੇ ਨੂੰ ਦੁੱਲੇ ਨਾਲ ਖੇਤੀ ਦਾ ਕੰਮ ਕਰਵਾਉਣਾ ਪੈਂਦਾ ਹੈ ਤੇ ਮੱਲੋ ਨੂੰ ਉਹਨਾਂ ਦੇ ਘਰ ਗੋਹਾ ਕੂੜਾ ਤੇ ਲਿਪਣ ਪੋਚਣ ਦਾ ਕੰਮ ਕਰਨਾ ਪੈਂਦਾ ਹੈ। ਸਮਾਜ ਦੇ ਅਜਿਹੇ ਵਰਗ (ਦਲਿਤ) ਦੀ ਆਰਥਿਕ ਹਾਲਤ ਬਹੁਤ ਪਤਲੀ ਹੈ। ਐਪਰ ਦੁੱਲੇ ਦੇ ਰੂਪ ਵਿਚ ਨਿਮਨ ਕਿਸਾਨੀ ਵਰਗ ਆਪਣੀ ਜ਼ਮੀਨ ਵਿਚੋਂ ਆਪਣੀਆਂ ਲੋੜਾਂ ਪੂਰੀਆਂ ਕਰਨ ਦੀ ਥੋੜ੍ਹੀ-ਬਹੁਤ ਸਮਰੱਥਾ ਰਖਦਾ ਹੈ। ਸੇਖੋਂ ਨੇ ਬਾਬੂ ਨੰਦ ਲਾਲ ਤੇ ਨਿਰਮਲਾ, ਦੁੱਲਾ ਤੇ ਜੀਉਣੀ ਅਤੇ ਰਲਾ ਤੇ ਮੱਲੋ ਨਾਮੀ ਤਿੰਨ ਦੰਪਤੀ ਪਾਤਰਾਂ ਦੇ ਅੰਦਰਲੇ ਥਕੇਵੇਂ ਨੂੰ ਉਹਨਾਂ ਦੀ ਆਰਥਿਕ ਕਮਜ਼ੋਰੀ ਦੇ ਸੰਦਰਭ ਵਿਚ ਚਿਤਰ ਕੇ ਇਹ ਗਲਪੀ ਸਿੱਟਾ ਕੱਢਿਆ ਹੈ ਕਿ ਕਮਜ਼ੋਰ ਆਰਥਿਕ ਸਥਿਤੀ ਬੰਦੇ ਦੇ ਜਵਾਨੀ ਦੇ ਖੇਤ ਨੂੰ ਦਰਿਆ ਵਾਂਗ ਢਾਹ ਲਾ ਕੇ ਉਜਾੜ ਦਿੰਦੀ ਹੈ ਤੇ ਜਵਾਨੀ ਦਾ ਰਸ ਸੁੱਕ ਕੇ ਉਸ ਨੂੰ ਮਿਰਚਾਂ ਵਾਂਗ ਲੜਨ ਲੱਗ ਪੈਂਦਾ ਹੈ, ਜਿਵੇਂ ਕਹਾਣੀ ਵਿਚ ਬਾਬੂ ਨੰਦ ਲਾਲ, ਦੁੱਲਾ ਤੇ ਰਲਾ ਨਾਮੀ ਤਿੰਨ ਪਾਤਰਾਂ ਨਾਲ ਬੀਤਦੀ ਹੈ। ਕਹਾਣੀ ਵਿਚ 'ਲਹਿਣਾ' ਤੇ ਸ਼ਾਹੂਕਾਰ ਨਿਹਾਲੇ ਦਾ ਪ੍ਰਵੇਸ਼ ਬਾਣੀਆ-ਸ਼ਾਹੂਕਾਰ ਤੇ ਜੱਟ-ਸ਼ਾਹੂਕਾਰ ਦੇ ਸ਼ੋਸ਼ਣੀ ਵਤੀਰੇ ਦੇ ਅੰਤਰ ਨੂੰ ਸਾਹਵੇਂ ਲਿਆਉਂਦਾ ਹੈ। ਜਿੱਥੇ ਬਾਣੀਆ ਸ਼ਾਹੂਕਾਰ ਦੀ ਨਜ਼ਰ ਦੁੱਲੇ ਦੀ ਨੂੰਹ ਦੀਆਂ ਟੂੰਮਾਂ ਉੱਤੇ ਟਿਕਦੀ ਹੈ ਉਥੇ ਜੱਟ ਸ਼ਾਹੂਕਾਰ ਦੀ ਨਜ਼ਰ ਉਸਦੀ ਜ਼ਮੀਨ ਉੱਤੇ ਟਿਕਦੀ ਹੈ।

ਇਸੇ ਤਰ੍ਹਾਂ 'ਸ਼ਾਮ ਲਾਲ ਵੇਦਾਂਤੀ' ਕਹਾਣੀ ਵਿਚ ਕਰਜ਼ੇ ਦੀ ਸਮੱਸਿਆ ਨੂੰ ਕਿਸਮਤ ਦੀ ਫਿਲਾਸਫੀ ਨਾਲ ਨਜਿੱਠਣ ਵਾਲੇ ਵਿਅਕਤੀਆਂ ਉੱਤੇ ਵਿਅੰਗ ਕਸਿਆ ਗਿਆ ਹੈ। ਵੇਦਾਂਤ ਦੇ ਖਲਾਅ ਵਿਚ ਉਡਾਰੀਆਂ ਲਾਉਣ ਵਾਲੇ ਸ਼ਾਮ ਲਾਲ ਦੀ ਜੀਵਨ-ਸਥਿਤੀ ਸਮਾਜ ਦੇ ਉਹਨਾਂ ਵਿਅਕਤੀਆਂ ਵੱਲ ਇਸ਼ਾਰਾ ਕਰਦੀ ਹੈ ਜੋ ਆਪਣੀ ਕਮਜ਼ੋਰ ਆਰਥਿਕ ਸਥਿਤੀ ਦੇ ਸੁਧਾਰ ਲਈ ਕਰਜ਼ਾ ਇਸ ਆਸ ਨਾਲ ਚੁੱਕ ਲੈਂਦੇ ਹਨ ਕਿ ਕਿਸਮਤ ਉਹਨਾਂ ਨਾਲ ਠੀਕ-ਠੀਕ ਨਿਆਂ ਕਰਕੇ ਉਹਨਾਂ ਨੂੰ ਕਰਜ਼ੇ ਤੋਂ ਮੁਕਤ ਕਰਵਾ ਦੇਵੇਗੀ। ਇਹ ਕਹਾਣੀ ਇਸ ਵਿਚਾਰ ਦਾ ਪ੍ਰਮਾਣ ਬਣਦੀ ਹੈ ਕਿ ਕਰਜ਼ਾ ਕੇਵਲ ਕਿਸਾਨ ਹੀ ਨਹੀਂ ਚੁੱਕਦਾ ਬਲਕਿ ਸ਼ਾਮ ਲਾਲ ਵੇਦਾਂਤੀ ਦੇ ਰੂਪ ਵਿਚ ਇਕ ਦੁਕਾਨਦਾਰ ਵੀ ਚੁੱਕਦਾ ਹੈ। ਇੰਝ, ਕਰਜ਼ੇ ਦੀ ਸਮੱਸਿਆ ਦੇ ਚਿਤਰਣ ਰਾਹੀਂ ਸੇਖੋਂ ਨੇ ਵੀਹਵੀਂ ਸਦੀ ਦੇ ਪਹਿਲੇ ਅੱਧ ਦੇ ਪੰਜਾਬੀ ਜੀਵਨ ਨੂੰ ਇਤਿਹਾਸਕ ਪਦਾਰਥਵਾਦੀ ਦ੍ਰਿਸ਼ਟੀ ਰਾਹੀਂ ਗਲਪ ਦੀ ਪੱਧਰ 'ਤੇ ਵਾਚਿਆ ਹੈ।



ਵੀਹਵੀਂ ਸਦੀ ਦੇ ਪਹਿਲੇ ਅੱਧ ਤਕ ਪੰਜਾਬ ਵਿਚ ਅੰਗਰੇਜ਼ੀ ਹੁਕਮਰਾਨਾਂ ਦੁਆਰਾ ਖੇਤੀ ਖੇਤਰ ਵਿਚ ਪ੍ਰਗਤੀ ਲਿਆਉਣ ਲਈ ਬਾਰ ਦੇ ਇਲਾਕਿਆਂ ਨੂੰ ਨਹਿਰਾਂ ਕੱਢ ਕੇ ਆਬਾਦ ਕੀਤਾ ਗਿਆ। ਅੰਗਰੇਜ਼ੀ ਬਸਤੀਵਾਦੀਆਂ ਵੱਲੋਂ ਆਪਣੇ ਆਰਥਿਕ ਤੇ ਰਾਜਨੀਤਕ ਹਿੱਤਾਂ ਦੀ ਮਜ਼ਬੂਤੀ ਲਈ ਆਬਾਦ ਕੀਤੇ ਬਾਰ ਦੇ ਭੂਗੋਲਿਕ ਇਲਾਕੇ ਨੂੰ ਵੀ ਸੇਖੋਂ ਨੇ ਸਮਾਜਕ ਲਗਾਉ ਵਾਲੀ ਮਨੋਵਿਗਿਆਨਕ ਯਥਾਰਥਵਾਦੀ ਗਲਪ-ਦ੍ਰਿਸ਼ਟੀ ਰਾਹੀਂ ਸਾਕਾਰ ਕੀਤਾ ਹੈ। ਇਸ ਮੰਤਵ ਲਈ ਉਸਨੇ ਤਿੰਨ ਬਾਰਾਂ ਦੀ ਚੋਣ ਕੀਤੀ ਲਗਦੀ ਹੈ। ਪਹਿਲੀ, ਲਾਇਲਪੁਰ ਦੀ ਬਾਰ, ਜਿਸਦਾ ਚਿਤਰਣ 'ਬਾਬਾ ਜੈਮਲ', 'ਤੀਜਾ ਘੜਾ', 'ਇਕ ਕਠਿਨ ਸਮੱਸਿਆ' ਤੇ 'ਉਜਾੜਾ' ਨਾਮ ਦੀਆਂ ਕਹਾਣੀਆਂ ਵਿਚ ਕੀਤਾ ਮਿਲਦਾ ਹੈ। ਦੂਸਰੀ ਹੈ-ਸਾਂਦਲ ਬਾਰ, ਜਿਸ ਨੂੰ 'ਹਲ-ਵਾਹ' ਤੇ 'ਜੱਗ ਤੇ ਜੀਊਣਾ ਕੂੜ ਉਹਨਾਂ ਦਾ' ਕਹਾਣੀਆਂ ਵਿਚ ਚਿੱਤਰਿਆ ਗਿਆ ਹੈ। ਤੀਸਰੀ, ਗੰਜੀ ਬਾਰ ਹੈ ਜੋ 'ਉਜਾੜਾ' ਨਾਮ ਦੀ ਕਹਾਣੀ ਦਾ ਵਸਤੂਗਤ ਆਧਾਰ ਬਣੀ ਹੈ।

ਇਹਨਾਂ ਕਹਾਣੀਆਂ ਵਿਚੋਂ ਬਾਰਾਂ ਦੇ ਪ੍ਰਕਿਰਤਕ ਚਿਤਰਣ ਦੇ ਨਾਲ ਨਾਲ ਉਥੋਂ ਦੇ ਲੋਕਾਂ ਦੀ ਸਮਾਜਕ ਤੇ ਆਰਥਿਕ ਹੈਸੀਅਤ ਦੇ ਰਾਜਸੀ ਪ੍ਰਸੰਗ ਵੀ ਰੂਪਮਾਨ ਹੁੰਦੇ ਹਨ। ਮਿਸਾਲ ਦੇ ਤੌਰ 'ਤੇ 'ਇਕ ਕਠਿਨ ਸਮੱਸਿਆ' ਨਾਂ ਦੀ ਕਹਾਣੀ ਦੀਆਂ ਇਹਨਾਂ ਮੁੱਢਲੀਆਂ ਸਤਰਾਂ ਨੂੰ ਵਿਚਾਰਿਆ ਜਾ ਸਕਦਾ ਹੈ ਕਿ "ਲਾਇਲਪੁਰ ਦੀ ਬਾਰ ਦੇ ਆਬਾਦ ਹੋਣ ਵਾਲੇ ਮੁਰੱਬੇ ਖੇਤੀ ਦਾ ਕੰਮ ਕਾਰ ਕਰਨ ਜੋਗੇ ਆਦਮੀਆਂ ਨੂੰ ਹੀ ਦਿੱਤੇ ਗਏ ਸਨ। ਆਮ ਕਰਕੇ ਪੰਜਾਹ ਸਾਲ ਤੋਂ ਉੱਤੇ ਤੇ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਆਦਮੀ ਨੂੰ ਮੁਰੱਬਾ ਨਹੀਂ ਸੀ ਦਿੱਤਾ ਗਿਆ।"[7]

ਸ਼ਿਆਮੇ ਵਰਗੇ ਘੱਟ ਜ਼ਮੀਨੇ ਜੱਟਾਂ ਨੂੰ ਲਾਇਲਪੁਰ ਦੀ ਬਾਰ ਵਿਚ ਮੁਰੱਬੇ ਮਿਲਣ ਉਪਰੰਤ ਉਹਨਾਂ ਦੀ ਸੁਧਰੀ ਸਮਾਜਕ ਤੇ ਆਰਥਿਕ ਸਥਿਤੀ ਕਿਵੇਂ ਉਹਨਾਂ ਦੀ ਸੋਚ ਨੂੰ ਬਦਲਦੀ ਹੈ, ਦੇ ਪ੍ਰਸੰਗਕ ਵੇਰਵੇ 'ਇਕ ਕਠਿਨ ਸਮੱਸਿਆ' ਨਾਂ ਦੀ ਕਹਾਣੀ ਵਿਚੋਂ ਸ਼ਿਆਮਾ ਜੱਟ ਦੇ ਜੀਵਨ ਬਿਰਤਾਂਤ ਰਾਹੀਂ ਰੂਪਮਾਨ ਹੁੰਦੇ ਹਨ। ਸ਼ਿਆਮਾ ਜੱਟ ਆਪਣੇ ਪਿਛਲੇ ਜ਼ਿਲ੍ਹੇ ਵਿਚ ਛੜਾ ਅਥਵਾ ਕੰਵਾਰਾ ਰਹਿ ਗਿਆ ਸੀ, ਬਾਰ ਵਿਚ ਮੁਰੱਬਾ ਮਿਲਣ ਉਪਰੰਤ ਅਮੀਰ ਹੋ ਕੇ ਉਹ ਆਪਣੀ ਬਰਾਦਰੀ ਤੋਂ ਬਾਹਰਲੀ ਬਰਾਦਰੀ ਵਾਲੀ ਵਿਆਹੀ ਔਰਤ ਨਾਲ ਮੁਹੱਬਤ ਪਾ ਕੇ ਉਸਨੂੰ ਆਪਣੀ ਘਰਵਾਲੀ ਬਣਾਉਣ ਲਈ ਜੱਦੋ ਜਹਿਦ ਕਰਦਾ ਹੈ। ਉਸਦੀ ਜੱਦੋਜਹਿਦ ਦੀ ਕਹਾਣੀ ਵਿਚੋਂ ਪਤਾ ਲਗਦਾ ਹੈ ਕਿ ਬਾਰ ਦੇ ਪਿੰਡਾਂ ਵਿਚ ਚੌਧਰੀਆਂ ਦੀ ਚੌਧਰ ਚਲਦੀ ਸੀ ਤੇ ਅੰਗਰੇਜ਼ ਅਫ਼ਸਰ ਆਪਣੇ ਈਸਾਈ ਧਰਮ ਦੇ ਅਸੂਲਾਂ ਮੁਤਾਬਕ ਗਿਰਜੇ ਘਰਾਂ ਵਿਚ ਜਾਂਦੇ ਸਨ। ਤੇ ਜਾਣੇ-ਅਣਜਾਣੇ ਵਿਚ ਸ਼ਿਆਮੇ ਵਰਗੇ ਵਿਅਕਤੀ ਆਪਣੀਆਂ ਸਮੱਸਿਆਵਾਂ ਦਾ ਹੱਲ ਈਸਾਈ ਧਰਮ ਨੂੰ ਅਪਣਾਉਣ ਵਿਚੋਂ ਲੱਭ ਲੈਂਦੇ ਸਨ। ਜਿਵੇਂ ਇਸ ਕਹਾਣੀ ਵਿਚ ਸ਼ਿਆਮੇ ਜੱਟ ਦਾ ਈਸਾਈ ਬਣਨ ਦਾ ਡਰਾਵਾ ਵਰਿਆਮੇ ਚੌਧਰੀ ਨੂੰ ਨਿਰਾਸ਼ਾ ਦੀ ਖੱਡ ਵਿਚ ਸੁੱਟ ਦਿੰਦਾ ਹੈ। ਅਸਲ ਵਿਚ ਵਰਿਆਮੇ ਚੌਧਰੀ ਦੀ ਨਿਰਾਸ਼ਾ ਦਾ ਕਾਰਨ ਸਿੱਖ ਜੱਟ ਬਰਾਦਰੀ ਦੇ ਖੇਰੂੰ-ਖੇਰੂੰ ਹੋ ਜਾਣ ਦੀ ਸੰਭਾਵਨਾ ਵਿਚੋਂ ਵੀ ਪਛਾਣਿਆ ਜਾ ਸਕਦਾ ਹੈ। ਉਹ ਸੋਚਦਾ ਹੈ ਕਿ ਜੇ ਸ਼ਿਆਮਾ ਜੱਟ 'ਈਸਾਈ' ਹੋ ਗਿਆ ਤਾਂ ਉਸਦੀ ਬਰਾਦਰੀ ਦੋ ਹਿੱਸਿਆਂ ਵਿਚ ਵੰਡੀ ਜਾਵੇਗੀ। ਇਕ ਈਸਾਈ ਬਰਾਦਰੀ ਤੇ ਦੂਸਰੀ ਸਿੱਖ ਬਰਾਦਰੀ। ਤੇ ਫਿਰ ਦੋਵੇਂ ਬਰਾਦਰੀਆਂ ਇਕ ਦੂਸਰੇ ਦੇ ਵਿਰੋਧ ਵਿਚ ਖੜ੍ਹੀਆਂ ਹੋਇਆ ਕਰਨਗੀਆਂ ਜਿਵੇਂ ਉਸ ਵੇਲੇ ਦੇ ਕੁਝ ਪਿੰਡਾਂ ਵਿਚ ਸਿੱਖ ਜੱਟਾਂ ਤੇ ਮੁਸਲਮਾਨ ਜੱਟਾਂ ਦੀਆਂ ਬਰਾਦਰੀਆਂ ਖੜ੍ਹਦੀਆਂ ਸਨ। ਸੇਖੋਂ ਨੂੰ ਇਹਨਾਂ ਦੋਹਾਂ ਬਿਰਾਦਰੀਆਂ ਵਿਚ ਖ਼ੂਨ, ਗੋਤ ਤੇ ਦੇਸ ਸਾਂਝਾ ਹੋਣ ਦੇ ਬਾਵਜੂਦ ਕੋਈ ਸਾਂਝ ਨਜ਼ਰ ਨਹੀਂ ਆਉਂਦੀ। ਜਦੋਂ ਸ਼ਿਆਮਾ ਜੱਟ ਪਿੰਡ ਦੀ ਪੰਚਾਇਤ ਦੀ ਇਸ ਸਲਾਹ ਉੱਤੇ ਫੁੱਲ ਚੜ੍ਹਾਉਣ ਲਈ ਤਿਆਰ ਹੋ ਜਾਂਦਾ ਹੈ ਕਿ ਉਹ ਭਗਵਾਨੀ ਝਿਊਰੀ ਉੱਤੇ ਚਾਦਰ ਪੁਆ ਕੇ ਆਪਣੀ ਬਰਾਦਰੀ ਵਿਚ ਰਲਾਉਣ ਲਈ ਸਾਰੇ ਪਿੰਡ ਨੂੰ ਰੋਟੀ ਖੁਆ ਦੇਵੇਗਾ ਉਦੋਂ ਚੌਧਰੀ ਵਰਿਆਮੇ ਨੂੰ ਪੰਚਾਇਤ ਦਾ ਇਹ ਫੈਸਲਾ ਵੀ ਮਨਜ਼ੂਰ ਨਹੀਂ ਹੁੰਦਾ। ਇੱਥੇ ਸੇਖੋਂ ਦੀ ਦ੍ਰਿਸ਼ਟੀ ਨੇ ਚੌਧਰੀ, ਪਿੰਡ ਤੇ ਸ਼ਿਆਮੇ ਜੱਟ ਨੂੰ ਅਲੱਗ ਅਲੱਗ

ਕਰ ਦਿੱਤਾ ਹੈ। ਪਿੰਡ ਨੇ ਸ਼ਿਆਮੇ ਜੱਟ ਦੀ ਰੋਟੀ ਪ੍ਰਵਾਨ ਕਰ ਲਈ ਪਰ ਚੌਧਰੀ ਨੇ ਨਹੀਂ। ਸਿਆਣੀ ਸੋਚ ਦੇ ਬੰਦਿਆਂ ਨੇ ਸ਼ਿਆਮੇ ਦੇ ਹੱਥ ਥਾਲ ਪਰੋਸ ਕੇ ਚੌਧਰੀ ਵਰਿਆਮ ਸਿੰਘ ਨੂੰ ਖੁਸ਼ ਕਰਨ ਲਈ ਉਸਦੇ ਘਰ ਜਾ ਕੇ ਉਸ ਨੂੰ ਪਰੋਸਾ ਦੇਣ ਲਈ ਕਿਹਾ ਤੇ ਉਹ ਮੰਨ ਗਿਆ। ਅਜਿਹੇ ਤਰੀਕੇ ਨਾਲ ਦਿੱਤਾ ਪਰੋਸਾ ਚੌਧਰੀ ਨੇ ਪ੍ਰਵਾਨ ਕਰ ਲਿਆ। ਇੰਝ ਭਗਵਾਨੀ ਝਿਊਰੀ ਜੱਟ ਗਰੇਵਾਲ ਬਰਾਦਰੀ ਵਿਚ ਰਲ ਗਈ। ਤੇ ਚੌਧਰੀ ਵਰਿਆਮ ਸਿੰਘ ਦੇ ਪਿੰਡ ਦਾ ਦੋ ਸਭਿਆਤਾਵਾਂ, ਦੋ ਕੌਮਾਂ ਤੇ ਦੋ ਦੇਸਾਂ ਵਿਚ ਬਟਵਾਰਾ ਹੋਣੋਂ ਬਚ ਗਿਆ। 'ਇਕ ਕਠਿਨ ਸਮੱਸਿਆ' ਕਹਾਣੀ ਦਾ ਨਾਮਕਰਨ ਦੋ ਦ੍ਰਿਸ਼ਟੀਆਂ ਦੇ ਇਕੱਠਾ ਨਿਭਣ ਦੀ ਸਮੱਸਿਆ ਵੱਲ ਸੰਕੇਤ ਕਰਦਾ ਹੈ। ਇਕ, ਮਾਰਕਸਵਾਦੀ ਦ੍ਰਿਸ਼ਟੀ ਅਤੇ ਦੂਜੀ ਸਥਾਨਕ ਸਮਾਜਕ ਤੇ ਸਭਿਆਚਾਰਕ ਲਗਾਉ ਵਾਲੀ ਦ੍ਰਿਸ਼ਟੀ। ਐਪਰ ਸੇਖੋਂ ਨੇ ਆਪਣੀ ਉਦਾਰਵਾਦੀ ਭਾਵਨਾ ਤੇ ਵਿਗਿਆਨਕ ਸੋਚ ਦੇ ਮਿਸ਼ਰਣ ਰਾਹੀਂ ਇਹਨਾਂ ਦੋਹਾਂ ਨੂੰ ਇਕੱਠਿਆਂ ਨਿਭਾਅ ਦਿੱਤਾ ਹੈ। 'ਹਲ-ਵਾਹ' ਕਹਾਣੀ ਵੀ ਅਜਿਹੇ ਨਿਭਾਉ ਦਾ ਪ੍ਰਮਾਣ ਬਣਦੀ ਹੈ।

ਸਾਂਦਲ ਬਾਰ ਦੇ ਭੂਗੋਲਿਕ ਇਲਾਕੇ ਦੀ ਵਸਤੂਗਤ ਸਥਿਤੀ ਨੂੰ ਸਪਸ਼ਟ ਕਰਦੀਆਂ 'ਹਲ-ਵਾਹ' ਕਹਾਣੀ ਦੀਆਂ ਇਹ ਸਤਰਾਂ ਵਿਚਾਰਨਯੋਗ ਹਨ ਕਿ "ਸਾਹਬੋ ਦੇ ਮਨ 'ਤੇ ਇਹਨਾਂ ਜੱਟਾਂ ਸਿੱਖਾਂ (ਨਵੇਂ ਆਬਾਦਾਕਾਰ) ਦਾ ਛੱਪਾ ਪਿਆ ਹੋਇਆ ਸੀ। ਇਹ ਮੁਰੱਬਿਆਂ ਵਾਲੇ ਸਨ। ਅੰਗਰੇਜ਼ ਨੇ ਨਹਿਰਾਂ ਕੱਢ ਕੇ ਇਸ ਸਾਂਦਲ ਬਾਰ ਵਿਚ ਇਹਨਾਂ ਨੂੰ ਲਿਆ ਵਸਾਇਆ ਸੀ, ਭਾਵੇਂ ਸਾਹਬੋ ਦੇ ਪਿਉ ਦਾਦੇ ਇਸ ਬਾਰ ਵਿਚ ਪੁਸ਼ਤਾਂ ਤੋਂ ਜੁਗਾਂ ਜੁਗਾਂ ਤੋਂ ਵਸਦੇ ਸਨ।"[8] ਸਾਹਬੋ ਦੇ ਪਿਉ ਦਾ ਨਾ ਘਰ ਹੈ ਅਤੇ ਨਾ ਹੀ ਜ਼ਮੀਨ। ਉਹ ਇਕ ਸਿੱਖ ਆਬਾਦਕਾਰ ਗੁਰਨਾਮ ਸਿੰਘ ਦੇ ਘਰ ਵਿਚ ਹੀ ਰਹਿੰਦਾ ਹੈ ਅਤੇ ਮੱਝੀਂ ਗਾਈਂ ਦਾ ਦੁੱਧ-ਘਿਉ ਤੇ ਬੱਕਰੀਆਂ ਦੇ ਲੇਲੇ ਵੇਚ ਕੇ ਆਪਣਾ ਗੁਜ਼ਾਰਾ ਕਰਦਾ ਹੈ। ਉਹ ਜਾਂਗਲੀ ਅਥਵਾ ਟੱਪਰੀਵਾਸ ਕਿਸਮ ਦੇ ਸਭਿਆਚਾਰ ਨੂੰ ਪਰਨਾਇਆ ਹੋਇਆ ਹੈ। ਸੇਖੋਂ ਨੇ ਉਸਦੀ ਧੀ ਸਾਹਬੋ ਦੀ ਜੱਟ ਸਿੱਖਾਂ ਦਾ ਅੰਗ ਬਣਨ ਦੀ ਉਸਦੀ ਇੱਛਾ ਅਤੇ ਗੁਰਨਾਮ ਦੇ ਭਾਣਜੇ ਨਿਰੰਜਣ ਦੀ ਉਸ ਵੱਲ ਮੋਹੀ ਤੇ ਨਿਰਮੋਹੀ ਕਿਸਮ ਦੀ ਭਾਵੁਕ ਖਿੱਚ ਦੇ ਦਵੰਦਮਈ ਰੂਪ ਨੂੰ ਗਲਪੀ ਆਧਾਰ ਬਣਾ ਕੇ ਇਸ ਕਹਾਣੀ ਦੀ ਵਿਉਂਤ ਵਿਉਂਤੀ ਹੈ। ਕਹਾਣੀ ਪੜ੍ਹਦਿਆਂ ਪਤਾ ਚਲਦਾ ਹੈ ਕਿ ਜੱਟੀਆਂ ਜਾਂਗਲਿਆਣੀਆਂ ਨੂੰ ਆਪਣੇ ਚੁੱਲ੍ਹੇ-ਚੌਕੇ ਉੱਤੇ ਚੜ੍ਹਨ ਨਹੀਂ ਦਿੰਦੀਆਂ, ਗੁਰਨਾਮ ਸਿੰਘ ਵਰਗਾ ਬਾਰ ਵਿਚ ਵਸਦਾ ਕੋਈ ਮਾਮਾ ਆਪਣੇ ਨਿਰੰਜਣ ਵਰਗੇ ਭਾਣਜੇ ਨੂੰ ਮੁਫ਼ਤ ਕਾਮਾ ਰੱਖ ਕੇ ਜਿੱਥੇ ਆਰਥਿਕ ਪੱਖੋਂ ਤਕੜਾ ਹੁੰਦਾ ਹੈ ਉਥੇ ਉਹ ਨਿਰੰਜਣ ਦੇ ਮਾਪਿਆਂ ਨੂੰ ਇਹ ਤਸੱਲੀ ਦੇਈ ਰਖਦਾ ਹੈ ਕਿ ਉਹ ਉਸਨੂੰ ਦੋ ਵੇਲੇ ਦੀ ਰੋਟੀ ਦਿੰਦਾ ਹੈ।

ਨਿਰੰਜਣ ਆਪਣੇ ਮਾਪਿਆਂ ਨੂੰ ਦੋ ਵੇਲੇ ਦੀ ਰੋਟੀ ਦੇ ਭਾਰ ਤੋਂ ਮੁਕਤ ਤਾਂ ਕਰਵਾ ਦਿੰਦਾ ਹੈ ਪਰ ਸਾਹਬੋ ਨੂੰ ਦਿੱਤੇ ਬਚਨਾਂ ਦੇ ਭਾਰ ਥੱਲੇ ਹਮੇਸ਼ਾ ਲਈ ਦੱਬ ਕੇ ਰਹਿ ਜਾਂਦਾ ਹੈ, ਜਿਹਨਾਂ ਰਾਹੀਂ ਉਹਨਾਂ ਦੋਹਾਂ ਨੇ ਇਕ ਰਾਤ ਘਰੋਂ ਨੱਸ ਕੇ ਇਕ ਦੂਸਰੇ ਦੇ ਹੋ ਜਾਣਾ ਸੀ। ਬਣਾਈ ਵਿਉਂਤ ਅਨੁਸਾਰ ਜਦੋਂ ਸਾਹਬੋ ਨਿਰੰਜਣ ਨੂੰ ਉਠਾਉਣ ਜਾਂਦੀ ਹੈ ਤਾਂ ਉਹ ਉਠਦਾ ਨਹੀਂ ਸਗੋਂ ਪਾਸਾ ਵੱਟ ਕੇ ਪਿਆ ਰਹਿੰਦਾ ਹੈ। ਸਾਹਬੋ ਉਸ ਦੇ ਪਿਆਰ ਨੂੰ ਨਿਰਮੋਹਾ ਜਾਣ ਕੇ ਘਰ ਮੁੜ ਜਾਂਦੀ ਹੈ ਤੇ ਦੂਜੇ ਦਿਨ ਸ਼ਾਹਬ ਦੀਨ ਨਾਲ ਨੱਸ ਕੇ ਆਪਣੇ ਭਾਈਚਾਰੇ ਦੀ ਮਰਜ਼ੀ ਮੁਤਾਬਕ ਉਸ ਨਾਲ ਨਿਕਾਹ ਕਰ ਲੈਂਦੀ ਹੈ। ਸਾਹਬੋ ਜਾਂਗਲਣ ਤੇ ਨਿਮਨ ਦਰਜੇ ਦਾ ਜੱਟ ਨਿਰੰਜਣ ਦੋਵੇਂ ਉਸ ਵਰਤਾਰੇ ਤੋਂ ਅਣਜਾਣ ਜਾਪਦੇ ਹਨ ਜਿਸ ਨੇ ਉਹਨਾਂ ਦੋਹਾਂ ਦੇ ਘਰੋਂ ਭੱਜਣ ਉੱਤੇ ਰੋਕ ਲਗਾ ਦਿੱਤੀ। ਐਪਰ ਸਾਹਬੋ ਸ਼ਾਹਬ ਦੀਨ ਨਾਲ ਭੱਜ ਕੇ ਨਿਕਾਹ ਕਰਵਾ ਕੇ ਜਿੱਥੇ ਆਪਣੀ ਅਸਲ ਚੇਤਨਾ ਦੇ ਬਗਾਵਤੀ ਰੂਪ ਦਾ ਪ੍ਰਦਰਸ਼ਨ ਕਰ ਜਾਂਦੀ ਹੈ ਉਥੇ ਨਿਰੰਜਣ ਉਸ ਹਾਲਤ ਨੂੰ ਆਪਣੀ ਭਰਮ ਚੇਤਨਾ ਦੇ ਰੂਪ ਵਿਚ ਸਵੀਕਾਰ ਕਰੀ ਬੈਠਾ ਹੈ ਕਿ ਸ਼ਾਇਦ ਉਸ ਦੇ ਮਾਮੇ ਨੇ ਉਸਨੂੰ ਹਲਾਂ ਲਈ ਜਗਾਇਆ ਸੀ। ਇਸੇ ਤਰ੍ਹਾਂ 'ਜੱਗ ਤੇ ਜਿਊਣਾ-ਕੂੜ ਉਨ੍ਹਾਂ ਦਾ' ਕਹਾਣੀ ਵਿਚ ਸੇਖੋਂ ਨੇ ਮੱਘਰ ਤੇ ਰਾਮ ਦਾਸ ਨਾਮੀਂ ਸਾਧੂ ਬਨਾਮ ਗ੍ਰਿਹਸਤੀ ਪਾਤਰਾਂ ਦੀ ਸਿਰਜਣਾ ਰਾਹੀਂ ਲੋਕ ਸਭਿਆਚਾਰ ਵਿਚ ਪ੍ਰਚੱਲਤ ਧਾਰਮਿਕ ਕਿਸਮ ਦੀ ਭਰਮ ਚੇਤਨਾ ਨੂੰ



ਗ੍ਰਿਹਸਤੀ ਜੀਵਨ ਦੀ ਵਾਸਤਵਿਕ ਚੇਤਨਾ ਦੇ ਪ੍ਰਸੰਗ 'ਚ ਉਘਾੜਿਆ ਹੈ। ਅਤੇ ਅਜਿਹੀ ਚੇਤਨਾ ਨੂੰ ਉਘਾੜਦੀ ਹੀ ਇਕ ਹੋਰ ਕਹਾਣੀ ਹੈ 'ਉਜਾੜਾ'।

'ਉਜਾੜਾ' ਵਿਚ ਬਾਰ ਦੇ ਪਿੰਡਾਂ ਦੇ ਦੋ ਵਿਸ਼ੇਸ਼ ਸਮਾਜਕ ਵਰਗਾਂ (ਜੱਟ ਤੇ ਚੂਹੜਾ) ਦੀ ਸਮਾਜਕ ਤੇ ਸਭਿਆਚਾਰਕ ਸੋਚ ਨੂੰ ਆਰਥਿਕ ਸਥਿਤੀ ਦੇ ਪ੍ਰਸੰਗ 'ਚ ਰੂਪਮਾਨ ਕਰਕੇ ਉਹਨਾਂ ਦੀ ਭਰਮ ਚੇਤਨਾ ਤੇ ਅਸਲ ਚੇਤਨਾ ਦੀ ਟੱਕਰ ਨੂੰ ਦਰਸਾਇਆ ਗਿਆ ਹੈ। ਜਿਹੜਾ ਚੂਹੜਾ ਵਰਗ ਲਾਇਲਪੁਰ ਦੀ ਬਾਰ ਦੇ ਜੱਟਾਂ ਦੇ ਕਰਜ਼ੇ ਦੇ ਥੱਲੇ ਦੱਬਿਆ ਪਿਆ ਸੀ ਉਹ ਕਰਜ਼ੇ ਤੋਂ ਮੁਕਤ ਹੋਣ ਲਈ ਨਵੀਂ ਵਸ ਰਹੀ ਗੰਜੀ ਬਾਰ 'ਚ ਜਾ ਡੇਰਾ ਲਾਉਂਦਾ ਹੈ, ਇਸ ਆਸ ਨਾਲ ਕਿ ਉਥੇ ਵੱਧ ਕਮਾਈ ਕਰਕੇ ਉਹ ਜੱਟਾਂ ਦੇ ਕਰਜ਼ੇ ਤੋਂ ਮੁਕਤ ਹੋ ਜਾਵੇਗਾ। ਪਰ ਕਹਾਣੀ ਦੇ ਇਕ ਵਾਕ ਅਨੁਸਾਰ 'ਗੰਜੀ ਕਿਹੜਾ ਇਹਨਾਂ ਗਰੀਬਾਂ ਲਈ ਅਮਰੀਕਾ ਸੀ।' ਉਹ ਵੱਧ ਕਮਾਈ ਦੀ ਆਸ ਲੈ ਕੇ ਲਾਇਲਪੁਰ ਬਾਰ ਦੇ ਇਕ ਪਿੰਡ ਵਿਚੋਂ ਉੱਠ ਕੇ ਨਵੀਂ ਆਬਾਦ ਹੋ ਰਹੀ ਗੰਜੀ ਬਾਰ ਦੇ ਪਿੰਡਾਂ ਵਿਚ ਜਾ ਵਸਦੇ ਹਨ ਪਰ ਉਥੇ ਵੀ ਉਹਨਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਨਹੀਂ ਹੁੰਦਾ। ਉਹਨਾਂ ਦਾ ਸੁਧਾਰ ਤਾਂ ਉਹਨਾਂ ਦੇ ਆਪਣੇ ਪੁਰਾਣੇ ਪਿੰਡ ਵਿਚ ਰਹਿ ਕੇ ਹੀ ਹੋ ਸਕਦਾ ਹੈ। ਪੰਜਾਬੀ ਸਮਾਜ ਦੇ ਜੱਟ ਤੇ ਚੂਹੜਾ ਸਮਾਜਕ ਵਰਗਾਂ ਦੀ ਸਮਾਜਕ, ਸਭਿਆਚਾਰਕ ਤੇ ਆਰਥਿਕ ਕਿਸਮ ਦੀਆਂ ਆਪਸੀ ਸਾਂਝਾਂ ਕਾਰਨ ਉਹ ਦਸ ਕੁ ਮਹੀਨਿਆਂ ਮਗਰੋਂ ਮੁੜ ਆਪਣੇ ਪਹਿਲੇ ਪਿੰਡ ਆ ਵਸਦੇ ਹਨ। ਇਥੇ ਸੇਖੋਂ ਦੀ ਸਮਾਜਕ ਲਗਾਉ ਵਾਲੀ ਦ੍ਰਿਸ਼ਟੀ ਉਹਨਾਂ ਦੀ ਭਰਮ ਚੇਤਨਾ ਨੂੰ ਅਸਲ ਚੇਤਨਾ ਨਾਲ ਜੋੜ ਕੇ ਇਸ ਸਮਾਜਕ ਤੱਥ ਵੱਲ ਇਸ਼ਾਰਾ ਕਰਦੀ ਹੈ ਕਿ ਵੀਹਵੀਂ ਸਦੀ ਦੇ ਪਹਿਲੇ ਅੱਧ ਤਕ ਧਰਮ, ਖੇਤੀ ਤੇ ਜੰਗ ਦੀਆਂ ਗੱਡੀਆਂ ਦੇ ਜੱਟ ਤੇ ਚੂਹੜਾ ਦੋ ਹੀ 'ਪਹੀਏ' ਭਰਪੂਰ ਰੂਪ 'ਚ ਕਾਰਜਸ਼ੀਲ ਸਨ।

ਸੇਖੋਂ ਦੀਆਂ ਬਾਰ ਨਾਲ ਸੰਬੰਧਤ ਕਹਾਣੀਆਂ ਵਿਚ ਇਹ ਦੋਵੇਂ ਪਹੀਏ (ਜੱਟ ਤੇ ਚੂਹੜਾ) ਖੇਤੀ ਖੇਤਰ ਵਿਚ ਇਕ ਸਾਂਝੀ ਇਕਾਈ ਵਜੋਂ ਕਾਰਜ ਕਰਦੇ ਹਨ। ਪਰ 'ਬਾਬਾ ਜੈਮਲ' ਕਹਾਣੀ ਵਿਚ ਗੱਡੀ ਦਾ ਇਕ ਪਹੀਆ (ਜੱਟ) ਹੀ ਇਕ ਖਾਸ ਕਾਰਜ ਕਰਦਾ ਦੇਖਿਆ ਜਾ ਸਕਦਾ ਹੈ ਜੋ ਬਾਬਾ ਜੈਮਲ ਨਾਮੀ ਪਾਤਰ ਦੇ ਰੂਪ ਵਿਚ ਪੱਛਮੀ ਪੰਜਾਬ ਦੇ ਬਾਰ ਦੇ ਇਲਾਕੇ ਵਿਚੋਂ ਜਾਂਗਲੀ ਤੀਵੀਂਆਂ ਨੂੰ ਖਰੀਦ ਕੇ ਪੂਰਬੀ ਪੰਜਾਬ ਵਿਚ ਵੇਚਣ ਵਾਲੇ ਵਿਅਕਤੀਆਂ ਦੀ ਦਲਾਲੀ ਕਰਕੇ ਆਪਣੇ ਹੀ ਕਿਸਮ ਦਾ 'ਧਰਮ' ਨਿਭਾਉਂਦਾ ਹੈ। ਇਸੇ ਤਰ੍ਹਾਂ 'ਤੀਜਾ ਘੜਾ' ਕਹਾਣੀ ਵਿਚ 'ਜੱਟ ਪਹੀਆ' ਗੁਰਦੇਵ ਸਿੰਘ ਨਾਮੀ ਪਾਤਰ ਦੇ ਰੂਪ ਵਿਚ ਸੈਨਾ ਵਿਚ ਅਫਸਰ ਭਰਤੀ ਹੋ ਕੇ ਜਦੋਂ 1953 ਵਿਚ ਲੈਫਟੀਨੈਂਟ ਕਰਨਲ ਬਣ ਕੇ ਜਲੰਧਰ ਛਾਉਣੀ ਆਉਂਦਾ ਹੈ ਉਦੋਂ ਉਹ ਪੁਨਰਵਾਸ ਦੇ ਦਫਤਰ ਵਿਚ ਆਪਣੀ ਪਹੁੰਚ ਵਰਤ ਕੇ ਸੰਨ ਸੰਤਾਲੀ ਦੇ ਉਜਾੜੇ ਕਾਰਨ ਆਪਣੇ ਹੀ ਵਰਗ ਦੀ ਇਕ ਵਿਧਵਾ ਔਰਤ ਤਾਰੀ ਦੀ ਜ਼ਮੀਨ ਜਲੰਧਰ ਛਾਉਣੀ ਦੇ ਕੋਲ ਅਲਾਟ ਕਰਵਾ ਕੇ ਆਪਣੇ ਹੀ ਢੰਗ ਨਾਲ 'ਧਰਮ' ਦਾ ਕੰਮ ਕਰਦਾ ਹੈ।

'ਤੀਜਾ ਘੜਾ' ਕਹਾਣੀ ਵਿਚ ਵਿਧਵਾ ਔਰਤ ਤੇ ਫੌਜ ਦੀ ਨੌਕਰੀ ਦੀਆਂ ਵਿਸ਼ੇਗਤ ਇਕਾਈਆਂ ਰਾਹੀਂ ਇਹ ਇਤਿਹਾਸਕ ਨੁਕਤਾ ਕਲਾਤਮਕ ਢੰਗ ਨਾਲ ਉਭਾਰਿਆ ਗਿਆ ਹੈ ਕਿ ਸੰਨ 1947 ਵਿਚ ਸੁਤੰਤਰਤਾ ਪ੍ਰਾਪਤੀ ਨਾਲ ਅਣਵੰਡੇ ਪੰਜਾਬ ਦੀ ਧਰਤੀ ਉੱਤੇ ਜਿਹੜੇ ਘੱਲੂਘਾਰੇ ਹੋਏ ਉਹਨਾਂ ਦੇ ਫਲ-ਸਰੂਪ ਪੰਜਾਬੀ ਲੋਕਾਂ ਨੂੰ ਤਾਰੀ ਤੇ ਉਸ ਦੇ ਪਿਤਾ ਵਾਂਗ ਬਹੁਤ ਕੁਝ ਗੁਆਉਣਾ ਪਿਆ। 1947 ਦੇ ਭਿਆਨਕ ਕਤਲਾਂ ਤੇ ਉਜਾੜਿਆਂ ਵਿਚ ਜਿਹੜੇ ਲੋਕ ਪੱਛਮੀ ਪੰਜਾਬ ਵਿਚੋਂ ਉੱਜੜ ਕੇ ਭਾਰਤ ਆਏ ਸਨ, ਉਹਨਾਂ ਨੇ ਭਾਰਤੀ ਪੰਜਾਬ ਦੇ ਹੀ ਨਹੀਂ, ਉੱਤਰੀ ਭਾਰਤ ਦੇ ਹੋਰਨਾ ਪ੍ਰਾਂਤਾਂ ਤੇ ਸ਼ਹਿਰਾਂ ਜਿਵੇਂ ਦਿੱਲੀ, ਗੁੜਗਾਵਾਂ, ਰੁਹਤਕ, ਲੁਧਿਆਣਾ, ਫਿਰੋਜ਼ਪੁਰ ਆਦਿ ਨੂੰ ਵੀ ਰੌਣਕ ਭਰੇ ਬਣਾ ਦਿੱਤਾ। ਅਤੇ ਸੇਖੋਂ ਨੇ ਅਜਿਹੀ ਰੌਣਕ ਦਾ ਗਲਪੀ ਚਿੱਤਰ 'ਬਾਬੇ ਮਥਰੇ ਦਾ ਹੋਟਲ' ਅਤੇ 'ਖੋਖਿਆਂ ਦਾ ਚੌਂਕ' ਨਾਮੀ ਦੋ ਕਹਾਣੀਆਂ ਵਿਚ ਸਮਾਜ ਦੀ ਸ਼੍ਰੇਣਿਕ ਵੰਡ ਦੀ ਦ੍ਰਿਸ਼ਟੀ ਅਨੁਕੂਲ ਉਲੀਕ ਦਿੱਤਾ। ਇਸੇ ਤਰ੍ਹਾਂ ਵਿਅੰਗ ਦੇ ਕਲਾਤਮਕ ਨਸ਼ਤਰ ਨਾਲ ਉਣੀ ਕਹਾਣੀ 'ਪੁਨਰਵਾਸ ਤੇ ਮਲੇਰੀਆ' ਵਿਚ ਇਹ ਵਿਚਾਰ ਦ੍ਰਿੜ ਕਰਵਾਇਆ ਗਿਆ ਹੈ ਕਿ ਸੰਨ ਸੰਤਾਲੀ ਦੇ ਉਜਾੜਿਆਂ ਤੇ

ਪੁਨਰਵਾਸਾਂ ਵਿਚ ਕਈ ਮੇਚ-ਕੁਮੇਚ ਵੇਖੇ ਗਏ। ਸੇਖੋਂ ਨੇ ਇਸ ਕਹਾਣੀ ਵਿਚ ਆਪਣੀ ਮਾਰਕਸੀ ਦ੍ਰਿਸ਼ਟੀ ਅਨੁਕੂਲ ਇਕ ਡਾਕਟਰ ਪਾਤਰ ਦੇ ਜੀਵਨ ਬਿਰਤਾਂਤ ਰਾਹੀਂ ਇਹ ਵਿਚਾਰ ਸਿੱਧ ਕੀਤਾ ਹੈ ਕਿ ਪੰਜਾਹ ਪਚਵੰਜਾ ਸਾਲ ਦੀ ਉਮਰ ਵਿਚ ਇਕ ਦੇਸ਼ ਵਿਚੋਂ ਉੱਜੜ ਕੇ ਆਏ ਵਿਅਕਤੀ ਲਈ ਕੋਈ ਨੌਕਰੀ ਮਿਲ ਜਾਣਾ ਠੀਕ ਭਾਂਤ ਦਾ ਪੁਨਰਵਾਸ ਨਹੀਂ ਹੋ ਸਕਦਾ। ਸੰਨ ਸੰਤਾਲੀ ਦੇ ਇਤਿਹਾਸਕ ਵਰਤਾਰੇ ਨੂੰ ਸਮਾਜਕ ਯਥਾਰਥ ਤੇ ਰਾਜਨੀਤਕ ਪਰਿਪੇਖ ਅਧੀਨ ਉਸਾਰਦੀਆਂ ਹੋਰ ਤਿੰਨ ਕਹਾਣੀਆਂ ਹਨ : 'ਜਿੱਤ ਤੇ ਹਾਰ', 'ਅਮਾਨਤ' ਅਤੇ 'ਭੂਤਾਂ ਦੀ ਖੇਡ'।

'ਜਿੱਤ ਤੇ ਹਾਰ' ਕਹਾਣੀ ਦਾ ਪਰਿਪੇਖ ਇਹ ਵਿਚਾਰ ਬਣਾਇਆ ਗਿਆ ਹੈ ਕਿ ਪੂਰਬੀ ਪੰਜਾਬ ਦੇ ਮੁਸਲਮਾਨ ਜ਼ਿਮੀਂਦਾਰ ਸਿੱਖ ਜ਼ਿਮੀਂਦਾਰਾਂ ਦੇ ਹੀ ਭਾਈਬੰਦ ਸਨ ਕਿਉਂਕਿ ਔਰੰਗਜ਼ੇਬ ਦੇ ਸਮੇਂ ਉਸਦੇ ਡਰ ਅਥਵਾ ਜ਼ੁਲਮ ਜਾਂ ਕਿਸੇ ਹੋਰ ਲੋਭ ਕਾਰਨ ਉਹ ਮੁਸਲਮਾਨ ਹੋ ਗਏ ਸਨ ਅਤੇ ਸੰਨ ਸੰਤਾਲੀ ਦੇ ਉਜਾੜੇ ਸਮੇਂ ਉਹਨਾਂ ਦੇ ਮਨਾਂ 'ਚ ਇਹ ਭਾਵ ਪੈਦਾ ਹੋ ਗਏ ਕਿ ਉਹ ਸਿੱਖ ਧਰਮ ਵਿਚ ਮੁੜ ਸ਼ਾਮਲ ਹੋ ਕੇ ਆਪਣੇ ਸਿੱਖ ਭਰਾਵਾਂ ਵਾਂਗ ਪਿਤਾ-ਪੁਰਖੀ ਸੰਸਕ੍ਰਿਤੀ ਨਾਲ ਜੁੜ ਕੇ ਹੀ ਸੰਤਾਲੀ ਦੇ ਕਤਲੋਗਾਰਤ ਦੇ ਮਾਹੌਲ ਵਿਚ ਵੀ ਆਪਣੇ ਘਰਾਂ ਵਿਚ ਸੁੱਖ ਤੇ ਸ਼ਾਂਤੀ ਨਾਲ ਰਹਿ ਸਕਦੇ ਹਨ। ਇਸੇ ਲਈ ਉਹ ਆਪਣੇ ਧਰਮ ਤੇ ਨਾਮ ਦੀ ਬਦਲੀ ਦਾ ਸਹਾਰਾ ਲੈਂਦੇ ਹਨ। ਕਹਾਣੀ ਵਿਚੋਂ ਇਹ ਜ਼ੋਰਦਾਰ ਵਿਚਾਰ ਉਭਰਦਾ ਹੈ ਕਿ ਸਿੱਖਾਂ ਤੇ ਮੁਸਲਮਾਨਾਂ ਵਿਚ ਹੋਏ ਅਜਿਹੇ ਭਾਈਚਾਰਕ ਸਾਂਝ ਵਾਲੇ ਸਮਝੌਤਿਆਂ ਨੂੰ ਭਾਰਤ ਤੇ ਪਾਕਿਸਤਾਨ ਦੇ ਸ਼ਾਸਕਾਂ ਨੇ ਅਵੈਧ ਗਰਦਾਨਿਆ ਅਤੇ ਦੇਸ਼-ਵੰਡ ਦੇ ਘੱਲੂਘਾਰੇ 'ਚ ਬਚੇ ਸਿੱਖਾਂ ਤੇ ਮੁਸਲਮਾਨਾਂ ਨੂੰ ਭਾਰਤ ਤੇ ਪਾਕਿਸਤਾਨ ਵਿਚ ਧਰਮ ਤੇ ਕੌਮ ਦੇ ਆਧਾਰ ਉੱਤੇ ਮੁੜ ਵਸਾਉਣ ਦਾ ਰਾਜਸੀ ਕਾਰਜ ਆਰੰਭਿਆ। ਹਿੰਦ-ਪਾਕਿ ਦੀਆਂ ਰਾਜਕੀ ਸੰਸਥਾਵਾਂ ਦੇ ਅਜਿਹੇ ਸਮਝੌਤੇ ਦੇ ਸ਼ੋਸ਼ਣੀ ਰੂਪ ਨੂੰ ਦਰਸਾਉਣ ਲਈ ਸੇਖੋਂ ਨੇ ਇਹਨਾਂ ਦੋਹਾਂ ਕਹਾਣੀਆਂ ਦੀ ਸਿਰਜਣਾ ਇਤਿਹਾਸਕ ਤੇ ਰਾਜਨੀਤਕ ਵਿਚਾਰਾਂ ਦੇ ਪ੍ਰਸੰਗ ਅਧੀਨ ਕੀਤੀ ਹੈ। ਇਹ ਐਸੇ ਕਹਾਣੀਕਾਰ ਦੀਆਂ ਰਚੀਆਂ ਕਹਾਣੀਆਂ ਜਾਪਦੀਆਂ ਹਨ ਜਿਸ ਦੀ ਗਲਪ-ਦ੍ਰਿਸ਼ਟੀ ਵਿਚ ਇਕ ਇਤਿਹਾਸਕਾਰ ਵਾਲੀ ਪ੍ਰਬੁੱਧਤਾ ਤੇ ਗਹਿਰਾਈ ਸਮਾਈ ਹੋਈ ਹੈ।

ਇਕ ਉੱਚ ਕੋਟੀ ਦੇ ਇਤਿਹਾਸਕਾਰ ਵਾਲੀ ਪ੍ਰਬੁੱਧਤਾ ਤੇ ਗਹਿਰਾਈ 'ਕੁਰਬਾਨੀ ਦਾ ਬੱਕਰਾ' ਤੇ 'ਪਤਾਲ ਦਾ ਬੰਦਾ' ਨਾਮ ਦੀਆਂ ਕਹਾਣੀਆਂ 'ਚੋਂ ਵੀ ਮਿਲਦੀ ਹੈ। ਆਲੋਚਨਾਤਮਕ ਯਥਾਰਥਵਾਦੀ ਦ੍ਰਿਸ਼ਟੀ ਨਾਲ ਲਿਖੀ 'ਕੁਰਬਾਨੀ ਦਾ ਬੱਕਰਾ' ਨਾਮੀ ਕਹਾਣੀ ਇਸ ਵਿਚਾਰ ਉੱਤੇ ਟਿਕੀ ਹੋਈ ਹੈ ਕਿ ਬਰਤਾਨਵੀ ਭਾਰਤੀ ਪੁਲਿਸ ਦਾ ਮੰਤਵ ਕਿਸੇ ਵੀ ਵਿਅਕਤੀ ਉੱਤੇ ਅਪਰਾਧ ਦਾ ਕਸੂਰ ਥੱਪ ਕੇ ਆਪਣੀ ਚੰਗੀ ਕਾਰਗੁਜ਼ਾਰੀ ਦਿਖਾਉਣ ਦਾ ਹੁੰਦਾ ਸੀ। ਬਰਤਾਨਵੀ ਭਾਰਤੀ ਪੁਲਿਸ ਝੂਠੇ, ਬੇਇਤਬਾਰੇ ਤੇ ਘਿਰਣਾਯੋਗ ਬਦਮਾਸ਼ਾਂ ਦੇ ਇਕ ਗਰੋਹ ਦੇ ਰੂਪ ਵਿਚ ਕਾਰਜ ਕਰਦੀ ਸੀ। ਸ਼ਾਇਦ ਇਸੇ ਲਈ ਕਹਾਣੀ ਦੇ ਅੰਗਰੇਜ਼ ਪਾਤਰ ਕਿਪਲਿੰਗ ਦਾ ਖਿਆਲ ਹੈ ਕਿ 'ਪੂਰਬ ਪੂਰਬ ਹੈ ਤੇ ਪੱਛਮ ਪੱਛਮ, ਤੇ ਇਹ ਕਦੇ ਵੀ ਮਿਲ ਨਹੀਂ ਸਕਦੇ।' ਇਸੇ ਤਰ੍ਹਾਂ ਇਕ ਹੋਰ ਅਭਿਮਾਨੀ ਅੰਗਰੇਜ਼ ਪਾਤਰ ਬੁਨਸਨ ਭਾਰਤੀ ਦੇਸੀ ਲੋਕਾਂ ਨੂੰ ਕਾਇਰ ਤੇ ਹੀਜੜੇ ਗਰਦਾਨਦਾ ਹੈ। ਉਸ ਅਨੁਸਾਰ ਇਹ ਦੇਸੀ ਲੋਕ ਆਪਣੇ ਜਲੂਸਾਂ ਤੇ ਮੁਜ਼ਾਹਰਿਆਂ ਨਾਲ ਬਰਤਾਨਵੀ ਜਾਤੀ ਦੇ ਸਾਧਾਰਨ ਲੋਕਾਂ / ਅਫਸਰਾਂ ਨੂੰ ਡਰਾਉਣ ਦਾ ਭਰਮ ਪਾਲੀ ਬੈਠੇ ਹਨ। ਕਿਉਂਕਿ ਜਦੋਂ ਉਹਨਾਂ ਉੱਤੇ ਲਾਠੀਚਾਰਜ ਹੁੰਦਾ ਹੈ ਤਾਂ ਉਹ ਬਰਤਾਨਵੀ ਪੁਲਿਸ ਮੂਹਰੇ ਖੜ੍ਹੇ ਨਹੀਂ ਰਹਿ ਸਕਦੇ ਬਲਕਿ ਭੇਡਾਂ ਤੇ ਬੱਕਰੀਆਂ ਵਾਂਗ ਅੱਗੇ ਨੱਸ ਤੁਰਦੇ ਹਨ। ਬੇਟਨ ਨਾਮੀ ਪਾਤਰ, ਜੋ ਗ਼ਰੀਬੀ ਤੋਂ ਉੱਪਰ ਉੱਠ ਕੇ ਮੈਜਿਸਟਰੇਟ ਬਣਦਾ ਹੈ, ਸ਼ਾਰਦਾ ਨਾਮ ਦੀ ਹਿੰਦੂ ਇਸਤਰੀ ਦਾ ਕੁਝ ਸੰਵਾਰਨ ਲਈ ਉਸਨੂੰ ਆਖਦਾ ਹੈ ਕਿ ਉਹ ਹਿੰਦੂ ਬਣਨ ਨੂੰ ਤਿਆਰ ਹੈ। ਪਰ ਅਜਿਹਾ ਇਨਕਲਾਬੀ ਅੰਗਰੇਜ਼ ਪਾਤਰ ਇਨਕਲਾਬੀ ਭਾਰਤੀ ਲੋਕਾਂ ਦੀ ਗੋਲੀ ਦਾ ਸ਼ਿਕਾਰ ਹੋ ਕੇ ਮਾਰਿਆ ਜਾਂਦਾ ਹੈ। ਬੇਟਨ ਚੰਗਿਆਈ ਦਾ ਪੁੰਜ ਹੈ ਤੇ ਬੁਨਸਨ ਬੁਰਾਈ ਦਾ। ਇਨਕਲਾਬੀ ਤਾਕਤਾਂ ਹੱਥੋਂ ਬੁਰਾਈ ਨੂੰ ਮਰਨਾ ਚਾਹੀਦਾ ਸੀ ਪਰ ਭੁਲੇਖੇ ਨਾਲ ਬੇਟਨ ਦੇ ਰੂਪ ਵਿਚ ਚੰਗਿਆਈ ਦਾ



ਨੁਕਸਾਨ ਹੋਇਆ। ਸੇਖੋਂ ਦੀ ਬੌਧਿਕ ਇਨਕਲਾਬੀ ਦ੍ਰਿਸ਼ਟੀ ਇਕ ਹੋਰ ਅੰਗਰੇਜ਼ ਪਾਤਰ ਜ਼ਾਰ ਪੀਟਰ ਦੇ ਇਹਨਾਂ ਬੋਲਾਂ ਵਿਚ ਸਮਾਈ ਹੋਈ ਹੈ ਕਿ "ਸਾਮਰਾਜ ਇਸ ਦੇਸ਼ ਨੂੰ ਤਬਾਹ ਕਰਕੇ ਛੱਡੇਗਾ, ਜਿਵੇਂ ਇਸਨੇ ਮੇਰੀ ਕੁਲ ਨੂੰ ਕੀਤਾ ਹੈ।" ਇਸੇ ਤਰ੍ਹਾਂ 'ਪਤਾਲ ਦਾ ਬੰਦਾ' ਨਾਮਕ ਕਹਾਣੀ ਵਿਚ ਬਰਤਾਨਵੀ ਸਾਮਰਾਜ ਦੀਆਂ ਬੁਰਾਈਆਂ ਕਰਨ ਵਾਲੇ ਇਕ ਅਮਰੀਕਨ ਪਾਤਰ ਮਿਸਟਰ ਕਾਕਸ ਨੂੰ ਬਰਤਾਨਵੀ ਭਾਰਤ ਵਿਚੋਂ ਕੱਢ ਦਿੱਤਾ ਜਾਂਦਾ ਹੈ ਕਿਉਂਕਿ ਉਹ ਸੱਚੇ ਸਮਾਜਵਾਦ ਦਾ ਪ੍ਰਚਾਰਕ ਹੈ। 'ਪਤਾਲ ਦਾ ਬੰਦਾ' ਅਸਲ ਵਿਚ ਮਿਸਟਰ ਕਾਕਸ ਜਾਂ ਕਰਤਾਰ ਸਿੰਘ ਜਾਂ ਮੈਂ ਪਾਤਰ ਰਾਹੀਂ ਭਾਰਤ ਦੀ ਰਾਜਨੀਤਕ ਚੇਤਨਾ ਦਾ ਬਿਰਤਾਂਤ ਸਿਰਜਦੀ ਹੈ। ਇਸ ਕਹਾਣੀ ਦੀ ਵਸਤੂ ਉੱਤੇ ਟਿੱਪਣੀ ਕਰਦਿਆਂ ਪਿਆਰਾ ਸਿੰਘ ਭੋਗਲ ਨੇ ਕਿਹਾ ਹੈ ਕਿ "ਭਾਰਤ ਵਿਚ ਅੰਗਰੇਜ਼ੀ ਰਾਜ ਦੇ ਸਮੇਂ ਕੁਝ ਗੋਰਿਆਂ ਨੇ ਹੀ ਆ ਕੇ ਰਾਜਨੀਤਕ ਜਾਗ੍ਰਿਤੀ ਪੈਦਾ ਕੀਤੀ ਸੀ। ਮਿਸਟਰ ਹਿਊਮ ਨੇ ਕਾਂਗਰਸ ਬਣਾਈ ਸੀ ਤੇ ਕਈ ਹੋਰ ਗੋਰਿਆਂ ਨੇ ਸਮਾਜਵਾਦੀ ਵਿਚਾਰ ਪ੍ਰਚਾਰੇ ਸਨ। ਜਦੋਂ ਲੋਕਾਂ ਵਿਚ ਹਿਲਜੁਲ ਪੈਦਾ ਹੋਈ ਤਾਂ ਅੰਗਰੇਜ਼ ਨੌਕਰਸ਼ਾਹੀ ਨੇ ਉਹਨਾਂ ਉੱਤੇ ਜ਼ੁਲਮ ਕੀਤਾ ਸੀ। ਇਹ ਗੋਰਿਆਂ ਹੱਥੀਂ ਜਾਗ੍ਰਿਤੀ ਆਉਣ ਅਤੇ ਸਰਕਾਰ ਵੱਲੋਂ ਜ਼ੁਲਮ ਹੋਣ ਦੀ ਕਹਾਣੀ ਹੈ।[10]

ਸੇਖੋਂ ਨੇ ਵੀਹਵੀਂ ਸਦੀ ਦੇ ਲਗਪਗ ਪਹਿਲੇ ਛੇ ਦਹਾਕਿਆਂ ਵਿਚ ਭਾਰਤੀ ਸਮਾਜ ਅੰਦਰ ਪਨਪੀਆਂ ਹਾਕਮ ਜਮਾਤਾਂ ਦੀ ਆਪਸੀ ਟੱਕਰ ਅਤੇ ਇਹਨਾਂ ਦੀ ਆਮ ਲੋਕਾਂ ਵੱਲ ਪਹੁੰਚ ਨੂੰ ਆਪਣੀ ਸਮਾਜਵਾਦੀ ਸੋਚ-ਪ੍ਰਣਾਲੀ ਦੇ ਅੰਤਰਗਤ 'ਵਿੱਦਿਆ', 'ਪਰਦੇਸੀ', 'ਆਸ ਦਾ ਜਨਮ', 'ਵਰੋਲਾ', 'ਜਣਨੀ', 'ਫਾਰਮੂਲੇ', 'ਐਟਮ ਬੰਬ ਵਿਰੁੱਧ' ਤੇ 'ਪੰਜਾਹ ਹਜ਼ਾਰ ਦਾ ਚੱਕਰ' ਨਾਮਕ ਕਹਾਣੀਆਂ ਵਿਚ ਵਿਚਾਰਿਆ ਹੈ। 'ਵਿੱਦਿਆ' ਨਾਮੀ ਕਹਾਣੀ ਵਿਚ ਦਰਸਾਇਆ ਗਿਆ ਹੈ ਕਿ ਮਹਾਤਮਾ ਗਾਂਧੀ ਦਾ ਸਤਿਆਗ੍ਰਹਿ ਅੰਦੋਲਨ ਭਾਰਤ ਦੇਸ਼ ਲਈ ਕੀਤੀ ਸ਼ਾਂਤਮਈ ਜੰਗ ਸੀ, ਜਿਸਨੇ ਸਾਧਾਰਨ ਲੋਕਾਂ ਨੂੰ ਆਜ਼ਾਦੀ ਤੇ ਗ਼ੁਲਾਮੀ ਦੀ ਸਮਝ ਪ੍ਰਦਾਨ ਕੀਤੀ। ਸੇਖੋਂ ਦੀ ਸਮਝ ਨੇ ਵਿੱਦਿਆ ਅਥਵਾ ਗਿਆਨ ਦੁਆਰਾ ਇਸਨੂੰ ਹੋਰ ਡੂੰਘੇਰੇ ਰੂਪ ਵਿਚ ਸਮਝਣ ਲਈ ਇਸ ਦੇ ਜਮਾਤੀ ਆਧਾਰ ਨੂੰ ਖੋਜਿਆ ਹੈ। ਕਿਉਂਕਿ ਭਾਰਤ ਦੇਸ਼ ਰਾਮ ਲਾਲ ਵਰਗੇ ਗ਼ੁਲਾਮਾਂ ਦੇ ਪੜ-ਗ਼ੁਲਾਮਾਂ ਨਾਲ ਭਰਿਆ ਪਿਆ ਹੈ। ਵਿਅੰਗਮਈ ਤਰੀਕੇ ਨਾਲ ਵਿੱਦਿਆ ਦੇ ਸਤਿਕਾਰ ਦੀ ਭਾਵਨਾ ਨੂੰ ਉਭਾਰਦੀ ਇਹ ਕਹਾਣੀ ਰਾਜਨੀਤਕ ਤੇ ਆਰਥਿਕ ਪ੍ਰਸੰਗਾਂ ਵਿਚ ਆਜ਼ਾਦੀ ਬਨਾਮ ਗ਼ੁਲਾਮੀ ਦੇ ਚੇਤਨਾਮਈ ਅਰਥ ਸਮਝਾ ਜਾਂਦੀ ਹੈ। ਆਜ਼ਾਦੀ ਤੋਂ ਪਹਿਲੇ ਸਮੇਂ ਦੇ ਹਿੰਦੁਸਤਾਨ ਤੇ ਇੰਗਲਿਸਤਾਨ ਦੇ ਪਰਸਪਰ ਸੰਬੰਧਾਂ ਦੀਆਂ ਗੱਲਾਂ/ਵਿਚਾਰਾਂ ਉੱਤੇ ਉਸਰੀ 'ਪਰਦੇਸੀ' ਨਾਮਕ ਕਹਾਣੀ ਵੀ ਦੱਸ ਪਾਉਂਦੀ ਹੈ ਕਿ ਰਾਜੇ ਤੇ ਜਾਗੀਰਦਾਰ ਕਿਸਮ ਦੇ ਵਿਸ਼ੇਸ਼ ਵਿਅਕਤੀ ਸਾਧਾਰਨ ਲੋਕਾਂ ਲਈ ਦੇਵਤਾ ਸਮਾਨ ਸਨ ਤੇ ਉਹ ਗੋਰੇ ਲੋਕਾਂ ਦੀ ਬੇ ਲੋੜੀ ਖੁਸ਼ਾਮਦ ਕਰਦੇ ਸਨ। ਐਪਰ ਸੇਖੋਂ ਦੀ ਦ੍ਰਿਸ਼ਟੀ ਸਵੀਕਾਰਦੀ ਹੈ ਕਿ ਹਿੰਦੁਸਤਾਨ ਵਿਚ ਰਾਜੇ ਤੇ ਜਾਗੀਰਦਾਰ ਸਮਾਜ ਦੇ ਮਿੱਤਰ ਨਹੀਂ ਸਨ। ਪਹਿਲੀ ਗੋਲ-ਮੇਜ਼ ਕਾਨਫਰੰਸ ਦੌਰਾਨ ਭਾਰਤ ਦੀ ਸੁਤੰਤਰਤਾ ਬਾਰੇ ਕੀਤੀ ਵਿਚਾਰ ਵਿਚ ਇਹਨਾਂ ਰਾਜਿਆਂ ਤੇ ਜਾਗੀਰਦਾਰਾਂ ਦੀ ਭੂਮਿਕਾ ਉੱਤੇ ਵੀ ਸੇਖੋਂ ਦੀ ਬੌਧਿਕ ਦ੍ਰਿਸ਼ਟੀ ਨੇ ਕਲਾਤਮਕ ਤਰੀਕੇ ਨਾਲ ਕਾਟੇ ਮਾਰੇ ਹਨ। ਕਾਂਗਰਸ ਦੇ ਪ੍ਰਭਾਵ ਅਤੇ ਹੋਰਨਾਂ ਕਈ ਕਾਰਨਾਂ ਸਦਕਾ ਹਿੰਦੁਸਤਾਨ ਰਾਜਨੀਤਕ ਆਜ਼ਾਦੀ ਤਾਂ ਪ੍ਰਾਪਤ ਕਰ ਲੈਂਦਾ ਹੈ ਪਰ ਆਰਥਿਕ ਆਜ਼ਾਦੀ ਨਹੀਂ, ਜਿਸ ਉੱਪਰ ਕਿ ਸੇਖੋਂ ਦੀ ਨਜ਼ਰ ਰਹਿੰਦੀ ਹੈ। ਇਸੇ ਲਈ ਸੇਖੋਂ ਕਹਾਣੀਆਂ ਵਿਚ ਇਕ 'ਸੁਚੇਤ ਟਿੱਪਣੀਕਾਰ' [11] ਵਜੋਂ ਵੀ ਵਿਚਰਦਾ ਨਜ਼ਰ ਆਉਂਦਾ ਹੈ। ਉਸ ਦੀਆਂ ਰਾਜਨੀਤਕ ਤੇ ਇਤਿਹਾਸਕ ਵਿਚਾਰਾਂ ਉੱਤੇ ਆਧਾਰਤ ਕੁਝ ਕੁ ਕਹਾਣੀਆਂ, ਡਾ. ਅਤਰ ਸਿੰਘ ਮੁਤਾਬਕ "ਕੋਈ ਵਿਗਿਆਨਕ ਸਿਧਾਂਤ ਪਹਿਲਾਂ ਹਨ ਤੇ ਪਿੱਛੋਂ ਕੁਝ ਹੋਰ।"[12] ਇਸ ਪ੍ਰਕਾਰ ਦੀਆਂ ਪ੍ਰਮੁੱਖ ਕਹਾਣੀਆਂ ਹਨ : 'ਵਰੋਲਾ', 'ਪਤਾਲ ਦਾ ਬੰਦਾ' ਤੇ 'ਆਸ ਦਾ ਜਨਮ'।

'ਆਸ ਦਾ ਜਨਮ' ਵਿਚ ਸੇਖੋਂ ਨੇ ਆਜ਼ਾਦੀ ਤੋਂ ਤੁਰੰਤ ਬਾਅਦ ਆਈਆਂ ਲੋਕਤੰਤਰਕ ਤਰੀਕੇ ਦੀਆਂ ਚੋਣਾਂ ਦੀ ਅਸਲੀਅਤ ਨੂੰ ਇਹਨਾਂ ਸਤਰਾਂ ਰਾਹੀਂ ਉਭਾਰਿਆ ਹੈ: "ਅੰਗਰੇਜ਼ ਰਾਜਸੀ

ਤਾਕਤ ਹਿੰਦੁਸਤਾਨੀ ਜ਼ਿਮੀਂਦਾਰਾਂ ਤੇ ਸਰਮਾਏਦਾਰਾਂ ਨਾਲ ਵੰਡਣ ਲੱਗਾ ਡਰਦਾ ਸੀ ਕਿ ਹੋਰ ਕਿਤੇ ਇਹ ਤਾਕਤ ਕਿਸਾਨਾਂ ਤੇ ਕਿਰਤੀਆਂ ਦੇ ਹੱਥਾਂ ਵਿਚ ਨਾ ਚਲੀ ਜਾਵੇ ਤੇ ਹੁਣ ਇਹ ਕਿਸਾਨਾਂ ਤੇ ਕਿਰਤੀਆਂ ਦੇ ਜਤਨ ਕਰਨ ਦੀ ਗੱਲ ਸੀ ਕਿ ਇਹ ਵੰਡਾਈ ਨਾ ਹੋ ਸਕੇ ਤੇ ਉਹ ਇਸ ਨੂੰ ਵੰਡਦਿਆਂ ਵੰਡਦਿਆਂ ਖੋਹ ਲੈਣ। ਇਸ ਲਈ ਉਹਨਾਂ ਲਈ ਜ਼ਰੂਰੀ ਸੀ ਕਿ ਉਹ ਸੋਸ਼ਲਿਜ਼ਮ ਤੇ ਇਸਦੇ ਮੱਦਦੀ ਕਾਂਗਰਸ ਨੂੰ ਵੋਟ ਦੇਣ।"[13] ਇਹਨਾਂ ਸਤਰਾਂ ਵਿਚ ਸਰਮਾਏਦਾਰੀ ਤੇ ਸਮਾਜਵਾਦੀ ਕਿਸਮ ਦੀਆਂ ਦੋ ਵਿਚਾਰਧਾਰਾਵਾਂ ਦੇ ਆਧਾਰ ਨੂੰ ਗਲਪੀ ਉਸਾਰ ਵਿਚ ਬਦਲਣ ਲਈ ਸੇਖੋਂ ਨੇ ਜਿਵੇਂ 'ਆਸ ਦਾ ਜਨਮ' ਕਹਾਣੀ ਦੀ ਸਿਰਜਣਾ ਕੀਤੀ ਹੈ ਉਵੇਂ ਹੀ 'ਵਰੋਲਾ' ਕਹਾਣੀ ਦੀ ਵੀ ਕੀਤੀ ਹੈ। ਇਸ ਕਹਾਣੀ ਦਾ ਗਲਪੀ ਵਿਸਥਾਰ ਸੇਖੋਂ ਦੁਆਰਾ ਮਨੁੱਖੀ ਸੁਭਾਅ ਤੇ ਵਤੀਰੇ ਦਾ ਅਧਿਐਨ ਬਣਿਆ ਹੈ। ਸਿੱਟਾ ਇਹ ਕੱਢਿਆ ਹੈ ਕਿ ਕੌਮੀ ਤੇ ਰਾਸ਼ਟਰੀ ਪੱਧਰ ਦੀਆਂ ਇਨਕਲਾਬੀ ਲਹਿਰਾਂ ਵਿਚ ਇਸਤਰੀਆਂ ਦਾ ਸ਼ਾਮਲ ਹੋਣਾ ਅਤਿ ਜ਼ਰੂਰੀ ਹੈ। ਯੂਰਪ ਦੇ ਦੇਸ਼ਾਂ ਵਿਚ ਇਨਕਲਾਬੀ ਲਹਿਰਾਂ ਇਸਤਰੀਆਂ ਦੀ ਸ਼ਮੂਲੀਅਤ ਸਦਕਾ ਹੀ ਨਹੀਂ ਕੁਚਲ ਹੋਈਆਂ। ਅਜਿਹੀ ਸੋਚ ਨੂੰ ਪਰਨਾਈ ਇਕ ਹੋਰ ਕਹਾਣੀ ਹੈ 'ਜਣਨੀ'।

'ਜਣਨੀ' ਕਹਾਣੀ ਦੇ ਮੁੱਖ ਪਾਤਰ ਬਲਦੇਵ ਸਿੰਘ ਨੂੰ ਕਾਂਗਰਸ ਪਾਰਟੀ ਦਾ ਅੰਗਰੇਜ਼ੀ ਸਾਮਰਾਜ ਨਾਲ ਨਿਕਟ ਸੰਬੰਧੀ ਹੋਣਾ ਖੁੜਕਦਾ ਹੈ। ਉਸਦੀ ਇਹ ਖੁੜਕਣ ਭਾਵਨਾ ਹੀ ਉਸਨੂੰ ਵਿਦਿਆਰਥੀ ਜੱਥੇਬੰਦੀ ਦਾ ਅਹਿਮ ਨੇਤਾ ਬਣਾ ਦਿੰਦੀ ਹੈ। ਨੇਤਾ ਬਣਿਆ ਉਹ ਪੁਲਿਸ ਤੇ ਜ਼ਿਲ੍ਹੇ ਦੇ ਹੋਰ ਅਧਿਕਾਰੀਆਂ ਦੀਆਂ ਅੱਖਾਂ ਵਿਚ ਪੱਕੇ ਕੁੱਕਰਿਆਂ ਵਾਂਗ ਰੜਕਦਾ ਹੈ। ਪੁਲਿਸ ਉਸ ਦਾ ਪਿੱਛਾ ਕਰਦੀ ਹੈ ਤੇ ਉਹ ਰੂਪੋਸ਼ ਹੋ ਜਾਂਦਾ ਹੈ। ਪਰ ਰੂਪੋਸ਼ ਹੋਇਆ ਵੀ ਉਹ ਆਪਣੀ ਪਤਨੀ ਰਮਾ ਦੇ ਪਿਆਰ ਦੀ ਕੈਦ ਭੁਗਤਦਾ ਹੈ। ਇਹ ਉਸਦਾ ਵਿਅਕਤੀਗਤ ਮਾਮਲਾ ਹੈ। ਇਸ ਮਾਮਲੇ ਰਾਹੀਂ ਉਹ ਇਹ ਵਿਚਾਰ ਸਿੱਧ ਕਰਨ ਦੇ ਆਹਰ ਵਿਚ ਹੈ ਕਿ ਅੰਗਰੇਜ਼ੀ ਸ਼ਾਸਕ ਅਤੇ ਕਾਂਗਰਸ ਤੇ ਮੁਸਲਿਮ ਲੀਗ ਨੂੰ ਬਣਾਉਣ ਤੇ ਚਲਾਉਣ ਵਾਲੇ ਉੱਚੀਆ ਸ਼੍ਰੇਣੀਆਂ ਦੇ ਵਿਅਕਤੀ ਇਸਤਰੀ ਜਾਤ ਉੱਤੇ ਜ਼ੁਲਮ ਕਰਦੇ ਹਨ। ਉਹ ਇਹਨਾਂ ਜਾਬਰਾਂ ਨੂੰ ਸਜ਼ਾ ਦੇਣ ਦੇ ਵਿਚਾਰਾਂ ਨੂੰ ਸਮਰਪਤ ਹੈ। ਇਸੇ ਲਈ ਉਹ ਆਪਣੇ ਰੂਪੋਸ਼ੀ ਦੇ ਦਿਨਾਂ ਵਿਚ ਵਾਰ ਵਾਰ ਆਪਣੀ ਗਰਭਵਤੀ ਪਤਨੀ ਰਮਾ ਨੂੰ ਮਿਲਦਾ ਰਹਿੰਦਾ ਹੈ। ਕਹਾਣੀ ਵਿਚ ਰਮਾ ਦੇ ਬੱਚੇ ਦਾ ਜਨਮ ਅਸਲ ਵਿਚ ਬਲਦੇਵ ਦੀ ਚੇਤਨਾ ਦੀ ਲੱਗੀ ਭੌਤਿਕ ਜੜ੍ਹ ਹੈ। ਸੇਖੋਂ ਦੀ ਦ੍ਰਿਸ਼ਟੀ ਮੁਤਾਬਕ ਜਾਬਰ ਤੋਂ ਮਜ਼ਲੂਮ ਦੀ ਰੱਖਿਆ ਲਈ ਮਜ਼ਲੂਮ ਸਮਾਜ ਅੰਦਰ ਅਜਿਹੀ ਜੜ੍ਹ ਦੀ ਲੋੜ ਹਮੇਸ਼ਾ ਬਣੀ ਰਹਿੰਦੀ ਹੈ ਤੇ ਅਜਿਹੀ ਜੜ੍ਹ ਇਨਕਲਾਬੀ ਸੋਚ ਵਾਲੇ ਇਸਤਰੀ ਪੁਰਸ਼ ਦਾ ਅਥਾਹ ਪ੍ਰੇਮ ਹੀ ਲਗਾ ਸਕਦਾ ਹੈ।

ਅਜਿਹੀ ਹੀ ਦ੍ਰਿਸ਼ਟੀ ਰਾਹੀਂ ਸੰਸਾਰ ਅਮਨ ਲਹਿਰ ਨੂੰ ਆਧਾਰ ਬਣਾ ਕੇ ਲਿਖੀ ਇਕ ਕਹਾਣੀ ਹੈ 'ਐਟਮ ਬੰਬ ਵਿਰੁੱਧ'। ਚੰਦਾ ਮੰਗਣ ਦੀ ਪ੍ਰਕਿਰਿਆ ਇਸ ਕਹਾਣੀ ਨੂੰ ਰੂਪ ਪ੍ਰਦਾਨ ਕਰਦੀ ਹੈ। ਇਸ ਵਿਚੋਂ ਇਹ ਵਿਚਾਰ ਸਾਹਮਣੇ ਆਉਂਦਾ ਹੈ ਕਿ ਅਮਨ ਦੀ ਮੁਹਿੰਮ ਵਿਚ ਨਿੱਕੇ-ਨਿੱਕੇ ਚੰਦਿਆਂ ਦੀ ਅਹਿਮੀਅਤ ਹੋਣੀ ਚਾਹੀਦੀ ਹੈ ਨਾ ਕਿ ਲਾਲਾ ਹਰਬੰਸ ਲਾਲ ਦੇ ਦਿੱਤੇ ਵੱਡੇ ਵੱਡੇ ਚੰਦਿਆਂ ਨੂੰ। ਜਿਵੇਂ 'ਐਟਮ ਬੰਬ ਵਿਰੁੱਧ' ਕਹਾਣੀ ਵਿਚ ਅਗਾਂਹਵਧੂ ਸੋਚ ਦੇ ਪਾਤਰ ਸੰਸਾਰ ਅਮਨ ਲਹਿਰ ਲਈ ਚੰਦਾ ਮੰਗਦੇ ਹਨ ਉਵੇਂ ਹੀ 'ਪੰਜਾਹ ਹਜ਼ਾਰ ਦਾ ਚੱਕਰ' ਕਹਾਣੀ ਦਾ ਮੁੱਖ ਪਾਤਰ ਧਰਮ ਸਿੰਘ ਕਮਿਊਨਿਸਟ ਪਾਰਟੀ ਨੂੰ ਇਕ ਰੁਪਏ ਪ੍ਰਤੀ ਮਹੀਨਾ ਚੰਦਾ ਦਿੰਦਾ ਹੈ, ਇਸ ਆਸ ਨਾਲ ਕਿ ਕਮਿਊਨਿਸਟ ਪਾਰਟੀ ਭਾਰਤ ਅੰਦਰ ਰਾਜ ਪਲਟਾ ਕਰਕੇ ਗ਼ਰੀਬ ਕਿਸਾਨਾਂ ਦਾ ਕੁਝ ਸੁਧਾਰ ਕਰ ਸਕੇ। ਪਰ ਉਸਦੀ ਅਜਿਹੀ ਆਸ ਪੂਰੀ ਨਹੀਂ ਹੁੰਦੀ, ਕਿਉਂਕਿ ਕਮਿਊਨਿਸਟ ਪਾਰਟੀ ਟੁੱਟ ਕੇ ਦੋ ਹਿੱਸਿਆਂ ਵਿਚ ਵੰਡੀ ਜਾਂਦੀ ਹੈ। ਧਰਮ ਸਿੰਘ ਵਰਗੇ ਵਿਅਕਤੀ ਆਪਣੇ ਸਿਰ ਚੜ੍ਹੇ ਕਰਜ਼ੇ ਨੂੰ ਲਾਹੁਣ ਲਈ ਇੰਗਲੈਂਡ ਪਹੁੰਚਣ ਦੀਆਂ ਸਕੀਮਾਂ ਬਣਾਉਂਦੇ ਹਨ ਪਰ ਐਨ ਉਸੇ ਵਕਤ ਇੰਗਲੈਂਡ ਵਿਚ ਪ੍ਰਵੇਸ਼ ਦੀਆਂ ਸ਼ਰਤਾਂ ਕਰੜੀਆਂ ਹੋ ਜਾਂਦੀਆਂ ਹਨ। ਸੰਨ 1961-62 ਦੇ ਸਾਲਾਂ ਦੌਰਾਨ ਵਾਪਰੀਆਂ ਅੰਤਰਰਾਸ਼ਟਰੀ ਤੇ ਰਾਸ਼ਟਰੀ ਪੱਧਰ ਦੀਆਂ ਘਟਨਾਵਾਂ ਦੇ ਨਾਲ ਨਾਲ ਪੰਜਾਬ ਦੀ ਪ੍ਰਾਂਤਕ ਪੱਧਰ ਦੀ ਉਸ ਸਮਾਜਕ ਤੇ ਆਰਥਿਕ ਸਥਿਤੀ ਨੂੰ ਵੀ ਉਭਾਰਿਆ ਗਿਆ ਹੈ ਜਿਸ ਅਨੁਸਾਰ ਖੇਤੀ ਦਾ ਕੰਮ ਛੋਟੇ



ਕਿਸਾਨਾਂ ਨੂੰ ਰੱਜਵੀਂ ਰੋਟੀ ਨਹੀਂ ਸੀ ਦਿੰਦਾ, ਜਿਸ ਤੋਂ ਛੁਟਕਾਰਾ ਪਾਉਣ ਲਈ ਉਹ ਵਲਾਇਤ ਵੱਲ ਰੁਖ ਕਰਦੇ ਸਨ। ਭਾਰਤੀ ਪੰਜਾਬ ਵਿਚ ਰਹਿਣ ਵਾਲੇ ਕਿਸਾਨ ਜਾਂ ਤਾਂ ਕਰਜ਼ਾ ਚੁੱਕ ਕੇ ਖੇਤੀ ਕਰਦੇ ਸਨ ਤੇ ਜਾਂ ਫਿਰ ਫੌਜ ਵਿਚ ਭਰਤੀ ਹੋ ਕੇ ਗੁਜ਼ਾਰਾ ਕਰਦੇ ਸਨ ਜਿਵੇਂ 'ਮੀਂਹ ਜਾਵੇ, ਅਨ੍ਹੇਰੀ ਜਾਵੇ' ਕਹਾਣੀ ਦਾ ਮੰਗਲ ਸਿੰਘ ਇਹ ਦੋਵੇਂ ਕੰਮ ਕਰਦਾ ਹੈ। ਕਿਉਂਕਿ ਸੇਖੋਂ ਆਪਣੇ ਸਮੇਂ ਦੇ ਨਾਲ ਨਾਲ ਤੁਰਨ ਵਾਲਾ ਆਰਥਿਕ-ਰਾਜਨੀਤਕ ਦ੍ਰਿਸ਼ਟੀ ਰਾਹੀਂ ਸਮਾਜਕ ਸਥਿਤੀਆਂ ਦਾ ਗਲਪੀ ਰੂਪਾਂਤਰਣ ਕਰਨ ਵਾਲਾ ਗਲਪਕਾਰ ਹੈ, ਇਸ ਲਈ ਉਸ ਦੀਆਂ ਕਈ ਕਹਾਣੀਆਂ ਵਿਚ ਹਰੇ ਇਨਕਲਾਬ ਤੋਂ ਪਹਿਲਾਂ ਦੇ ਕਿਸਾਨੀ ਸਮਾਜ ਦੀ ਸਥਿਤੀ ਵੀ ਉਘਾੜੀ ਗਈ ਹੈ। ਉਦਾਹਰਨ ਵਜੋਂ 'ਮੀਂਹ ਜਾਵੇ, ਅਨ੍ਹੇਰੀ ਜਾਵੇ' ਕਹਾਣੀ ਵਿਚ ਪ੍ਰਸ਼ਨ ਕੀਤਾ ਗਿਆ ਹੈ ਕਿ ਮੰਗਲ ਸਿੰਘ ਫੌਜ ਵਿਚ ਭਰਤੀ ਨਾ ਹੁੰਦਾ ਤਾਂ ਕੀ ਕਰਦਾ? ਆਪਣੀ ਅਤਿ ਗ਼ਰੀਬੀ ਦੀ ਜੂਨ ਕੱਟਣ ਅਤੇ ਸਿਰ ਚੜ੍ਹੇ ਹਜ਼ਾਰ ਕੁ ਰੁਪਏ ਦੇ ਕਰਜ਼ੇ ਨੂੰ ਲਾਹੁਣ ਲਈ ਉਹ ਆਪਣੀ ਮਾਂ ਮਹਾਂ ਕੌਰ ਤੇ ਪਤਨੀ ਬਸੰਤ ਕੌਰ ਦੀ ਮਰਜ਼ੀ ਦੇ ਉਲਟ ਫੌਜ ਵਿਚ ਭਰਤੀ ਹੁੰਦਾ ਹੈ। ਜੇ ਕਰ ਉਹ ਫੌਜ ਵਿਚ ਭਰਤੀ ਨਾ ਹੁੰਦਾ ਤਾਂ ਉਸਦੇ ਸਿਰ ਕਰਜ਼ਾ ਉਵੇਂ ਹੀ ਚੜ੍ਹਿਆ ਰਹਿਣਾ ਸੀ ਤੇ ਉਸਨੇ ਪੰਜ ਕੁ ਸਾਲਾਂ ਵਿਚ ਹੀ ਆਪਣੇ ਪਿਉ ਤੇ ਦਾਦੇ ਦੀ ਭੋਇੰ ਤੋਂ ਵੀ ਹੱਥ ਧੋ ਬੈਠਣੇ ਸਨ। ਫੌਜ ਵਿਚ ਭਰਤੀ ਹੋਣ ਪਿੱਛੋਂ ਉਹ ਕਰਜ਼ਾ ਲਾਹ ਕੇ ਆਪਣੀ ਭੋਇੰ ਤਾਂ ਬਚਾਉਂਦਾ ਹੈ ਪਰ ਉਸ ਦੀ ਗ਼ੈਰ-ਹਾਜ਼ਰੀ ਵਿਚ ਉਸ ਦੀ ਮਾਂ ਤੇ ਪਤਨੀ ਡਰ ਦੀ ਜੂਨ ਭੋਗਦੀਆਂ ਹਨ। ਸੇਖੋਂ ਦੀ ਦ੍ਰਿਸ਼ਟੀ ਨੇ ਉਸਦੀ ਮਾਂ ਮਹਾਂ ਕੌਰ ਦੇ ਡਰ ਦਾ ਕਾਰਨ ਬਸੰਤ ਕੌਰ ਦੀ ਸੁੰਦਰਤਾ ਤੇ ਜਗੀਰਦਾਰ ਦੇ ਮੁੰਡੇ ਗੁਰਦੇਵ ਦੀ ਉਸ ਪ੍ਰਤੀ ਬਹਿਬਲਤਾ ਨੂੰ ਬਣਾਇਆ ਹੈ। ਗੁਰਦੇਵ ਉਸ ਨਾਲ ਜੱਟ-ਸ਼੍ਰੇਣੀ ਭਾਵ ਵਾਲੀ ਹਮਦਰਦੀ ਦਾ ਦਿਖਾਵਾ ਕਰਦਾ ਹੋਇਆ ਉਸਦੀ ਜਵਾਨੀ ਨੂੰ ਹੜੱਪਣਾ ਚਾਹੁੰਦਾ ਹੈ। ਬਸੰਤ ਕੌਰ ਉਸ ਦੀ ਅਜਿਹੀ ਭਾਵਨਾ ਨੂੰ ਪੂਰਾ ਨਾ ਕਰਕੇ ਆਪਣੀ ਸੱਸ ਮਹਾਂ ਕੌਰ ਦੀ ਤਾੜਨਾ ਦੇ ਸਹਾਰੇ ਆਪਣੇ ਸਮੇਂ ਦੇ ਅਜਿਹੇ ਜਾਗੀਰਦਾਰੀ ਕੁਹਜ ਨੂੰ ਵੰਗਾਰ ਦਿੰਦੀ ਹੈ। ਤੇ ਉਸਦੀ ਅਜਿਹੀ ਵੰਗਾਰ ਵੀ ਉਦੋਂ ਵੰਗਾਰੀ ਜਾਂਦੀ ਹੈ ਜਦੋਂ ਛੁੱਟੀ ਕੱਟਣ ਉਪਰੰਤ ਮੰਗਲ ਸਿੰਘ ਵਾਪਸ ਜਾਣ ਦੀ ਤਿਆਰੀ ਕਰਦਾ ਹੈ। ਬਸੰਤ ਕੌਰ ਉਸ ਨਾਲ ਚੰਬੜ ਕੇ ਹਉਕੇ ਭਰਦੀ ਹੋਈ ਉਸਨੂੰ ਆਖਦੀ ਹੈ ਕਿ "ਮੇਰਾ ਨੀ ਏਥੇ ਜੀ ਲਗਦਾ।"[14] ਉਸਦਾ ਮੰਗਲ ਸਿੰਘ ਨਾਲ ਚੰਬੜੀ ਹੋਈ ਦਾ ਦ੍ਰਿਸ਼ਟਾਂਤਕ ਬਿੰਬ ਸੇਖੋਂ ਨੇ ਇਵੇਂ ਸਿਰਜਿਆ ਹੈ ਜਿਵੇਂ ਮੀਂਹ ਝੱਖੜ ਦਾ ਮਾਰਿਆ ਕੋਈ ਪੰਛੀ ਆਪਣੇ ਆਲ੍ਹਣੇ ਵਿਚ ਜਾ ਡਿੱਗਿਆ ਹੋਵੇ।

ਫੌਜ ਦੀ ਵਿਸ਼ੈਗਤ ਇਕਾਈ ਨਾਲ ਸੰਬੰਧਤ ਦੋ ਹੋਰ ਕਹਾਣੀਆਂ 'ਜੇ ਮੈਂ ਮੁੰਡਾ ਹੁੰਦੀ' ਤੇ 'ਸ਼ਹੀਦ ਦੀ ਮਾਂ' ਵਿਚ ਵੀ ਅਜਿਹੀਆਂ ਹੀ ਦ੍ਰਿਸ਼ਟੀਆਂ ਕਾਰਜ ਕਰਦੀਆਂ ਹਨ। 'ਜੇ ਮੈਂ ਮੁੰਡਾ ਹੁੰਦੀ' ਇਕ ਫੌਜੀ ਵਿਅਕਤੀ ਦੀ ਪਤਨੀ ਦੀ ਕਹਾਣੀ ਹੈ ਜਿਹੜੀ ਉਸਦੇ ਸਹੁਰੇ ਤੇ ਪੇਕੇ ਪਰਿਵਾਰ ਦੀ ਗ਼ਰੀਬੀ ਨੂੰ ਦਰਸਾਉਣ ਲਈ ਰਚੀ ਗਈ ਹੈ। ਉਹਨਾਂ ਦੀ ਜ਼ਮੀਨ ਨਾ ਹੋਣ ਦੇ ਬਰਾਬਰ ਹੈ। ਇਸੇ ਲਈ ਉਹ ਕੱਤ ਤੁੰਬ ਕੇ ਪੈਸੇ ਕਮਾ ਕੇ ਆਪਣੇ ਮਾਪਿਆਂ ਦੀ ਕੁਝ ਆਰਥਿਕ ਮਦਦ ਕਰਦੀ ਹੈ। ਉਹ ਸਾਲ ਵਿਚ ਅੱਧਾ ਕੁ ਸਮਾਂ ਆਪਣੇ ਪੇਕੇ ਘਰ ਰਹਿੰਦੀ ਹੈ ਤੇ ਅੱਧਾ ਕੁ ਆਪਣੇ ਸਹੁਰੇ ਘਰ। ਪਿੰਡੋਂ ਸ਼ਹਿਰ ਤੇ ਸ਼ਹਿਰੋਂ ਪਿੰਡ ਤਾਂਗੇ ਜਾਂ ਲਾਰੀ ਰਾਹੀਂ ਆਉਂਦੀ ਜਾਂਦੀ ਦਾ ਵਾਹ ਅਨੇਕਾਂ ਵਿਅਕਤੀਆਂ ਨਾਲ ਪੈਂਦਾ ਹੈ ਜਿਹੜੇ ਅਸਿੱਧੇ ਤੌਰ 'ਤੇ ਉਸਦੇ ਹੁਸਨ ਨੂੰ ਲਲਚਾਈਆਂ ਅੱਖਾਂ ਨਾਲ ਵੇਖਦੇ ਹਨ। ਤੇ ਉਹਨਾਂ ਵਿਚ ਕੋਈ ਵਿਰਲਾ ਟਾਵਾਂ ਉਸਨੂੰ ਪ੍ਰੇਮੀ ਦੀ ਲਾਲਸਾ ਨਾਲ ਵੀ ਤੱਕਦਾ ਹੈ। ਸੇਖੋਂ ਦੀ ਗਲਪ ਦ੍ਰਿਸ਼ਟੀ ਇਕੋ ਸਮੇਂ ਉਸਦੇ ਪਤੀ ਦੀ ਨੌਕਰੀ, ਸਹੁਰੇ ਤੇ ਪੇਕੇ ਘਰ, ਉਸਦੇ ਪੁੱਤਰ, ਉਸਦੇ ਘੇਰੇ 'ਚ ਆਉਣ ਵਾਲੇ ਵਿਭਿੰਨ ਵਿਅਕਤੀਆਂ ਅਤੇ ਉਸਦੇ ਮਨ ਦੀ ਡੂੰਘ-ਸੰਰਚਨਾ ਉੱਤੇ ਬਰਾਬਰ ਟਿਕੀ ਰਹਿੰਦੀ ਹੈ।

ਸੇਖੋਂ ਦੀ ਆਲੋਚਨਾਤਮਕ ਯਥਾਰਥਵਾਦੀ ਦ੍ਰਿਸ਼ਟੀ ਔਰਤ ਨੂੰ ਆਰਥਿਕ ਪੱਖ ਤੋਂ ਮਰਦ ਦੇ ਬਰਾਬਰ ਕਰਨਾ ਲੋਚਦੀ ਹੈ। 'ਜੇ ਮੈਂ ਮੁੰਡਾ ਹੁੰਦੀ' ਕਹਾਣੀ ਦਾ ਨਾਮਕਰਨ ਹੀ ਇਸੇ ਦ੍ਰਿਸ਼ਟੀ ਤਹਿਤ ਕੀਤਾ ਗਿਆ ਹੈ। 'ਸ਼ਹੀਦ ਦੀ ਮਾਂ' ਕਹਾਣੀ ਵਿਚ ਫੌਜ ਵਿਚ ਭਰਤੀ ਦਾ ਕਾਰਨ ਕਿਸਾਨਾਂ ਦੀ ਗ਼ਰੀਬੀ ਨਹੀਂ ਸਗੋਂ 'ਸਫੇਦ-ਪੋਸ਼ ਬਣਨ ਦੀ ਤਾਂਘ' ਬਣਦਾ ਹੈ। ਕਹਾਣੀ ਦਾ ਗੁਰਜੀਤ ਨਾਮੀ ਪਾਤਰ

ਆਪਣੀ ਮਾਂ ਦੀ ਅਜਿਹੀ ਤਾਂਘ ਨੂੰ ਪੂਰਾ ਕਰਨ ਲਈ ਫੌਜ ਵਿਚ ਭਰਤੀ ਹੁੰਦਾ ਵਿਖਾਇਆ ਗਿਆ ਹੈ। ਜਿੱਥੇ ਗੁਰਜੀਤ ਨੂੰ ਕਸ਼ਮੀਰ ਮਸਲੇ ਕਾਰਨ ਲਾਹੌਰ ਦੇ ਮੋਰਚੇ ਉੱਤੇ ਤਾਇਨਾਤ ਹੋਣ ਸਮੇਂ ਪਾਕਿਸਤਾਨੀ ਫੌਜਾਂ ਹੱਥੋਂ ਸ਼ਹੀਦ ਹੁੰਦਾ ਵਿਖਾਇਆ ਹੈ ਉਥੇ ਉਸਦੀ ਮੌਤ ਕਾਰਨ ਉਸਦੀ ਮਾਂ ਨੂੰ ਭਾਵੁਕ ਕਲੇਸ਼ ਸੰਗ ਘੁਲਦਿਆਂ ਵੀ ਵਿਖਾਇਆ ਹੈ। ਜਿਵੇਂ 'ਸ਼ਹੀਦ ਦੀ ਮਾਂ' ਕਹਾਣੀ ਵਿਚ ਸੇਖੋਂ ਨੇ ਇਕ ਔਰਤ ਨੂੰ ਲੜਾਈ ਵਿਚ ਆਪਣਾ ਪੁੱਤਰ ਗਵਾ ਕੇ ਉਸਨੂੰ ਭਾਵੁਕ ਕਲੇਸ਼ ਵਿਚੋਂ ਕੱਢਣ ਵਾਲੀ ਗਲਪ-ਦ੍ਰਿਸ਼ਟੀ ਦਾ ਇਸਤੇਮਾਲ ਕੀਤਾ ਹੈ ਉਵੇਂ ਹੀ 'ਈਸ਼ਰੀ ਦਾ ਕਾਹਨ' ਨਾਮੀ ਕਹਾਣੀ ਵਿਚ ਉਸਨੇ ਇਕ ਔਰਤ ਨੂੰ ਬੀਮਾਰੀ ਕਾਰਨ ਆਪਣਾ ਪਤੀ ਗਵਾ ਕੇ ਭਾਵੁਕ ਕਲੇਸ਼ ਨਾਲ ਘੋਲ ਕਰਨ ਦੀ ਪ੍ਰਕਿਰਿਆ ਵਿਚੋਂ ਲੰਘਾਇਆ ਹੈ।

ਵਿਧਵਾ ਨੂੰ ਆਪਣੇ ਘਰ ਦੀ ਇੱਜ਼ਤ ਸਮਝ ਕੇ ਸਹੁਰੇ ਪਰਿਵਾਰ ਵੱਲੋਂ ਆਪਣੇ ਕੋਲ ਰੱਖ ਲੈਣ ਅਤੇ ਸੋਲਾਂ ਵਰ੍ਹੇ ਆਪਣੇ ਹੱਥੀਂ ਪਾਲੇ ਦਿਉਰ ਨੂੰ ਆਪਣੇ ਪਤੀ ਦੇ ਰੂਪ ਵਿਚ ਉਡੀਕਣ ਦਾ ਭਾਵੁਕ ਬਿਰਤਾਂਤ ਜਿੱਥੇ 'ਈਸ਼ਰੀ ਦੇ ਕਾਹਨ' ਕਹਾਣੀ ਦਾ ਕਲਾਗਤ ਪਾਸਾਰ ਬਣਦਾ ਹੈ ਉਥੇ ਇਸ ਪਾਸਾਰ ਦੀ ਮੂਲ ਵਿਸ਼ੈਗਤ ਇਕਾਈ ਸਮਾਜਕ ਯਥਾਰਥ ਦਾ ਉਹ ਜਾਗੀਰਦਾਰੀ ਭਾਵ-ਪ੍ਰਬੰਧ ਹੈ ਜੋ ਇਸਤਰੀ ਨੂੰ ਵਸਤੂ ਦੀ ਸ਼ਕਲ ਖ਼ਿਆਲਣ ਤਕ ਹੀ ਮਹਿਦੂਦ ਹੈ। ਐਪਰ ਸੇਖੋਂ ਦੀ ਦ੍ਰਿਸ਼ਟੀ ਤਹਿਤ ਕੁਲਤਾਰ ਨਾਮੀ ਪਾਤਰ ਈਸ਼ਰੀ ਨਾਲ ਵਿਆਹ ਨਾ ਕਰਵਾ ਕੇ ਅਜਿਹੀ ਮਹਿਦੂਦ ਚੇਤਨਾ ਨੂੰ ਤੋੜ ਦਿੰਦਾ ਹੈ। ਜਤ-ਸਤ ਉੱਤੇ ਕਾਇਮ ਰਹਿਣ ਵਾਲੀ ਈਸ਼ਰੀ ਉਸ ਲਈ ਇਕ ਡਾਇਣ ਤੋਂ ਵੱਧ ਕੁਝ ਨਹੀਂ ਹੈ। ਉਹ ਉਸਨੂੰ ਆਪਣੀ ਮਾਂ ਦੇ ਕਹਿਣ ਮੁਤਾਬਕ ਘਰ ਦੇ ਭਾਂਡੇ ਮਾਂਜਣ ਵਾਲੀ ਔਰਤ ਦੇ ਤੌਰ ਉੱਤੇ ਵੀ ਸਵੀਕਾਰ ਕਰਨ ਨੂੰ ਤਿਆਰ ਨਹੀਂ। ਈਸ਼ਰੀ ਦੇ ਰੂਪ ਵਿਚ ਇਕ ਵਿਧਵਾ ਦੇ ਭਾਵੁਕ ਦੁਖਾਂਤ ਦਾ ਸਮਾਜਕ ਚਿਤਰਣ ਇਸ ਕਹਾਣੀ ਨੂੰ ਗਤੀ ਪ੍ਰਦਾਨ ਕਰੀ ਰਖਦਾ ਹੈ। 'ਬੁੱਢ-ਸੁਹਾਗਣਾਂ' ਕਹਾਣੀ ਵਿਚ ਵੀ ਅਜਿਹੀ ਗਤੀ ਵਿਦਮਾਨ ਹੈ ਪਰ ਇਸ ਦਾ ਸਰੂਪ ਦੁਖਾਂਤ ਤੋਂ ਸੁਖਾਂਤ ਵੱਲ ਵਧਦੇ ਕ੍ਰਮ ਵਿਚ ਨਿਸਚਤ ਹੁੰਦਾ ਹੈ। ਦੋ ਸਮਾਜਕ ਵਰਗਾਂ ਦੀਆਂ ਦੋ ਇਸਤਰੀਆਂ ਪ੍ਰੀਤਮ ਕੌਰ (ਜੱਟੀ) ਤੇ ਰਲੀ (ਬਾਜ਼ੀਗਰਨੀ) ਵਿਧਵਾ ਹੋਣ ਤੋਂ ਬਾਅਦ ਆਪਣੇ ਆਪਣੇ ਪੁੱਤਰਾਂ ਤਾਰਾ ਸਿੰਘ ਤੇ ਇੰਦਰ ਨੂੰ ਉਹਨਾਂ ਦੇ ਪਿਤਾ-ਪੁਰਖੀ ਕਿੱਤਿਆਂ (ਫੌਜ ਤੇ ਬਾਜ਼ੀਗਰੀ) ਵਿਚ ਕਾਮਯਾਬ ਹੁੰਦੇ ਵੇਖ ਕੇ ਆਪਣੇ ਆਪ ਨੂੰ ਬੁੱਢ-ਸੁਹਾਗਣਾਂ ਮਹਿਸੂਸ ਕਰਨ ਲੱਗ ਪੈਂਦੀਆਂ ਹਨ। ਐਪਰ 'ਮੁੜ ਵਿਧਵਾ' ਨਾਂ ਦੀ ਕਹਾਣੀ ਵਿਚ ਸੇਖੋਂ ਨੇ ਰੇਲ ਗੱਡੀ 'ਚ ਸਫਰ ਕਰਨ ਵਾਲੇ ਪੋਸਟ ਗਰੈਜੂਏਟ ਵਿਦਿਆਰਥੀ ਤੇ ਇਕ ਵਿਧਵਾ ਔਰਤ ਦੇ ਓਪਰੇ ਜਿਹੇ ਮੇਲ ਰਾਹੀਂ ਉਹਨਾਂ ਦੇ ਦਿਲਾਂ ਅੰਦਰ ਪਤੀ ਤੇ ਪਤਨੀ ਵਾਲੇ ਪ੍ਰੇਮ-ਭਾਵਾਂ ਨੂੰ ਧੜਕਾਇਆ ਹੈ। ਅਜਿਹੀ ਧੜਕਣ ਦਾ ਮੰਤਵ ਕੇਵਲ ਤੇ ਕੇਵਲ ਵਿਧਵਾ ਔਰਤ ਅੰਦਰਲੇ ਦੱਬੇ ਜਜ਼ਬਾਤ ਨੂੰ ਜਗਾ ਕੇ ਉਸ ਅੰਦਰ ਨਵੀਂ ਜੀਵਨ ਰੌਅ ਨੂੰ ਪੈਦਾ ਕਰਨਾ ਹੈ। ਅਜਿਹੀ ਜੀਵਨ ਰੌਅ ਨੂੰ ਪੈਦਾ ਕਰਨ ਲਈ 'ਖਾਲੀ ਖਾਨੇ' ਕਹਾਣੀ ਵਿਚ ਸੇਖੋਂ ਨੇ ਪਾਲੋ ਨਾਂ ਦੀ ਵਿਧਵਾ ਔਰਤ ਦੇ ਸੰਘਰਸ਼ਸ਼ੀਲ ਰੂਪ ਨੂੰ ਸਿਰਜਿਆ ਹੈ।

ਸੇਖੋਂ ਦੀ ਪ੍ਰਗਤੀਸ਼ੀਲ ਦ੍ਰਿਸ਼ਟੀ ਇਹ ਵਿਚਾਰ ਸਾਹਮਣੇ ਲਿਆਉਂਦੀ ਹੈ ਕਿ ਕੀ ਵਿਅਕਤੀ ਅਥਵਾ ਸਮਾਜ ਪਾਲੋ ਵਰਗੀ ਵਿਧਵਾ ਔਰਤ ਨੂੰ ਆਪਣੇ 'ਘਰ ਦੇ ਕਮਰੇ' ਤੋਂ ਅਗਾਂਹ ਦਿਲ ਦੇ ਕਮਰੇ ਵਿਚ ਰੱਖਣ ਲਈ ਤਿਆਰ ਹੋ ਸਕਦਾ ਹੈ? ਜਿਸ ਵਿਅਕਤੀ ਦੇ ਘਰ ਦੇ ਕਮਰੇ ਵਿਚ ਪਾਲੋ ਨੂੰ ਪਨਾਹ ਮਿਲਦੀ ਹੈ ਤੇ ਉਹ ਉਸਦੇ ਪੁੱਤਰ ਦੀ ਮਾਂ ਵੀ ਬਣ ਜਾਂਦੀ ਹੈ, ਛੇਕੜ ਨੂੰ ਉਹ ਵਿਅਕਤੀ ਵੀ ਉਸਨੂੰ ਛੱਡ ਕੇ ਲਾਪਤਾ ਹੋ ਜਾਂਦਾ ਹੈ। ਪਾਲੋ ਵਰਗੀ ਔਰਤ ਨੂੰ 'ਪਨਾਹ' ਦੇਣਾ ਸੇਖੋਂ ਦੀ ਦ੍ਰਿਸ਼ਟੀ ਦਾ ਮਕਸਦ ਹੈ ਜਦਕਿ ਉਸ ਦੇ ਆਪੇ ਬਣੇ ਪਤੀ ਦਾ 'ਲਾਪਤਾ' ਹੋਣਾ ਸਮਾਜ ਦਾ ਯਥਾਰਥ। ਸੇਖੋਂ ਦਾ ਯਥਾਰਥ ਨੂੰ ਜਿਉਂ ਦਾ ਤਿਉਂ ਪੇਸ਼ ਕਰਨ ਵਿਚ ਵਿਸ਼ਵਾਸ ਨਹੀਂ ਸਗੋਂ ਇਸਨੂੰ ਆਪਣੀ ਕਲਾਤਮਕ ਸਮਝ ਅਤੇ ਵਿਸ਼ੇਸ਼ ਦ੍ਰਿਸ਼ਟੀ ਸਹਿਤ ਭੰਨ ਤੋੜ ਕੇ ਗਲਪ ਦੇ ਕਹਾਣੀ ਰੂਪ ਵਿਚ ਪੁਨਰ-ਪਰਿਭਾਸ਼ਿਤ ਕਰਨ ਵਿਚ ਹੈ। ਇਸੇ ਲਈ ਉਸਨੇ 'ਕੇਸੂ ਦੇ ਫੁੱਲ' ਨਾਮੀ ਕਹਾਣੀ ਵਿਚ ਵਿਧਵਾ, ਬੀਮਾਰੀ ਤੇ ਰੁਜ਼ਗਾਰ ਦੀ ਤਲਾਸ਼ ਜਿਹੇ ਵਿਸ਼ਿਆਂ ਰਾਹੀਂ ਇਤਿਹਾਸ ਤੇ ਸਮਾਜਕ ਯਥਾਰਥ ਨੂੰ ਗਲਪ ਦੀ ਪੱਧਰ 'ਤੇ ਪੁਨਰ



ਸਿਰਜਤ ਕੀਤਾ ਹੈ। 'ਕੇਸੂ ਦੇ ਫੁੱਲ' ਸੁਹਣੇ ਤੇ ਸੁਹਜਵੰਤ ਸਮਾਜਕ ਰਿਸ਼ਤਿਆਂ ਦੇ ਪ੍ਰਤੀਕ ਹਨ। ਇਹ ਪ੍ਰਤੀਕ ਪੁਰਾਣੇ ਤੇ ਨਵੇਂ ਰਿਸ਼ਤਿਆਂ ਦੀ ਕੜੀ ਦਰਸਾਉਂਦੇ ਹਨ। ਇਹ ਕਹਾਣੀ ਮਾਮੇ ਤੇ ਭਾਣਜੇ ਅਥਵਾ ਪੇਕੇ ਤੇ ਸਹੁਰੇ ਪਰਿਵਾਰਕ ਪ੍ਰਬੰਧਾਂ ਤੇ ਸੰਬੰਧਾਂ ਦੀ ਬਾਤ ਉਦੈ ਸਿੰਘ ਨਾਮੀ ਪਾਤਰ ਦੇ ਜੀਵਨ ਰਾਹੀਂ ਪਾਉਂਦੀ ਹੈ। ਉਦੈ ਸਿੰਘ ਦੇ ਜੀਵਨ ਨੂੰ ਦਰਸਾਉਂਦੇ ਸਮੇਂ ਸੇਖੋਂ ਵੱਲੋਂ ਪੰਜਾਬ ਅੰਦਰ ਮੁਰੱਬਾਬੰਦੀ ਦਾ ਸੰਕੇਤ ਕਰਨਾ, ਪਲਾਹ ਦੀ ਜਗ੍ਹਾ ਉੱਤੇ ਟਾਹਲੀ ਤੇ ਤੂਤ ਦੇ ਰੁੱਖਾਂ ਦਾ ਉਹਨਾਂ ਦੀ ਕੀਮਤ ਦੇ ਪ੍ਰਸੰਗ ਵਿਚ ਜ਼ਿਕਰ ਕਰਨਾ, ਕੇਸੂਆਂ ਨਾਲ ਲੱਦੇ ਪਲਾਹ ਦੇ ਬਿਰਛਾਂ ਦੀ ਤੁਲਨਾ ਅੰਗਰੇਜ਼ੀ ਸਾਮਰਾਜ ਸਮੇਂ ਦੀਆਂ ਦੇਸੀ ਰਿਆਸਤਾਂ ਨਾਲ ਕਰਨਾ, ਇਹ ਭਵਿੱਖਮੁਖੀ ਵਿਚਾਰ ਦੇਣਾ ਕਿ ਅੱਜੋਕੇ ਸਮੇਂ ਵਿਚ ਨਾਨਕਿਆਂ ਨਾਲ ਉਹਨਾਂ ਦੇ ਦੋਹਤਿਆਂ ਦੇ ਸੰਬੰਧ ਤਾਂ ਕਾਇਮ ਸ਼ਾਇਦ ਰਹਿਣ ਪਰ ਉਹਨਾਂ ਸੰਬੰਧਾਂ ਵਿਚ ਕੇਸੂ ਦਾ ਰੰਗ ਨਹੀਂ ਹੋਵੇਗਾ, ਇਤਿਆਦਿ ਰੂਪਕ ਸਮੀਕਰਨਾਂ ਸਹਾਰੇ ਜਿਹੜੀ ਵਿਅੰਗਾਤਮਕ ਦ੍ਰਿਸ਼ਟੀ ਦੀ ਵਰਤੋਂ ਕੀਤੀ ਗਈ ਹੈ ਉਸ ਵਿਚ ਹੀ ਸੇਖੋਂ ਦੀ ਵਿਗਿਆਨਕ ਦ੍ਰਿਸ਼ਟੀ ਸਮਾਈ ਹੋਈ ਹੈ ਜੋ ਉਸਨੂੰ ਸ਼ੁੱਧ ਭੌਤਿਕਵਾਦੀ ਦ੍ਰਿਸ਼ਟੀ ਦਾ ਮਾਲਕ ਹੀ ਨਹੀਂ ਬਣਾਉਂਦੀ ਬਲਕਿ ਵਿਅਕਤੀਆਂ ਦੇ ਅੰਤਰਮੁਖੀ ਸੁਭਾਅ ਨੂੰ ਬਾਹਰਮੁਖੀ ਯਥਾਰਥ ਦੇ ਸੰਦਰਭ ਵਿਚ ਸਿਰਜਣ ਵਾਲਾ ਮਨੋਵਿਗਿਆਨਕ ਭਾਂਤ ਦਾ ਕਹਾਣੀਕਾਰ ਵੀ ਬਣਾਉਂਦੀ ਹੈ। ਇਸ ਸੰਦਰਭ ਵਿਚ ਉਸ ਦੀਆਂ ਨਿਰੋਲ ਗ਼ਰੀਬੀ ਦੀ ਵਿਸ਼ੈਗਤ ਇਕਾਈ ਦੁਆਲੇ ਘੁੰਮਦੀਆਂ 'ਸ਼ਹਜ਼ਾਦਾ', 'ਟੱਪਰੀਵਾਸ ਮੁੰਡਾ', 'ਤਲਾਸ਼' ਤੇ 'ਅਣਜੰਮੇ' ਕਹਾਣੀਆਂ ਨੂੰ ਵਿਚਾਰਿਆ ਜਾ ਸਕਦਾ ਹੈ।

'ਸ਼ਹਜ਼ਾਦਾ' ਕਹਾਣੀ ਵਿਚ ਮੈਂ-ਪਾਤਰ ਰੇਲ ਗੱਡੀ ਰਾਹੀਂ ਸਫਰ ਕਰਦਾ ਹੈ। ਸਫਰ ਦੌਰਾਨ ਉਸਦੀ ਨਿਗਾਹ ਉਸਦੇ ਆਪਣੇ ਹੀ ਡੱਬੇ ਵਿਚ ਬੈਠੇ ਮੰਗਤੇ ਉੱਤੇ ਪੈਂਦੀ ਹੈ। ਮੈਂ ਪਾਤਰ ਮੰਗਤੇ ਪਾਤਰ ਦੀ ਜੀਵਨ-ਸਥਿਤੀ ਨੂੰ ਵੇਖਦਾ ਹੋਇਆ ਭਾਰਤ ਦੇਸ਼ ਅੰਦਰ ਚਲ ਰਹੀ ਤੀਜੀ ਪੰਜ ਸਾਲਾ ਯੋਜਨਾ ਬਾਰੇ ਸੋਚਣਾ ਸ਼ੁਰੂ ਕਰ ਦਿੰਦਾ ਹੈ ਤੇ ਇਹ ਸਮਾਜ-ਸ਼ਾਸਤਰੀ ਪ੍ਰਸ਼ਨ ਉਠਾਉਂਦਾ ਹੈ ਕਿ "ਕੀ ਇਸ ਮੰਗਤੇ ਨੂੰ ਆਸ ਦੇ ਜਹਾਨ ਵਿਚ ਲਿਆਉਣ ਦਾ ਕੋਈ ਸਾਧਨ ਨਹੀਂ ਹੈ?"[15] ਸੇਖੋਂ ਨੇ ਲੋਕਤੰਤਰੀ ਸਰਕਾਰ ਦੇ ਅਸਲ ਕਿਰਦਾਰ ਉੱਤੇ ਵਿਅੰਗ ਕੱਸਦਿਆਂ ਇਹ ਵਿਚਾਰ ਦ੍ਰਿੜਾਇਆ ਹੈ ਕਿ ਗ਼ਰੀਬੀ ਦੇ ਖਾਤਮੇ ਲਈ ਰਾਜਸੀ ਜਤਨਾਂ ਦੀ ਜ਼ਰੂਰਤ ਹੈ। ਪੰਜ ਸੱਤ ਮਿੰਟਾਂ ਦੇ ਕਾਲਿਕ ਵਕਫ਼ੇ ਵਿਚ ਫੈਲੀ 'ਟੱਪਰੀ ਵਾਸ ਮੁੰਡਾ' ਨਾਮ ਦੀ ਕਹਾਣੀ ਵਿਚ ਵੀ ਸੇਖੋਂ ਨੇ ਅਜਿਹਾ ਹੀ ਗਲਪੀ ਸੁਝਾਉ ਦਿੱਤਾ ਹੈ ਕਿ ਮਨੁੱਖਾ ਸਮਾਜ ਕਿਸੇ ਚੇਤੰਨ ਯੋਜਨਾ ਉੱਤੇ ਹੀ ਚੱਲੇਗਾ। ਅਸੀਂ ਇਸ ਯੋਜਨਾ ਦੇ ਪ੍ਰਬੰਧ ਦੇ ਉਦੋਂ ਕਾਇਲ ਹੋਵਾਂਗੇ ਜਦੋਂ ਬਾਜ਼ੀਗਰਨਾਂ ਨੂੰ ਮੰਗਤਿਆਂ ਵਾਲਾ ਜੀਵਨ ਨਹੀਂ ਜਿਊਣਾ ਪਵੇਗਾ ਅਤੇ ਜਦੋਂ ਉਹਨਾਂ ਦੇ ਬੱਚੇ ਮੁਸਾਫ਼ਰਾਂ ਦਾ ਬੋਝ ਚੁੱਕਣ ਲਈ ਰੇਲ ਦੇ ਅੱਡਿਆਂ ਉੱਤੇ ਘੁੰਮਿਆ ਨਹੀਂ ਕਰਨਗੇ ਸਗੋਂ ਪੜ੍ਹਨ ਲਈ ਸਕੂਲ ਜਾਇਆ ਕਰਨਗੇ।

ਸੇਖੋਂ ਦੀ ਦ੍ਰਿਸ਼ਟੀ ਵਿਚ ਗ਼ਰੀਬੀ ਤੋਂ ਛੁਟਕਾਰੇ ਦਾ ਇਲਾਜ ਵਿੱਦਿਆ ਹੈ। ਵਿੱਦਿਆ ਦੀ ਪ੍ਰਾਪਤੀ ਨਾਲ ਵਿਅਕਤੀ ਆਪਣੇ ਹੱਕਾਂ ਪ੍ਰਤੀ ਚੇਤੰਨ ਹੋ ਸਕਦਾ ਹੈ। ਚੇਤੰਨ ਵਿਅਕਤੀ ਹੀ ਸ਼੍ਰੇਣੀ ਰਹਿਤ ਸਮਾਜ ਦੀ ਉਸਾਰੀ ਦੀ ਸੰਭਾਵਨਾ ਬਰਕਰਾਰ ਰੱਖ ਸਕਦਾ ਹੈ। ਸੇਖੋਂ ਦੇ ਪਾਤਰ ਸ਼੍ਰੇਣੀਆਂ ਵਿਚ ਬੱਝੇ ਹੋਏ ਸ਼੍ਰੇਣੀ ਰਹਿਤ ਸਮਾਜ ਉਸਾਰਨ ਲਈ ਜਤਨਸ਼ੀਲ ਹਨ। ਕਹਾਣੀਆਂ ਦੇ ਵਿਸ਼ੇ ਦੀ ਚੋਣ ਕਰਨ ਲੱਗਿਆਂ ਉਹ ਸਮਾਜ ਵਿਚ ਹੋ ਰਹੇ ਸ਼੍ਰੈਣਿਕ ਘੋਲ ਨੂੰ ਕਦੇ ਅੱਖੋਂ ਉਹਲੇ ਨਹੀਂ ਕਰਦਾ। ਆਰਥਿਕ ਦ੍ਰਿਸ਼ਟੀ ਤੋਂ ਨੀਵੇਂ ਵਰਗ ਦੇ ਵਿਅਕਤੀ ਅਤੇ ਉਸ ਤੋਂ ਉਪਰਲੇ ਵਰਗ ਦੇ ਵਿਅਕਤੀਆਂ ਦੇ ਹਿੱਤ ਆਪਸ ਵਿਚ ਕਿੱਥੇ ਸਾਂਝ ਰੱਖਦੇ ਹਨ ਤੇ ਕਿੱਥੇ ਇਕ ਦੂਸਰੇ ਦੇ ਵਿਰੋਧ ਵਿਚ ਖੜ੍ਹਦੇ ਹਨ, ਦੇ ਵਿਚਾਰ ਨੂੰ ਆਧਾਰ ਬਣਾ ਕੇ ਸੇਖੋਂ ਨੇ 'ਤਲਾਸ਼' ਕਹਾਣੀ ਦੀ ਸਿਰਜਣਾ ਕੀਤੀ ਹੈ। ਇਸ ਕਹਾਣੀ ਵਿਚ 'ਟੱਟੂ-ਵਾਹਕਾਂ' ਦੇ ਧੰਦੇ ਦੇ ਪ੍ਰਸੰਗ ਵਿਚ ਇਹ ਪ੍ਰਸ਼ਨ ਉਠਾਇਆ ਹੈ ਕਿ 'ਕੀ ਤਕੜੇ ਤੇ ਮਾੜੇ ਦੇ ਆਪਸ ਵਿਚ ਖੁੱਲ੍ਹ ਕੇ ਗੱਲ ਮੁਕਾ ਲੈਣ ਵਿਚ ਵੀ ਤਾਂ ਨਹੀਂ ਕਿਧਰੇ ਕੋਈ ਸ਼ੋਸ਼ਨਕਾਰੀ ਜਾਂ ਚੋਰ ਬਾਜ਼ਾਰੀ ਹੁੰਦੀ?"[16] ਇਸੇ ਤਰ੍ਹਾਂ 'ਮੰਨ ਮਨਾਈ' ਕਹਾਣੀ ਵਿਚ ਪਤੀ ਤੇ ਪਤਨੀ ਵਿਚਕਾਰ ਖਿੱਚੀ ਗ਼ਰੀਬੀ ਦੀ ਰੇਖਾ ਉਹਨਾਂ

ਦੀ ਜਵਾਨੀ ਤੇ ਰਿਸ਼ਤੇ ਨੂੰ ਸੁਰਜੀਤ ਰੱਖਣ ਤੋਂ ਮੁਨਕਰ ਹੋ ਜਾਂਦੀ ਹੈ। ਸਹੁਰਿਆਂ ਦੇ ਦਿੱਤੇ ਗ਼ਰੀਬਾਂ ਆਲੇ ਕੱਪੜੇ ਲੀੜੇ ਇਕ ਬਖਤਾਵਰ ਪਤੀ ਨੂੰ ਲੁਭਾ ਨਹੀਂ ਸਕਦੇ। ਨਾ ਲੁਭਾਉਣ ਦੀ ਘੁੰਡੀ ਨੂੰ ਸੇਖੋਂ ਨੇ, ਪ੍ਰੋ: ਅਮਰੀਕ ਸਿੰਘ ਨਾਮੀ ਪਾਤਰ ਰਾਹੀਂ ਖੋਲ੍ਹ ਕੇ ਇਸ ਕਹਾਣੀ ਦੀ ਸਿਰਜਣਾ ਵੀ ਆਰਥਿਕ ਦ੍ਰਿਸ਼ਟੀ ਤੋਂ ਕੀਤੀ ਹੈ। ਇਵੇਂ ਹੀ 'ਅੰਤਮ ਵਿਦਾਇਗੀ' ਕਹਾਣੀ ਵਿਚ ਖੁਸ਼ੀਆਂ ਭਰਿਆ ਬਚਪਨ, ਰੀਝਾਂ ਭਰੀ ਜਵਾਨੀ ਤੇ ਸੁਘੜਤਾ ਵਾਲੀ ਅਧੇੜ ਉਮਰ ਨੂੰ ਤਰਸਦੀ ਦਇਆ ਕੌਰ ਨਾਮ ਦੀ ਔਰਤ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਮੌਤ ਨਾਲ ਜੀਵਨ ਦਾ ਅੰਤ ਕਿੱਥੇ ਹੁੰਦਾ ਹੈ। ਕਹਾਣੀ ਦੇ ਅਜਿਹੇ ਵਿਸ਼ੈਗਤ ਪਾਸਾਰ ਵਿਚ ਮਦਨ ਨਾਮੀ ਪਾਤਰ ਨੂੰ ਪਰੋ ਕੇ ਸੇਖੋਂ ਦੀ ਦ੍ਰਿਸ਼ਟੀ ਨੇ ਉਸਨੂੰ 'ਖੜਗ ਗਿਆਨੀ' ਸਾਬਤ ਕੀਤਾ ਹੈ। ਉਸਦੇ ਰਾਹੀਂ ਸੇਖੋਂ ਨੇ ਕਹਾਣੀ ਵਿਚ ਇਹ ਵਿਚਾਰਾਤਮਕ ਤੱਥ ਪ੍ਰਗਟਾਇਆ ਹੈ ਕਿ ਗ਼ਰੀਬ ਠੱਗ ਡਾਕੂ ਤੇ ਲੁਟੇਰੇ ਕਿਉਂ ਨਹੀਂ ਬਣ ਜਾਂਦੇ? ਉਹ ਇਸ ਦੁਨੀਆਂ ਨੂੰ ਚੈਨ ਦੀ ਨੀਂਦ ਕਿਵੇਂ ਸੌਣ ਦੇਂਦੇ ਹਨ, ਜਿਸ ਨੇ ਉਹਨਾਂ ਦਾ ਖ਼ੂਨ ਨਿਚੋੜ ਲਿਆ ਹੋਇਆ ਹੈ? ਕਿਉਂ ਨਾ ਯਾ ਇਸ ਨੂੰ ਜਿੱਤ ਲੈਣ ਯਾ ਮਰ ਮਿਟਣ?"[17]

'ਅਣਜੰਮੇ' ਕਹਾਣੀ ਵਿਚ ਗ਼ਰੀਬ ਪੂਰਬਣ ਮੰਗਤੀ ਦੇ ਦ੍ਰਿਸ਼ਟਾਂਤ ਰਾਹੀਂ ਸੇਖੋਂ ਨੇ ਗ਼ਰੀਬੀ ਦਾ ਕਾਰਨ ਦੇਸ਼ ਅੰਦਰ ਵਧਦੀ ਆਬਾਦੀ ਨੂੰ ਮੰਨਿਆ ਹੈ ਕਿ "ਹਿੰਦੁਸਤਾਨ ਦਾ ਸਭ ਤੋਂ ਔਖਾ ਸਵਾਲ ਅਣਜੰਮਿਆਂ ਦੀ ਗਿਣਤੀ ਹੈ।"[18] ਇਸ ਸਤਰ ਵਿਚ ਕਹਾਣੀ ਦੇ ਦੇਵ ਪ੍ਰਕਾਸ਼ ਪਾਤਰ ਵੱਲੋਂ ਪਾਈ ਇਕ ਬੁਝਾਰਤ ਸਮਾਈ ਹੋਈ ਹੈ, ਜਿਸ ਨੂੰ ਸਮਾਜ-ਸ਼ਾਸਤਰੀ ਤਰੀਕੇ ਨਾਲ ਬੁੱਝਣ ਦੀ ਕਲਾਤਮਕ ਪ੍ਰਕਿਰਿਆ ਹੀ 'ਅਣਜੰਮੇ' ਕਹਾਣੀ ਦੀ ਹੋਂਦ ਵਿਧੀ ਬਣ ਜਾਂਦੀ ਹੈ। ਸੇਖੋਂ ਦੀ ਗਲਪ ਦ੍ਰਿਸ਼ਟੀ ਦੇਸ਼ ਵਿਚ ਕਾਲ ਪੈ ਜਾਣ ਦੇ ਸੰਭਾਵੀ ਸੱਚ ਨੂੰ ਵਧਦੀ ਆਬਾਦੀ ਦੇ ਪ੍ਰਸੰਗ ਵਿਚ ਉਲੀਕਦੀ ਹੈ। ਇਸ ਲਈ ਉਸ ਨੇ ਦੇਵ ਪ੍ਰਕਾਸ਼ ਤੇ ਮਾਲਤੀ ਨਾਮੀਂ ਦੰਪਤੀ ਪਾਤਰਾਂ ਦੀ ਸਿਰਜਣਾ ਕੀਤੀ ਹੈ। ਕਲਰਕ ਦੇਵ ਪ੍ਰਕਾਸ਼ ਦੀ ਪਤਨੀ ਮਾਲਤੀ ਦੇ ਇਹ ਬੋਲ ਹੀ ਨੌਕਰੀ-ਪੇਸ਼ਾ ਵਰਗ ਦੇ ਜੀਵਨ-ਸੱਚ ਨੂੰ ਦਰਸਾਉਂਦੇ ਹਨ ਕਿ "ਕਲਰਕ ਦੀ ਕੋਈ ਜ਼ਿੰਦਗੀ ਹੈ?"[19] ਅਜਿਹੀ ਹੀ ਜ਼ਿੰਦਗੀ ਦੇ ਰਹਿਣ-ਸਹਿਣ ਦੇ ਦ੍ਰਿਸ਼ਟਾਂਤਕ ਵੇਰਵੇ 'ਪਰਛਾਵਾਂ' ਕਹਾਣੀ ਵਿਚ ਵੀ ਮਿਲਦੇ ਹਨ। ਕਹਾਣੀ ਦਾ ਦਫਤਰੀ ਬਾਬੂ ਇਕ ਕਮਰੇ ਦੇ ਚੁਬਾਰੇ ਨੂੰ ਘਰ ਬਣਾ ਕੇ ਰਹਿੰਦਾ ਹੈ ਤੇ ਉਸਦੀ ਪਤਨੀ ਨੂੰ ਉਹ ਕਮਰਾ ਨਰਕ ਦੀ ਕੋਠੜੀ ਜਾਪਦਾ ਹੈ। ਅਜਿਹੀ ਕੋਠੜੀ ਵਿਚ ਰਹਿੰਦਿਆਂ ਹੋਇਆਂ ਇਕ ਦਿਨ ਉਸ ਦਾ ਧਿਆਨ ਦਿਲਰੁਬਾ ਵਜਾਉਂਦੇ ਗੁਆਂਢੀ ਮੁੰਡੇ ਵੱਲ ਚਲੇ ਜਾਂਦਾ ਹੈ। ਭਾਵੁਕ ਤੌਰ 'ਤੇ ਉਹ ਉਸ ਵਲ ਖਿੱਚੀ ਜਾਂਦੀ ਹੈ। ਅਚਾਨਕ ਉਸਦੀ ਮੱਧ ਸ਼੍ਰੇਣਿਕ ਸੋਚ ਗੁਆਂਢੀ ਮੁੰਡੇ ਦੀਆਂ ਉਸ ਪ੍ਰਤੀ ਲਲਚਾਈਆਂ ਅੱਖਾਂ ਦੇ ਸੇਕ ਨੂੰ ਮਾਨਣ ਤੋਂ ਵਰਜਦੀ ਹੋਈ ਉਸਨੂੰ ਨਰਕ ਦੀ ਕੋਠੜੀ ਵਿਚ ਹੀ ਬੰਦ ਰਹਿਣ ਲਈ ਮਜਬੂਰ ਕਰਦੀ ਹੈ ਤੇ ਉਸਨੂੰ ਉਸਦੀ ਨਿੱਘਰੀ ਆਰਥਿਕ ਸਥਿਤੀ ਕਾਰਨ ਪੀੜਤ ਕਰੀ ਰੱਖਦੀ ਹੈ।

ਇਸੇ ਤਰ੍ਹਾਂ 'ਤਰੱਕੀ' ਕਹਾਣੀ ਵਿਚ ਸ਼ਹਿਰੀ ਮੱਧ ਵਰਗ ਦੀਆਂ ਤਿੰਨ ਧਿਰਾਂ ਦੀ ਜੀਵਨ-ਸਥਿਤੀ ਨੂੰ ਲਾਲਾ ਮੰਗਲ ਸੈਨ, ਓਵਰਸੀਅਰ ਅਤੇ ਮੋਹਨ ਲਾਲ ਨਾਮੀ ਪਾਤਰਾਂ ਰਾਹੀਂ ਉਘਾੜਿਆ ਗਿਆ ਹੈ। ਲਾਲਾ ਮੰਗਲ ਸੈਨ ਜਿੱਥੇ ਨਿੱਕ-ਪੂਜੀਆ ਚਲਦਾ ਪੁਰਜ਼ਾ ਬੰਦਾ ਹੈ ਉਥੇ ਓਵਰਸੀਅਰ ਸਰਕਾਰੀ ਮੁਲਾਜ਼ਮ ਹੈ ਤੇ ਮੋਹਨ ਲਾਲ ਪਰਿਵਾਰਕ ਨੌਕਰ ਤੋਂ ਚਪੜਾਸੀ ਦੇ ਰੂਪ ਵਿਚ ਨਿਮਨ ਸਰਕਾਰੀ ਨੌਕਰ। ਮੋਹਨ ਲਾਲ ਸ਼ਹਿਰੀ ਨਿਮਨ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਨ ਵਾਲਾ ਅਜਿਹਾ ਪਾਤਰ ਹੈ ਜਿਸ ਨੂੰ ਲਾਲਾ ਮੰਗਲ ਸੈਨ ਤੇ ਓਵਰਸੀਅਰ ਵਰਗੇ ਵਿਅਕਤੀਆਂ ਦੇ ਹੱਥ ਆਪਣੀ ਆਰਥਿਕ ਮਜਬੂਰੀ ਕਾਰਨ ਨਾ ਚਾਹੁੰਦਿਆਂ ਹੋਇਆਂ ਵੀ ਵਿਕਣਾ ਪੈਂਦਾ ਹੈ। ਸੇਖੋਂ ਨਾ ਕੇਵਲ ਸਮਾਜ ਦੇ ਵਰਗਾਂ ਵਿਚ ਵੰਡੇ ਵਿਅਕਤੀਆਂ ਦੀ ਕਹਾਣੀ ਰਚਦਾ ਹੈ ਬਲਕਿ ਉਸਦੀ ਦ੍ਰਿਸ਼ਟੀ ਵਿਭਿੰਨ ਵਰਗਾਂ ਵਿਚ ਵੰਡੇ ਵਿਅਕਤੀਆਂ ਦੀ ਸਮਾਜਕ ਹੈਸੀਅਤ ਉੱਤੇ ਵੀ ਬਾਕਾਇਦਾ ਟਿਕੀ ਰਹਿੰਦੀ ਹੈ। ਸ਼ਾਇਦ ਇਸੇ ਲਈ ਡਾ. ਧਨਵੰਤ ਕੌਰ[20] ਨੇ ਸੇਖੋਂ ਨੂੰ ਸ਼ੋਸ਼ਿਤਾਂ ਦਾ ਪ੍ਰਵਕਤਾ ਮੰਨਿਆ ਹੈ। 'ਇਹ ਗੱਲ ਤੇ ਉਹ ਗੱਲ' ਕਹਾਣੀ ਵਿਚ ਵੀ ਸ਼ਹਿਰੀ ਮੱਧ ਵਰਗ ਦੀਆਂ ਤਿੰਨ ਧਿਰਾਂ ਦੀ ਜੀਵਨ-ਸਥਿਤੀ ਉੱਤੇ ਚਾਨਣਾ



ਪਾਇਆ ਗਿਆ ਹੈ। ਇਕ ਧਿਰ ਅਫਸਰ ਪਾਤਰ ਦੇ ਰੂਪ ਵਿਚ ਤੇ ਦੂਸਰੀ ਧਿਰ ਉਸਦੇ ਅਧੀਨ ਵਿਚਰਨ ਵਾਲੀ ਬਾਬੂ ਧਿਰ ਦੇ ਰੂਪ ਵਿਚ ਪੇਸ਼ ਹੋਈ ਹੈ। ਇਸ ਦੂਸਰੀ ਧਿਰ ਦਾ ਸੰਬੰਧ ਇਕ ਤੀਸਰੀ ਧਿਰ ਸੱਤੋ ਚੂਹੜੀ ਨਾਲ ਸਥਾਪਤ ਕੀਤਾ ਗਿਆ ਹੈ। ਇਹਨਾਂ ਤਿੰਨ ਧਿਰਾਂ ਦੇ ਆਪਸੀ ਰਿਸ਼ਤੇ ਇਸ ਵਿਚਾਰਗਤ ਨਿਰਣੈ ਉੱਤੇ ਆਧਾਰਤ ਹਨ ਕਿ ਬਾਬੂ ਅਨੰਦ ਸਰੂਪ ਵਰਗੇ ਸਰਕਾਰੀ ਮੁਲਾਜ਼ਮਾਂ ਦੀ ਆਰਥਿਕ ਹਾਲਤ ਸਮੇਂ ਨਾਲ ਜਿੱਥੇ ਸੁਧਰਦੀ ਜਾਂਦੀ ਹੈ ਉਥੇ ਉਹਨਾਂ ਦੀ ਮਾਨਸਿਕ ਅਸੰਤੁਸ਼ਟੀ ਵੱਧਦੀ ਜਾਂਦੀ ਹੈ। ਇਸੇ ਤਰ੍ਹਾਂ ਸੱਤੋ ਨਾਮੀ ਚੂਹੜੀ ਦੀ ਧੀ ਦਾ ਤਿੰਨ ਵਾਰ ਅਠਿਆਨੀ ਮੰਗਣਾ ਜਿੱਥੇ ਨਿਮਨ ਵਰਗ ਦੀ ਜ਼ਿੱਦੀ ਭਾਵਨਾ ਨੂੰ ਦਰਸਾਉਂਦਾ ਹੈ ਉਥੇ ਅਜਿਹੀ ਜ਼ਿੱਦ ਨੂੰ ਸੇਖੋਂ ਨੇ ਇਤਿਹਾਸ ਦੇ ਲੰਮੇ ਵਕਫ਼ੇ ਵਿਚ ਫੈਲਾਅ ਕੇ ਆਪਣੀ ਇਤਿਹਾਸਕ ਪਦਾਰਥਵਾਦੀ ਦ੍ਰਿਸ਼ਟੀ ਦਾ ਪ੍ਰਮਾਣ ਵੀ ਦਿੱਤਾ ਹੈ, ਜਿਸ ਦੀ ਗਵਾਹੀ ਕਹਾਣੀ ਦੀਆਂ ਅਗਾਂਹਲਿਖਤ ਸਤਰਾਂ ਵੀ ਭਰਦੀਆਂ ਹਨ : "ਉਹ (ਕੁੜੀ) ਕਿਸੇ ਚੌਧਰੀ ਦੀ ਬੱਚੀ ਨਹੀਂ ਸੀ ਜੋ ਇਕ ਝਿੜਕ ਈ ਖਾ ਕੇ ਘਰ ਨੂੰ ਮੁੜ ਜਾਂਦੀ। ਉਹਦੀ ਹਜ਼ਾਰਾਂ ਵਰ੍ਹਿਆਂ, ਸੈਆਂ ਪੁਸ਼ਤਾਂ ਦੀ ਸਹਿਣਸ਼ੀਲਤਾ ਏਡੀ ਛੇਤੀ ਖਿਝ ਜਾਣ ਵਾਲੀ ਨਹੀਂ ਸੀ।"[21] ਇਸ ਕਹਾਣੀ ਦੀ ਅਹਿਮੀਅਤ ਇਸ ਵਿਚਾਰ ਕਰਕੇ ਵੀ ਬਣਦੀ ਹੈ ਕਿ ਦਲਿਤ ਚੇਤਨਾ ਦੀ ਪਛਾਣ ਪ੍ਰਦਾਨ ਕਰਨ ਵਾਲੀ ਦਲਿਤ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਇਹ ਸ਼ਾਮਲ ਹੁੰਦੀ ਹੈ। ਨਿਵੇਕਲੀ ਤਕਨੀਕੀ ਬਣਤਰ ਵਾਲੀਆਂ ਕਹਾਣੀਆਂ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਨਵੀਂ ਕਹਾਣੀ ਦੀ ਵਿਧਾ ਘੜਦੀਆਂ ਹਨ ਜਾਂ ਫਿਰ 'ਰੀਪੋਰਤਾਜ'[22] ਵਰਗੀ ਰਚਨਾ ਵੱਲ ਸੰਕੇਤ ਕਰਦੀਆਂ ਹਨ? ਇਸ ਪ੍ਰਕਾਰ ਦੀਆਂ ਪ੍ਰਮੁੱਖ ਕਹਾਣੀਆਂ ਹਨ : 'ਦੁੱਧ ਬਰਾਬਰ', 'ਅਨੋਖ ਸਿੰਘ ਦੀ ਵਹੁਟੀ', 'ਪੁਰਾਣਾ ਝਗੜਾ ਤੇ ਨਵਾਂ ਮੇਲ', 'ਹੁਣ ਮੈਂ ਉਸਨੂੰ ਜਾਣਦਾ ਹਾਂ', 'ਇਕ ਨਿੱਕਾ ਜਿਹਾ ਦੁਖਾਂਤ', 'ਜੇ ਮੈਂ ਮੁੰਡਾ ਹੁੰਦੀ', 'ਖਾਲੀ ਖਾਨੇ', 'ਸੂਟ ਕੇਸ' ਤੇ 'ਪਹਿਲਾ ਲੱਖ'। ਇਹਨਾਂ ਕਹਾਣੀਆਂ ਵਿਚੋਂ ਜਿੱਥੇ 'ਪਹਿਲਾ ਲੱਖ' ਵਿਚ ਸੇਖੋਂ ਦਾ ਸਵੈ ਸਿਰਜਤ ਗਲਪੀ ਚਿੱਤਰ ਰੂਪਮਾਨ ਹੁੰਦਾ ਹੈ ਉਥੇ 'ਸੂਟ ਕੇਸ' ਵਿਚ ਸੇਖੋਂ ਨੇ ਆਪਣੇ ਤੇ ਆਪਣੇ ਸਾਹਿਤਕਾਰ ਮਿੱਤਰਾਂ ਨਾਲ ਘਟਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਬਾਕੀ ਦੀਆਂ ਕਹਾਣੀਆਂ ਵਿਚ ਉਸਨੇ ਵਿਅਕਤੀ ਦੀ ਸਿਮ੍ਰਿਤੀ ਵਿਚ ਖਿੜਦੇ ਤੇ ਮੁਰਝਾਉਂਦੇ ਭਾਵੁਕ ਛਿਣਾਂ ਦੇ ਯਥਾਰਥ ਨੂੰ ਪਕੜਿਆ ਹੈ।

ਐਪਰ ਉਸਦੀ ਸਭ ਤੋਂ ਪਹਿਲੀ ਕਹਾਣੀ 'ਭੱਤਾ' ਅਤੇ ਸਭ ਤੋਂ ਵੱਧ ਚਰਚਤ ਕਹਾਣੀ 'ਪੇਮੀ ਦੇ ਨਿਆਣੇ' ਵਾਂਗ 'ਮੰਝਧਾਰ', 'ਪੁੱਤਰ ਤੇ ਭਰਾ', 'ਦੀਨਾ', 'ਕਾਗ਼ਜ਼ੀ ਭਰੋਸੇ' ਤੇ 'ਮਾੜੇ ਦਾ ਜਬਰ' ਸਿਰਲੇਖ ਵਾਲੀਆਂ ਕਹਾਣੀਆਂ ਸਾਧਾਰਨ ਵਿਅਕਤੀ ਦੇ ਅਚੇਤ ਡਰ ਨੂੰ ਉਸਦੇ ਬਾਹਰੀ ਵਰਤਾਰੇ ਦੇ ਪ੍ਰਸੰਗ ਵਿਚ ਉਲੀਕੀਆਂ ਹੋਈਆਂ ਉਸਦੀ ਸਿਮ੍ਰਿਤੀ ਵਿਚ ਖਿੜਦੇ ਵਿਭਿੰਨ ਪ੍ਰਕਾਰ ਦੇ ਭਾਵਾਂ ਨੂੰ ਆਲੋਚਨਾਤਮਕ ਯਥਾਰਥਵਾਦੀ ਸ਼ੈਲੀ ਤੇ ਮਨੋਵਿਗਿਆਨਕ ਦ੍ਰਿਸ਼ਟੀਕੋਣ ਦੇ ਮਿਸ਼ਰਣ ਰਾਹੀਂ ਉਘਾੜਦੀਆਂ ਹਨ।

'ਪੇਮੀ ਦੀ ਨਿਆਣੇ' ਕਹਾਣੀ ਵਿਚ ਮੈਂ ਪਾਤਰ ਤੇ ਉਸਦੀ ਭੈਣ ਦੇ ਖੇਤ 'ਚ ਕੰਮ ਕਰਦੇ ਆਪਣੇ ਬਾਪੂ ਤੇ ਕਾਮੇ ਨੂੰ ਰੋਟੀ ਫੜਾਉਣ ਜਾਣ ਵਾਲੇ ਅਮਲ ਨੂੰ ਆਧਾਰ ਬਣਾਇਆ ਗਿਆ ਹੈ। ਇਸ ਪ੍ਰਕਿਰਿਆ ਦਾ ਸਮੁੱਚ ਕਹਾਣੀ ਦੀ ਇਸ ਸਤਰ 'ਚ ਵਿਦਮਾਨ ਲਗਦਾ ਹੈ ਕਿ "ਮੈਨੂੰ ਪਤਾ ਹੈ ਕਿ ਖੇਤ ਸਵਰਗ ਸੀ ਤੇ ਖੇਤ ਜਾਣ ਦੀ ਖੇਚਲ ਨਰਕ ਅਤੇ ਉਹ ਜਰਨੈਲੀ ਸੜਕ ਵਿਚਕਾਰਲਾ ਭੈ-ਸਾਗਰ।"[23] ਭੈਣ ਤੇ ਭਰਾ ਦੇ ਭੈਅ ਅਥਵਾ ਡਰ ਦਾ ਕਾਰਨ ਰਾਸ਼ਾ ਬਣਦਾ ਹੈ। 'ਪਠਾਣਾਂ' ਅਥਵਾ ਰਾਸ਼ਿਆ ਬਾਰੇ ਪੰਜਾਬੀ ਬੱਚਿਆਂ ਦਾ ਅਜਿਹਾ ਡਰ ਓਦੋਂ ਦਾ ਬਣਿਆਂ ਇਕ ਸੰਸਕਾਰ ਹੋਵੇਗਾ, ਜਦੋਂ ਅਠਾਰ੍ਹਵੀਂ ਸਦੀ ਵਿਚ ਜਾਂ ਸ਼ਾਇਦ ਉਸ ਤੋਂ ਵੀ ਪਹਿਲਾਂ ਉੱਤਰ-ਪੱਛਮ ਤੋਂ ਆਉਂਦੇ ਹਮਲਾਵਰ ਵਾਪਸ ਜਾਂਦੇ ਏਥੋਂ ਦੇ ਮੁੰਡੇ ਕੁੜੀਆਂ ਨੂੰ ਚੁੱਕ ਲਿਜਾਂਦੇ ਹੋਣਗੇ ਤੇ ਆਪਣੇ ਦੇਸ਼ ਲਿਜਾ ਕੇ ਟਕੇ ਟਕੇ ਨੂੰ ਗ਼ੁਲਾਮਾਂ ਵਾਂਗ ਵੇਚ ਦੇਂਦੇ ਹੋਣਗੇ। 'ਪਰ ਸੇਖੋਂ ਦੀ ਕਹਾਣੀ ਪੁਰਾਣੀਆਂ ਘਟਨਾਵਾਂ ਬਾਰੇ ਨਹੀਂ, ਅੱਜ ਦੇ ਨਿੱਕੇ ਲੋਕਾਂ ਬਾਰੇ ਹੈ।'[24] ਇਸ ਲਈ ਕਹਾਣੀ ਵਿਚ ਘਟਨਾ ਦਾ ਵਾਪਰਨਾ ਲਾਜ਼ਮੀ ਨਹੀਂ, ਵਾਪਰਨ ਦੀ ਸੰਭਾਵਨਾ ਹੀ ਛੋਟੀ ਕਹਾਣੀ ਦੇ ਪ੍ਰਭਾਵ ਨੂੰ ਉਸਾਰਨ ਲਈ ਕਾਫੀ ਹੈ। ਕਹਾਣੀ 'ਪੇਮੀ ਦੇ

ਨਿਆਣੇ' ਵੀ ਘਟਨਾ ਨਹੀਂ, ਘਟਨਾ ਦੀ ਸੰਭਾਵਨਾ ਉੱਪਰ ਉਸਰੀ ਹੋਈ ਹੈ। ਘਟਨਾ ਤੋਂ ਪਹਿਲਾਂ ਘਟਨਾ ਦਾ ਭੈਅ ਆਪਣੀ ਗੱਲ ਕਹਿ ਗਿਆ ਹੈ।[25] ਉਹਨਾਂ ਨਾਲ ਕੋਈ ਮਾੜੀ ਜਾਂ ਚੰਗੀ ਘਟਨਾ ਨਹੀਂ ਘਟਦੀ ਤੇ ਜੋ ਕੁਝ ਵੀ ਘਟਦਾ ਹੈ ਉਹ ਉਹਨਾਂ ਦੇ ਮਨਾਂ ਅੰਦਰਲਾ ਖੌਰੂ ਹੀ ਹੈ। ਸੇਖੋਂ ਨੇ ਬੱਚਿਆਂ ਨੂੰ ਡਰ ਤੋਂ ਬਚਾਉਣ ਦੇ ਤਿੰਨ ਕਲਾਤਮਕ ਸਾਧਨ ਚੁਣੇ ਹਨ : ਬਾਤ, ਵਾਹਿਗੁਰੂ ਤੇ ਮਾਂ। ਆਪਣੀ ਸਮਾਜਕ ਲਗਾਉ ਵਾਲੀ ਯਥਾਰਥਵਾਦੀ ਦ੍ਰਿਸ਼ਟੀ ਅਨੁਸਾਰ ਸੇਖੋਂ ਨੇ ਕਹਾਣੀ ਦੇ ਅੰਤ 'ਤੇ ਮੈਂ ਪਾਤਰ ਤੇ ਉਸਦੀ ਭੈਣ ਨੂੰ ਮਾਂ ਪ੍ਰੇਮੀ ਦਾ ਨਾਉਂ ਲੈ ਕੇ ਸੜਕ ਪਾਰ ਕਰਵਾ ਦਿੱਤੀ ਤੇ ਰਾਸ਼ੇ ਨੂੰ ਜਰਨੈਲੀ ਸੜਕ ਉੱਤੇ ਉਂਝ ਹੀ ਸੁੱਤਾ ਵਿਖਾ ਕੇ ਉਹਨਾਂ ਨੂੰ ਡਰ ਤੋਂ ਮੁਕਤ ਕਰ ਦਿੱਤਾ। ਕਹਾਣੀ ਵਿਚ ਡਰ ਤੋਂ ਮੁਕਤੀ ਦੇ ਚੁਣੇ ਗਏ ਇਹ ਤਿੰਨ ਸਾਧਨ ਜਿੱਥੇ ਕਹਾਣੀ ਦੇ ਕਲਾਗਤ ਪਾਸਾਰ ਬਣਦੇ ਹਨ ਉਥੇ ਇਹ ਸੇਖੋਂ ਦੀ ਇਸ ਦ੍ਰਿਸ਼ਟੀਗਤ ਪਹੁੰਚ ਨੂੰ ਵੀ ਨਿਖਾਰ ਕੇ ਸਾਹਮਣੇ ਲਿਆਉਂਦੇ ਹਨ ਕਿ ਪੁਰਾਣੇ ਨੂੰ ਆਲੋਚਨਾਤਮਕ ਯਥਾਰਥਵਾਦੀ ਅਥਵਾ ਵਿਗਿਆਨਕ ਤਰੀਕੇ ਨਾਲ ਰੱਦ ਕਰਕੇ ਨਵੇਂ ਨੂੰ ਸਮਾਜਵਾਦੀ ਯਥਾਰਥਵਾਦ ਦੇ ਤਰੀਕੇ ਨਾਲ ਕਿਵੇਂ ਅਪਨਾਉਣਾ ਹੈ। ਸ਼ਾਇਦ ਇਸੇ ਲਈ ਕਿਰਪਾਲ ਸਿੰਘ ਕਸੇਲ ਨੇ ਸੰਤ ਸਿੰਘ ਸੇਖੋਂ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਯੁਗ ਪਰਿਵਰਤਕ ਮੰਨਿਆ ਹੈ।[26]

ਸੇਖੋਂ ਦੀਆਂ ਕਹਾਣੀਆਂ ਵਿਚ ਡਰ, ਚਿੰਤਾ, ਨਿਰਾਸ਼ਾ, ਗ਼ਮ ਜਿਹੀਆਂ ਨਿਰਾਸ਼ਾਮਈ ਮਨੁੱਖੀ ਭਾਵਨਾਵਾਂ ਨੂੰ ਵਿਗਿਆਨਕ ਤੇ ਵਿਅੰਗਾਤਮਕ ਢੰਗ ਤਰੀਕਿਆਂ ਨਾਲ ਨਜਿੱਠ ਕੇ ਆਸ਼ਾਮਈ ਰੂਪ ਪ੍ਰਦਾਨ ਕੀਤਾ ਗਿਆ ਹੈ। ਜਿਵੇਂ 'ਭੱਤਾ' ਕਹਾਣੀ ਵਿਚ ਬਾਪੂ ਨੇ ਹਰਨਾਮ ਸਿੰਘ ਦੀ ਨਿਰਾਸ਼ਾ ਵਾਲੀ ਭਾਵਨਾ ਨੂੰ ਸਮਝ ਕੇ ਹੀ ਨ੍ਹਾਮੋ ਨੂੰ ਕਿਹਾ ਹੈ ਕਿ "ਨ੍ਹਾਮੋ, ਪੁੱਤ ਰੋਟੀ ਆਪਦੀ ਭਾਬੀ ਨੂੰ ਦੇ ਕੇ ਘੱਲਿਆ ਕਰ"[27] ਕਿਉਂਕਿ ਹਰਨਾਮ ਦੇ ਬਾਪੂ ਨੂੰ 'ਭੱਤਾ' ਸੰਕਲਪ ਪਿੱਛੇ ਲੁਕੇ ਅਸਲ ਦਾ ਪਤਾ ਹੈ। ਤੇ ਇਸ ਅਸਲ ਦਾ ਜਿੰਨਾ ਸੰਬੰਧ ਉਹਨਾਂ ਦੀ ਕਮਜ਼ੋਰ ਆਰਥਿਕ ਸਥਿਤੀ ਨਾਲ ਹੈ ਉਸ ਤੋਂ ਵੀ ਵਧ ਕੇ ਉਹਨਾਂ ਦੇ ਮਨੋਵਿਗਿਆਨ ਨਾਲ ਹੈ। ਕਹਾਣੀ ਵਿਚ ਬਾਪੂ ਹਰਨਾਮ ਦੇ ਦਿਲ ਦੀ ਇਹ ਭਾਵਨਾ ਸਹਿਜੇ ਹੀ ਬੁੱਝ ਬਕਦਾ ਹੈ ਕਿ "ਦਿਲ ਦੀ ਕਾਮਨਾ ਪੂਰੀ ਨਹੀਂ ਹੋਈ ਤਾਂ ਢਿੱਡ ਕਿਉਂ ਚੱਟੀ ਭਰੇ।"[28] ਖੇਤ 'ਚ ਹਲ ਵਾਹੁੰਦਾ ਹਰਨਾਮ ਅਗਾਂਹ ਪਿਛਾਂਹ ਝਾਤ ਮਾਰਦਾ ਹੋਇਆ ਆਪਣੀ ਵਹੁਟੀ ਦੀ ਉਡੀਕ ਕਰਦਾ ਹੈ। ਇਹ ਉਡੀਕ ਹੀ 'ਭੱਤਾ' ਕਹਾਣੀ ਦੀ ਕੇਂਦਰੀ ਕਲਾਤਮਕ ਤੰਦ ਹੈ ਜਿਸ ਦੁਆਲੇ ਸੇਖੋਂ ਨੇ ਕਿਸਾਨੀ ਪਰਿਵਾਰ ਦੀਆਂ ਦੋ ਪੀਹੜੀਆਂ ਦੀ ਆਰਥਿਕ ਤੇ ਮਾਨਸਿਕ ਬਣਤਰ ਨੂੰ ਫਰੋਲਿਆ ਹੈ। ਇਹ ਉਡੀਕ ਹੀ ਹੈ ਜੋ ਹਰਨਾਮ ਤੇ ਉਸਦੇ ਬਾਪੂ ਦੇ ਅਚੇਤ ਮਨ ਨੂੰ ਛੂਹ ਕੇ ਹਲੂਣਦੀ ਹੋਈ ਸੁਚੇਤ ਕਰਦੀ ਹੈ। ਇਸੇ ਹਲੂਣਨ ਪ੍ਰਕਿਰਿਆ ਵਿਚ ਹੀ 'ਭੱਤਾ' ਕਹਾਣੀ ਦੇ ਵਿਸ਼ੈਗਤ, ਦ੍ਰਿਸ਼ਟੀਗਤ ਤੇ ਕਲਾਗਤ ਸਰੋਕਾਰ ਸਮਾਏ ਹੋਏ ਹਨ।

'ਮੰਝਧਾਰ' ਵਿਚ ਬੱਚੇ ਦੇ ਮਰ ਜਾਣ ਉਪਰੰਤ ਉਪਜਿਆ ਗ਼ਮ ਇਸ ਕਹਾਣੀ ਦਾ ਤਣਾਉ ਸੂਤਰ ਹੈ। ਸਾਰੀ ਕਹਾਣੀ ਇਸ ਸੂਤਰ ਦਾ ਹੀ ਫੈਲਾਓ ਹੈ। ਕਹਾਣੀ ਵਿਚ ਮੈਂ ਪਾਤਰ ਉਰਫ ਦੇਵਿੰਦਰ, ਉਸ ਦਾ ਦੋਸਤ ਤੇ ਉਸ ਦੀ ਪਤਨੀ ਤਿੰਨ ਪਾਤਰ ਹਨ ਜੋ ਇਸ ਗ਼ਮ ਦੇ ਸੂਤਰ ਕਾਰਨ ਹੀ ਇਕ ਦੂਸਰੇ ਨਾਲ ਭਾਵੁਕ ਪੱਧਰ 'ਤੇ ਬੱਝਦੇ ਹਨ। ਬੱਚੇ ਦਾ ਗ਼ਮ ਇਕ ਤਰੀਕੇ ਨਾਲ ਅਜਿਹਾ ਵਿਸ਼ੈਗਤ ਪਾਸਾਰ ਹੈ ਜੋ ਸੇਖੋਂ ਸਿਰਜਿਤ ਕਲਾਗਤ ਪਾਸਾਰ ਵਿਚ ਢਲ ਕੇ ਪ੍ਰਸਤੁਤ ਹੁੰਦਾ ਹੈ। ਇਸ ਕਹਾਣੀ ਦੇ ਪਾਤਰ ਮੰਝਧਾਰ ਵਿਚ ਫਸੇ ਹੋਏ ਹਨ। ਕਹਾਣੀ ਮੈਂ ਪਾਤਰ ਦੇ ਦੋਸਤ ਦੀ ਵਹੁਟੀ ਦੇ ਮੈਂ ਪਾਤਰ ਨੂੰ ਉਸਦੇ ਬੱਚੇ ਦੇ ਮਰਨ ਉਪਰੰਤ ਭਾਣਾ ਮੰਨਣ ਦੇ ਦਿੱਤੇ ਦਿਲਾਸੇ ਨਾਲ ਸ਼ੁਰੂ ਹੁੰਦੀ ਹੈ ਅਤੇ ਇਸਦਾ ਅੰਤ ਬੱਚੇ ਦੀ ਯਾਦ ਨੂੰ ਮੈਂ ਪਾਤਰ ਦੇ ਮਨ ਅੰਦਰ ਵਸਾਉਣ ਨਾਲ ਹੁੰਦਾ ਹੈ। ਸਾਰੀ ਕਹਾਣੀ ਪਾਤਰਾਂ ਦੇ ਦਿਲਾਂ ਅੰਦਰ ਗ਼ਮ ਦੀ ਕਸ਼ਮਕਸ਼ ਰਾਹੀਂ ਰੂਪ ਧਾਰਦੀ ਹੈ। ਰੇਲ ਦਾ ਸਫਰ, ਬੱਸ ਦਾ ਸਫਰ ਤੇ ਫਿਰ ਦਰਿਆ ਵਿਚ ਬੇੜੀ ਦਾ ਸਫਰ ਤਿੰਨੋਂ ਪਾਤਰ ਇਕੱਠੇ ਕਰਦੇ ਹਨ। ਇਹ ਜੀਵਨ ਦਾ ਸਫਰ ਹੈ। ਤੇ ਸਫਰ ਦੌਰਾਨ ਵਾਪਰੀਆਂ ਤਿੰਨਾਂ ਦੀਆਂ ਇਕ ਦੂਸਰੇ ਲਈ ਪ੍ਰੇਮ ਦੀਆਂ ਖਿੱਚਾਂ ਕਾਰਜ ਕਰਦੀਆਂ ਹੋਈਆਂ ਇਹ ਵਿਚਾਰ ਦ੍ਰਿੜ ਕਰਦੀਆਂ ਹਨ ਕਿ ਪ੍ਰੇਮ ਹੀ ਵਿਅਕਤੀ ਅੰਦਰ ਜੀਵਨ ਜਿਊਣ ਦੀ ਚਾਹ ਪੈਦਾ ਕਰਦਾ



ਹੈ। ਤੇ ਇਹੋ ਚਾਹ ਜ਼ਿੰਦਗੀ ਵਿਚ ਮੌਤ ਕਾਰਨ ਪਏ ਘਾਟਿਆਂ ਨੂੰ ਪੂਰਾ ਕਰਨ ਦੇ ਸਮਰੱਥ ਹੋ ਸਕਦੀ ਹੈ। ਮਾਸੂਮ ਤੇ ਨਿਰਛਲ ਪ੍ਰੇਮ ਹੀ ਵਿਅਕਤੀ ਨੂੰ ਨਵਾਂ ਜੀਵਨ ਜਿਊਣ ਦੀ ਪ੍ਰੇਰਨਾ ਦਿੰਦਾ ਹੈ ਅਤੇ ਜੀਵਨ ਦੀ ਮੰਝਧਾਰੀ ਗੁੰਝਲ ਨੂੰ ਖੋਲ੍ਹਦਾ ਹੈ। ਸੇਖੋਂ ਦੀ ਦ੍ਰਿਸ਼ਟੀਗਤ ਪਹੁੰਚ ਨੇ ਇਹਨਾਂ ਤਿੰਨਾਂ ਪਾਤਰਾਂ ਨੂੰ ਉਹਨਾਂ ਦੀ ਆਪਣੀ ਆਪਣੀ ਵਫ਼ਾਦਾਰੀ, ਸੁਹਿਰਦਤਾ ਤੇ ਈਮਾਨਦਾਰੀ ਸਹਿਤ ਵਿਚਰਦੇ ਦਿਖਾ ਕੇ ਪ੍ਰੇਮ ਦੀ ਮੰਝਧਾਰ ਵਿਚੋਂ ਕੱਢਣ ਦਾ ਕਲਾਤਮਕ ਜਤਨ ਕੀਤਾ ਹੈ।

ਇਸ ਤਰ੍ਹਾਂ 'ਕਾਗਜ਼ੀ ਭਰੋਸੇ' ਕਹਾਣੀ ਵਿਚ ਔਰਤ ਤੇ ਮਰਦ ਦੇ ਪ੍ਰੇਮ ਸੰਬੰਧਾਂ ਨੂੰ 'ਕਾਗ਼ਜ਼ੀ ਭਰੋਸੇ' ਨਾਲੋਂ 'ਦਿਲ ਦੇ ਭਰੋਸੇ' ਦੇ ਪ੍ਰਸੰਗ 'ਚ ਵਰਤ ਕੇ ਦਿਲ ਦੇ ਭਰੋਸੇ ਨੂੰ ਤਾਕਤ ਪ੍ਰਦਾਨ ਕੀਤੀ ਹੈ। ਇਸ ਕਹਾਣੀ ਵਿਚ ਧਰਮ ਕੌਰ ਸਵਰਨ ਸਿੰਘ ਕੋਲੋਂ ਲਿਖਵਾਏ ਇਸ ਇਕਰਾਰਨਾਮੇ ਨੂੰ ਟੀਨ ਦੇ ਡੱਬੇ ਵਿਚ ਸਾਰੀ ਉਮਰ ਲੁਕੋ ਕੇ ਰੱਖਦੀ ਹੈ ਕਿ ਜੇ ਉਸਨੂੰ ਉਹ ਆਪਣੇ ਘਰ ਨਾ ਰੱਖੇ ਤਾਂ ਉਹ ਉਸਨੂੰ ਗੁਜ਼ਾਰੇ ਵਜੋਂ ਪੰਜਾਹ ਰੁਪਏ ਦੇਣ ਦਾ ਪਾਬੰਦ ਹੋਵੇਗਾ। ਪਰ 'ਕੰਮ ਕਿ ਚੰਮ' ਕਹਾਣੀ ਦੀ ਅੰਬਾ ਨਾਮੀ ਇਸਤਰੀ ਪਾਤਰ ਮਰਦ ਦੀ ਅਜਿਹੀ ਗੁਲਾਮੀ ਦੀ ਮੁਹਤਾਜ ਨਹੀਂ ਬਣਦੀ। ਅੰਬਾ ਇਸ ਵਿਚਾਰ ਦੀ ਧਾਰਨੀ ਹੈ ਕਿ ਇਸਤਰੀ ਜ਼ਾਤ ਮਰਦ ਸਿਰਜਿਤ ਸਮਾਜ ਦੇ ਜ਼ੁਲਮ ਹੇਠਾਂ ਲਿਤੜ ਕੇ ਵੇਸਵਾ ਨਹੀਂ ਬਣੇਗੀ, ਉਹ ਨੌਕਰੀ ਮੁਲਾਜ਼ਮਤ ਰਾਹੀਂ ਆਰਥਿਕ ਆਜ਼ਾਦੀ ਪ੍ਰਾਪਤ ਕਰਕੇ ਉਸਦੇ ਜ਼ੁਲਮ ਦਾ ਟਾਕਰਾ ਕਰੇਗੀ। ਐਪਰ 'ਪਿਕਨਿਕ' ਨਾਮੀ ਕਹਾਣੀ ਵਿਚ ਸਮਾਜਕ ਤੇ ਆਰਥਿਕ ਤੌਰ 'ਤੇ ਮਿਲੀ ਆਜ਼ਾਦੀ ਕਿਵੇਂ ਸ਼ਹਿਰੀ ਯੁਵਤੀਆਂ ਨੂੰ ਭਾਵੁਕ ਤੇ ਕਾਮੁਕ ਪੱਧਰ 'ਤੇ ਲੁਭਾਉਂਦੀ ਹੈ, ਦਾ ਸੰਕੋਚਮਈ ਚਿਤਰਣ ਕੀਤਾ ਮਿਲਦਾ ਹੈ। ਖੁੱਲ੍ਹੇ ਮਾਹੌਲ ਵਿਚ ਵਿਚਰਦੀ ਔਰਤ ਦੇ ਆਪਣੇ ਸੁੰਦਰ ਹੋਣ ਦੇ ਅਭਿਮਾਨ 'ਚੋਂ ਉਪਜੀ ਉਸਦੀ ਕਾਮ-ਰੁਚੀ ਅਤੇ ਅਜਿਹੀ ਕਾਮ-ਰੁਚੀ ਨੂੰ ਮਾਨਣ ਵਾਲੇ ਵਿਅਕਤੀ ਦੀ ਕਾਮ-ਅਭਿਲਾਸ਼ਾ ਨੂੰ 'ਪਿਕਨਿਕ' ਕਹਾਣੀ ਨਵੇਂ ਸ਼ਹਿਰੀ ਸਮਾਜਕ ਤੇ ਸਭਿਆਚਾਰਕ ਪ੍ਰਬੰਧਾਂ ਤਹਿਤ ਚਿਤਰਦੀ ਹੈ। ਜਦਕਿ 'ਦੀਨਾ' ਨਾਮਕ ਕਹਾਣੀ ਵਿਚ ਅਜਿਹੀਆਂ ਰੁਚੀਆਂ ਨੂੰ ਪੁਰਾਣੇ ਅਥਵਾ ਪੇਂਡੂ ਜੀਵਨ ਦੇ ਪ੍ਰਸੰਗਾਂ ਤਹਿਤ ਚਿਤਰਿਆ ਗਿਆ ਹੈ। ਔਰਤ ਆਪਣੀ ਆਜ਼ਾਦੀ ਲਈ ਕਿਵੇਂ ਦਲੀਲ ਨਾਲ ਗੱਲਬਾਤ ਕਰ ਸਕਦੀ ਹੈ, ਇਸ ਦਾ ਚਿਤਰਣ 'ਪੁੱਤਰ ਤੇ ਭਰਾ' ਕਹਾਣੀ ਵਿਚ ਕੀਤਾ ਗਿਆ ਹੈ। ਕਹਾਣੀ ਦੀ ਹਸਨਾ ਨਾਮੀ ਮੁਸਲਮਾਨ ਇਸਤਰੀ ਪਾਤਰ ਪੰਜਾਬੀ ਸਭਿਆਚਾਰਕ ਅਵਚੇਤਨ ਵਿਚ ਬੈਠੀ ਇਸ ਗੁੱਝੀ ਰਮਜ਼ ਨੂੰ ਆਪਣੀ ਇੱਛਾ ਦੇ ਰੂਪ ਵਿਚ ਉਜਾਗਰ ਕਰਦੀ ਹੈ ਕਿ ਉਸਦੀ ਮਾਂ ਨੇ ਹੋਰ ਪੁੱਤਰ ਨਹੀਂ ਜੰਮ ਸਕਣਾ ਇਸ ਲਈ ਉਹ ਭਰਾ-ਪਿਆਰ ਤੋਂ ਵਾਂਝੀ ਰਹਿ ਸਕਦੀ ਹੈ। ਪਰ ਪੁੱਤਰ ਦੀ ਪ੍ਰਾਪਤੀ ਉਹ ਖ਼ੁਦ ਮਾਂ ਬਣ ਕੇ ਵੀ ਕਰ ਸਕਦੀ ਹੈ।

'ਪੁੱਤਰ ਤੇ ਭਰਾ', 'ਕੰਮ ਕਿ ਚੰਮ', 'ਪਿਕਨਿਕ', 'ਕਾਗਜ਼ੀ ਭਰੋਸੇ' ਇਤਿਆਦਿ ਇਸਤਰੀ ਮੁਖ ਕਹਾਣੀਆਂ ਵਿਚ ਨਾਰੀਵਾਦੀ ਚੇਤਨਾ ਚੋਖੀ ਮਾਤਰਾ ਵਿਚ ਕਾਰਜਸ਼ੀਲ ਹੈ। ਸੇਖੋਂ ਦੀ ਸਮਾਜਵਾਦੀ ਯਥਾਰਥਵਾਦੀ ਪਹੁੰਚ ਔਰਤ ਦੀ ਕਮਜ਼ੋਰ ਯਥਾਰਥ ਸਥਿਤੀ ਨੂੰ ਪਕੜਦੀ ਹੋਈ ਆਰਥਿਕ ਤੌਰ 'ਤੇ ਉਸ ਦੀ ਮਰਦ ਦੀ ਅਧੀਨਗੀ ਦਾ ਬਿਆਨ ਤਾਂ ਕਰਦੀ ਹੈ ਪਰ ਉਸਦੇ ਸਾਹਵੇਂ ਸਮਾਜਕ ਤੇ ਆਰਥਿਕ ਪੱਖ ਤੋਂ ਬਲਵਾਨ ਹੋਣ ਦਾ ਉਦੇਸ਼ ਵੀ ਰੱਖਦੀ ਹੈ। ਸੇਖੋਂ ਆਪਣੇ ਵਰਤਮਾਨ ਸਮਾਜ ਨਾਲ ਸੰਤੁਸ਼ਟ ਨਹੀਂ ਹੈ। ਉਹ ਸਮਾਜਕ ਬੇਨਿਆਈਆਂ ਤੇ ਆਰਥਿਕ ਅਸਮਾਨਤਾਵਾਂ ਨੂੰ ਸਹਾਰ ਨਹੀਂ ਸਕਦਾ। ਉਸ ਦੀ ਵਿਚਾਰਧਾਰਾ ਸਮਾਜਕ ਜੀਵਨ ਦੀ ਕਠੋਰਤਾ, ਅਨਿਆਇ, ਕੂਹਜ, ਝੂਠ ਅਤੇ ਧਾਰਮਿਕ ਪਾਖੰਡਵਾਦ ਨੂੰ ਉਜਾਗਰ ਕਰਕੇ ਅਤੇ ਭਵਿੱਖਮੁਖੀ ਆਸ਼ਾਵਾਦ ਦਾ ਗਲਪੀ ਸੰਚਾਰ ਕਰਦੀ ਹੈ। ਇਸ ਮੰਤਵ ਲਈ ਪ੍ਰਾਪਤ ਜੀਵਨ ਪ੍ਰਵਾਹ ਵਿਚੋਂ ਘਟਨਾ, ਪਾਤਰ ਤੇ ਵਾਤਾਵਰਣ ਦੀ ਚੋਣ ਕਰਕੇ ਸਮੇਂ, ਸਥਾਨ ਤੇ ਕਾਰਜ ਦੀ ਏਕਤਾ ਅਤੇ ਨਾਟਕੀ ਅੰਦਾਜ਼ ਵਾਲੀ ਜਿਹੜੀ ਨਵੀਂ ਕਹਾਣੀ ਤਕਨੀਕ ਉਸਨੇ ਵਰਤੀ ਹੈ ਉਸਦਾ ਮੰਤਵ ਯਥਾਰਥਵਾਦ ਦੀ ਸਥਾਪਤੀ ਲਈ ਸਾਧਾਰਨ ਮਨੁੱਖੀ ਮਨ ਵਿਚ ਪੈਦਾ ਹੁੰਦੇ ਪ੍ਰਭਾਵਾਂ ਤੇ ਪ੍ਰਤੀਕਰਮਾਂ ਦੇ ਚੇਤਨਾਮਈ ਪ੍ਰਵਾਹ ਨੂੰ ਕਲਾਮਈ ਰੂਪ ਵਿਚ ਪਕੜ ਕੇ ਪੇਸ਼ ਕਰਨਾ ਹੈ। ਉਸਦੀਆਂ ਕਹਾਣੀਆਂ ਵਿਚ ਵਿਸ਼ਾ, ਦ੍ਰਿਸ਼ਟੀ ਤੇ ਕਲਾ ਦੀ ਪ੍ਰਧਾਨਤਾ ਦੇ ਅੰਸ਼ ਸਮਾਜਕ

ਚੇਤੰਨਤਾ ਭਰਪੂਰ ਕਹਾਣੀ ਦੀ ਵਿਧਾ ਦੇ ਨਿਰਮਾਣਕਾਰੀ ਤੱਤ ਬਣਦੇ ਹਨ। ਸੇਖੋਂ ਦੀ ਅਜਿਹੀ ਕਲਾ ਤੇ ਵਿਚਾਰਧਾਰਾ ਦਾ ਹੀ ਪ੍ਰਤਾਪ ਹੈ ਕਿ ਪੰਜਾਬੀ ਦੇ ਦੋ ਅਜ਼ੀਮ ਕਹਾਣੀਕਾਰਾਂ, ਕੁਲਵੰਤ ਸਿੰਘ ਵਿਰਕ ਅਤੇ ਕਰਤਾਰ ਸਿੰਘ ਦੁੱਗਲ ਨੇ ਕ੍ਰਮਵਾਰ ਉਸਨੂੰ 'ਸਭ ਤੋਂ ਸਿਆਣਾ ਆਦਮੀ'[29] ਅਤੇ 'ਲੇਖਕਾਂ ਦਾ ਲੇਖਕ'[30] ਆਖ ਕੇ ਉਸਦਾ ਮਾਣ ਕੀਤਾ ਹੈ।

### ਹਵਾਲੇ ਤੇ ਟਿੱਪਣੀਆਂ :

1. ਡਾ. ਰਘਬੀਰ ਸਿੰਘ, "ਸੰਤ ਸਿੰਘ ਸੇਖੋਂ : ਮਨੁੱਖ, ਚਿੰਤਕ ਤੇ ਸਿਰਜਕ", 'ਸਮਕਾਲੀ ਸਾਹਿਤ : ਸੇਖੋਂ ਸਤਿਆਰਥੀ ਵਿਸ਼ੇਸ਼ ਅੰਕ', ਅਕਤੂਬਰ-ਦਸੰਬਰ 2008, ਪੰਨਾ 20
2. ਡਾ. ਤੇਜਵੰਤ ਸਿੰਘ ਗਿੱਲ, "ਅੱਧੀ ਵਾਟ-ਨਵੇਂ ਮੋੜ ਦੀ ਕਹਾਣੀ ਕਲਾ", 'ਕਥਾ ਪੰਧ-ਸੰਤ ਸਿੰਘ ਸੇਖੋਂ ਦੀਆਂ ਸਾਰੀਆਂ ਕਹਾਣੀਆਂ' ਸੰਪਾ. ਡਾ. ਤੇਜਵੰਤ ਸਿੰਘ ਗਿੱਲ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006, ਪੰਨੇ 213-214
3. ਡਾ. ਤੇਜਵੰਤ ਸਿੰਘ ਗਿੱਲ, "ਸਿਆਣਪ ਜੋ ਵਿਵੇਕ ਦੀ ਬਖਸ਼ਿਸ਼ ਸੀ", 'ਕਥਾ ਪੰਧ', ਪੰਨਾ 408
4. ਸੁਰਿੰਦਰ ਸਿੰਘ ਨਰੂਲਾ, "ਸੇਖੋਂ ਦਾ ਸਰਬੰਗੀ ਮੁਲੰਕਣ", 'ਸਾਹਿਤ ਸਮਾਚਾਰ ਦਾ ਸੰਤ ਸਿੰਘ ਸੇਖੋਂ ਅੰਕ', ਸੰਪਾ. ਜੀਵਨ ਸਿੰਘ ਐੱਮ. ਏ., ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀਹੀਣ, ਪੰਨਾ 28
5. ਡਾ. ਸਵਿੰਦਰ ਸਿੰਘ ਉੱਪਲ, 'ਪੰਜਾਬੀ ਕਹਾਣੀ : ਸਰੂਪ, ਸਿਧਾਂਤ ਤੇ ਵਿਕਾਸ', ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1995, ਪੰਨਾ 343
6. 'ਕਥਾ ਪੰਧ', ਪੰਨਾ 154
7. ਉਹੀ, ਪੰਨਾ 442
8. ਉਹੀ, ਪੰਨਾ 184
9. ਉਹੀ, ਪੰਨਾ 243
10. ਪਿਆਰਾ ਸਿੰਘ ਭੋਗਲ, 'ਪ੍ਰਸਿੱਧ ਕਹਾਣੀਕਾਰ', ਹਿਰਦੇਜੀਤ ਪ੍ਰਕਾਸ਼ਨ, ਜਲੰਧਰ, ਦਸੰਬਰ 1971, ਪੰਨਾ 69
11. "ਸੇਖੋਂ ਵਿਚ ਕਲਾ ਤੇ ਫਲਸਫਾ ਪ੍ਰਧਾਨ ਸੀ। ਉਹ ਇਤਿਹਾਸ ਮਿਥਿਹਾਸ ਤੇ ਸਮਕਾਲੀ ਜੀਵਨ ਦਾ ਸੁਘੜ ਤੇ ਸੁਚੇਤ ਟਿੱਪਣੀਕਾਰ ਸੀ।"-ਗੁਲਜ਼ਾਰ ਸਿੰਘ ਸੰਧੂ, "ਸੰਤ ਸਿੰਘ ਸੇਖੋਂ", 'ਸਿਰਜਣਾ-149', ਜੁਲਾਈ-ਸਤੰਬਰ 2008, ਪੰਨਾ 5
12. "ਉਸ (ਸੇਖੋਂ) ਦੀਆਂ ਕਹਾਣੀਆਂ ਵਿਚ ਦੋਵੇਂ ਕਿਸਮ ਦੀਆਂ ਰਚਨਾਵਾਂ ਦੇ ਦਰਸ਼ਨ ਸਾਨੂੰ ਹੋ ਸਕਦੇ ਹਨ, ਉਹ ਵੀ ਜੋ ਕਲਾ ਪਹਿਲਾਂ ਹਨ ਤੇ ਪਿੱਛੋਂ ਕੁਝ ਹੋਰ, ਤੇ ਉਹ ਵੀ ਜੋ ਕੋਈ ਵਿਗਿਆਨਕ ਸਿਧਾਂਤ ਪਹਿਲਾਂ ਹਨ ਤੇ ਪਿੱਛੋਂ ਕੁਝ ਹੋਰ।"-ਡਾ. ਅਤਰ ਸਿੰਘ, 'ਦ੍ਰਿਸ਼ਟੀਕੋਣ', ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1991, ਪੰਨਾ 65
13. 'ਕਥਾ ਪੰਧ', ਪੰਨਾ 69
14. ਉਹੀ, ਪੰਨਾ 271
15. ਉਹੀ, ਪੰਨਾ 330-331
16. ਉਹੀ, ਪੰਨਾ 441
17. ਉਹੀ, ਪੰਨਾ 88-89
18. ਉਹੀ, ਪੰਨਾ 104
19. ਉਹੀ, ਪੰਨਾ 105
20. ਡਾ. ਧਨਵੰਤ ਕੌਰ, 'ਪੰਜਾਬੀ ਕਹਾਣੀ ਸ਼ਾਸਤਰ', ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003, ਪੰਨਾ 117
21. 'ਕਥਾ ਪੰਧ', ਪੰਨੇ 351-352
22. "ਇਕ ਅਜਿਹੀ ਰਚਨਾ ਜਿਸ ਵਿਚ ਵਾਪਰੀਆਂ ਘਟਨਾਵਾਂ ਦੀ ਕਹਾਣੀ ਵਰਗੀ ਰਿਪੋਰਟ ਹੋਵੇ ਪਰ ਕਹਾਣੀ ਨਾ ਬਣੇ।" – ਪਿਆਰਾ ਸਿੰਘ ਭੋਗਲ, 'ਪ੍ਰਸਿੱਧ ਕਹਾਣੀਕਾਰ', ਪੰਨਾ 69
23. 'ਕਥਾ ਪੰਧ', ਪੰਨਾ 49
24. ਪਿਆਰਾ ਸਿੰਘ ਭੋਗਲ, "ਯਥਾਰਥਵਾਦੀ ਯੁਗ ਦਾ ਪੰਜਾਬੀ ਬੁੱਧੀਮਾਨ", 'ਸੰਤ ਸਿੰਘ ਸੇਖੋਂ ਅਭਿਨੰਦਨ ਗ੍ਰੰਥ', ਸੰਪਾ. ਪ੍ਰੋ: ਪ੍ਰੀਤਮ ਸਿੰਘ, ਨਵਯੁਗ ਪਬਲਿਸ਼ਰਜ਼, ਦਿੱਲੀ, 1991, ਪੰਨਾ 271
25. ਡਾ. ਹਰਿਭਜਨ ਸਿੰਘ, "ਕਹਾਣੀ ਅਤੇ ਪੰਜਾਬੀ ਕਹਾਣੀ", 'ਕਹਾਣੀ ਦੀ ਵਿਧਾ', ਸੰਪਾ. ਜੁਗਿੰਦਰ ਸਿੰਘ ਨਹਿਰੂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ 38
26. ਕਿਰਪਾਲ ਸਿੰਘ ਕਸੇਲ, "ਆਧੁਨਿਕ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਸੰਤ ਸਿੰਘ ਸੇਖੋਂ ਦਾ ਯੋਗਦਾਨ", 'ਸੰਤ ਸਿੰਘ ਸੇਖੋਂ : ਰਚਨਾ ਸੰਸਾਰ', ਸੰਪਾ. ਬਿਕਰਮ ਸਿੰਘ ਘੁੰਮਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998, ਪੰਨਾ 161
27. 'ਕਥਾ ਪੰਧ', ਪੰਨਾ 24
28. ਉਹੀ, ਪੰਨਾ 23
29. ਕੁਲਵੰਤ ਸਿੰਘ ਵਿਰਕ, "ਸੰਤ ਸਿੰਘ ਸੇਖੋਂ-ਸਾਡਾ ਸਭ ਤੋਂ ਸਿਆਣਾ ਆਦਮੀ", 'ਸਮਦਰਸ਼ੀ-ਸੰਤ ਸਿੰਘ ਸੇਖੋਂ ਵਿਸ਼ੇਸ਼ ਅੰਕ-110', ਜੂਨ-ਜੁਲਾਈ 2009, ਪੰਨਾ-25
30 "ਮੈਂ ਉਹਨਾਂ ਨੂੰ ਹਰ ਪਹਿਲੂ ਤੋਂ ਆਪਣਾ ਸੁਹਿਰਦ ਉਸਤਾਦ ਮੰਨਦਾ ਹਾਂ। ਪ੍ਰੋ: ਸੇਖੋਂ ਲੇਖਕਾਂ ਦਾ ਲੇਖਕ ਸੀ। ਮੇਰੇ ਸਮੇਤ ਕਈ ਨਾਂ ਗਿਣਾਏ ਜਾ ਸਕਦੇ ਹਨ ਜਿਹੜੇ ਕਵੀ, ਕਹਾਣੀਕਾਰ, ਨਾਵਲਿਸਟ ਆਦਿ ਬਣ ਗਏ, ਕੇਵਲ ਸੰਤ ਸਿੰਘ ਸੇਖੋਂ ਦੇ ਹੁੰਗਾਰੇ ਦਾ ਸਦਕਾ"-ਕਰਤਾਰ ਸਿੰਘ ਦੁੱਗਲ, "ਪ੍ਰੋ: ਸੰਤ ਸਿੰਘ ਸੇਖੋਂ ਨੂੰ ਕਿਵੇਂ ਯਾਦ ਕਰੀਏ", 'ਆਰਸੀ', ਜਨਵਰੀ 1998, ਪੰਨਾ 6

[ਅਸਿਸਟੈਂਟ ਪ੍ਰੋਫੈਸਰ, ਈਵਨਿੰਗ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]





## ਮੰਤਰ ਮੁਗਦ [ਪ੍ਰਭਜੋਤ ਕੌਰ]

ਮੈਂ ਅੱਜ ਕਲ੍ਹ ਵਡੇਰੀ ਉਮਰ ਦੇ ਕਵੀਆਂ ਦੀ ਕਵਿਤਾ ਨਹੀਂ ਪੜ੍ਹਦਾ। ਦੁਹਰਾਉ ਦਾ ਡਰ ਲੱਗਿਆ ਰਹਿੰਦਾ ਹੈ। ਪ੍ਰਭਜੋਤ ਦੇ 25 ਕਾਵਿ ਸੰਗ੍ਰਹਿ ਛਪ ਚੁੱਕੇ ਹਨ। ਦੁਹਰਾਉ ਦੀ ਸੰਭਾਵਨਾ ਆਮ ਨਾਲੋਂ ਵੱਧ ਸੀ। ਉਹ ਚੰਡੀਗੜ੍ਹ ਆਈ ਤਾਂ ਉਸਦੀ ਕਵਿਤਾ ਸੁਣਨ ਦਾ ਮਾਹੌਲ ਬਣ ਗਿਆ। ਇਸ ਕਵਿਤਾ ਨੇ ਮੇਰੇ ਭਰਮ ਭੁਲੇਖੇ ਦੂਰ ਕਰ ਦਿੱਤੇ। ਵਡੇਰੀ ਉਮਰ ਵਾਲੇ ਵੀ ਜਵਾਨੀ ਦੇ ਸੱਚ ਵੱਲ ਪਰਤ ਸਕਦੇ ਹਨ – ਇਹਨਾਂ ਦਾ ਸਾਰਅੰਸ਼ ਹੈ। ਇਹਨਾਂ ਵਿਚ ਪਹਿਲੀਆਂ ਨਾਲੋਂ ਰਸ ਤੇ ਚਿੰਤਨ ਦੀ ਬਹੁਲਤਾ ਹੈ। ਉਸ ਦੇ ਨਵੇਂ ਕਾਵਿ ਸੰਗ੍ਰਹਿ 'ਮੰਤਰ ਮੁਗਦ' (ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ਪੰਨੇ 84, ਮੁੱਲ 85 ਰੁਪਏ) ਦਾ ਤਤਕਰਾ ਦੱਸਦਾ ਹੈ ਕਿ ਇਸ ਵਿਚ ਠੰਢੀ ਮਿੱਠੀ ਵਾਅ ਵੀ ਹੈ, ਪੈਰੀਂ ਪਈਆਂ ਝਾਂਜਰਾਂ ਤੇ ਮਿੱਠੀਆਂ ਫੁਹਾਰਾਂ ਵੀ। 'ਹਾਏ ਨੀ ਮੈਂ ਜੋਗਣ ਹੋਈ', 'ਢੋਲੀ ਦਿਓ ਨਿਕਾਲ', 'ਅਜਨਬੀ', 'ਮਜਬੂਰੀਆਂ', 'ਚੱਲੀ ਮੈਂ ਦੇਸ ਪੀਆ ਦੇ ਚੱਲੀ', 'ਡੁੱਬ ਗਈ ਦੂਰ ਦਿਸ਼ਾ ਵਿਚ ਸ਼ਾਮ', 'ਆਇਆ ਨੀ ਇਕ ਪਰਦੇਸੀ ਆਇਆ', 'ਮੈਂ ਤੇਰੀ ਹੋ ਗਈ' ਤੇ 'ਮੇਰਾ ਬਾਂਕਾ ਮਾਹੀ' ਇਸ ਵਿਚ ਬਹੁਤ ਕੁਝ ਹੈ। ਪੜ੍ਹਨ ਤੋਂ ਪਿੱਛੋਂ ਪਤਾ ਲੱਗਿਆ ਕਿ ਇਸ ਸਭ ਕੁਝ ਤੋਂ ਪੈਦਾ ਹੋਣ ਵਾਲੀ ਲਚਕ, ਹੁਲਾਸ, ਦਿਲਜੋਈ, ਵਸਲ, ਬਿਰਹਾ, ਆਸ, ਨਿਰਾਸ਼ਾ, ਤਾਂਘਾਂ, ਮਜਬੂਰੀਆਂ ਤੇ ਖਦਸ਼ੇ ਵੀ ਇਹਨਾਂ ਵਿਚ ਪਰੁੱਤੇ ਹੋਏ ਹਨ। ਮੇਰੀਆਂ ਨਜ਼ਰਾਂ ਵਿਚ ਇਹਨਾਂ ਕਵਿਤਾਵਾਂ ਦੀ ਅੱਸੀਆਂ ਨੂੰ ਢੁੱਕੀ ਲੇਖਿਕਾ ਅਠਾਰਾਂ ਦੀ ਹੋ ਗਈ। ਜੇ ਪੁਸਤਕ ਦੇ ਅੰਤਲੇ ਪੰਨਿਆਂ ਵਿਚ ਦੋ ਦਰਜਨ ਕਾਵਿ ਪੁਸਤਕਾਂ, ਦਰਜਨ ਤੋਂ ਵੱਧ ਹੋਰ ਰਚਨਾਵਾਂ ਤੇ ਏਨੇ ਹੀ ਅਨੁਵਾਦਾਂ ਤੇ ਇਹਨਾਂ ਤੋਂ ਵੱਧ ਇਨਾਮਾਂ, ਸਨਮਾਨਾਂ ਤੇ ਸੰਮੇਲਨਾਂ ਵਿਚ ਭਾਗ ਲੈਣ ਦਾ ਜ਼ਿਕਰ ਨਾ ਹੋਵੇ ਤਾਂ ਕਿਸੇ ਵੀ ਅਣਜਾਣ ਪਾਠਕ ਲਈ ਉਹ ਪੁਸਤਕ ਵਿਚਲੀਆਂ ਕਵਿਤਾਵਾਂ ਦੇ ਹਾਣ ਦੀ ਹੈ।

ਮੈਨੂੰ ਪ੍ਰਭਜੋਤ ਨੂੰ ਜਾਣਦਿਆਂ ਅੱਧੀ ਸਦੀ ਹੋਣ ਵਾਲੀ ਹੈ। ਉਸਨੂੰ ਮਿਲਾਉਣ ਵਾਲੇ ਸੰਤ ਸਿੰਘ ਸੇਖੋਂ ਤੇ ਕੁਲਵੰਤ ਸਿੰਘ ਵਿਰਕ ਚਿਰੋਕਣੇ ਚੱਲ ਵਸੇ ਹਨ। ਮੇਰੇ ਲਈ ਅੱਸੀਆਂ ਤੋਂ ਅਠਾਰਾਂ ਨੂੰ ਪਰਤਣਾ ਕਿੰਨਾ ਔਖਾ ਹੈ, ਇਸਦਾ ਅੰਦਾਜ਼ਾ ਸਹਿਜੇ ਹੀ ਲੱਗ ਸਕਦਾ ਹੈ। ਹਾਂ, ਜੇ ਕੋਈ ਕਵਿਤਾ ਦਾ ਰਸੀਆ ਮੇਰੇ ਨਾਲ ਬੈਠ ਕੇ ਹੇਠ ਲਿਖੀਆਂ ਟੂਕਾਂ ਪੜ੍ਹੇ ਤਾਂ ਉਸਨੂੰ ਪਿਛਖੋੜੀ ਮੁੜਨ ਵਿਚ ਔਕੜ ਨਹੀਂ ਆਉਣ ਲੱਗੀ :

*ਸਾਂ ਭਾਰੀ ਗੋਰੀ ਛਿੰਦ ਬੜੀ / ਪਰ ਕੜਕੀ ਹੈ ਹੁਣ ਜਿੰਦ ਕੁੜੀ*
*ਆਇਓਂ, ਨਾ ਬੈਠੋਂ ਇਕ ਘੜੀ / ਪਾਣੀ ਤੋਂ ਪਿਆਸੀ ਵੇਲ ਸੜੀ*
*ਸੁਣ ਸੁਣ ਲੋਕਾਂ ਦੀਆਂ ਊਜਾਂ ਨੂੰ / ਮੂੰਹ ਫੇਰ ਨਾ ਨੈਣ ਚੁਰਾ ਢੋਲਾ*
*ਕਹੀ ਠੰਢੜੀ ਠੰਢੜੀ ਵਾਅ ਢੋਲਾ*

*ਦੇਖ ਸਖੀ, ਕਿਹਾ ਕਹਿਰ ਕਮਾਏ*
*ਜੀਵਨ ਦੀ ਰੰਗੀਨ ਕਹਾਣੀ/ ਰਾਹਾਂ ਉੱਤੇ ਲਿਖਦਾ ਜਾਏ*
*ਚੁਣ ਚੁਣ ਹੰਝੂ ਚੁੰਮ ਚੁੰਮ ਪਲਕਾਂ/ ਸੁਪਨੇ ਵੰਡਣ ਆਇਆ ਨੀ*
*ਇਕ ਪਰਦੇਸੀ ਢੋਲਾ*

*ਦੱਸਿਓ ਵੇ, ਮੈਨੂੰ ਕੋਈ ਸਿਆਣਾ / ਪੀੜ ਪਛਾਣੇ ਤਾਂ ਮੈਂ ਜਾਣਾਂ*
*ਚੀਸਾਂ ਤ੍ਰਾਟਾਂ ਰੋਮ ਰੋਮ ਵਿਚ/ ਕਿਹੜੇ ਦੁੱਖ ਫਰੋਲਾਂ*
*ਵੇ ਕੋਈ ਦੱਸੋ ਦਾਰੂ*

*ਦੋ ਪਲ ਹੱਸ ਕੇ / ਰੌਲਾ ਪਾ ਕੇ / ਆਪ ਭੁਲਾਈਏ*
*ਕਿਧਰੇ ਕਿਧਰੇ / ਸਿਖਰ ਦੁਪਹਿਰੇ / ਰੁੱਖਾਂ ਦੀਆਂ / ਟਹਿਣੀਆਂ ਉੱਤੇ ਬਹਿ ਕੇ*
*ਚੁੰਝਾਂ ਦੇ ਵਿਚ ਚੁੰਝਾਂ ਪਾ ਕੇ / ਗੁਟ ਗੁਟ ਕਰਕੇ / ਦੂਰ ਉਡਾਰੀ ਲਾਈਏ*

ਪ੍ਰਭਜੋਤ ਕੌਰ ਦੀਆਂ ਨਵੀਆਂ ਰਚਨਾਵਾਂ ਪੜ੍ਹਕੇ ਮੇਰੀਆਂ ਅੱਖਾਂ ਦੇ ਸਾਹਮਣੇ ਅੱਧੀ ਸਦੀ ਪਹਿਲੋਂ ਦਾ ਨਵੀਂ ਦਿੱਲੀ ਵਾਲਾ ਡਬਲਯੂ ਸੀ ਏ ਆ ਜਾਂਦਾ ਹੈ। ਕਿਸੇ ਸਾਹਿਤਕ ਸੰਸਥਾ ਨੇ ਏਥੇ ਮੇਜਰ ਨਰਿੰਦਰਪਾਲ ਸਿੰਘ ਤੇ ਉਸਦੀ ਪਤਨੀ ਪ੍ਰਭਜੋਤ ਦੇ ਸਵਾਗਤ ਵਿਚ ਸਮਾਗਮ ਰੱਖਿਆ ਸੀ। ਜਦੋਂ ਨੌਜਵਾਨ ਜੋੜੀ ਨੇ ਪ੍ਰਵੇਸ਼ ਕੀਤਾ ਤਾਂ ਗੱਭਰੂ ਨੇ ਰੰਗੀਨ ਫਿਫਟੀ ਉੱਤੇ ਗੂੜ੍ਹੇ ਰੰਗ ਦੀ ਪੱਗ ਬੰਨ੍ਹੀ ਹੋਈ ਸੀ ਤੇ ਮੁਟਿਆਰ ਨੇ ਪਠਾਣੀ ਸਲਵਾਰ ਕਮੀਜ਼ ਨਾਲ ਹਾਰ ਹਮੇਲਾਂ ਤੇ ਵੱਡੇ ਵੱਡੇ ਝੁਮਕੇ ਪਹਿਨੇ ਹੋਏ ਸਨ। ਦੋਵੇਂ ਨੌਜਵਾਨ ਸਨ ਅਤੇ ਗੋਰੇ ਨਿਛੋਹ। ਉਹ ਕਿਸੇ ਰੁੱਖ ਦੀ ਟਹਿਣੀ ਉੱਤੇ ਤਾਂ ਨਹੀਂ ਸੀ ਬੈਠੇ ਪਰ ਉਹਨਾਂ ਦੀ ਗੁਟਕੂੰ ਗੁਟਕੂੰ ਸਮੁੱਚੇ ਸਮਾਗਮ ਵਿਚ ਸਮਾਈ ਹੋਈ ਸੀ। ਦੋਵੇਂ ਕਾਬਲ ਤੋਂ ਆਏ ਸਨ ਜਿੱਥੇ ਨਰਿੰਦਰਪਾਲ ਮਿਲਟਰੀ ਅਟੈਚੀ ਲੱਗਾ ਹੋਇਆ ਸੀ। ਮੁਟਿਆਰ ਨੇ ਕੋਈ ਕਵਿਤਾ ਪੜ੍ਹੀ ਸੀ ਪਰ ਇਸ ਵਿਚ ਇਹੋ ਜਿਹਾ ਪਿਆਰ ਦਾ ਵਰਣਨ ਨਹੀਂ ਸੀ ਜਿਹੋ ਜਿਹਾ ਉਪਰੋਕਤ ਕਵਿਤਾ ਵਿਚ ਹੈ। ਦਾਤਰੀ ਹਥੌੜੇ ਦਾ ਨਹੀਂ ਤਾਂ ਇਹਦੇ ਨਾਲ ਮਿਲਦਾ ਜੁਲਦਾ ਪ੍ਰਭਾਵ ਦਿੰਦੀ ਸੀ ਉਹ ਵਾਲੀ ਕਵਿਤਾ। ਉਦੋਂ ਪ੍ਰਗਤੀਵਾਦੀ ਸਾਹਿਤ ਧਾਰਾ ਦੇ ਦਿਨ ਸਨ ਜਿਸ ਧਾਰਾ ਦਾ ਸੰਤ ਸਿੰਘ ਸੇਖੋਂ ਸਰਬਰਾਹ ਸੀ।

ਮੈਂ ਨਰਿੰਦਰਪਾਲ ਦੇ ਰਾਸ਼ਟਰਪਤੀ ਦਾ ਮਿਲਟਰੀ ਸੈਕਟਰੀ ਤੇ ਕੰਪਟਰੋਲਰ ਹੁੰਦਿਆਂ ਪ੍ਰਭਜੋਤ ਕੋਲੋਂ ਰਾਸ਼ਟਰਪਤੀ ਭਵਨ ਦੇ ਬਾਗਾਂ ਵਿਚ ਟਹਿਲਦਿਆਂ ਅਤੇ ਉਸ ਤੋਂ ਪਿੱਛੋਂ ਉਹਨਾਂ ਦੇ ਡਿਫੈਂਸ ਕਾਲੋਨੀ ਵਾਲੇ ਘਰ ਵਿਚ ਰਾਜਦੂਤੀ ਪਤਵੰਤਿਆਂ ਨੂੰ ਮੁਖਾਤਬ ਹੋ ਕੇ ਪੜ੍ਹਦਿਆਂ ਵੱਖ ਵੱਖ ਸਥਿਤੀਆਂ ਵਿਚ ਦਰਜਨਾਂ ਕਵਿਤਾਵਾਂ ਸੁਣੀਆਂ ਹਨ ਪਰ ਉਹਨਾਂ ਵਿਚ ਹੱਥਲੀਆਂ ਕਵਿਤਾਵਾਂ ਵਾਲੀ ਲਚਕ ਤੇ ਹੁਲਾਰਾ ਨਹੀਂ ਸੀ ਹੁੰਦਾ। ਸ਼ਾਇਦ ਏਸ ਲਈ ਕਿ ਪ੍ਰਗਤੀਵਾਦ ਦੀ ਲਗਾਮ ਏਸ ਪਾਸੇ ਤੁਰਨ ਹੀ ਨਹੀਂ ਸੀ ਦਿੰਦੀ।

ਹੱਥਲੇ ਕਾਵਿ ਸੰਗ੍ਰਹਿ ਵਿਚ ਪ੍ਰਭਜੋਤ ਪਹਿਲਾਂ ਵਾਲੇ ਪਲਾਂ ਨੂੰ ਫੜਦੀ ਉਸ ਢੋਲੀ ਤੋਂ ਵੀ ਔਖੀ ਹੈ ਜਿਹੜਾ ਸਮੇਂ ਨੂੰ ਲੰਘਣ ਹੀ ਨਹੀਂ ਦੇ ਰਿਹਾ, ਲੰਘਾ ਵੀ ਰਿਹਾ ਹੈ। ਨਵੀਂ ਕਵਿਤਾ ਵਿਚ ਸਮੇਂ ਨੂੰ ਪਾਵੇ ਨਾਲ ਬੰਨ੍ਹ ਕੇ ਬਿਠਾਉਣ ਦੀ ਲੋਚਾ ਦਾ ਕੋਈ ਜਵਾਬ ਦਿੰਦਾ :

*ਢੋਲੀ ਦਿਓ ਨਿਕਾਲ ਨੀਂ / ਮੇਰਾ ਪੀਆ ਘਰ ਆਇਆ*
*ਕਿਉਂ ਸਮੇਂ ਸਮੇਂ ਦੀ ਦੱਸ ਪਾਂਦਾ / ਪਹਿਰਾਂ 'ਤੇ ਡੱਗੇ ਕਿਉਂ ਲਾਂਦਾ?*
*ਪੀਅ ਆਇਆ ਮੁਸ਼ਕਲ ਨਾਲ ਨੀ / ਇਹ ਢੋਲੀ ਦਿਓ...*

*ਮੁੱਠੀ ਵੇ ਲੋਕਾਂ, ਮੈਂ ਮੁੱਠੀ / ਬਾਂਕੇ ਚਲਿੱਤਰਾਂ ਦੀ ਕੁੱਠੀ*
*ਹੋਸ਼ਾਂ ਨੂੰ ਰੋਹੜਾਂ ਤੇ ਸ਼ਰਮਾਂ ਨੂੰ ਸਾੜਾਂ*
*ਮੱਤੀ ਮੁਆਤਾ ਲਗਾ / ਵੇਖੋ ਮੇਰੇ ਮਾਹੀ ਦੀ ਅਦਾ*

ਇਹਨਾਂ ਸਭ ਕਵਿਤਾਵਾਂ ਵਿਚ ਜਵਾਨੀ ਦਾ ਰੰਗ ਹੈ। ਪਰ ਇਸਦਾ ਭਾਵ ਇਹ ਨਹੀਂ ਕਿ ਪ੍ਰਭਜੋਤ ਦੀਆਂ ਨਵੀਆਂ ਕਵਿਤਾਵਾਂ ਵਿਚ ਪਰਿਪੱਕਤਾ ਨਹੀਂ। ਉਂਝ ਤਾਂ ਜਵਾਨੀ ਦੇ ਖੱਲਾਂ ਖੂੰਜਿਆਂ 'ਤੇ ਝਾਤੀ ਮਾਰਨਾ ਵੀ ਪ੍ਰੌੜ੍ਹ ਸੱਚ ਦੀ ਨਿਸ਼ਾਨੀ ਹੈ ਪਰ ਹੱਥਲੀ ਪੁਸਤਕ ਵਿਛੜ ਗਈਆਂ ਰੂਹਾਂ (ਜਿਹਨਾਂ ਵਿਚ ਸਵਰਗਵਾਸੀ ਪਤੀ ਪ੍ਰਮੁੱਖ ਹੋ ਸਕਦਾ ਹੈ) ਨੂੰ ਵੀ ਸੱਚੇ ਦਿਲੋਂ ਚੇਤੇ ਕੀਤਾ ਗਿਆ ਹੈ, ਉਹ ਝਗੜੇ ਝੇੜੇ ਭੁੱਲ ਕੇ ਜਿਹੜੇ ਕਿਸੇ ਵੀ ਦੰਪਤੀ ਜੀਵਨ ਦਾ ਆਧਾਰ, ਸੋਮਾ ਤੇ ਸ਼ਿੰਗਾਰ ਹੁੰਦੇ ਹਨ। ਅਜਿਹੀ ਨੋਕ ਝੋਕ ਜਿਸਨੂੰ ਮਿਰਜ਼ਾ ਗ਼ਾਲਿਬ ਨੇ 'ਏਕ ਹੰਗਾਮਾ ਪੇ ਮੌਰੂਫ ਹੈ ਘਰ ਕੀ ਰੌਨਕ' ਕਿਹਾ ਸੀ।

*ਦੇਖੋ ਨੀ ਮੇਰਾ ਬਾਂਕਾ ਮਾਹੀ / ਆਉਂਦਾ ਜਾਂਦਾ ਹੋ ਗਿਆ ਰਾਹੀ*
*ਛੁੱਟ ਗਏ ਹੱਥੋਂ ਸਭ ਹਥਿਆਰ / ਭੁੱਲ ਗਏ ਸਾਰੇ ਹਾਰ ਸ਼ਿੰਗਾਰ*



*ਉਹ ਮੈਨੂੰ ਕਿਵੇਂ ਪਛਾਣੇਗਾ? ਉਹ ਰਾਹੀ। ਕਿੰਝ ਘਰ ਆਵੇਗਾ!*

ਜਦੋਂ ਹੁਣ ਵਾਲੀ ਪ੍ਰਭਜੋਤ ਕੌਰ ਦਾ ਅੱਧੀ ਸਦੀ ਪਹਿਲਾਂ ਵਾਲੀ ਪ੍ਰਭਜੋਤ ਨਾਲ ਟਾਕਰਾ ਕਰਦਾ ਹਾਂ ਤਾਂ ਸੱਚ ਮੁੱਚ ਬੜਾ ਫਰਕ ਹੈ। ਨਾ ਪਛਾਨਣ ਵਰਗਾ। ਅੱਜ ਉਸਨੂੰ ਕਵਿਤਾ ਰਾਹੀਂ ਪਛਾਣਿਆਂ ਹੀ ਅਸਲ ਗੱਲ ਬਣਦੀ ਹੈ। ਅਤੇ ਉਹ ਆਪਣੇ ਆਪ ਵਿਚ ਕ੍ਰਿਆਸ਼ੀਲ ਜ਼ਿੰਦਗੀ ਦਾ ਵੱਡਾ ਹਾਸਲ ਹੈ। ਕਦੀ ਵੀ ਕੋਈ ਉਮਰਾ ਸਿਰਜਣਾ ਤੋਂ ਵੱਡੀ, ਵਧੀਆ ਜਾਂ ਉੱਤਮ ਨਹੀਂ ਹੁੰਦੀ।

ਪ੍ਰਭਜੋਤ ਦੀ ਸਿਰਜਣਕਾਰੀ ਦੋ ਸੁੱਘੜ ਤੇ ਸੁਚੇਤ ਧੀਆਂ ਵੀ ਹਨ। ਨਿਰੂਪਮਾ ਕਵਿਤਾ ਲਿਖਦੀ ਤੇ ਪੇਂਟਿੰਗ ਕਰਦੀ ਹੈ। ਅਨੂਪਮਾ-ਵਧੀਆ ਡਿਜ਼ਾਈਨਰ ਹੈ ਅਤੇ ਭਾਰਤ ਦੇ ਸੇਵਾ ਮੁਕਤ ਜਰਨੈਲ ਤੇ ਅਰੁਣਾਚਲ ਪ੍ਰਦੇਸ਼ ਦੇ ਵਰਤਮਾਨ ਰਾਜਪਾਲ ਦੀ ਬੀਵੀ ਹੈ। ਕੀ ਹੋਇਆ ਜੇ ਨਰਿੰਦਰਪਾਲ ਸਿੰਘ ਨੂੰ ਉੱਪਰ ਵਾਲਾ ਲੈ ਗਿਆ ਹੈ। ਦੋਵੇਂ ਧੀਆਂ ਹੱਥੀਂ ਛਾਵਾਂ ਕਰਦੀਆਂ ਹਨ। ਇਸ ਗੱਲ ਦਾ ਅਹਿਸਾਸ ਪ੍ਰਭਜੋਤ ਦੀ ਨਵੀਂ ਕਵਿਤਾ ਵਿਚ ਵੀ ਮਿਲਦਾ ਹੈ:

*ਨਾ ਕੋਈ ਨੈਂ ਹੈ / ਨਾ ਹੀ ਤੁਲਹਾ*
*ਦੂਰ ਵਸੇਂਦਾ ਮੇਰਾ ਢੋਲਾ / ਉਸਨੂੰ ਕਿਵੇਂ ਬੁਲਾਈਦਾ*
*ਕੀ ਜਲਵਾ ਮੇਰੇ ਮਾਹੀ ਦਾ*

*ਉੱਤੋਂ ਬਰਖਾ ਰੈਣ ਅੰਧੇਰੀ ਹੈ / ਲਹਿਰਾਂ ਵਿਚ ਘੁੰਮਣ ਘੇਰੀ ਹੈ*
*ਸਾਡੀ ਫੱਕਰਾਂ ਵਾਲੀ ਫੇਰੀ ਹੈ / ਏਥੇ ਓਥੇ ਛਾਈ ਦਾ*
*ਵਾਹ! ਜਲਵਾ ਮੇਰੇ ਮਾਹੀ ਦਾ*

ਜੀਵਨ ਦੀਆਂ ਸਾਰੀਆਂ ਪ੍ਰਾਪਤੀਆਂ ਨੂੰ ਉਸ ਮਾਹੀ ਦੀ ਦੇਣ ਮੰਨਣ ਵਿਚ ਕਵੀ ਦੀ ਵਡਿਆਈ ਹੈ। ਇਸ ਸਭ ਕਾਸੇ ਨੇ ਲੇਖਿਕਾ ਨੂੰ ਸਕੂਨ ਤੇ ਸੰਤੁਸ਼ਟੀ ਪ੍ਰਦਾਨ ਕੀਤੀ ਹੈ:

*ਮੁਸਕਰਾਇਆ ਕੌਣ? ਕਿ ਹੈ ਮੁਸਕਰਾਈ ਜ਼ਿੰਦਗੀ*
*ਤਾਨ ਐਸੀ ਛੇੜ ਕਿਸ ਨੇ, ਹੈ ਜਗਾਈ ਜ਼ਿੰਦਗੀ*
*ਮੰਜ਼ਲਾਂ ਵਿਚ ਤੋੜ ਕੱਢੇ, ਅੱਜ ਹੈ ਧਾਈ ਜ਼ਿੰਦਗੀ*
*ਕਾਲੀਆਂ ਸੁੰਨਾਂ ਦੇ ਵਿਚੋਂ, ਵਾਜ ਆਈ ਜ਼ਿੰਦਗੀ*

ਇਹ ਤੁਕਾਂ ਉਸਦੀ ਭਾਵਪੂਰਤ ਕਵਿਤਾ 'ਅਚਰਜ ਨਜ਼ਾਰਾ' ਵਿਚੋਂ ਹਨ। ਕਵਿਤਾ ਦੇ ਮੁਖੜੇ ਵਿਚ 'ਨਜ਼ਾਰਿਆਂ ਦੇ ਦੇਸ਼ ਵਿਚ/ ਅਚਰਜ ਨਜ਼ਾਰਾ ਦੇਖਿਆ' ਕਹਿ ਕੇ 'ਜ਼ਿੰਦਗੀ ਫਿਰ ਮੌਤ ਨੂੰ/ਦੇਂਦੇ ਦਿਲਾਸਾ ਦੇਖਿਆ' ਉੱਤੇ ਤੋੜਾ ਤੋੜਿਆ ਗਿਆ ਹੈ। 'ਮੰਤਰ ਮੁਗਦ' ਵਿਚ ਅੰਕਤ ਇਹਨਾਂ ਭਾਵਨਾਵਾਂ ਦਾ ਸਵਾਗਤ ਕਰਨਾ ਬਣਦਾ ਹੈ। ਪੁਸਤਕ ਦੀ ਆਖਰੀ ਕਵਿਤਾ ਦਾ ਅੰਤ ਪ੍ਰਭਜੋਤ ਨੇ ਇਹ ਕਹਿ ਕੇ ਕੀਤਾ ਹੈ:

*ਮੈਂ ਸਫਲਤਾ ਚੱਖੀ ਹੈ / ਹਾਰ ਵੀ ਦੇਖੀ ਹੈ*
*ਪਰ ਹੁਣ / ਮੈਂ ਸ਼ਾਂਤੀ ਮੰਗਦੀ ਹਾਂ*
*ਧੁਰੇ ਵਿਚ / ਸਮਾ ਜਾਣਾ /ਚਾਹੁੰਦੀ ਹਾਂ!*
*ਹਾਂ, ਰੱਜ ਕੇ ਜੀਵਣ ਬਾਅਦ / ਇਹ ਜ਼ਰੂਰੀ ਹੈ!*

ਪ੍ਰਭਜੋਤ ਕੌਰ ਦੀ ਕਵਿਤਾ ਉਸ ਨੂੰ ਐਫਰੋ ਏਸ਼ੀਅਨ ਲੇਖਕ ਕਾਨਫਰੰਸਾਂ ਤੇ ਪੀ. ਈ. ਐੱਨ. ਦੀਆਂ ਦੂਰ ਦੁਰੇਡੀਆਂ ਜੱਥੇਬੰਦੀਆਂ ਤੇ ਅਨੇਕਾਂ ਅਗਾਂਹਵਧੂ ਸਾਹਿਤ ਧਾਰਨਾਵਾਂ ਵਿਚ ਲਿਜਾਂਦੀ ਰਹੀ ਹੈ। ਉਸਦੀ ਕਵਿਤਾ ਵਿਚ ਕ੍ਰਾਂਤੀ ਮੰਗਦੀਆਂ ਕਵਿਤਾਵਾਂ ਦਾ ਵੀ ਕੋਈ ਘਾਟਾ ਨਹੀਂ। 'ਮੰਤਰ ਮੁਗਦ' ਦੀਆਂ ਕਵਿਤਾਵਾਂ ਵਿਚ ਅਜਿਹੇ ਅੰਸ਼ ਦਾ ਨਾ ਹੋਣਾ ਉਸਦੀ ਕਾਵਿਕ ਉੱਤਮਤਾਈ ਉੱਤੇ ਕੋਈ ਆਂਚ ਨਹੀਂ ਲਾਉਂਦਾ।

-ਗੁਲਜ਼ਾਰ ਸਿੰਘ ਸੰਧੂ

## ਆਲ੍ਹਣੇ ਘਰ ਪਿੰਜਰੇ {ਡਾ. ਰਵਿੰਦਰ}

ਡਾ. ਰਵਿੰਦਰ ਦੇ ਇਸ ਕਵਿਤਾ ਸੰਗ੍ਰਿਹ ਦਾ ਸਿਰਲੇਖ 'ਆਲ੍ਹਣੇ ਘਰ ਪਿੰਜਰੇ' (ਸਫ਼ੇ 96, ਮੁੱਲ 130 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਅਤੇ ਇਸ ਦੇ ਅਰਥ ਬੇਹੱਦ ਬੇਚੈਨ ਕਰਨ ਵਾਲੇ ਹਨ। ਇਹ ਤਿੰਨ ਸ਼ਬਦ ਦਰਅਸਲ ਆਜ਼ਾਦੀ ਤੋਂ ਗ਼ੁਲਾਮੀ ਵੱਲ ਜਾਂਦਾ ਅਦਿਖ ਰਾਹ ਹੈ। ਇਸ ਰਾਹ ਉੱਤੇ ਪਈਆਂ ਪੈੜਾਂ ਆਖ਼ਰਕਾਰ ਅੰਨ੍ਹੀ ਗਲ਼ੀ ਵਿਚ ਜਾ ਫਸਦੀਆਂ ਹਨ। ਇਸੇ ਨਾਂ ਦੀ ਕਵਿਤਾ ਵਿਚ ਦਰਜ ਹੈ: **ਹੌਲੀ ਹੌਲੀ/ਪਤਾ ਨਾ ਲਗਦਾ/ਕਦੋਂ ਆਲ੍ਹਣਾ/ਬਿਨ ਸੀਖਾਂ ਤਾਲੇ ਦਾ/ਪਿੰਜਰਾ ਬਣ-ਜਾਂਦਾ।** ਇਹ ਕਿਤਾਬ ਇਨ੍ਹਾਂ ਤਿੰਨ ਸ਼ਬਦਾਂ-ਆਲ੍ਹਣੇ, ਘਰ ਤੇ ਪਿੰਜਰੇ, ਦੇ ਅਰਥਾਂ ਦਾ ਵਿਸਥਾਰ ਹੈ, ਪਰ ਸਾਧਾਰਨ ਦਿਸਦੇ ਇਨ੍ਹਾਂ ਸ਼ਬਦਾਂ ਦਾ ਇਹ ਵਿਸਥਾਰ ਬਹੁਤ ਤੰਗ ਕਰਨ ਵਾਲਾ ਹੈ। ਇਸ ਵਿਸਥਾਰ ਦੀਆਂ ਪਰਤਾਂ ਲੇਖਕ ਹੌਲੀ ਹੌਲੀ, ਇਕ ਇਕ ਕਰਕੇ ਖੋਲ੍ਹਦਾ ਹੈ। ਇਸ ਆਪ ਸਹੇੜੀ ਗ਼ੁਲਾਮੀ ਤੋਂ ਛੁਟਕਾਰੇ ਲਈ ਸ਼ਾਇਰ ਦਾ ਤਰਲਾ '**ਮੈਨੂੰ ਮੇਰੇ ਤੋਂ/ਆਜ਼ਾਦ ਕਰੇਗਾ ਕੌਣ**' ਦੇ ਸਵਾਲ ਨਾਲ ਬੰਦ ਦਰਵਾਜ਼ਿਆਂ ਉੱਤੇ ਦਸਤਕ ਦੇ ਰਿਹਾ ਹੈ। ਇਸ ਦਸਤਕ ਦਾ ਆਧਾਰ ਇਸ ਕਿਤਾਬ ਦਾ ਸੰਖੇਪ ਜਿਹਾ ਮੁੱਖਬੰਦ 'ਆਪਣੇ ਰੂਬਰੂ' ਹੈ ਜਿਸ ਦੀ ਗੂੰਜ ਕਿਤਾਬ ਦੇ ਤਕਰੀਬਨ ਹਰ ਸਫ਼ੇ ਉੱਤੇ ਫੈਲੀ ਹੋਈ ਹੈ। 'ਆਪਣੇ ਰੂਬਰੂ' ਵਿਚ ਦਾਅਵਾ ਕੋਈ ਵੀ ਨਹੀਂ ਹੈ, ਧੜਕਦੀ ਜ਼ਿੰਦਗੀ ਦਾ ਵਾਅਦਾ ਜ਼ਰੂਰ ਹੈ। ਸ਼ਬਦਾਂ ਨਾਲ ਇਸ ਸੁੱਚੀ ਰਿਸ਼ਤੇਦਾਰੀ ਵਿਚੋਂ ਹੀ ਖੁਰ ਰਹੀਆਂ ਸਮਾਜਕ ਰਿਸ਼ਤੇਦਾਰੀਆਂ ਬਾਰੇ ਦਰਦ ਨੂੰ ਜ਼ੁਬਾਨ ਮਿਲਦੀ ਹੈ:

**ਕਿਹੜੀ ਪੀੜ੍ਹੀ ਨੂੰ ਪਿਆਰਨਾ/ਕਿਹਨੂੰ ਦੁਤਕਾਰਨਾ ਹੈ**
**ਕਿਹੜੇ ਰਿਸ਼ਤੇ 'ਤੇ ਰੁਅਬ ਪਾ/ਕਿਹਨੂੰ ਪੁਚਕਾਰਨਾ ਹੈ**
**ਕਿਹਦੀ ਘੂਰੀ ਨੂੰ ਕਰ ਸਲਾਮ/ਕਿਹਦੇ ਹਾਸੇ ਨੂੰ ਤਾੜਨਾ ਹੈ**
**ਕਿਹਦੇ ਸਾਹਾਂ ਨੂੰ ਬੋਝ ਕਹਿ/ਕਿਹਦੇ ਤੋਂ ਜਾਨ ਤਕ ਨੂੰ ਵਾਰਨਾ ਹੈ**
**ਉਹ ਟੁੱਟਦੇ ਤਾਰਿਆਂ ਨੂੰ/ਪਿੱਠ ਦੇ ਕੇ**
**ਚੜ੍ਹੇ ਸੂਰਜ ਦੀ/ਧੁੱਪ ਨੂੰ ਮਾਣਦੇ ਨੇ**

'ਘਰਾਂ ਵਿਚ ਰਹਿਣ ਵਾਲੇ' ਨਾਂ ਦੀ ਇਹ ਕਵਿਤਾ ਅਸਲ ਵਿਚ ਇਸੇ ਲਘੂ ਮਾਨਵ ਦੀ ਕਥਾ-ਵਿਥਿਆ ਹੈ ਜਿਹੜਾ ਜੀਣ ਦਾ ਸਾਮਾਨ ਤੱਕੜੀ ਦੇ ਪੱਲੜਿਆਂ ਵਿਚੋਂ ਲੱਭਣ ਲੱਗ ਪਿਆ ਹੈ। ਜ਼ਿੰਦਗੀ ਦੇ ਮਰਹਲਿਆਂ ਵਿਚ ਆਈ ਤੇਜ਼ੀ ਦਾ ਜ਼ਿਕਰ 'ਉਤਸਵ' ਵਿਚ ਹੋਇਆ ਹੈ। ਇਨ੍ਹਾਂ ਦੋਹਾਂ ਕਵਿਤਾਵਾਂ ਨੂੰ ਜੇਕਰ 'ਚਲੋ ਸ਼ਹਿਰ ਦੇਖੀਏ' ਨਾਲ ਜੋੜ ਕੇ ਪੜ੍ਹੀਏ ਤਾਂ ਹਾਲਾਤ ਦੇ ਝੰਬੇ ਹੋਏ ਬੰਦੇ ਦੇ ਨਕਸ਼ ਉੱਭਰਨੇ ਸ਼ੁਰੂ ਹੋ ਜਾਂਦੇ ਹਨ। ਫਿਰ 'ਰੱਦੀ ਵਿਚ ਵਿਕਣ ਵਾਲਾ' ਵਿਚੋਂ ਪਿੱਛਿਓਂ ਸਿੰਮ ਰਿਹਾ ਦਰਦ ਅਤੇ ਇਸ ਦੇ ਪਿਛੋਕੜ ਤੇ ਇਸ ਦੀਆਂ ਨੀਹਾਂ ਦੀ ਸਮਝ ਪੈਣ ਲਗਦੀ ਹੈ। ਇਸ ਜੰਮੀ ਹੋਈ ਬਰਫ਼ ਨੂੰ ਆਖ਼ਰਕਾਰ 'ਟੁੱਟੇ ਖੰਭਾਂ ਦੀ ਉਡਾਰੀ' ਵਿਚਲਾ ਸੇਕ ਤੋੜਦਾ ਹੈ। ਇਸ ਸੇਕ ਦਾ ਸਿਖਰ ਅਤੇ ਸਿਦਕ 'ਇਹ ਉਹ ਟੋਬਾ ਟੇਕ ਸਿੰਘ ਨਹੀਂ' ਸਵਾਲ ਬਣ ਕੇ ਸਾਹਮਣੇ ਆਣ ਖਲੋਂਦਾ ਹੈ। 'ਪੱਤਝੜ ਦੇ ਪੱਤੇ' ਇਸ ਸੇਕ ਨੂੰ ਸਹਿਜ ਦੀ ਘਾਟੀ ਉਤਾਰਨ ਦਾ ਜ਼ਰੀਆ ਬਣਦੇ ਹਨ। ਇਸ ਸਹਿਜਤਾ ਵਿਚੋਂ ਫਿਰ ਉਲਾਂਭਿਆਂ ਦੇ ਜਿਹੜੇ ਚਸ਼ਮੇ ਫੁੱਟਦੇ ਹਨ, ਉਹ 'ਇਕ ਅੰਗੂਠਾ ਹੋਰ', 'ਉਹ ਸਿਧਾਰਥ ਨਹੀਂ ਸੀ' ਆਦਿ ਕਵਿਤਾਵਾਂ ਵਿਚੋਂ ਦੇਖੇ ਜਾ ਸਕਦੇ ਹਨ:

**ਆਹ ਲੈ ਸਾਂਭ ਲੈ ਅੰਗੂਠਾ ਗੁਰੂਆ/ਆਹ ਲੈ ਸਾਂਭ ਕਮਾਨ**
**ਜੇ ਗੁਰਮੰਤਰ ਪੁੱਤ ਨੂੰ ਹੀ ਦੇਣਾ/ਕੱਢ ਲੈ ਮੇਰੀ ਜਾਨ**
**ਉਹ ਸਿਧਾਰਥ ਨਹੀਂ ਸੀ**
**ਹੁੰਦਾ ਤਾਂ/ਪੈਰਾਂ 'ਚ ਡਿੱਗਾ/ਤੜਫ਼ਦਾ ਜ਼ਖ਼ਮੀ ਪਰਿੰਦਾ**
**ਪੋਲੇ ਜਿਹੇ ਚੁੱਕ ਕੇ/ਪਾਣੀ ਪਿਆਉਂਦਾ ਮਲ੍ਹਮ ਲਾਉਂਦਾ**



ਮਾਂ ਬਾਰੇ ਲਿਖੀਆਂ ਤਿੰਨ ਕਵਿਤਾਵਾਂ 'ਸਿਰਜ ਰਹੀ ਹਾਂ ਉਸ ਨੂੰ', 'ਮਾਂ ਲਈ' ਤੇ 'ਇਕ ਮਾਂ ਇਹ ਵੀ' ਵਿਚ ਉਹ ਰਿਸ਼ਤਿਆਂ ਦੀਆਂ ਪਰਤਾਂ ਬਹੁਤ ਬੇਲਿਹਾਜ਼ ਹੋ ਕੇ ਖੋਲ੍ਹਦਾ ਹੈ। ਇਨ੍ਹਾਂ ਵਿਚ ਲਾਡ-ਪਿਆਰ, ਨਿਹੋਰਾ, ਰੰਜ, ਜ਼ਿੰਮੇਵਾਰੀ, ਈਰਖਾ, ਬੇਵਸੀ, ਉਲਾਂਭਾ, ਰਸਮਾਂ ਰੀਤਾਂ ਇਕੋ ਵੇਲੇ ਤੁਹਾਡਾ ਬੂਹਾ ਖੜਕਾਉਂਦੀਆਂ ਹਨ। ਇਹ ਸਾਰੇ ਅਹਿਸਾਸ ਬਹੁਤ ਸ਼ੋਰੀਲੇ ਉਠ ਜਾਣ ਲਈ ਵੀ ਸਰਾਪੇ ਹੋਏ ਹਨ ਪਰ ਸ਼ਾਇਰ ਨੇ ਇਨ੍ਹਾਂ ਨੂੰ ਸੰਵਾਦ ਦੀ ਸ਼ੈਲੀ ਵਿਚ ਢਾਲ ਕੇ ਬੇਹੱਦ ਸਹਿਜ ਕਰ ਦਿੱਤਾ ਹੈ। ਇਹ ਤੁਹਾਨੂੰ ਤੀਰ ਦੀ ਤਿੱਖੀ ਨੋਕ ਵਾਂਗ ਚੁਭਦੇ ਨਹੀਂ ਬਲਕਿ ਇਨ੍ਹਾਂ ਬਾਰੇ ਜ਼ਿਹਨ-ਵਿਚ ਸੰਵਾਦੀ ਅਹਿਸਾਸ ਜਾਗਦੇ ਹਨ। ਮੇਰੀ ਜਾਚੇ ਇਹੀ ਡਾ. ਰਵਿੰਦਰ ਦੀ ਕਵਿਤਾ ਦੀ ਤਾਕਤ ਹੈ। ਕਰੂਰ ਯਥਾਰਥ ਵੀ ਉਹਦੇ ਚੁਣੇ ਸ਼ਬਦਾਂ ਵਿਚ ਕੋਮਲਤਾ ਦੀ ਜੂਨੇ ਪੈ ਜਾਂਦਾ ਹੈ। ਫਿਰ ਇਹੀ ਕੋਮਲਤਾ ਕਵਿਤਾ ਦੀ ਖੁੱਲ੍ਹੀ-ਰੁੱਖੀ ਬਣਤਰ ਨੂੰ ਕੋਮਲ ਕਰਦੀ ਹੈ।

'ਅਖਾਣਾਂ ਦੇ ਆਖੇ' ਵਿਚ ਉਹ ਰਵਾਇਤ ਨਾਲ ਖੁੱਲ੍ਹ ਕੇ ਸੰਵਾਦ ਹੀ ਨਹੀਂ ਰਚਾਉਂਦਾ ਸਗੋਂ ਆਢਾ ਵੀ ਲਾਉਂਦਾ ਹੈ। ਇਸ ਕਵਿਤਾ ਦਾ ਵੇਗ ਤੇ ਸੇਕ ਬੜਾ ਤੀਖਣ ਹੈ। ਇਸ ਵਿਚ ਬਣੇ-ਬਣਾਏ ਰਾਹ ਛੱਡ ਕੇ ਆਪ ਰਸਤੇ ਬਣਾਉਣ ਦੀ ਤੀਬਰ ਤਾਂਘ ਹੈ। ਸ਼ਾਇਰ ਇਸ ਤਾਂਘ ਨੂੰ ਜੀਣ ਨਾਲ ਜੋੜ ਕੇ ਦੇਖਦਾ ਹੈ:

**ਹਰ ਰਾਹ ਉੱਤੇ/ਹਰ ਮੋੜ 'ਤੇ**
**ਕੰਮ ਨਹੀਂ ਆਉਂਦੇ/ਹੰਢੇ ਹੋਏ ਵਿਚਾਰ**
**ਬਿਨ ਡੁੱਬਿਆਂ ਨਹੀਂ ਲਗਦੀ/ਥਾਹ ਦਰਿਆਵਾਂ ਦੀ**
**ਜਦ ਤਕ ਹੋਏ ਨਾ/ਪਿੱਠ ਪਿੱਛੇ ਖੰਜਰ ਦਾ ਵਾਰ**
**ਤਦ ਤਕ/ਪਰਖੇ ਜਾਂਦੇ ਨਾ/ਵੈਰੀ ਤੇ ਯਾਰ**
**ਜੀਣਾ ਏ ਤਾਂ/ਆਪਣੇ ਰਾਹ ਦਸੇਰੇ/ਆਪੇ ਘੜਨੇ ਪੈਣੇ**
**ਨਾ ਖੜਕਾਈਂ/ਦਰ ਚਾਲੂ ਉਪਦੇਸ਼ਾਂ ਦੇ**

ਡਾ. ਰਵਿੰਦਰ ਇਸ ਕਿਤਾਬ ਤੋਂ ਪਹਿਲਾਂ ਚਾਰ ਕਵਿਤਾ ਸੰਗ੍ਰਿਹ ('ਆਪਣੀ ਉਡੀਕ ਵਿਚ', 'ਨਦੀ ਪੌਣ ਖ਼ੁਸ਼ਬੋ', 'ਬੰਸਰੀ ਉਦਾਸ ਹੈ' ਤੇ 'ਇਕ ਜੰਗਲ ਮੇਰੇ ਅੰਦਰ') ਛਪਵਾ ਚੁੱਕਾ ਹੈ। ਚੋਣਵੀਆਂ ਕਵਿਤਾਵਾਂ ਦਾ ਹਿੰਦੀ ਸੰਗ੍ਰਿਹ 'ਬਾਂਸੁਰੀ ਕਿਆ ਗੀਤ ਗਾਏ' ਤੇ ਅੰਗਰੇਜ਼ੀ ਸੰਗ੍ਰਿਹ 'ਫੁੱਟਲੂਜ਼ ਫਰੈਗਰੈਂਸ' ਛਪ ਚੁੱਕੇ ਹਨ। ਇਸ ਤੋਂ ਇਲਾਵਾ ਉਹਨੇ 'ਵਿਕਲਪ' ਤੇ 'ਅਜੋਕੇ ਸ਼ਿਲਾਲੇਖ' ਪਰਚਿਆਂ ਦਾ ਸੰਪਾਦਨ ਕੀਤਾ ਹੈ। ਉਂਝ, ਸੰਪਾਦਕ ਵਾਲੀ ਛਾਪ ਇਸ ਕਿਤਾਬ ਵਿਚੋਂ ਵੀ ਝਲਕਦੀ ਹੈ। ਕਵਿਤਾਵਾਂ ਦੀ ਚੋਣ, ਤਰਤੀਬ ਤੇ ਪੇਸ਼ਕਾਰੀ ਸੰਪਾਦਨ ਸ਼ਕਤੀ ਦਾ ਹੀ ਕਮਾਲ ਹੈ। ਇਸ ਤਰਤੀਬ ਵਿਚ ਸੰਵਾਦ ਲੜੀ ਤੇ ਸੁਰ ਹੈ ਭਾਵੇਂ ਲੇਖਕ ਨੇ 'ਆਪਣੇ ਰੂਬਰੂ' ਵਿਚ ਆਖਿਆ ਹੈ ਕਿ ਕਵਿਤਾ ਰਚਨਾ ਵੇਲੇ ਉਹਦੇ ਸਾਹਮਣੇ ਕੋਈ ਵਰਗ ਵਿਸ਼ੇਸ਼, ਕੋਈ ਟੀਚਾ, ਨਿਸ਼ਾਨਾ ਨਹੀਂ। ਕਿਤਾਬ ਵਿਚ ਸ਼ਾਮਲ ਕੁਝ ਗ਼ਜ਼ਲਾਂ ਵਿਚ ਇਹ ਸੁਰ ਬੜੀ ਤਿੱਖੀ, ਤੀਖਣ ਅਤੇ ਤੀਬਰ ਹੈ। ਕਈ ਥਾਈਂ ਤਾਂ ਸੁਰ ਉੱਚੀ ਵੀ ਹੈ ਪਰ ਇਸ ਵਿਚ ਫ਼ਲਸਫ਼ਾ ਵੀ ਹੈ:

**ਬੇਸ਼ਕ ਕਲਮ ਦੀ ਤਾਕਤ ਨੂੰ ਜਾਣਦੈ ਜ਼ਮਾਨਾ**
**ਜਦ ਤਕ ਜ਼ੁਲਮ ਹੈ ਬਾਕੀ ਸ਼ਮਸ਼ੀਰ ਸਾਂਭ ਰੱਖੀਂ**
**ਜਦ ਰੌਸ਼ਨੀ ਦਾ ਖ਼ੰਜਰ ਆ ਲਿਸ਼ਕਿਆ ਖ਼ਲਾਅ ਵਿਚ**
**ਚਾਦਰ ਹਨੇਰਿਆਂ ਦੀ ਫ਼ਿਰ ਤਾਰ ਤਾਰ ਸੀ**

**ਆਦੇਸ਼ ਤਾਂ ਸੂਲੀ ਦਾ ਇਕ ਸੋਚ ਨੂੰ ਸੀ ਹੋਇਆ**
**ਕਿਉਂ ਕਤਲਗਾਹ ਨੂੰ ਤੁਰੀ ਸਿਰਾਂ ਦੀ ਕਤਾਰ ਸੀ**

**ਦਿਨ ਕੱਟਣ ਲਈ ਬਾਕੀ ਉਮਰ ਬਥੇਰੀ ਏ**
**ਜੇ ਜ਼ਿੰਦਗੀ ਨੂੰ ਜਿਊਣਾ ਏ ਤਾਂ ਮੋਇਆ ਕਰ**

**ਧੰਦਾ ਧਰਮ ਤੇ ਕਵਿਤਾ ਕਾਰੋਬਾਰ ਖੜ੍ਹੇ**
**ਦੋਚਿੱਤੀ ਨੂੰ ਛੱਡ ਦੇ ਤੇ ਇਕ ਪਾਸੇ ਹੋ**

ਇਸ ਕਿਤਾਬ ਵਿਚ ਕਵਿਤਾ ਨਾਲ ਬਾਕਾਇਦਾ ਸੰਵਾਦ ਨਜ਼ਰੀਂ ਪੈਂਦਾ ਹੈ। ਇਕ ਗ਼ਜ਼ਲ ਦਾ ਸ਼ੇਅਰ ਹੈ: **ਕੋਈ ਪਿਆਰ ਦਾ ਸੁਨੇਹਾ ਕੋਈ ਗੱਲ ਮੁਹੱਬਤ ਦੀ/ਕਿਸੇ ਕੰਮ ਕਾਰ ਲਾਈਏ ਲਫ਼ਜ਼ਾਂ ਨਕਾਰਿਆਂ ਨੂੰ।** ਇਕ ਹੋਰ ਸ਼ੇਅਰ ਹੈ: **ਸ਼ਬਦ ਸੁਰ ਸਾਜ਼ਾਂ ਧੁਨਾਂ ਤੇ ਲੈਅ ਦੀ ਵਗਦੀ ਸੁਰਸਤੀ/ਲੱਖ ਦੁਨੀਆਦਾਰ ਰੋਕਣ ਇਹ ਨਦੀ ਰੁਕਣੀ ਨਹੀਂ।** 'ਕਿੱਥੇ ਹੈ ਤੇਰੀ ਕਵਿਤਾ' ਵਿਚ ਕਵੀ ਕਵਿਤਾ ਬਾਰੇ ਸੰਵਾਦ ਰਚਾਉਂਦਾ ਰਚਾਉਂਦਾ ਸਵਾਲ ਵੀ ਖੜ੍ਹੇ ਕਰਦਾ ਹੈ। ਇਨ੍ਹਾਂ ਸਵਾਲਾਂ ਦਾ ਸੰਬੰਧ ਕਵਿਤਾ ਦੀ ਸਾਰਥਿਕਤਾ ਅਤੇ ਸਰੋਕਾਰਾਂ ਬਾਰੇ ਹੈ। ਇਹ ਦਰਅਸਲ ਕਵਿਤਾ ਬਾਰੇ ਕਵੀ ਦੀ ਪਰਿਭਾਸ਼ਾ ਵੀ ਹੈ। ਕਵਿਤਾ ਬਾਰੇ ਕਵੀ ਦਾ ਸਵੈਕਥਨ ਹੈ: **'ਸ਼ਾਇਰੀ ਮੇਰੇ ਲਈ ਓਨੀ ਹੀ ਜ਼ਰੂਰੀ ਅਤੇ ਸਹਿਜ ਅਮਲ ਹੈ, ਜਿੰਨਾ ਜੀਣ ਲਈ ਸਾਹ ਲੈਣਾ। ਇਹ ਲੋੜ ਹੈ, ਮਜਬੂਰੀ ਹੈ, ਖ਼ੁਸ਼ੀ ਹੈ ਜਾਂ ਸਵੈ ਪ੍ਰਗਟਾਵਾ, ਪਤਾ ਨਹੀਂ ਪਰ ਇਹ ਜ਼ਿੰਦਗੀ ਜ਼ਰੂਰ ਹੈ'**। ਸਸਤੀ ਸ਼ੁਹਰਤ ਲਈ ਅਤਿ ਸਰਲੀਕਰਨ ਅਤੇ ਵੱਖਰਾ ਦਿਸਣ ਖ਼ਾਤਿਰ ਬਦੋਬਦੀ ਘੁਸੇੜੀ ਜਾ ਰਹੀ ਬੌਧਿਕਤਾ, ਜਟਿਲਤਾ ਬਾਰੇ ਉਹ ਸੁਚੇਤ ਹੈ। ਉਹ ਸਪਸ਼ਟ ਆਖਦਾ ਹੈ: **'ਕਵਿਤਾ ਨੂੰ ਕਵਿਤਾ ਹੋਣ ਦਾ ਪ੍ਰਮਾਣ ਦੇਣ ਦੀ ਲੋੜ ਨਹੀਂ ਜਿਵੇਂ ਕਿਸੇ ਜਿਊਂਦੇ ਵਿਅਕਤੀ ਨੂੰ ਆਪਣੇ ਜਿਊਂਦੇ ਹੋਣ ਦਾ ਸਬੂਤ ਦੇਣ ਦੀ ਲੋੜ ਨਹੀਂ'**। ਇਸ ਕਿਤਾਬ ਦੀ ਆਖ਼ਰੀ ਕਵਿਤਾ ਵੀ ਕਵੀ ਦਾ ਕਵੀਆਂ ਬਾਰੇ ਬਿਆਨ ਹੈ। ਇਸ ਬਿਆਨ ਨਾਲ ਹੀ ਮੈਂ ਆਪਣਾ ਇਹ ਰਿਵੀਊ ਬੰਦ ਕਰਦਾ ਹਾਂ:

**ਹੋ ਸਕੇ ਤਾਂ/ਕਿਸੇ ਨੂੰ ਕਦੀ/ਕਵੀ ਨਹੀਂ ਹੋਣਾ ਚਾਹੀਦਾ**
**ਕਵੀ ਟੁੱਟਿਆ ਰਹਿੰਦਾ ਹੈ**
**ਹਕੀਕਤਾਂ ਤੋਂ/ਜੋ ਸੁਪਨਿਆਂ ਤੋਂ ਵੱਧ ਡਰਾਉਣੀਆਂ ਹੁੰਦੀਆਂ ਨੇ**
**ਨਫ਼ਰਤਾਂ ਤੋਂ/ ਜੋ ਮੁਹੱਬਤਾਂ ਤੋਂ ਵੱਧ ਸੁਭਾਵਿਕ ਹੁੰਦੀਆਂ ਨੇ**
**ਰਿਸ਼ਤਿਆਂ ਤੋਂ/ਯਾਰੀਆਂ ਤੋਂ ਵੱਧ ਸਵਾਰਥੀ ਹੁੰਦੇ ਨੇ**
**ਕਵੀ ਹਮੇਸ਼ਾ/ਜ਼ਿੰਦਗੀ ਦੀ 'ਫ਼ੇਲ੍ਹ ਆਈਟਮ' ਹੈ**
**ਘਰ ਪਰਿਵਾਰ 'ਚ**
**ਦੋਸਤੀਆਂ ਦੁਸ਼ਮਣੀਆਂ/ਕਾਰੋਬਾਰ ਸਰਕਾਰ ਦਰਬਾਰ 'ਚ**
**ਸਫ਼ਲਤਾ ਦੀ ਕੁੰਜੀ/ਜਿਸ ਤਾਲੇ ਨੂੰ ਲਗਦੀ ਹੈ**
**ਉਹ ਹੋਰ ਜੋ ਮਰਜ਼ੀ ਹੋਏ/ਕਵੀ ਨਹੀਂ ਹੋ ਸਕਦਾ**

-ਜਸਬੀਰ

## ਧਰਤਿ ਸਤਾਨ [ਗੁਰਨਾਮ ਸਿੰਘ ਗਰੇਵਾਲ]

ਪਰਵਾਸੀ ਪੰਜਾਬੀ ਸਾਹਿਤ ਨੂੰ ਕਾਫੀ ਦੇਰ ਤਕ ਵਿਦੇਸ਼ੀਂ ਵਸਦੇ ਪੰਜਾਬੀਆਂ ਦੇ ਭੂ-ਹੇਰਵੇ ਤੇ ਸਭਿਆਚਾਰਕ ਟਕਰਾਵਾਂ/ਤਨਾਵਾਂ ਦੀ ਉਪਜ ਮੰਨ ਕੇ ਇਸ ਨੂੰ ਵਧੇਰੇ ਕਰਕੇ 'ਬੇਗਾਨੀਆਂ' ਲਿਖਤਾਂ ਵਾਂਗ ਹੀ ਪੜ੍ਹਿਆ ਵਿਚਾਰਿਆ ਜਾਂਦਾ ਰਿਹਾ ਹੈ। ਪਰੰਤੂ ਹੁਣ ਇਸ ਨੂੰ ਪੰਜਾਬੀ ਸਾਹਿਤ ਦਾ ਅਹਿਮ ਤੇ ਅਭਿੰਨ ਹਿੱਸਾ ਸਵੀਕਾਰਦੇ ਹੋਏ, ਪਰਵਾਸੀ ਸਾਹਿਤ ਦੇ ਜ਼ਿਕਰ ਤੋਂ ਬਿਨਾਂ ਪੰਜਾਬੀ ਸਾਹਿਤ ਦੀ ਕਿਸੇ ਵੀ ਵਿਧਾ ਬਾਰੇ ਚਰਚਾ ਅਧੂਰੀ ਮੰਨੀ ਜਾਣ ਲੱਗ ਪਈ ਹੈ।

ਵਿਸ਼ਵੀਕਰਨ ਦੇ ਅੱਜੋਕੇ ਦੌਰ ਵਿਚ ਕੁਝ ਨਵੇਂ ਲੇਖਕਾਂ ਦੇ ਇਸ ਖੇਤਰ ਵਿਚ ਪ੍ਰਵੇਸ਼ ਕਰਨ ਨਾਲ ਪਰਵਾਸੀ ਪੰਜਾਬੀ ਸਾਹਿਤ ਦੇ ਸਾਰ ਤੇ ਸਰੋਕਾਰਾਂ ਵਿਚ ਹੋਰ ਵੀ ਨਵੀਨਤਾ ਤੇ ਵਿਭਿੰਨਤਾ



ਦ੍ਰਿਸ਼ਟੀਗੋਚਰ ਹੋਣੀ ਆਰੰਭ ਹੋਈ ਹੈ। ਇਸ ਪ੍ਰਸੰਗ ਵਿਚ ਹੀ ਗੁਰਨਾਮ ਸਿੰਘ ਗਰੇਵਾਲ ਦੇ ਪਲੇਠੇ ਨਾਵਲ *ਧਰਤਿ-ਸਤਾਨ* (ਪੰਨੇ 188, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਬਾਰੇ ਚਰਚਾ ਕਰਨੀ ਬਣਦੀ ਹੈ।

ਪੰਜਾਬੀ ਨਾਵਲ ਵਿਚ ਆਮ ਤੌਰ 'ਤੇ ਪੰਜਾਬੀਆਂ ਦੀਆਂ ਧਾਰਮਿਕ, ਸਮਾਜਕ, ਰਾਜਨੀਤਕ, ਆਰਥਿਕ, ਮਨੋਵਿਗਿਆਨਕ, ਸਭਿਆਚਾਰਕ ਤੇ ਬੌਧਿਕ ਆਦਿ ਸਮੱਸਿਆਵਾਂ ਦੀ ਯਥਾਰਥਕ ਪੇਸ਼ਕਾਰੀ ਵਧੇਰੇ ਹੁੰਦੀ ਆ ਰਹੀ ਹੋਣ ਕਾਰਨ, ਇਹ ਸਿੱਧੇ ਰੂਪ ਵਿਚ ਸਮੁੱਚੀ ਮਾਨਵਤਾ/ਸ੍ਰਿਸ਼ਟੀ ਨੂੰ ਸੰਬੋਧਤ ਨਹੀਂ ਹੋ ਸਕਿਆ। ਗੁਰਨਾਮ ਸਿੰਘ ਗਰੇਵਾਲ ਨੇ *ਧਰਤਿ-ਸਤਾਨ* ਰਾਹੀਂ ਇਸ ਦਿਸ਼ਾ ਵਿਚ ਪਹਿਲ ਕਰਕੇ ਪੰਜਾਬੀ ਨਾਵਲ ਦੇ ਕਲੇਵਰ ਨੂੰ ਵਿਸ਼ਾਲ ਕਰਨ ਦਾ ਯਤਨ ਕੀਤਾ ਹੈ। ਇਸ ਨਾਵਲ ਰਾਹੀਂ ਲੇਖਕ ਸਮੁੱਚੇ ਵਿਸ਼ਵ ਦੀ ਵਸੋਂ ਦੁਆਰਾ ਪ੍ਰਕਿਰਤੀ ਦੀ ਅੰਨ੍ਹੇ-ਵਾਹ ਕੀਤੀ ਜਾ ਰਹੀ ਦੁਰਵਰਤੋਂ ਸਦਕਾ ਕਿਸੇ ਸਮੇਂ ਵੀ 'ਮਹਾਂ ਅੰਧਕਾਰ' ਵਾਲੀ ਸਥਿਤੀ ਪੈਦਾ ਹੋਣ ਦੇ ਖਤਰੇ ਬਾਰੇ ਅਗਾਊਂ ਚਿਤਾਵਨੀ ਦਿੰਦਾ ਹੋਇਆ, ਇਸ ਸ੍ਰਿਸ਼ਟੀ ਨੂੰ ਵਿਨਾਸ਼ ਤੋਂ ਬਚਾਉਣ ਲਈ ਇਕ ਸੁਹਿਰਦ ਹੰਭਲਾ ਮਾਰਦਾ ਨਜ਼ਰ ਆਉਂਦਾ ਹੈ। ਨਾਵਲ ਰਾਹੀਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਮਨੁੱਖ ਦੁਆਰਾ ਆਪਣੀ ਹਵਸ ਲਈ ਕੀਤੀ ਜਾ ਰਹੀ ਅੰਨ੍ਹੀ ਲੁੱਟ ਦਾ ਖਮਿਆਜ਼ਾ ਸਮੁੱਚੀ ਸ੍ਰਿਸ਼ਟੀ ਭਾਵ ਜਾਨਵਰਾਂ, ਪੰਛੀਆਂ, ਫੁੱਲਾਂ, ਬੂਟਿਆਂ ਇਥੋਂ ਤਕ ਕਿ ਹਵਾ ਤੇ ਪਾਣੀ ਆਦਿ ਨੂੰ ਵੀ ਭੁਗਤਣਾ ਪੈ ਰਿਹਾ ਹੈ।

ਨਾਵਲ ਦਾ ਆਰੰਭ ਇਕ ਦਿਨ ਅਚਾਨਕ ਸੂਰਜ ਦੇ ਅਲੋਪ ਹੋ ਜਾਣ ਨਾਲ ਹੁੰਦਾ ਹੈ ਅਤੇ ਪੂਰੇ ਇਕ ਹਫਤੇ ਮਗਰੋਂ ਇਸ ਦੇ ਦੁਬਾਰਾ ਵਿਖਾਈ ਦੇਣ ਨਾਲ ਨਾਵਲ ਖਤਮ ਹੋ ਜਾਂਦਾ ਹੈ। ਇਉਂ ਨਾਵਲ ਇਹਨਾਂ ਸੱਤਾਂ ਦਿਨਾਂ ਦੌਰਾਨ ਸੂਰਜ ਦੇ ਅਲੋਪ ਹੋਣ ਦੇ ਕਾਰਨ ਜਾਣਨ ਅਤੇ ਇਸ ਦੀ ਵਾਪਸੀ ਲਈ ਕੀਤੇ ਜਾ ਰਹੇ ਵਿਆਪਕ ਯਤਨਾਂ ਤੇ ਸਮੁੱਚੀ ਸ੍ਰਿਸ਼ਟੀ ਦੇ ਅਸਤ-ਵਿਅਸਤ ਹੋਣ ਵਰਗੇ ਦ੍ਰਿਸ਼ਾਂ ਆਦਿ ਦੁਆਲੇ ਉਸਾਰਿਆ ਗਿਆ ਹੈ, *"...ਪਰ ਹੁਣ ਤਾਂ ਇਕ ਆਦਮੀ, ਇਕ ਪਰਿਵਾਰ, ਇਕ ਸਮਾਜ ਜਾਂ ਫਿਰ ਇਕ ਦੇਸ਼ ਦੀ ਮੁਸੀਬਤ ਨਹੀਂ, ਸਗੋਂ ਸਾਰਿਆਂ ਦੀ, ਕੁੱਲ ਦੁਨੀਆਂ ਦੇ ਲੋਕਾਂ ਦੀ ਹੀ ਨਹੀਂ ਸਗੋਂ ਹਰ ਜੀਉਂਦੀ ਜਾਗਦੀ ਸਾਹ ਲੈਣ ਵਾਲੀ ਜਾਂ ਮਹਿਸੂਸ ਕਰਨ ਵਾਲੀ ਸ਼ੈਅ ਦੀ ਮੁਸੀਬਤ ਸੀ। ਸ਼ਾਇਦ ਇਸੇ ਕਰਕੇ ਸਾਰੀ ਕਾਇਨਾਤ ਖਾਮੋਸ਼ ਸੀ। ਪਸ਼ੂ, ਪੰਛੀ, ਜਾਨਵਰ, ਪੌਦੇ ਦਰਖਤ ਸਭ ਚੀਜ਼ਾਂ ਬੜੀਆਂ ਸਹਿਮੀਆਂ ਸਹਿਮੀਆਂ ਲਗਦੀਆਂ ਸਨ।"* (ਪੰਨਾ 86) ਨਾਵਲ ਦੇ ਸਾਰੇ ਬਿਰਤਾਂਤ ਵਿਚ ਦੁਨੀਆਂ ਭਰ ਦੇ ਵਿਗਿਆਨੀਆਂ, ਧਾਰਮਿਕ ਆਗੂਆਂ, ਰਾਜਸੀ ਨੇਤਾਵਾਂ ਤੇ ਯੂ. ਐੱਨ. ਓ. ਤਕ ਦੇ ਅਧਿਕਾਰੀਆਂ ਦਾ ਸਾਰਾ ਤਾਣ ਇਸ 'ਮਹਾਂ-ਅੰਧਕਾਰ' ਲਈ ਏਲੀਅਨਜ਼, ਵਿਗਿਆਨ ਜਾਂ ਭਗਵਾਨ ਆਦਿ ਨੂੰ ਜ਼ਿੰਮੇਵਾਰ ਠਹਿਰਾਉਣ ਉੱਤੇ ਲੱਗਿਆ ਰਹਿੰਦਾ ਹੈ। ਜਦੋਂ ਅਜਿਹੀ ਕਿਸੇ ਵੀ ਸੰਭਾਵਨਾ ਦੇ ਠੋਸ ਪ੍ਰਮਾਣ ਨਹੀਂ ਲੱਭਦੇ ਤਾਂ ਮਨੁੱਖ ਕੋਲ ਆਪਣੇ ਆਪ ਨੂੰ ਦੋਸ਼ੀ ਮੰਨਣ ਤੋਂ ਇਲਾਵਾ ਕੋਈ ਚਾਰਾ ਬਾਕੀ ਨਹੀਂ ਰਹਿ ਜਾਂਦਾ। ਇਸ ਲਈ ਨਾਵਲ ਵਿਚ ਸਮੁੱਚੀ ਮਨੁੱਖਤਾ ਨੂੰ ਇਹ ਸਵੀਕਾਰਨਾ ਪੈਂਦਾ ਹੈ ਕਿ *"...ਅਸਾਡੇ ਉੱਤੇ ਕੋਈ ਬਾਹਰੀ ਹਮਲਾ ਨਹੀਂ ਹੋਇਆ। ਨਾ ਹੀ ਕੋਈ ਚੀਜ਼ ਦੂਸਰੇ ਗ੍ਰਹਿਆਂ ਤੋਂ ਆ ਕੇ ਟਕਰਾਈ ਏ...ਇਸ ਦੇ ਜ਼ਿੰਮੇਵਾਰ ਵੀ ਆਪਾਂ ਇਸ ਦੁਨੀਆਂ ਦੇ ਇਨਸਾਨ ਹੀ ਹਾਂ। ਧਰਤੀ ਉੱਪਰ ਵਧ ਰਹੀ ਗਰਮੀ, ਹਵਾ ਅਤੇ ਪਾਣੀਆਂ ਵਿਚ ਵਧ ਰਿਹਾ ਪ੍ਰਦੂਸ਼ਣ ਇਸ ਹਨੇਰੇ ਦਾ ਕਾਰਨ ਹਨ।..."* (ਪੰਨਾ 186)

*ਧਰਤਿ-ਸਤਾਨ* ਨਾਵਲ ਦੇ ਇਕਹਿਰੇ ਕਥਾ-ਸੰਗਠਨ ਸਦਕਾ ਇਸਦਾ ਸਮੁੱਚਾ ਕਥਾ ਬਿਰਤਾਂਤ ਇਕੋ ਦਿਸ਼ਾ ਵਿਚ ਇਕੋ ਨੁਕਤੇ 'ਤੇ ਕੇਂਦਰਤ ਰਹਿੰਦਾ ਹੈ, ਇਸ ਕਾਰਨ ਪਾਠਕ ਦੀ ਵਿਸ਼ੇ ਤੋਂ ਇਕਾਗਰਤਾ ਭੰਗ ਨਹੀਂ ਹੁੰਦੀ। ਫਲਸਰੂਪ ਨਾਵਲ ਵਿਚ ਰੁਮਾਂਚਿਕ ਉਪ-ਕਥਾਵਾਂ ਦੀ ਅਣਹੋਂਦ ਦੇ ਬਾਵਜੂਦ ਪਾਠਕ ਲਗਾਤਾਰ 'ਮਹਾਂ-ਅੰਧਕਾਰ' ਵਿਚ ਗੁਆਚਿਆ ਮਹਿਸੂਸ ਕਰਦਾ ਰਹਿੰਦਾ ਹੈ। ਭਾਵੇਂ ਕਿ ਇਸ ਨਾਵਲ ਵਿਚਲੇ ਪਾਤਰਾਂ ਦੇ ਨਾਵਾਂ ਦੀ ਚੋਣ ਜਿਵੇਂ ਅਰਜੁਨ, ਰੇਨੂੰ, ਜਸਮਿੰਦਰ (ਜਿਮ), ਰੇਸ਼ਮਾ (ਰੇਮੀ), ਬਿਲ, ਜੂਲੀ, ਜੇਨੀ, ਫਿਲਿਪ, ਡਾਕਟਰ ਸਮਿੱਥ, ਓਏਨ, ਜੋਹਨ ਕਲਾਰਕ, ਗਲੈਨ, ਸਟੂਅਰਟ, ਏਜਲਾਂ, ਰਬੇਕਾ, ਪੀਟਰ, ਜਾਇਦਾ, ਕਾਸਿਮ, ਪੌਲ, ਵਜ਼ੀਰ, ਸ਼ਾਰਾ, ਐਮਾ, ਫੇਬੀਓ, ਫ਼ਾਤਿਮਾ, ਅਬਦੁਲ, ਮਾਈਕਲ, ਸਰ ਹਿਊਟ, ਸਰ ਮਾਰਕ ਕਿੰਗ ਲੇਸਲੀ, ਸ਼ੈਰਨ ਆਦਿ ਆਪੋ

ਆਪਣੀ ਸਭਿਆਚਾਰਕ ਪਛਾਣ ਦਾ ਪ੍ਰਮਾਣ ਵੀ ਪੇਸ਼ ਕਰ ਰਹੇ ਪ੍ਰਤੀਤ ਹੁੰਦੇ ਹਨ। ਨਾਵਲ ਦਾ ਕੈਨਵਸ ਵਿਸ਼ਾਲ ਹੋਣ ਸਦਕਾ ਇਸ ਵਿਚ ਬੇਸ਼ੱਕ ਅਨੇਕ ਭਾਸ਼ਾਵਾਂ ਬੋਲਣ ਵਾਲੇ ਉਪਰੋਕਤ ਪਾਤਰਾਂ ਦੀ ਪੇਸ਼ਕਾਰੀ ਹੋਈ ਹੈ ਪਰੰਤੂ ਦੂਸਰੀਆਂ ਭਾਸ਼ਾਵਾਂ ਦੇ ਸ਼ਬਦਾਂ ਦੀ ਲੋੜ ਅਨੁਸਾਰ ਵਰਤੋਂ ਵੀ ਬੜੇ ਸੰਕੋਚਵੇਂ ਰੂਪ ਵਿਚ ਕਰਨ ਦਾ ਯਤਨ ਕੀਤਾ ਗਿਆ ਹੈ। ਭਾਵੇਂ ਕਿਤੇ-ਕਿਤੇ ਵਾਕ ਬਣਤਰ ਉੱਪਰ ਅੰਗਰੇਜ਼ੀ ਭਾਸ਼ਾ ਦਾ ਅਸਰ ਪ੍ਰਤੱਖ ਦਿਖਾਈ ਦਿੰਦਾ ਹੈ।

*ਧਰਤਿ-ਸਤਾਨ* ਵਿਚਲੀ ਇਹ ਗੱਲ ਬੜੀ ਵਚਿੱਤਰ ਜਾਪਦੀ ਹੈ ਕਿ ਨਾਵਲ ਦੇ ਪਾਤਰ ਅਤਿ ਸੰਕਟਮਈ ਦੌਰ ਵਿਚੋਂ ਗੁਜ਼ਰਦੇ ਹੋਏ ਵੀ ਬੜੇ ਸਹਿਜ ਰੂਪ ਵਿਚ ਵਿਚਰਦੇ ਦਿਖਾਈ ਦਿੰਦੇ ਹਨ। ਅਜਿਹੇ ਘੋਰ-ਅੰਧਕਾਰ ਦੌਰਾਨ ਵੀ ਉਹ ਇਕ ਦੂਸਰੇ ਨੂੰ ਹਾਸਾ ਮਜ਼ਾਕ ਕਰਦੇ, ਆਪਣੇ ਆਪਣੇ ਢੰਗ ਨਾਲ ਮਨੋਰੰਜਨ ਕਰਦੇ ਹੋਏ ਸਾਰੀਆਂ ਸੰਭਵ ਸਰਗਰਮੀਆਂ ਨਾਲ ਆਪਣੇ ਆਪ ਨੂੰ ਲਗਾਤਾਰ ਜੋੜੀਂ ਰੱਖਦੇ ਹਨ। ਅਜਿਹਾ ਕਰਦਿਆਂ ਉਹ ਇਸ ਅਨੂਠੇ ਸੰਕਟ ਦੀ ਭਿਅੰਕਰਤਾ ਦੇ ਅਨੁਰੂਪ ਕਿਸੇ ਘਬਰਾਹਟ, ਬੇਵਸੀ ਜਾਂ ਨਿਰਾਸ਼ਾ ਦਾ ਸ਼ਿਕਾਰ ਹੁੰਦੇ ਹੋਏ ਦ੍ਰਿਸ਼ਟੀਗੋਚਰ ਨਹੀਂ ਹੁੰਦੇ ਸਗੋਂ ਬੜੇ ਸਹਿਜ ਨਾਲ ਮੋਢੇ ਨਾਲ ਮੋਢਾ ਜੋੜ ਕੇ ਇਸ ਸੰਕਟ ਵਿਚੋਂ ਨਿਕਲਣ ਲਈ ਕਾਰਜਸ਼ੀਲ ਨਜ਼ਰ ਆਉਂਦੇ ਹਨ। ਇਹ ਸ਼ਾਇਦ ਮਾਨਵ ਜਾਤੀ ਅੰਦਰ ਵਿਆਪਤ ਉਸ ਸੱਚੇ ਸਿਦਕ ਤੇ ਅਡੋਲ ਵਿਸ਼ਵਾਸ ਸਦਕਾ ਹੈ ਕਿ ਸਮੂਹ ਮਨੁੱਖ ਜਾਤੀ ਇਕੱਠੀ ਹੋ ਕੇ ਵੱਡੇ ਤੋਂ ਵੱਡੇ ਕਿਸੇ ਵੀ ਸੰਕਟ 'ਤੇ ਕਾਬੂ ਪਾ ਸਕਣ ਦੇ ਸਮਰੱਥ ਹੋ ਸਕਦੀ ਹੈ। ਨਾਵਲ ਦੇ ਅਖੀਰ ਵਿਚ ਸੂਰਜ ਦੀ ਰੋਸ਼ਨੀ ਦੁਬਾਰਾ ਪਰਤ ਆਉਣ ਨਾਲ ਇਹ ਯਕੀਨ ਜਿੱਤ ਵਿਚ ਬਦਲਦਾ ਵੀ ਵਿਖਾਇਆ ਗਿਆ ਹੈ। ਇਸ ਉਪਰੰਤ ਸਮੂਹ ਮਾਨਵਤਾ ਆਪਣੇ ਜੀਵਨ ਦੀ ਨਵੇਂ ਸਿਰਿਉਂ ਸ਼ੁਰੂਆਤ ਇਸ ਸੰਕਲਪ/ਚਿਤਾਵਨੀ ਨਾਲ ਕਰਦੀ ਹੈ ਕਿ: *"ਸਰਕਾਰਾਂ ਉਪਰ ਜ਼ੋਰ ਪਾ ਕੇ ਪ੍ਰਦੂਸ਼ਣ ਘਟਾਉਣ ਵਾਲੇ ਕਾਨੂੰਨ ਬਣਾਉਣ ਦੀ ਮੰਗ ਕੀਤੀ ਜਾਏਗੀ ਅਤੇ ਹਰ ਸਕੂਲ ਵਿਚ ਇਕ ਵਿਸ਼ਾ ਬਣਾਇਆ ਜਾਏਗਾ ਜੋ ਮੁੱਢਲੀ ਵਿੱਦਿਆ ਤੋਂ ਹੀ ਬੱਚਿਆਂ ਨੂੰ ਆਪਣੇ ਵਾਤਾਵਰਨ ਬਾਰੇ ਸਿੱਖਿਆ ਦਏਗਾ। ਹੁਣ ਆਪ ਕੋਲ ਕੋਈ ਹੋਰ ਚਾਰਾ ਨਹੀਂ ਜੇਕਰ ਇਹ ਕਾਲਸ ਫਿਰ ਚੜ੍ਹ ਗਈ ਤਾਂ ਯਾਦ ਰੱਖਣਾ ਉਤਰੇਗੀ ਨਹੀਂ! ਨਹੀਂ ਉਤਰੇਗੀ।"* (ਆਖਰੀ ਪੰਨਾ, 188)

ਪ੍ਰਾਈਵੇਟ ਸਕੂਲਾਂ ਦੁਆਰਾ ਪੰਜਾਬੀ ਭਾਸ਼ਾ ਦੀ ਕੀਤੀ ਜਾ ਰਹੀ ਦੁਰਗਤੀ, ਧਰਤੀ ਹੇਠਲੇ ਪਾਣੀਆਂ ਦਾ ਲਗਾਤਾਰ ਹੇਠਾਂ ਜਾ ਰਿਹਾ ਪੱਧਰ, ਕਿਸਾਨਾਂ ਦੁਆਰਾ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਨੂੰ ਸਨਮੁੱਖ ਰੱਖਦਿਆਂ ਇੱਥੇ ਇਹ ਗੱਲ ਕਰਨੀ ਵੀ ਕੁਥਾਂ ਨਹੀਂ ਹੋਵੇਗੀ ਕਿ ਪੰਜਾਬੀਆਂ ਅੰਦਰ ਆਮ ਕਰਕੇ ਪਾਣੀ ਸਿਰ ਉਪਰੋਂ ਲੰਘ ਜਾਣ ਦੀ ਹੱਦ ਤੀਕਰ ਨਿਸਚਿੰਤ ਰਹਿਣ ਦਾ ਆਲਸ/ਸਵਾਰਥ ਪੈਦਾ ਹੁੰਦਾ ਜਾ ਰਿਹਾ ਹੈ। ਪਰੰਤੂ ਗੁਨਾਮ ਸਿੰਘ ਗਰੇਵਾਲ ਇਸ ਪੱਖੋਂ ਪ੍ਰਸ਼ੰਸਾ ਦਾ ਹੱਕਦਾਰ ਬਣਦਾ ਹੈ ਕਿ ਉਸਨੇ 'ਮਹਾਂ ਅੰਧਕਾਰ' ਦੀ ਸਥਿਤੀ ਪੈਦਾ ਹੋਣ ਤੋਂ ਪਹਿਲਾਂ ਹੀ ਇਸ ਦੀ ਗੰਭੀਰਤਾ/ਭਿਅੰਕਰਤਾ ਨੂੰ ਵਿਸਤ੍ਰਿਤ ਰੂਪ ਵਿਚ ਨਾਵਲ *ਧਰਤਿ-ਸਤਾਨ* ਰਾਹੀਂ ਸਮੁੱਚੀ ਸ੍ਰਿਸ਼ਟੀ/ਬ੍ਰਹਿਮੰਡ ਦੀ ਸਮੱਸਿਆ ਵਜੋਂ ਪੇਸ਼ ਕਰਨ ਦੀ ਪਹਿਲ ਕਰਕੇ ਆਪਣੀ ਚੰਗੇਰੀ ਸੂਝ ਦਾ ਪ੍ਰਮਾਣ ਦਿੱਤਾ ਹੈ।

ਨਾਵਲ ਦਾ ਨਾਂ ਇਤਫਾਕਨ ਹੀ ਰਸੂਲ ਹਮਜ਼ਾਤੋਵ ਦੀ ਪੁਸਤਕ *ਮੇਰਾ ਦਾਗਿਸਤਾਨ* ਨਾਲ ਮਿਲਦਾ-ਜੁਲਦਾ ਹੈ। ਜੇਕਰ ਦੁਨੀਆਂ ਦੇ ਇਕ ਛੋਟੇ ਜਿਹੇ ਖਿੱਤੇ ਬਾਰੇ ਲਿਖੀ ਗਈ ਇਹ ਪੁਸਤਕ ਪੂਰੇ ਵਿਸ਼ਵ ਵਿਚ ਮਕਬੂਲ ਹੋ ਸਕਦੀ ਹੈ ਤਾਂ ਸਮੁੱਚੀ ਸ੍ਰਿਸ਼ਟੀ ਤੇ ਬ੍ਰਹਿਮੰਡ ਨੂੰ ਆਧਾਰ ਬਣਾ ਕੇ ਲਿਖਿਆ ਗਿਆ *ਧਰਤਿ-ਸਤਾਨ* ਨਾਵਲ ਪੰਜਾਬੀ ਸਾਹਿਤ-ਜਗਤ ਵਿਚ ਯਕੀਨਨ ਚਰਚਤ ਹੋਵੇਗਾ। ਲੇਖਕ ਦੀ ਇਸ ਪਲੇਠੀ ਰਚਨਾ ਵਿਚ ਰਹਿ ਗਈਆਂ ਕੁਝ ਤਕਨੀਕੀ ਉਕਾਈਆਂ ਨੂੰ ਸੋਧ ਕੇ ਇਸ ਨੂੰ ਵੱਧ ਤੋਂ ਵੱਧ ਪਾਠਕਾਂ ਤਕ ਪਹੁੰਚਾਉਣ ਲਈ ਇਸ ਦਾ ਪੇਪਰ-ਬੈਕ ਐਡੀਸ਼ਨ ਪ੍ਰਕਾਸ਼ਤ ਕੀਤਾ ਜਾ ਸਕਦਾ ਹੈ।

ਆਪਸੀ ਏਕਤਾ ਤੇ ਇਕਸੁਰਤਾ ਨਾਲ ਮਾਨਵਤਾ ਨੂੰ ਹਨੇਰੇ ਵਿਚੋਂ ਨਿਕਲ ਕੇ ਰੌਸ਼ਨੀ ਵਿਚ ਆਉਣ ਲਈ ਪ੍ਰੇਰਨ ਵਾਲੀ ਇਸ ਰਚਨਾ ਦੀ ਸਿਰਜਣਾ ਲਈ ਲੇਖਕ ਵਧਾਈ ਦਾ ਹੱਕਦਾਰ ਹੈ। ਇਕ ਵੱਖਰੀ ਵਿਧੀ ਅਨੁਸਾਰ ਲਿਖੇ ਗਏ ਇਸ ਨਾਵਲ ਦੇ ਪ੍ਰਤੀਕ ਵਿਧਾਨ ਦੀ ਪਛਾਣ ਰਾਹੀਂ ਹੋਰ ਵੀ ਸਾਰਥਕ ਦਿਲਚਸਪ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਹੋ ਸਕਦੀਆਂ ਹਨ। ਉਮੀਦ ਕੀਤੀ ਜਾ ਸਕਦੀ ਹੈ ਕਿ



ਆਪਣੀਆਂ ਆਉਣ ਵਾਲੀਆਂ ਰਚਨਾਵਾਂ ਰਾਹੀਂ ਗੁਰਨਾਮ ਸਿੰਘ ਗਰੇਵਾਲ ਇਕ ਪ੍ਰੋਢ ਤੇ ਅਨੁਭਵੀ ਸਾਹਿਤਕਾਰ ਵਜੋਂ ਆਪਣੀ ਵੱਖਰੀ ਪਛਾਣ ਸਥਾਪਤ ਕਰ ਸਕੇਗਾ। -ਡਾ. ਤਾਰਾ ਸਿੰਘ

## ਭਰ ਵਗਦੇ ਦਰਿਆ {ਡਾ. ਐੱਸ.ਤਰਸੇਮ}

ਡਾ. ਐੱਸ.ਤਰਸੇਮ ਬਹੁਪੱਖੀ ਪ੍ਰਤਿਭਾ ਵਾਲਾ ਸਾਹਿਤਕਾਰ ਹੈ। ਪੰਜਾਬੀ ਸਿਰਜਣਾਤਮਕ ਸਾਹਿਤ ਨੂੰ ਹੁਣ ਤਕ ਉਹ ਛੇ ਕਹਾਣੀ ਸੰਗ੍ਰਹਿ ਅਤੇ ਚਾਰ ਕਾਵਿ ਸੰਗ੍ਰਹਿ ਦੇਣ ਦੇ ਨਾਲ ਨਾਲ ਉਹ ਸਾਹਿਤ-ਆਲੋਚਨਾ ਦੇ ਖੇਤਰ ਵਿਚ ਵੀ ਕਾਰਜਸ਼ੀਲ ਹੋ ਕੇ ਵਿਚਰ ਰਿਹਾ ਹੈ। ਐਪਰ ਵਿਚਾਰ ਅਧੀਨ ਪੁਸਤਕ 'ਭਰ ਵਗਦੇ ਦਰਿਆ' (ਪੰਨੇ 192,ਮੁੱਲ 200 ਮੁੱਲ ਰੁਪਏ,ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ,ਮਾਲੇਕੋਟਲਾ) ਉਸਦਾ ਇਹਨਾਂ ਸਭ ਵਿਧਾਵਾਂ ਤੋਂ ਹਟਵਾਂ ਸ਼ਬਦ-ਚਿਤਰਾਂ ਦਾ ਸੰਗ੍ਰਹਿ ਹੈ। ਪੰਜਾਬੀ ਸਾਹਿਤ ਦੀਆਂ ਸਿਰਮੌਰ ਸ਼ਖਸੀਅਤਾਂ ਜਿੰਨ੍ਹਾਂ ਦੇ ਸ਼ਬਦ-ਚਿਤਰ ਹੱਥਲੀ ਪੁਸਤਕ ਵਿਚ ਸ਼ਾਮਲ ਹਨ,ਉਹਨਾਂ ਨੂੰ ਐੱਸ.ਤਰਸੇਮ ਨੇ ਸ਼ਬਦਾਂ ਦੇ ਭਰ ਵਗਦੇ ਦਰਿਆ ਆਖਿਆ ਹੈ। ਉਸ ਦਾ ਕਹਿਣਾ ਹੈ,"ਮੈਨੂੰ ਨਹੀਂ ਪਤਾ ਮੇਰੇ ਇਹ 'ਭਰ ਵਗਦੇ ਦਰਿਆ' ਕੀ ਹਨ? ਮੈਂ ਤਾਂ ਇਹੀ ਸਮਝਦਾ ਹਾਂ ਕਿ ਇਹ ਸ਼ਬਦਾਂ ਦੇ ਭਰ ਵਗਦੇ ਦਰਿਆ ਹਨ...ਜੋ ਆਪਣੀ ਹਯਾਤੀ ਪਿੱਛੋਂ ਵੀ ਸਦਾ ਵਗਦੇ ਰਹਿਣਗੇ।"

ਸ਼ਬਦਾਂ ਦੇ ਇਹਨਾਂ ਭਰ ਵਗਦੇ ਦਰਿਆਵਾਂ ਨੂੰ ਐੱਸ.ਤਰਸੇਮ ਨੇ 'ਮੋਹਨ ਲੀਲ੍ਹਾ','ਫੱਕਰ ਸ਼ਾਇਰ','ਮੌਲਸਰੀ','ਭਰ ਵਗਦਾ ਦਰਿਆ','ਸਖਤ ਜੁੱਸਾ ਨਰਮ ਦਿਲ','ਇੰਦਰ ਧਨੁਸ਼','ਸ਼ੇਰ ਸ਼ਿਅਰ ਅਤੇ ਸਟੇਜ','ਪ੍ਰੇਮੀ ਦਾ ਤਲਖੀਨਾਮਾ','ਗੁਟਾਰ ਦਾ ਠੱਗਿਆ ਮੋਰ','ਲਾਲੀ ਮੇਰੇ ਲਾਲ ਕੀ' ਅਤੇ 'ਛਾਂਦਾਰ ਛਾਂਗਿਆ ਰੁੱਖ' ਸਿਰਲੇਖਾਂ ਤਹਿਤ ਪੇਸ਼ ਕੀਤਾ ਹੈ। ਇਹ ਸਿਰਲੇਖ ਕ੍ਰਮਵਾਰ ਪ੍ਰੋ.ਮੋਹਨ ਸਿੰਘ,ਬਾਵਾ ਬਲਵੰਤ,ਪ੍ਰੋ. ਪ੍ਰੀਤਮ ਸਿੰਘ,ਜਗਜੀਤ ਸਿੰਘ ਆਨੰਦ,ਤੇਰਾ ਸਿੰਘ ਚੰਨ,ਕਿਰਪਾਲ ਸਿੰਘ ਕਸਲੇ;,ਰਾਮ ਲਾਲ ਪ੍ਰੇਮੀ,ਪੰਡਿਤ ਚਰੰਜੀ ਲਾਲ,ਲਾਲ ਸਿੰਘ ਦਿਲ ਅਤੇ ਬਲਬੀਰ ਮਾਧੋਪੁਰੀ ਵਰਗੀਆਂ ਹਸਤੀਆਂ ਨੂੰ ਸ਼ਬਦਾਂ ਦੇ ਮਾਧਿਅਮ ਰਾਹੀਂ ਸਮੇਂ,ਸਥਾਨ ਤੇ ਇਤਿਹਾਸ ਦੇ ਸੰਦਰਭ ਵਿਚ ਪੇਸ਼ ਕਰਦੇ ਹਨ।

ਰੇਖਾ-ਚਿਤਰਾਂ ਨੂੰ ਪੜ੍ਹਦਿਆਂ ਐੱਸ.ਤਰਸੇਮ ਦੁਆਰਾ ਸੰਬੰਧਤ ਸ਼ਖਸੀਅਤਾਂ ਬਾਰੇ ਦਿੱਤੇ ਸਿਰਲੇਖਾਂ ਦੀ ਸਾਰਥਿਕਤਾ ਪੂਰੀ ਤਰ੍ਹਾਂ ਪ੍ਰਮਾਣਤ ਹੋ ਜਾਂਦੀ ਹੈ। ਮਿਸਾਲ ਵਜੋਂ ਮੌਲਸਰੀ ਦਾ ਜ਼ਿਕਰ ਪ੍ਰੋ. ਪ੍ਰੀਤਮ ਸਿੰਘ ਦੇ ਸੰਬੰਧ ਵਿਚ ਇਉਂ ਹੈ: "ਪ੍ਰੋ.ਸਾਹਿਬ ਦੇ ਚਿਹਰੇ ਦੀ ਰੌਣਕ ਮੌਲਸਰੀ ਵਰਗੀ ਹੈ,ਮੌਲਸਰੀ ਜਿਸਦੇ .....ਤੋਂ ਵੀ ਛੋਟੇ ਪੱਤੇ ਫੁੱਲਾਂ ਦੇ ਨਾਲ ਬੜੇ ਸੋਹਣੇ ਲਗਦੇ ਹਨ। ਮੌਲਸਰੀ ਦਾ ਫਲ ਜਦੋਂ ਪੱਕ ਜਾਂਦਾ ਹੈ ਉਹ ਮਿੱਠਾ ਤੇ ਸੁਆਦੀ ਹੁੰਦਾ ਹੈ। ਹੋ ਸਕਦੈ ਕਿਸੇ ਨੂੰ ਇਹ ਮਿੱਠਾ ਤੇ ਸੁਆਦੀ ਨਾ ਲੱਗਿਆ ਹੋਵੇ,ਕੋਰਾ,ਕੌੜਾ ਤੇ ਕੁਸੈਲਾ ਵੀ,ਪਰ ਮੈਨੂੰ ਤਾਂ ਮੌਲਸਰੀ ਦੇ ਇਸ ਫਲ ਵਿਚੋਂ ਮਾਖਿਉਂ ਵਰਗਾ ਸੁਆਦ ਆਇਆ ਹੈ"। ਤੇਰਾ ਸਿੰਘ ਚੰਨ ਬਾਰੇ ਲਿਖਿਆ ਮਿਲਦਾ ਹੈ : "ਚੰਨ ਦੀ ਚਾਨਣੀ ਘਰ ਦੀਆਂ ਚਾਰ ਦੀਵਾਰੀਆਂ ਨੂੰ ਰੌਸ਼ਨੀ ਦੇਣ ਲਈ ਨਹੀਂ ਸੀ ਪੈਦਾ ਹੋਈ। ਤੇਰਾ ਸਿੰਘ ਚੰਨ ਤਾਂ ਲੋਕਾਂ ਦਾ ਚੰਨ ਬਣਨ ਲਈ ਜੰਮਿਆ ਸੀ। ਰਾਤ ਨੂੰ ਚਾਨਣੀ ਵੰਡਕੇ ਲੋਕਾਂ ਦੇ ਘਰ ਰੁਸ਼ਨਾਉਣ ਵਾਲਾ ਚੰਨ"। ਅਤੇ ਪ੍ਰੋਫੈਸਰ ਕਿਰਪਾਲ ਸਿੰਘ ਕਸੇਲ ਬਾਰੇ ਸ਼ਬਦ ਹਨ:"ਪ੍ਰੋ.ਸਾਹਿਬ ਦੇ ਮੱਥੇ ਦਾ ਸੂਰਜ ਜਦ ਪ੍ਰਿਜ਼ਮ ਵਿਚ ਹੀ ਦਿਸੇ ਤਾਂ ਸੱਤ ਰੰਗ ਵੇਖਣ ਵਾਲੇ ਹੁੰਦੇ ਹਨ"।

ਐੱਸ.ਤਰਸੇਮ ਨੇ ਇਹਨਾਂ ਰੇਖਾ-ਚਿਤਰਾਂ ਵਿਚ ਸੰਬੰਧਤ ਸ਼ਖਸੀਅਤਾਂ ਬਾਰੇ ਪੂਰੇ ਪਰਿਵਾਰਕ ਵੇਰਵਿਆਂ ਸਹਿਤ ਜਾਣਕਾਰੀ ਦਿੱਤੀ ਹੈ। ਬਚਪਨ ਤੋਂ ਲੈ ਕੇ ਸੰਬੰਧਤ ਵਿਅਕਤੀ ਨੂੰ ਉਸਰਦਿਆਂ ਤੇ ਨਿਸਰਦਿਆਂ ਵਿਖਾਇਆ ਹੈ। ਕਲਮ ਦੀ ਜਾਦੂਈ ਸ਼ਕਤੀ ਨਾਲ ਖਿੱਚਿਆ ਖਾਕਾ ਸੰਬੰਧਤ ਵਿਅਕਤੀ ਦਾ ਪੂਰਾ ਚਿਤਰ ਪਾਠਕਾਂ ਦੀਆਂ ਅੱਖਾਂ ਸਾਹਮਣੇ ਲਟਕਾ ਜਾਂਦਾ ਹੈ: "ਕਾਲੇ ਫਰੇਮ ਵਾਲੀ ਐਨਕ,ਖੁਲ੍ਹੀ ਦਾੜ੍ਹੀ ਵਿਚ ਉਸਦਾ ਰੰਗ ਰੂਪ ਸੀ ਜਿਵੇਂ ਸੋਨੇ ਵਿਚ ਤਾਂਬੇ ਦੀ ਲੋੜੀਂਦੀ ਮਿੱਸ ਰਲੀ ਹੋਵੇ। ਤਿੱਖਾ ਨੱਕ ਅਤੇ ਲਾਲ ਡੋਰਿਆਂ ਵਾਲੀਆਂ ਅੱਖਾਂ ਐਨਕ ਵਿਚਦੀ ਵੀ ਗੱਲਾਂ ਕਰਦੀਆਂ ਜਾਪੀਆਂ"। ਪ੍ਰੋ. ਮੋਹਨ ਸਿੰਘ ਦੀ ਅਜਿਹੀ ਦਿੱਖ ਦੇ ਟਾਕਰੇ ਉੱਤੇ ਉਸਦੇ ਸਮਕਾਲੀ ਸ਼ਾਇਰ ਬਾਵਾ ਬਲਵੰਤ ਦਾ ਚਿੱਤਰ ਕੁਝ ਇਸ ਤਰ੍ਹਾਂ ਪੇਸ਼ ਹੋਇਆ ਹੈ: "ਗੋਰਾ ਨਿਛੋਹ ਰੰਗ,ਘੁੰਗਰਾਲੇ ਵਾਲ ਜੋ ਅਕਸਰ ਉਹ ਪਿੱਛੇ ਵਾਹ ਕੇ ਰੱਖਦਾ ਸੀ,ਗੁੰਦਵਾਂ ਸਰੀਰ,ਦੁੱਧ ਚਿੱਟਾ ਖੱਦਰ ਦਾ ਕੁੜਤਾ ਪਜਾਮਾ,ਪਿਸ਼ੌਰੀ ਚੱਪਲ,ਖੱਦਰ ਦਾ ਰੁਮਾਲ,ਹੱਥ

ਵਿਚ ਛਤਰੀ,ਇਕ ਸਾਧਾਰਨ ਜਿਹਾ ਖੱਦਰ ਦਾ ਝੋਲਾ,ਇਹ ਗਰਮੀਆਂ ਵਿਚ ਤੁਰਦਾ ਫਿਰਦਾ ਬਾਵਾ ਬਲਵੰਤ ਸੀ"।ਅਤੇ ਪਬਲਿਕ ਥਾਵਾਂ ਉੱਤੇ ਪ੍ਰੋ.ਕਸੇਲ ਦੀ ਪਛਾਣ ਇਹ ਹੈ:"ਹੱਥ ਵਿਚ ਖੂੰਡੀ,ਦੁੱਧ ਚਿੱਟੇ ਬਸਤਰ,ਕਾਲੀ ਐਂਨਕ ਤੇ ਕੋਲ ਬੈਗ ਚੁੱਕੀ ਖੜ੍ਹਾ ਭਲਵਾਨਾਂ ਵਰਗਾ ਨਾਮਧਾਰੀ ਬਾਬਾ"।

ਡਾ. ਤਰਸੇਮ ਨੇ ਹਰ ਸ਼ਖਸੀਅਤ ਨੂੰ ਬਹੁਤ ਹੀ ਸੰਤੁਲਤ ਢੰਗ ਨਾਲ ਚਿਤਰਿਆ ਹੈ।ਗੁਣਾਂ ਦੇ ਨਾਲ ਨਾਲ ਸੰਬੰਧਤ ਸ਼ਖਸੀਅਤ ਦੀਆਂ ਖਾਮੀਆਂ ਜਾਂ ਉਸਦੇ ਵਿਰੋਧਾਭਾਸਾਂ ਬਾਰੇ ਵੀ ਬਹੁਤ ਸਹਿਜ ਨਾਲ ਦੱਸ ਦਿੱਤਾ ਗਿਆ ਹੈ,ਜਿਵੇਂ ਵੇਖੋ ਬਾਵਾ ਬਲਵੰਤ ਬਾਰੇ ਇਹ ਲਾਈਨਾਂ:"ਉਹ ਇਕ ਸਮੇਂ ਅਲਬੇਲਾ ਵੀ ਸੀ ਤੇ ਗੰਭੀਰ ਵੀ,ਅਣਥੱਕ ਪ੍ਰੇਮੀ ਵੀ ਤੇ ਅਸਫਲ ਗ੍ਰਹਿਸਤੀ ਵੀ,ਕੁਦਰਤ ਦਾ ਰਾਂਝਾ ਵੀ ਅਤੇ ਭੌਤਿਕਵਾਦ ਦਾ ਆਸ਼ਕ ਵੀ,ਸੁਭਾਅ ਦਾ ਸਨਾਤਨੀ ਵੀ ਅਤੇ ਵਿਚਾਰਧਾਰਾ ਦਾ ਮਾਰਕਸਵਾਦੀ ਵੀ,ਵਰਤਾਰੇ ਵਿਚ ਸੰਜਮੀ ਵੀ ਅਤੇ ਤਬੀਅਤ ਦਾ ਬਾਗੀ ਵੀ"। 'ਛਾਂਦਾਰ ਛਾਂਗਿਆ ਰੁੱਖ' ਵਿਚ ਬਲਬੀਰ ਮਾਧੋਪੁਰੀ ਬਾਰੇ ਵੀ ਕੁਝ ਇਉਂ ਦੱਸਿਆ ਗਿਆ ਹੈ:"ਜੱਟਾਂ ਦੇ ਬੋਲ ਕੁਬੋਲਾਂ ਦਾ ਬਦਲਾ ਬਾਲਕ ਬਲਬੀਰ ਉਹਨਾਂ ਦੇ ਖੂਹਾਂ ਵਿਚ ਮੂਤਕੇ ਲੈਂਦਾ।ਆਪ ਵੀ ਮੂਤਦਾ ਤੇ ਵਿਹੜੇ ਦੇ ਹੋਰ ਮੁੰਡੇ ਵੀ ਮੂਤਦੇ।"

ਹਰ ਸ਼ਖਸੀਅਤ ਨੂੰ ਉਸਦੇ ਸਮੇਂ ਤੇ ਇਤਿਹਾਸਕ ਪ੍ਰਸੰਗ ਅਨੁਸਾਰ ਵਿਸਥਾਰ ਸਹਿਤ ਚਿਤਰਦਿਆਂ ਹੋਇਆਂ ਲੇਖ ਵੱਲੋਂ ਏਨੀ ਜਾਣਕਾਰੀ ਮੁਹਈਆ ਕੀਤੀ ਗਈ ਹੈ ਜੋ ਕਿਸੇ ਸੰਪੂਰਨ ਜੀਵਨੀ ਵਿਚਲੀ ਜਾਣਕਾਰੀ ਤੋਂ ਘੱਟ ਨਹੀਂ ਜਾਪਦੀ। ਸ਼ਖਸੀਅਤ ਦੇ ਸੰਪੂਰਨ ਝਲਕਾਰੇ ਦੇ ਨਾਲ ਉਸਦੇ ਪਿਛੋਕੜ ਵਿਚਲੀਆਂ ਪ੍ਰਭਾਵਕਾਰੀ ਘਟਨਾਵਾਂ ਬਾਰੇ ਵੀ ਚਰਚਾ ਹੈ। ਇਹਨਾਂ ਸਾਰੇ ਰੇਖਾ-ਚਿਤਰਾਂ ਨੂੰ ਪੜ੍ਹਦਿਆਂ ਪਾਠਕ ਕਿਧਰੇ ਵੀ ਅੱਕਦਾ ਜਾਂ ਥੱਕਦਾ ਨਹੀਂ। ਲਿਖਤ ਵਿਚ ਦਰਿਆ ਵਰਗੀ ਰਵਾਨੀ ਹੈ,ਲਹਿਰਾਂ ਜਿਵੇਂ ਵਾਰ ਵਾਰ ਕੰਢਿਆਂ ਤੋਂ ਵਾਪਸ ਪਰਤਦੀਆਂ ਹਨ,ਓਵੇਂ ਪੁਸਤਕ ਨੂੰ ਮੁੜ ਮੁੜ ਪੜ੍ਹਨ ਨੂੰ ਮਨ ਕਰਦਾ ਹੈ,ਕਿਉਂਕਿ ਹਰ ਸ਼ਖਸੀਅਤ ਆਪਣੇ ਬਾਰੇ ਪਾਠਕ ਦੀ ਉਤਸੁਕਤਾ ਨੂੰ ਉਭਾਰਦੀ ਹੈ। ਲੇਖਕ ਨੇ ਜਿਵੇਂ ਕਿਸੇ ਨੂੰ ਵੇਖਿਆ ਜਾਣਿਆ ਹੈ,ਹੂ-ਬ-ਹੂ ਉਵੇਂ ਹੀ ਚਿਤਰਿਆ ਹੈ,ਕਿਧਰੇ ਕੁਝ ਰਲਾਇਆ ਨਹੀਂ,ਹਾਂ ਹਰ ਸ਼ਖਸੀਅਤ ਨੂੰ ਤਰਾਸ਼ਕੇ ਪੇਸ਼ ਕਰਨ ਲਈ ਮਿਹਨਤ ਅਵੱਸ਼ ਕੀਤੀ ਹੈ। ਪੇਸ਼ ਹਰ ਤੱਥ ਦੀ ਗਵਾਹੀ ਦਿੱਤੀ ਗਈ ਹੈ। ਇਸ ਸਭ ਕੁਝ ਲਈ ਲਿਖਤ ਵਿਚ ਵਿਸਥਾਰ ਦੀ ਲੋੜ ਬਣੀ ਰਹਿੰਦੀ ਹੈ ਪਰ ਸ਼ਬਦ-ਚਿਤਰਾਂ ਵਿਚਲਾ ਇਹ ਵਿਸਥਾਰ ਕਿਧਰੇ ਵੀ ਰੜਕਦਾ ਨਹੀਂ। ਸ਼ਬਦ-ਚਿਤਰਾਂ ਵਿਚ ਵਿਸਤ੍ਰਿਤ ਜਾਣਕਾਰੀ ਮੁਹਈਆ ਕਰਨ ਦੇ ਸੰਬੰਧ ਵਿਚ ਐੱਸ.ਤਰਸੇਮ ਦੀ ਧਾਰਨਾ ਹੈ ਕਿ " ਸ਼ਬਦ-ਚਿਤਰ ਕਿਸੇ ਇਕ ਜਾਂ ਦੋ ਘਟਨਾਵਾਂ ਦਾ ਬਿਰਤਾਂਤ ਬਣਕੇ ਕਿਸੇ ਵਿਅਕਤੀ ਨਾਲ ਇਨਸਾਫ ਨਹੀਂ ਕਰ ਸਕਦਾ"। ਇਸ ਲਈ ਉਸਨੇ ਕਿਹਾ ਹੈ ਕਿ "ਵਿਅਕਤੀ ਦਾ ਪਿਛੋਕੜ,ਜੀਵਨ ਵੇਰਵਾ,ਅਕਲ,ਸ਼ਕਲ,ਸੁਭਾਅ,ਗੁਣਾਂ ਤੇ ਔਗੁਣਾਂ ਸਮੇਤ ਬਿਨਾਂ ਕਿਸੇ ਪੱਖਪਾਤ ਤੋਂ ਸ਼ਬਦਾਂ ਰਾਹੀਂ ਉਲੀਕਣ ਦਾ ਮੇਰਾ ਇਹ ਨਿਮਾਣਾ ਜਿਹਾ ਯਤਨ ਹੈ...ਮੇਰਾ ਯਤਨ ਰਿਹਾ ਹੈ ਕਿ ਯਥਾਯੋਗ ਪਿਆਰ ਸਤਿਕਾਰ ਅਤੇ ਹਮਦਰਦੀ ਤੇ ਸਾਹਿਤਕ ਸ਼ਾਲੀਨਤਾ ਨੂੰ ਮਨ ਮਸਤਕ ਵਿਚ ਸਦਾ ਵਸਾਈ ਰੱਖਾਂ ਤੇ ਹਰ ਲੇਖਕ ਸੰਬੰਧੀ ਜੋ ਕੁਝ ਵੀ ਮੈਨੂੰ ਪਤਾ ਹੈ,ਉਸਨੂੰ ਆਪਣੇ ਸ਼ਬਦ ਖਟੋਲੇ 'ਤੇ ਬਿਠਾਕੇ ਪਾਠਕਾਂ ਤਕ ਪੁਚਾ ਸਕਾਂ।"

ਸ਼ਬਦ-ਚਿਤਰਾਂ ਰਾਹੀਂ ਪੰਜਾਬੀ ਸਾਹਿਤ-ਜਗਤ ਦੀਆਂ ਉੱਘੀਆਂ ਸ਼ਖਸੀਅਤਾਂ ਨੂੰ ਰੂ-ਬ-ਰੂ ਕਰਦਿਆਂ ਡਾ. ਐੱਸ.ਤਰਸੇਮ ਨੇ ਆਪਣੀ ਮਿਹਨਤ,ਕਲਾ ਤੇ ਇਤਿਹਾਸਕ ਸੂਝ ਦੇ ਦਰਸ਼ਨ ਵੀ ਸਹਿਜ ਹੀ ਕਰਵਾ ਦਿੱਤੇ ਹਨ। ਆਸ ਕੀਤੀ ਜਾ ਸਕਦੀ ਹੈ ਕਿ ਪਾਠਕ ਐੱਸ.ਤਰਸੇਮ ਦੇ ਇਹਨਾਂ ਭਰ ਵਗਦੇ ਦਰਿਆਵਾਂ ਦੀ ਯਾਤਰਾ ਨੂੰ ਜ਼ਰੂਰ ਮਾਨਣਗੇ।

**-ਪੁਸ਼ਵਿੰਦਰ ਕੌਰ**

## ਪਾਟਦੀ ਧੁੱਪ (ਜ਼ੋਰਾ ਸਿੰਘ ਸੰਧੂ)

**"ਜ਼ੋਰਾ ਸਿੰਘ ਸੰਧੂ ਪਕਰੋੜ ਕਹਾਣੀਕਾਰ ਹੈ। ਉਹ ਸੱਠਵਿਆਂ ਤੋਂ ਲਗਾਤਾਰ ਲਿਖਦਾ ਰਿਹਾ ਹੈ ਅਤੇ ਉਸ ਸਮੇਂ ਦੇ ਸਾਰੇ ਅਹਿਮ ਰਸਾਲਿਆਂ 'ਚ ਛਪਦਾ ਰਿਹਾ ਹੈ," ਇਹ ਸ਼ਬਦ ਮਾਰਕਸੀ ਚਿੰਤਕ ਸੁਰਜੀਤ ਗਿੱਲ ਨੇ ਜ਼ੋਰਾ ਸਿੰਘ ਸੰਧੂ ਦੀ ਕਹਾਣੀ ਪੁਸਤਕ 'ਪਾਟਦੀ ਧੁੱਪ', (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 120, ਮੁੱਲ 140 ਰੁਪਏ) ਦੀ ਭੂਮਕਾਈ ਜਾਣ-ਪਛਾਣ 'ਜ਼ੋਰਾ ਸਿੰਘ ਸੰਧੂ ਦੀ**



ਕਲਾ-ਚੇਤਨਾ' ਦੇ ਪ੍ਰਥਮ ਵਾਕ ਵਜੋਂ ਅੰਕਤ ਕੀਤੇ ਹਨ। ਇਸ ਤੋਂ ਅੱਗੇ ਉਹ ਇਹ ਵੀ ਲਿਖਦਾ ਹੈ ਕਿ ਉਹ ਸਮਾਂ ਸੀ ਜਦੋਂ ਨਵੇਂ ਲੇਖਕ ਲਈ ਰਸਾਲੇ ਵਿਚ ਛਪਣਾ ਆਸਾਨ ਨਹੀਂ ਸੀ, ਪਰੰਤੂ ਜਿਹੜਾ ਲੇਖਕ ਲਗਾਤਾਰ ਛਪ ਜਾਂਦਾ, ਉਹ ਇਕ ਤਰ੍ਹਾਂ ਦਾ ਮਾਨਤਾ-ਪ੍ਰਾਪਤ ਲੇਖਕ ਬਣ ਜਾਂਦਾ । ਗਿੱਲ ਦੇ ਉਪਰੋਕਤ ਕਥਨ 'ਤੇ ਕਿੰਤੂ ਪਰੰਤੂ ਕਰਨ ਦੀ ਕੋਈ ਗੁੰਜਾਇਸ਼ ਨਹੀਂ। ਸੰਧੂ ਸੱਠਵਿਆਂ ਵਿਚ ਲਿਖਦਾ ਰਿਹਾ ਜਾਣਿਆ-ਪਛਾਣਿਆ ਲੇਖਕ ਸੀ ਅਤੇ ਕਈ ਵਰ੍ਹੇ ਚੁੱਪ ਰਹਿਣ ਪਿੱਛੋਂ ਉਹ ਨਵੀਂ ਸਦੀ ਦੇ ਸ਼ੁਰੂ ਹੋਣ ਨਾਲ ਮੁੜ ਕਹਾਣੀ ਲੇਖਕਾਂ ਦੀ ਉਸ ਜ਼ਿਕਰਯੋਗ ਪਾਲ ਦਾ ਹਮਜੋਲੀ ਬਣਦਾ ਦਿਸਦਾ ਹੈ ਜਿਹੜੇ ਕਹਾਣੀ-ਲਿਖਣ ਕਾਰਜ ਨੂੰ ਨਾ ਮਹਿਜ਼ ਮਨਪ੍ਰਚਾਵੇ ਦਾ ਸਾਧਨ ਸਮਝਦੇ ਹਨ, ਨਾ ਨਗਨ-ਚਿੱਤਰਾਂ ਜਾਂ ਕੋਕ-ਸ਼ਾਸਤਰੀ ਆਸਣਾਂ ਦੇ ਪ੍ਰਦਰਸ਼ਣ ਦਾ। ਸੰਧੂ ਸਮਕਾਲ ਦੀ ਲੋਫਰ ਕਿਸਮ ਦੀ ਕਲਮ ਘਸੀਟੀ ਜਾਂ ਸੱਭਿਆਚਾਰਕ ਵਿਗਾੜ ਲਈ ਕੰਮ ਕਰਦੇ ਕਾਰਪੋਰੇਟ ਸੈਕਟਰ ਦੇ ਤਨਖ਼ਾਹਦਾਰ ਏਜੰਟਾਂ ਦੀ ਭੂਮਿਕਾ ਨਿਭਾਉਂਦੇ, ਪੰਜਾਬੀ ਕਹਾਣੀ ਨੂੰ ਅੰਤਲੀ ਹੱਦ ਤਕ ਗੰਧਲਾ ਕਰਨ ਵਾਲੇ ਰੁਝਾਨਾਂ ਦਾ ਵੀ ਵਿਰੋਧੀ ਹੋਣ ਦਾ ਦਮ ਭਰਦਾ ਹੈ। ਉਹ ਸਮਾਜਕ ਤਬਦੀਲੀ ਲਈ ਸਾਹਿਤ ਦੇ ਬਣਦੇ-ਸਰਦੇ ਯੋਗਦਾਨ ਦਾ ਅਨੁਸਾਰੀ ਹੋਣ ਦਾ ਦਮ ਭਰਦਾ, ਸਾਹਿਤ ਨੂੰ ਬਹੁਤੇ ਤਿੱਖੇ ਹਥਿਆਰ ਵਜੋਂ ਵੀ ਮਾਨਤਾ ਨਹੀਂ ਦਿੰਦਾ ਅਤੇ ਨਾ ਹੀ ਇਸ ਦੀ ਅਹਿਮੀਅਤ ਨੂੰ ਕਿਸੇ ਪੱਖੋਂ ਘਟਾ ਕੇ ਵੇਖਦਾ ਹੈ। ਇਹ ਤੱਥ ਉਸ ਦੀਆਂ ਬੀਤੇ ਦਿਨਾਂ ਵਿਚ ਪੰਜਾਬੀ ਦੇ ਸਿਰਕੱਢ ਪਰਚਿਆਂ ਵਿਚ ਛਪੀਆਂ 'ਰੱਸਾ', 'ਬਿਗਾਨਾ ਘਰ', 'ਰਿਜ਼ਕ' ਆਦਿ ਕਹਾਣੀਆਂ ਦੇ ਵਿਸ਼ਾ-ਵਸਤੂ ਤੇ ਉਸ ਦੇ ਨਿਭਾਅ ਨੂੰ ਜਾਂਚਦਿਆਂ-ਪਰਖਦਿਆਂ ਸੌਖਿਆਂ ਹੀ ਪਾਠਕਾਂ ਸਾਹਮਣੇ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ। ਪਰ ਵਿਚਾਰ-ਅਧੀਨ ਪੁਸਤਕ 'ਪਾਟਦੀ ਧੁੱਪ' ਵਿਚ ਉਹ ਸਾਹਿਤ ਦੇ ਸਮਾਜਕ ਰੋਲ ਬਾਰੇ ਸੁਚੇਤ ਹੁੰਦਾ ਹੋਇਆ ਵੀ ਇਸ ਦੀ ਕਾਰਗਰਦਗੀ ਦੀ ਉਵੇਂ ਦੀ ਕਲਾਤਮਕ ਪੇਸ਼ਕਾਰੀ ਨਹੀਂ ਕਰ ਸਕਿਆ ਜਿਵੇਂ ਦੀ ਸੱਠਵਿਆਂ ਦੇ ਹੋਰਨਾਂ ਕਈ ਸਾਰੇ ਕਲਮਕਾਰਾਂ ਨੇ ਕਰ ਵਿਖਾਈ ਸੀ ।

ਤਾਂ ਵੀ, ਇਹਨਾਂ ਕਹਾਣੀਆਂ ਦਾ ਇਕ ਵਿਸ਼ੇਸ਼ ਤਰ੍ਹਾਂ ਦਾ ਸਾਹਿਤਕ ਤੇ ਇਤਿਹਾਸਕ ਮੁੱਲ ਹੈ। ਇਸ ਮੁੱਲ-ਵਿਧਾਨ ਨੂੰ ਵੀਹਵੀਂ ਸਦੀ ਦੇ ਅੱਧ ਵਿਚਕਾਰ ਜਿਹੇ ਆਜ਼ਾਦ ਹੋਏ ਭਾਰਤ ਦੇ ਜਨਸਮੂਹ ਵੱਲੋਂ ਅਤੇ ਮਰਜੀਵੜੇ ਦੇਸ਼-ਭਗਤਾਂ ਵੱਲੋਂ ਆਜ਼ਾਦੀ ਤੋਂ ਪਹਿਲੋਂ ਉਣੇ ਗਏ ਸੁਪਨਿਆਂ ਦੇ ਤਾਰ-ਤਾਰ ਹੁੰਦੇ ਦਿਸਣ ਅਤੇ ਦੇਸ਼ ਦੀ ਸਿਆਸੀ-ਸਮਾਜੀ ਤੋਰ ਅੰਦਰ ਦਖ਼ਲ-ਅੰਦਾਜ਼ ਹੋਏ ਅੰਤਾਂ ਦੇ ਵਿਗਾੜ ਕਾਰਨ ਉੱਠੇ ਸਮੂਹਕ ਵਿਰੋਧ ਨੂੰ ਪਿੱਠ-ਭੂਮੀ 'ਚ ਰੱਖ ਕੇ ਵਾਚਿਆ ਜਾਣਾ ਚਾਹੀਦਾ ਹੈ। ਤਾਂ ਹੀ ਇਹਨਾਂ ਕਹਾਣੀਆਂ ਦੀ ਸਾਧਾਰਨਤਾ ਤੇ ਸਰਲਤਾ ਅੰਦਰ ਲੁਕਵੇਂ-ਲੁਕਵੇਂ ਵਿਸ਼ੇਸ਼ ਅਰਥਾਂ ਦੀ ਪੈਰਵੀ ਕੀਤੀ ਜਾ ਸਕੇਗੀ।

ਇਸ ਪੁਸਤਕ ਅੰਦਰ ਦਰਜ ਪਹਿਲੀ ਕਹਾਣੀ 'ਕਣਕ ਦੇ ਦਾਣੇ ਤੇ ਖ਼ੂਨ ਦੇ ਟੇਪੇ' ਇਕ ਬਹੁਤ ਹੀ ਮਿਹਨਤੀ ਕਿਸਾਨੀ ਘਰ ਦੀ ਕਹਾਣੀ ਹੈ। ਜੋ ਕਈ ਸਾਰੇ ਕਿੱਲੇ ਭੋਏਂ ਠੇਕੇ 'ਤੇ ਵਾਹ ਕੇ ਵੀ ਆਪਣੇ ਘਰ ਨੂੰ ਸਹੀ ਸਲਾਮਤ ਨਹੀਂ ਰੱਖ ਸਕਿਆ । ਘਰ ਦੇ ਤਿੰਨਾਂ ਬੱਚਿਆ ਵਿਚੋਂ ਵੱਡਾ ਪੁੱਤਰ, ਛੋਟੇ ਭਰਾ ਨੂੰ ਇੰਜਨੀਅਰ ਬਣਾਉਣ ਤੇ ਉਸਤੋਂ ਛੋਟੀ ਭੈਣ ਨੂੰ ਹੋਰ ਵੱਡੀ ਪੜ੍ਹਾਈ ਕਰਵਾਉਣ ਤਕ ਦੀ ਸੱਧਰ ਵੀ ਪੂਰੀ ਨਹੀਂ ਕਰ ਪਾਉਂਦਾ । ਉਹ ਬੀਮਾਰ ਪਏ ਪਿਉ ਲਈ ਦੁਆਈ ਵੀ ਨਹੀਂ ਖ਼ਰੀਦ ਸਕਦਾ। ਉਸ ਨੂੰ ਮਜਬੂਰੀਆਂ ਵਿਚ ਘਿਰੇ ਨੂੰ ਦੇਖਕੇ ਉਸਦੇ ਚਾਚੇ ਦਾ ਪੁੱਤਰ ਭਰਾ ਉਸਨੂੰ ਦੇਸੀ ਦਾ ਰੂਪੀ ਕੇ ਸਭ ਦੁੱਖ-ਕਸ਼ਟ ਭੁੱਲ ਜਾਣ ਦੀ ਸਲਾਹ ਦਿੰਦਾ ਹੈ। ਪਰ ਸਾਹਿਤਕ ਰੁਚੀਆਂ ਵਾਲਾ ਮੈਂ ਪਾਤਰ ਇਸ ਭਾਂਜਵਾਦੀ ਸੁਝਾਅ ਨੂੰ ਸਵੀਕਾਰ ਨਾ ਕਰਦਾ ਹੋਇਆ, ਹਾਲਾਤ ਦਾ ਸਾਹਮਣਾ ਕਰਨ ਦੀ ਬਚਨ-ਬੱਧਤਾ ਦੁਹਰਾਉਂਦਾ, ਸੁਤੇ-ਸਿੱਧ ਹੀ ਇਕ ਸੁਚੇਤ ਕਾਰਜ ਨੂੰ ਨੇਪਰੇ ਚਾੜ੍ਹ ਦਿੰਦਾ ਹੈ।

ਪੁਸਤਕ ਦੇ ਸਿਰਲੇਖ ਨਾਲ ਸੰਬੰਧਤ ਕਹਾਣੀ 'ਪਾਟਦੀ ਧੁੱਪ-ਟਹਿਕਦਾ ਫੁੱਲ' ਪਿੰਡਾਂ ਅੰਦਰਲੇ ਵੱਡੇ ਸਰਦਾਰਾਂ ਵੱਲੋਂ ਮੁਜਾਰਿਆਂ ਦੇ ਏਕੇ ਨੂੰ ਤੋੜਨ ਲਈ ਵਰਤੀਆਂ ਜਾਂਦੀਆਂ ਤਰਕੀਬਾਂ

ਦਾ ਜ਼ਿਕਰ ਛੋਂਹਦੀ ਹੈ। ਮੁਜਾਰਿਆਂ ਦੇ ਸਿਰਕੱਢ ਆਗੂਆਂ ਨੂੰ ਮਰਵਾਉਣ, ਉਹਨਾਂ ਦੀਆਂ ਧੀਆਂ-ਭੈਣਾਂ ਦੀ ਖੋਹ-ਖਿੰਝ ਕਰਨ ਦੀਆਂ ਘਿਨਾਉਣੀਆਂ ਹਰਕਤਾਂ ਤਕ ਨੀਵੇਂ ਨਿੱਘਰੇ ਭੂਮੀਂਗਰ ਇਸ ਕਹਾਣੀ ਦੀ ਇਕ ਧਿਰ ਹਨ। ਦੂਜੀ ਧਿਰ ਵਜੋਂ, ਚਾਚੇ ਜਗਤੂ ਦੀ ਧੀ ਨਾਲ ਹੋਣ ਲੱਗੀ ਵਧੀਕੀ ਤੋਂ ਉਸਨੂੰ ਬਚਦਾ ਕਰਨ ਲਈ ਪਿੰਡ ਦੀ ਨੌਜਵਾਨ ਪੀੜ੍ਹੀ ਵੀ ਉਜਾਗਰ ਹੋਈ ਹੈ। 'ਇਕ ਕੁੜੀ-ਇਕ ਖ਼ੂਨ' ਨਾਮੀਂ ਕਹਾਣੀ ਨਾ-ਮਿਲਵਰਤਣ ਲਹਿਰ ਵੇਲੇ ਦੇ ਇਕ ਟਰੇਂਡ ਅਧਿਆਪਕ ਦੀ ਕੁਰਬਾਨੀ ਦੀ ਬਾਤ ਪਾਉਂਦੀ ਹੈ, ਜਿਸ ਨੇ ਅੰਗਰੇਜ਼ੀ ਰਾਜ ਵੇਲੇ ਤਾਂ ਸਰਕਾਰੀ ਨੌਕਰੀ ਨੂੰ ਵੀ ਲੱਤ ਮਾਰ ਦਿੱਤੀ ਸੀ, ਪਰ ਆਜ਼ਾਦ ਗਿਣੇ ਜਾਂਦੇ ਭਾਰਤ ਦੇਸ਼ ਵਿਚ ਉਸ ਨੂੰ ਧੀਆਂ-ਪੁੱਤਰਾਂ ਨੂੰ ਪੜ੍ਹਾਉਣ ਲਈ, ਮਾਮੂਲੀ ਜਿਹੀ ਤਨਖ਼ਾਹ 'ਤੇ ਕੰਮ ਕਰਦਾ ਰਹਿਣ ਲਈ ਵੀ ਇਕ ਪ੍ਰਾਈਵੇਟ ਸਕੂਲ ਦੇ ਪ੍ਰਬੰਧਕਾਂ ਦੇ ਤਰਲੇ-ਮਿੰਨਤਾਂ ਕਰਨੇ ਪੈ ਰਹੇ ਹਨ। ਇਸ ਕਹਾਣੀ ਦਾ ਇਕ ਹੋਰ ਉੱਭਰਵਾਂ ਪਹਿਲੂ ਅੱਜੋਕੇ ਭਾਰਤ ਦੀ ਆਪ-ਹੁਦਰੀ ਪੁਲੀਸ ਦੀ ਕਾਰਗਰਦਗੀ ਨਾਲ ਵੀ ਜੁੜਦਾ ਹੈ ਜਿਸਦੇ ਇਕ ਜ਼ੁੰਮੇਂਵਾਰ ਅਹੁਦੇਦਾਰ ਨੇ ਜਿਨਸੀ-ਸੰਬੰਧਾਂ ਦੀ ਪੂਰਤੀ ਲਈ ਖੁੰਡਾ ਸਿੰਘ ਨਾਮੀਂ ਦੇਸ਼-ਭਗਤ ਅਧਿਆਪਕ ਦਾ ਕਤਲ ਕਰਵਾਉਣ ਤਕ ਦਾ ਕਾਰਨਾਮਾ ਕਰਕੇ, ਇਸ ਦੋਸ਼ ਨੂੰ ਉਸਦੇ ਹੀ ਪੁੱਤਰ ਸਿਰ ਮੜ੍ਹਦਾ ਕਰਕੇ, ਜਨ-ਸਾਧਾਰਨ ਦਾ ਰਖਵਾਲਾ ਹੋਣ ਦੀ ਧਾਰਨਾ ਨੂੰ ਮਹਾਂ-ਕਲੰਕਤ ਵੀ ਕੀਤਾ ਹੈ ਅਤੇ ਹੋਣਹਾਰ ਗੱਭਰੂਆਂ ਦੇ ਰਾਹਾਂ ਵਿਚ ਰੋੜੇ-ਕੰਡੇ ਖ਼ਿਲਾਰਨ ਦਾ ਪਾਪ ਵੀ ਸਹੇੜਿਆ ਹੈ।

'ਫ਼ਲਾਦ ਪਿਘਲ ਗਿਆ', 'ਗੁਲਾਬ ਖਿੜ ਪਿਆ', 'ਉਹ ਦਿਨ-ਆਹ ਦਿਨ', 'ਮੰਗ' ਆਦਿ ਕਹਾਣੀਆਂ ਵੱਖਰੇ ਧਰਾਤਲਾਂ 'ਤੇ ਉਸਰੀਆਂ ਪਿੰਡਾਂ ਅੰਦਰ ਨਿੱਜੀ ਦੋਸਤੀਆਂ-ਦੁਸ਼ਮਣੀਆਂ, ਕਿਸ਼ੋਰ ਉਮਰਾਂ ਵੱਲ ਨੂੰ ਵਧਦੇ ਬਾਲਾਂ ਅੰਦਰੋਂ ਬਾਲਪਨ ਵੇਲੇ ਦੀ ਗੁੰਮ ਹੁੰਦੀ ਜਾਂਦੀ ਚੰਚਲਤਾ, ਜੁਆਨ-ਉਮਰੀ ਚਾਹਤਾਂ, ਇਕ ਦੂਜੇ ਲਈ ਮਰ-ਮਿਟਣ ਦੇ ਰਾਹਾਂ ਵਿਚ ਅੱੜਿਕੇ ਬਣਦੀ ਆਰਥਿਕਤਾ ਜਾਂ ਪਿਆਰ-ਸੰਬੰਧ ਵਿਚ ਬੱਝੇ ਜੋੜਿਆਂ ਨੂੰ ਵਿਆਹ-ਬੰਧਨ ਤਕ ਪੁੱਜਣ ਲਈ ਆਉਂਦੀਆਂ ਦੁਸ਼ਵਾਰੀਆਂ ਦੂਰ ਕਰਨ ਲਈ ਨੇਕ-ਭਾਵੀ ਉਪਰਾਲਿਆਂ ਦਾ ਜ਼ਿਕਰ ਛੋਂਹਦੀਆਂ ਮਨੁੱਖ ਦੇ ਚੰਗੇਰੇ ਭਵਿੱਖ਼ ਦੀ ਕਾਮਨਾ ਕਰਦੀਆਂ ਹਨ। 'ਅੰਮਾਂ' ਨਾਮੀਂ ਕਹਾਣੀ ਵਿਚਲੀ ਸ਼ਾਮੋ, ਇੰਦਰ ਵਰਗੇ ਬੁੱਢੇ ਬਾਬੇ ਦਾ ਬੇਜੋੜ ਬਣੀ, ਜੀਵਨ ਦੀ ਹਰ ਇਕ ਖੁਸ਼ੀ ਤੋਂ ਵਾਂਝੀ ਹੋਈ, ਆਪਣੇ ਹਾਣ-ਪ੍ਰਵਾਣ ਦੀ ਲੋਚਾ ਕਰਦੀ, ਲਾਚਾਰਗੀ ਦੇ ਆਲਮ ਵਿਚ ਆਪਣੇ ਹੋਸ਼-ਹਵਾਸ ਗਵਾਉਣ ਤਕ ਦੀ ਹਾਲਤ ਵਿਚ ਪੁੱਜ ਜਾਂਦੀ ਹੈ। 'ਸਾਜ਼ਿਸ਼' ਪਿੰਡਾਂ ਦੇ ਕਿਸਾਨੀ ਘਰਾਂ ਦੀ ਈਰਖਾਬਾਜ਼ੀ ਕਾਰਨ ਸੰਤ ਨਾਮੀਂ ਨੌਜਵਾਨ ਦੇ ਹੋ ਰਹੇ ਵਿਆਹ ਵਿਚ ਅੜਿੱਕਾ ਬਣਨ ਦੀ ਕਥਾ ਛੋਂਹਦੀ ਹੈ। ਇਉਂ ਹੀ 'ਰਿਜ਼ਕ' ਕਹਾਣੀ ਖੇਤੀ ਕਾਮਿਆਂ ਅੰਦਰ, ਕਿਸਾਨੀ ਘਰਾਂ ਦੇ ਸੀਰੀ ਬਣਨ ਵਿਚ ਇਕ ਦੂਜੇ ਨੂੰ ਪਛਾੜ ਕੇ ਅੱਗੇ ਲੰਘਣ ਦਾ ਵਰਨਣ ਕਰਦੀ ਵੀ ਮਨੁੱਖੀ ਹਮਦਰਦੀ ਦੇ ਉਸ ਤੱਤ ਦਾ ਪੱਲਾ ਨਹੀਂ ਛੱਡਦੀ, ਜਿਹੜਾ ਤੱਤ ਜ਼ੋਰਾ ਸਿੰਘ ਸੰਧੂ ਦੀਆਂ ਇਸ ਪੁਸਤਕ ਦੀਆਂ 'ਚੰਨ ਨਾ ਚੜ੍ਹੇ', 'ਦਾਹੜੀ ਨੂੰ ਖ਼ਤਰਾ', 'ਪਹਿਲੀ ਦੰਦੀ', 'ਪੋਹ ਦੀ ਰਾਤ', 'ਆਲਣ', 'ਅਸੀਸ', 'ਸੁਪਨੇ ਮਹਿਕਾਂ ਕੈਦ ਨਾ ਹੁੰਦੇ' ਅਤੇ 'ਬਚਨ' ਨਾਮੀਂ ਕਹਾਣੀਆਂ ਅੰਦਰ ਥਾਂ ਪੁਰ ਥਾਂ ਅੰਕਤ ਹੋਇਆ ਲੱਭਦਾ ਹੈ।

ਇਸ ਪੁਸਤਕ ਅੰਦਰਲਾ ਇਹ ਤੱਤ ਹੀ ਇਹਨਾਂ ਕਹਾਣੀਆਂ ਦੇ ਸਾਹਿਤਕ ਤੇ ਇਤਿਹਾਸਕ ਮੁੱਲ ਦੀ ਗਵਾਹੀ ਬਣਨ ਦਾ ਆਧਾਰ ਵੀ ਬਣਦਾ ਹੈ ਅਤੇ ਜ਼ੋਰਾ ਸਿੰਘ ਸੰਧੂ ਦੀ ਉਸ ਸਮਾਜਕ ਅਤੇ ਜਮਾਤੀ ਸੂਝ ਦੀ ਪਛਾਣ ਵੀ ਕਰਵਾਉਂਦਾ ਹੈ, ਜਿਹੜੀ ਉਸਨੂੰ ਸਮਾਜਕ ਸਰੋਕਾਰਾਂ ਤੋਂ ਸੱਖਣੇ, ਨਿੱਜਵਾਦੀ, ਅਪਣੀ ਹੀ ਅੰਤਰਮੁਖਤਾ ਵਿਚ ਗ੍ਰੱਸੇ ਕਹਾਣੀ ਲੇਖਕਾਂ ਤੋਂ ਵਖਰਿਆ ਕੇ ਲੋਕ-ਹਿਤਾਂ ਲਈ ਕਰਮਸ਼ੀਲ ਲੇਖਕਾਂ ਦੀ ਢਾਣੀ ਨਾਲ ਜੋੜਦਾ ਹੈ।

**-ਲਾਲ ਸਿੰਘ**





ਪਿਆਰੇ ਡਾ. ਰਘਬੀਰ ਸਿੰਘ ਜੀ,

ਸਿਰਜਣਾ-155 ਨੂੰ ਵਾਚਦਿਆਂ ਸੋਚ ਰਿਹਾ ਹਾਂ ਕਿ:

00 ਮਦਨ ਵੀਰਾ ਦੀਆਂ ਰਿਦਮਿਕ,ਰਸਮਈ ਕਵਿਤਾਵਾਂ - 'ਲੋਕ ਰਾਜ ਦੇ ਦ੍ਰਿਸ਼','ਸ਼ਬਦਾਂ ਦੇ ਰੋੜ ਤੇ ਰੜਕ'ਅਤੇ 'ਅੱਗ ਦਾ ਵਰਦਾਨ' - ਜੀਵਨ ਦਾ ਕੌੜਾ ਸੱਚ ਪੇਸ਼ ਕਰ ਰਹੀਆਂ ਹਨ; ਲੋਕ ਰਾਜ ਦਾ ਘਿਨਾਉਣਾ ਚਿਹਰਾ-ਮੋਹਰਾ ਉਲੀਕ ਗਈਆਂ ਹਨ। ਸਭ ਹਕੀਕਤ ਹੈ।

00 ਸ਼ਸ਼ੀ ਸਮੁੰਦਰਾ ਦੀ ਗਦ-ਕਾਵਿ - ਆਪਣੇ ਨਾਨਕੇ ਦੇਸ਼ ਵਿਚ - ਸਾਡੇ ਸੁਹਣੇ ਦੇਸ਼ ਦੇ ਕੁਹਜੇ ਲੋਕਾਂ ਦੇ ਨਕਸ਼ ਉਘਾੜਨ ਵਿਚ ਕਮਾਲ ਕਰ ਗਈ ਏ। ਸਭ ਸੱਚ ਏ।

00 ਨੂਰ ਸੰਤੋਖਪੁਰੀ ਦੀਆਂ ਪਾਏਦਾਰ ਕਵਿਤਾਵਾਂ - 'ਬਾਜ਼ਾਰ ਦੀ ਹੈਸੀਅਤ','ਅੱਜ ਦੀ ਤਾਜ਼ਾ ਕਵਿਤਾ' ਅਤੇ 'ਜਮਹੂਰੀਅਤ ਦਾ ਜਮੂਰਾ' - ਸਾਡੀ ਸਿਆਸੀ ਤੇ ਸਮਾਜੀ ਕੁਹਜੀ ਜੀਵਨ ਸ਼ੈਲੀ ਦਾ ਸਫਲ ਚਿਤਰਨ,ਕਮਾਲ ਕਰ ਗਿਆ ਹੈ।

00 'ਭਗਤ ਸਿੰਘ,ਭਾਰਤ,ਭਤੀਜ ਤੇ ਮੈਂ '- ਮੇਜਰ ਮਾਂਗਟ ਦੀ ਲੰਮੀ ਦੁਖਦ ਵਾਰਤਾ ਆਪਣੇ ਭਾਰਤੀ ਅਥਵਾ ਪੰਜਾਬੀ ਲੋਕਾਂ ਦੀ ਜਨ-ਮਾਨਸਿਕਤਾ ਦੀ ਕੁਹਜੀ ਤਸਵੀਰ ਖਿੱਚਣ ਦਾ ਕਮਾਲ ਕਰ ਗਈ ਹੈ।

00 ਗੁਰਸੇਵਕ ਸਿੰਘ ਪ੍ਰੀਤ ਦੀ ਕਹਾਣੀ - 'ਅਗਨ ਕਥਾ ਜਾਰੀ ਹੈ' - ਇਕ ਨਿਪੁੰਸਕ ਨਾਲ ਵਿਆਹੀ ਗਈ ਕੁੜੀ ਦੀ ਪੀੜ ਬਹੁਤ ਵੱਡਾ ਵਿਗਿਆਨਕ ਸੱਚ ਹੈ। ਜੀਵਨ ਦਾ ਇਹ ਅਤਿ ਦੁਖਦਾਈ ਤੇ ਘਿਰਣਤ ਪੰਨਾ ਪਾਠਕ ਨੂੰ ਵੀ ਪੀੜੋ ਪੀੜ ਕਰ ਜਾਂਦਾ ਹੈ। ਉਂਝ ਫਰਾਇਡਵਾਦ ਦੇ ਨਾਂ 'ਤੇ ਅਸੀਂ ਕਾਮ ਉਤੇਜਕ ਤੇ ਗਾਲੀ ਗਲੋਚ ਵਾਲੀ ਭਾਸ਼ਾ ਸ਼ੈਲੀ ਵਰਤਣ ਵਿਚ ਵੀ ,ਸ਼ਾਇਦ ਵੱਡਾ ਯਥਾਰਥ ਵਰਨਣ ਕਰਨਾ,ਮਹਾਨ ਕਲਾ ਸਮਝਦੇ ਹਾਂ।

ਇਹ ਸਭ ਕੁਝ ਪੜ੍ਹਕੇ ਮੈਂ ਇਹ ਵੀ ਸੋਚ ਰਿਹਾ ਹਾਂ ਕਿ:

ਯਥਾਰਥਵਾਦ ਦੇ ਨਾਂ 'ਤੇ ਜਿਹੜਾ ਕੁਹਜ ਅਸ਼ੀਂ ਪਾਠਕਾਂ ਲਈ ਪਰੋਸਦੇ ਹਾਂ, ਕੀ ਉਹ ਸਾਨੂੰ ਸੁਧਰਨ ਦੀ ਕੋਈ ਪ੍ਰੇਰਣਾ ਦੇਂਦਾ ਵੀ ਹੈ? ਕੀ ਹੁਣ ਤਕ ਇਹਨੇ ਸਾਡੇ ਸਮਾਜ ਦਾ ਕੁਝ ਸੁਧਾਰਿਆ ਵੀ ਹੈ? ਹਾਲੇ ਤਕ ਤਾਂ ਅਜਿਹਾ ਕੁਝ ਵੀ ਵੇਖਣ ਨੂੰ ਨਹੀਂ ਮਿਲਦਾ। ਫੇਰ ਅਸੀਂ ਜੀਵਨ ਦਾ ਅਜਿਹਾ ਹਨੇਰਾ ਪੱਖ ਹੀ ਕਿਉਂ ਸਾਹਿਤ ਦਾ ਵਿਸ਼ਾ ਬਣਾਉਂਦੇ ਹਾਂ? ਸੁਆਲ ਥੋੜ੍ਹਾ ਜਿਹਾ ਅਜੀਬ ਹੈ।

ਮੈਂ ਇਉਂ ਵੀ ਸੋਚ ਰਿਹਾ ਹਾਂ ਕਿ:

ਦਰਸ਼ਨ ਸਿੰਘ ਦੁਆਰਾ ਗੁਲਜ਼ਾਰ ਸਿੰਘ ਸੰਧੂ ਬਾਰੇ 'ਪੁਹਤਾ ਪਾਂਧੀ' ਦੇ ਰੂਪ ਵਿਚ ਜੋ ਨਾਵਲੀ ਇਤਿਹਾਸ ਜਾਂ ਇਤਿਹਾਸਕ ਵਰਗਾ ਸੁਆਦ ਦੇਣ ਵਾਲਾ ਲੇਖ ਲਿਖਿਆ ਗਿਆ ਹੈ - ਜੀਵਨ ਦਾ ਰੌਸ਼ਨ ਪੱਖ ਪੇਸ਼ ਕਰਦਾ ਹੋਇਆ ਪਾਠਕ ਨੂੰ ਵੀ ਚੰਗੇ ਤੋਂ ਚੰਗੇਰਾ ਬਣਨ ਦੀ ਪ੍ਰੇਰਣਾ ਦਿੰਦਾ ਹੈ। ਅਤੇ ਸੰਪਾਦਕੀ - 'ਸੁਜਾਨ ਸਿੰਘ ਨੂੰ ਯਾਦ ਕਰਦਿਆਂ' - ਇਕ ਸੁੱਚੇ ਇਨਸਾਨ ਦੀ ਸੱਚੀ ਮੂਰਤ,ਵੀ ਸਾਨੂੰ ਸੁਹਣਾ ਜੀਵਨ ਜਿਉਣ ਲਈ ਪ੍ਰੇਰਦੀ ਹੈ। ਤੇ ਫੇਰ ਅਜਿਹਾ ਰੌਸ਼ਨ ਪੱਖੀ,ਸ਼ਾਂਤ ਰਸੀ ਸਾਹਿਤ ਰਚਣ ਵੱਲ ਅਸੀਂ ਕਿਉਂ ਨਾ ਮੋੜਾ ਕੱਟੀਏ! **{ਧਿਆਨ ਸਿੰਘ ਸ਼ਾਹ ਸਿਕੰਦਰ, ਦੀਨਾ ਨਗਰ}**

ਸਿਰਜਣਾ-155 ਦੀਆਂ ਸਮੁੱਚੀਆਂ ਰਚਨਾਵਾਂ ਇਕ ਤੋਂ ਇਕ ਵੱਧ ਸਨ। ਦਰਸ਼ਨ ਸਿੰਘ ਨੇ ਗੁਲਜ਼ਾਰ ਸਿੰਘ ਬਾਰੇ ਕਮਾਲ ਦਾ ਲੇਖ ਲਿਖਿਆ ਹੈ। ਇਹ ਲੇਖ ਪੜ੍ਹਕੇ ਸੁਆਦ ਆ ਗਿਆ। ਸੰਧੂ ਸਾਹਬ ਬਾਰੇ ਬੜੀਆਂ ਨਵੀਆਂ ਗੱਲਾਂ ਦਾ ਪਤਾ ਲੱਗਾ,ਜਿਵੇਂ ਸੰਧੂ ਸਾਹਿਬ ਨੂੰ ਹੁਣ ਹੀ ਚੱਜ ਨਾਲ ਜਾਨਣ ਲੱਗਾ ਹੋਵਾਂ। ਕਹਾਣੀ 'ਭਗਤ ਸਿੰਘ,ਭਾਰਤ,ਭਤੀਜ ਤੇ ਮੈਂ' ਵਿਚ ਮੇਜਰ ਮਾਂਗਟ ਨੇ ਸ਼ਹੀਦ ਭਗਤ ਸਿੰਘ ਨੂੰ ਕੇਂਦਰ-ਬਿੰਦੂ ਬਣਾਉਂਦਿਆਂ ਸਾਡੇ ਆਲੇ ਦੁਆਲੇ ਦੇ ਖਲਜਗਣ,ਰੋਲ ਘਚੋਲੇ ਤੇ ਘਟੀਆ ਤਾਣੇ ਬਾਣੇ ਦੀ ਚੰਗੀ ਕਲਾਤਮਕ ਤਸਵੀਰ ਖਿੱਚੀ ਹੈ। ਕਹਾਣੀਕਾਰ ਵਧਾਈ ਦਾ ਹੱਕਦਾਰ ਹੈ। 'ਅਗਨ ਕਥਾ ਜਾਰੀ ਹੈ' ਵਿਚ ਗੁਰਸੇਵਕ ਸਿੰਘ ਪ੍ਰੀਤ ਨੇ ਵੀ ਔਰਤ ਉੱਤੇ ਹੁੰਦੇ ਜ਼ੁਲਮਾਂ ਲਈ ਔਰਤ ਨੂੰ ਹੀ ਜ਼ਿੰਮੇਵਾਰ ਠਹਿਰਾਉਂਦਿਆਂ ਸਾਡੇ ਸਮਾਜ ਦੀ ਮਾੜੀ ਸੋਚ ਦੀਆਂ ਤਹਿਆਂ

ਫਰੋਲੀਆਂ ਹਨ। 'ਸੁਹਾਵਣਾ ਸਫਰ' ਦੇ ਬਲਜੀਤ ਸਿੰਘ ਬਾਸੀ ਨੇ ਵੱਖ ਵੱਖ ਉਮਰਾਂ ਦੇ ਪਰਿਵਾਰਕ ਮੈਂਬਰਾਂ ਦੇ ਸਾਂਝੇ ਸਫਰ ਦੀ ਅਨੋਖੀ ਦਾਸਤਾਨ ਬਣਾਈ ਹੈ। ਇਹ ਪੀੜ੍ਹੀਆਂ ਦਾ ਪਾੜਾ ਹੈ ਜੋ ਭਾਰਤ ਵਿਚ ਹੀ ਨਹੀਂ ਅਮਰੀਕਾ ਕੈਨੇਡਾ ਆਦਿ ਸਭ ਥਾਈਂ ਮੌਜੂਦ ਹੈ। ਵੱਖ ਵੱਖ ਸੋਚਾਂ ਤੇ ਵੱਖ ਵੱਖ ਲੋਚਾ ਦੀਆਂ ਗੱਲਾਂ ਹਨ ਜੋ ਆਮ ਤੌਰ 'ਤੇ ਇਕ ਢਾਂਚੇ ਵਿਚ ਫਿੱਟ ਨਹੀਂ ਹੋ ਸਕਦੀਆਂ। ਤਿੰਨਾਂ ਹੀ ਕਹਾਣੀਆਂ ਦੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਧੀਆ ਬਣਾਉਣ ਲਈ ਜਿਵੇਂ ਸਾਰੇ ਤੀਰ ਵਰਤ ਦਿੱਤੇ ਹੋਣ। ਸ਼ਸ਼ੀ ਸਮੁੰਦਰਾ ਦੀ ਕਵਿਤਾ 'ਨਾਨਕਾ ਦੇਸ਼' ਸਾਡੇ ਸਮਾਜਚਾਰੇ ਉੱਤੇ ਨਵੀਂ ਪੀੜ੍ਹੀ ਦੇ ਪਰਵਾਸੀਆਂ ਦੀਆਂ ਅੱਖਾਂ ਰਾਹੀਂ ਚੰਗੀ ਝਾਤ ਪਾਉਂਦੀ ਹੈ। ਮਿੱਤਰ ਨੂਰ ਸੰਤੋਖਪੁਰੀ ਦੀਆਂ ਨਜ਼ਮਾਂ ਵੇਖਕੇ ਵੀ ਪ੍ਰਸੰਨਤਾ ਹੋਈ। **{ਡਾ. ਕਰਮਜੀਤ ਸਿੰਘ ਨਡਾਲਾ, ਨਡਾਲਾ-ਕਪੂਰਥਲਾ}**

ਸਿਰਜਣਾ-154 ਵਿਚ ਰਣਜੀਤ ਸਿੰਘ ਭਿੰਡਰ ਦੀ ਕਹਾਣੀ 'ਜੀਵਨ ਦਾਨ' ਅਤੇ ਜ਼ੋਰਾ ਸਿੰਘ ਸੰਧੂ ਦੀ ਕਹਾਣੀ 'ਬਿਗਾਨਾ ਘਰ' ਬਹੁਤ ਵਧੀਆ ਕਹਾਣੀਆਂ ਲੱਗੀਆਂ। ਦੋਵੇਂ ਕਹਾਣੀਆਂ ਨਾਰੀ ਦੀ ਵਿਸ਼ਾਲ ਦ੍ਰਿਸ਼ਟੀ ਦੇ ਵੱਖ ਵੱਖ ਰੂਪਾਂ ਨੂੰ ਦਰਸਾਉਂਦੀਆਂ ਹਨ। ਕਹਾਣੀ 'ਜੀਵਨ ਦਾਨ' ਵਿਚ ਜ਼ਿੰਦਗੀ ਦੀਆਂ ਕਈ ਪਰਤਾਂ ਖੁਲ੍ਹਦੀਆਂ ਹਨ। ਪ੍ਰੋਫੈਸਰ ਮੋਹਨ ਲਾਲ ਨੂੰ ਬ੍ਰਿਗੇਡੀਅਰ ਸਾਹਿਬ ਨਾਲ ਗੱਲ ਕਰਕੇ ਸੰਤੁਸ਼ਟੀ ਹੀ ਨਹੀਂ ਹੁੰਦੀ ,ਇਕ ਤਰ੍ਹਾਂ ਨਾਲ ਜੀਵਨ ਦਾਨ ਮਿਲਦਾ ਹੈ। ਉਹ ਪੱਟੀ ਕਰਾਉਣ ਤੇ ਟੈਟਨਸ ਦਾ ਟੀਕਾ ਲਗਵਾਉਣ ਆਇਆ ਸੀ। **{ਭਵਨੀਸ਼ ਕੁਮਾਰ, ਅਮਰਗੜ੍ਹ- ਸੰਗਰੂਰ}**

Just heard about Harinder Mehboob and Ram Saroop Ankhi's death. While I don't know Ankhi and didn't read much of his literature I spent lot of time in Mehboob's company, as you know very well. I have also read his Jhanan Di Raat and Sahje Rachio Khalsa. Both of these creations were written in later years but I did have an inkling of such when he was at Jandiala. Later Mehboob was quite different from early Mehboob. When we met him he was becoming disillusioned with Marxism and leaning towards spirituality. This was also the time when he was experimenting with existentialism having studied Camus and Sartre. Whether he achieved his eventual purpose in life and literature is open for discussion and for critics to decide. I am saddened by his departure from this world and convey my condolences to the lovers of Punjabi language and literature

**[Kirpal Bains, Richmond,B.C.Canada]**


'ਸਿਰਜਣਾ' ਬਾਰੇ ਜਾਣਕਾਰੀ

| | | |
|---|---|---|
| 1. | ਪ੍ਰਕਾਸ਼ਨ ਸਥਾਨ | 225-ਬੀ, ਮਖਦੂਮਪੁਰਾ, ਜਲੰਧਰ |
| 2. | ਪ੍ਰਕਾਸ਼ਨ ਕਾਲ | ਤ੍ਰੈਮਾਸਕ |
| 3. | ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਰਿੰਦਰ ਮੋਹਨ ਸਿੰਘ |
| 4. | ਕੌਮੀਅਤ | ਭਾਰਤੀ |
| 5. | ਪਤਾ | 225-ਬੀ, ਮਖਦੂਮਪਰਾ, ਜਲੰਧਰ |
| 6. | ਸੰਪਾਦਕ | ਰਘਬੀਰ ਸਿੰਘ |
| 7. | ਕੌਮੀਅਤ | ਭਾਰਤੀ |
| 8. | ਪਤਾ | 1728, ਸੈਕਟਰ 43-ਬੀ, ਚੰਡੀਗੜ੍ਹ |

ਮੈਂ, ਸਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ : 28 ਫਰਵਰੀ 2010 ਦਸਤਖਤ : ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ : ਰਘਬੀਰ ਸਿੰਘ ਪ੍ਰਕਾਸ਼ਨ ਮਿਤੀ : 1 ਅਪਰੈਲ, 2010





ਚਰਚਤ ਨਾਵਲ-ਰਚਨਾਵਾਂ 'ਵਨ ਵੇਅ' ਅਤੇ 'ਰੇਤ' ਤੋਂ ਪਿੱਛੋਂ
ਇੰਗਲੈਂਡ ਵਸਦੇ ਪਰਵਾਸੀ ਅਨੁਭਵ ਦੇ ਸਮਰੱਥ ਲੇਖਕ
ਹਰਜੀਤ ਅਟਵਾਲ ਦਾ ਨਵਾਂ ਨਾਵਲ

**ਸਾਊਥਾਲ**




ਹਰਜੀਤ ਅਟਵਾਲ ਦਾ ਇਹ ਨਾਵਲ ਦਰਅਸਲ ਸਾਊਥਾਲ ਦੇ ਬਹਾਨੇ ਪਰਵਾਸੀਆਂ ਬਾਰੇ ਕੀਤੀਆਂ ਗੱਲਾਂ ਹਨ। ਪਰਵਾਸ ਦੀ ਇਸ ਪਰਵਾਜ਼ ਨਾਲ ਇਹਨਾਂ ਪੰਜਾਬੀਆਂ ਲਈ ਸੈਅ ਦਿਸ਼ਾਵਾਂ ਖੁੱਲ੍ਹਣੀਆਂ ਸਨ ਪਰ ਕੁਤਰੇ ਪਰਾਂ ਵਾਲੀ ਇਹ ਪਰਵਾਜ਼ ਫੜਫੜਾ ਕੇ ਰਹਿ ਜਾਂਦੀ ਹੈ। ਨਾਵਲ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਦੇ ਪਾਤਰ ਤੁਹਾਨੂੰ ਨਾਲ ਨਾਲ ਲਈ ਫਿਰਦੇ ਹਨ। ਲਗਦਾ ਹੈ ਕਿ ਤੁਹਾਡੇ ਕੋਲੋਂ ਉੱਠ ਕੇ ਗਿਆ ਕੋਈ ਜਣਾ ਪਾਤਰ ਬਣ ਗਿਆ ਹੈ। ਹਰਜੀਤ ਅਟਵਾਲ ਨੇ ਇਹਨਾਂ ਪਾਤਰਾਂ ਦੇ ਸਹਾਰੇ ਆਪਣੀਆਂ ਅਤੇ ਪਰਵਾਸ ਦੀਆਂ ਗੱਲਾਂ ਕਰ ਲਈਆਂ ਹਨ।

ਸੁੰਦਰ ਦਿੱਖ ਪੰਨੇ : 295 ਮੁੱਲ : 250 ਰੁਪਏ

**ਲੋਕ ਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ**

**SIRJANA** Literary Punjabi Quarterly Chandigarh

No. 156 April-June 2010

Registered with the Registrar of Newspapers for India vide R.N. 10215/65

'ਦੁਨੀਆਂ ਕੈਸੀ ਹੋਈ' ਅਤੇ 'ਭਗੌੜਾ' ਤੋਂ ਪਿੱਛੋਂ ਪਰਵਾਸੀ ਅਨੁਭਵ ਦੇ
ਪ੍ਰਮਾਣਕ ਹਸਤਾਖਰ ਜਰਨੈਲ ਸਿੰਘ ਸੇਖਾ ਦਾ ਨਵਾਂ ਨਾਵਲ




ਕੈਨੇਡਾ ਵਿਚ ਪਰਵਾਸੀ ਪੰਜਾਬੀਆਂ ਦੀਆਂ ਤਿੰਨ ਪੀੜ੍ਹੀਆਂ ਦਾ ਬਿਰਤਾਂਤ ਜਰਨੈਲ ਸਿੰਘ ਸੇਖਾ ਦੇ ਹੱਥਲੇ ਨਾਵਲ ਦਾ ਵਿਸ਼ਾ-ਵਸਤੂ ਬਣਿਆ ਹੈ। ਪਿਛਲੀ ਇਕ ਸਦੀ ਦੇ ਸਮੇਂ ਦੌਰਾਨ ਪੰਜਾਬੀ ਪਰਵਾਸੀਆਂ ਨੂੰ ਕਿਹੋ ਜਿਹੀਆਂ ਸਮਾਜਕ, ਸਭਿਆਚਾਰਕ ਤੇ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ, ਹੱਥਲੇ ਨਾਵਲ ਦੇ ਪਾਤਰਾਂ ਦੀ ਹੋਣੀ ਵਿਚੋਂ ਇਹ ਭਲੀ-ਭਾਂਤ ਸਾਕਾਰ ਹੁੰਦਾ ਹੈ। 'ਵਿਗੋਚਾ' ਪਰਵਾਸੀ ਅਨੁਭਵ ਨੂੰ ਪੇਸ਼ ਕਰਨ ਵਾਲੀ ਇਕ ਬਹੁਤ ਹੀ ਮਹੱਤਵਪੂਰਨ ਕਲਾਤਮਕ ਗਲਪ ਰਚਨਾ ਹੀ ਨਹੀਂ, ਕੈਨੇਡੀਅਨ ਪੰਜਾਬੀ ਪਰਵਾਸ ਦੀ ਇਕ ਪ੍ਰਮਾਣਕ, ਇਤਿਹਾਸਕ ਦਸਤਾਵੇਜ਼ ਵੀ ਹੈ।

ਸੁੰਦਰ ਦਿਖ ਪੰਨੇ 324 ਮੁੱਲ : 300 ਰੁਪਏ

ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ